

Ray Dhaliwal
Real Estate Broker

# Moving to Indiana?

**Contact Ray Dhaliwal @ 317-993-4987**

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

Helpful in Easy and Accessible Home Loans at best Interest Rates.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊ ਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Email:punjabtimes1@gmail.com
www.punjabtimesusa.com

Punjab Times, Vol 24, Issue 24; June 17, 2023 20451 N. Plum Grove Rd., Palatine, IL 60074 Ph:847-359-0746, Fax:847-705-9388


# ਟਰੈਵਲ ਏਜੰਟਾਂ ਦੇ ਮੱਕੜਜਾਲ ਵਿਚ ਫਸ ਰਹੇ ਨੌਜਵਾਨ

**ਚੰਡੀਗੜ੍ਹ:** ਕੈਨੇਡਾ ਵਿਚ ਜਾਅਲੀ ਦਾਖਲਾ ਪੱਤਰਾਂ ਦੀ ਵਰਤੋਂ ਕਰਕੇ ਵੀਜ਼ਾ ਪ੍ਰਾਪਤ ਕਰਨ ਦੇ ਦੋਸ਼ਾਂ ਹੇਠਾਂ ਘਿਰੇ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਤੋਂ ਆਰਜ਼ੀ ਰਾਹਤ ਮਿਲ ਗਈ ਹੈ। ਅਜਿਹੇ ਭਾਰਤੀ ਵਿਦਿਆਰਥੀਆਂ ਨੂੰ ਕੈਨੇਡੀਅਨ ਅਧਿਕਾਰੀਆਂ ਤੋਂ 'ਸਟੇਅ ਆਰਡਰ' ਮਿਲੇ ਹਨ।

ਦੇਸ਼ ਨਿਕਾਲੇ ਦਾ ਦਰਦ ਝੱਲ ਰਹੇ ਇਨ੍ਹਾਂ ਵਿਦਿਆਰਥੀਆਂ ਵਿਚੋਂ ਬਹੁਤੇ ਪੰਜਾਬ ਨਾਲ ਸਬੰਧਤ ਹਨ ਅਤੇ 2017-2019 ਦੇ ਅਰਸੇ ਦੌਰਾਨ ਕੈਨੇਡਾ ਗਏ ਸਨ। ਇਨ੍ਹਾਂ ਵਿਚੋਂ ਕੁਝ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਮਗਰੋਂ ਵਰਕ ਪਰਮਿਟ ਮਿਲ ਗਏ ਸਨ ਜਦੋਂਕਿ ਬਾਕੀ ਕੈਨੇਡਾ ਵਿਚ ਪੜ੍ਹਾਈ ਕਰ ਰਹੇ ਸਨ। ਯਾਦ ਰਹੇ ਕਿ ਇਹ ਵਿਦਿਆਰਥੀ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋਏ ਸਨ; ਏਜੰਟਾਂ ਨੇ ਇਨ੍ਹਾਂ ਨੂੰ ਜਾਅਲੀ ਦਾਖਲਾ ਪੱਤਰਾਂ ਦੇ ਆਧਾਰ 'ਤੇ ਵੀਜ਼ੇ ਜਾਰੀ ਕਰਵਾ ਕੇ ਦਿੱਤੇ। ਬਾਅਦ 'ਚ ਉਨ੍ਹਾਂ ਮਨਜ਼ੂਰਸ਼ੁਦਾ ਕਾਲਜਾਂ 'ਚ ਦਾਖਲਾ ਲਿਆ। ਇਨ੍ਹਾਂ ਵਿਚੋਂ ਜ਼ਿਆਦਾਤਰ ਆਪਣੀਆਂ ਡਿਗਰੀਆਂ ਮੁਕੰਮਲ ਕਰ ਕੇ ਵਰਕ ਪਰਮਿਟ ਹਾਸਲ ਕਰ ਚੁੱਕੇ ਹਨ। ਇਸ ਧੋਖਾਧੜੀ ਦਾ ਪਤਾ ਉਦੋਂ ਲੱਗਿਆ ਜਦੋਂ ਇਨ੍ਹਾਂ ਵਿਦਿਆਰਥੀਆਂ ਨੇ ਸਥਾਈ ਰਿਹਾਇਸ਼ (ਪਰਮਾਨੈਂਟ ਰੈਜ਼ੀਡੈਂਸੀ) ਵਾਸਤੇ ਦਰਖਾਸਤਾਂ ਦਿੱਤੀਆਂ। ਉਨ੍ਹਾਂ ਵਾਸਤੇ ਵੱਡਾ ਝਟਕਾ ਕੈਨੇਡਾ ਦੀ ਬਾਰਡਰ ਸਿਕਿਉਰਿਟੀ ਏਜੰਸੀ ਵੱਲੋਂ ਉਨ੍ਹਾਂ ਨੂੰ ਦੇਸ਼ ਨਿਕਾਲੇ (ਡੀਪੋਰਟੇਸ਼ਨ) ਦੇ ਨੋਟਿਸ ਜਾਰੀ ਕਰਨਾ ਸੀ।

ਜਾਣਕਾਰੀ ਅਨੁਸਾਰ ਜਲੰਧਰ ਦੇ ਇਕ ਇਮੀਗਰੇਸ਼ਨ ਏਜੰਟ ਜੋ ਹੁਣ ਫਰਾਰ ਹੈ, ਨੇ ਵਧੇਰੇ ਕਰ ਕੇ 2017-19 ਦਰਮਿਆਨ ਇਹ ਜਾਅਲੀ ਦਾਖਲ ਪੱਤਰ ਮੁਹੱਈਆ ਕਰਵਾਏ ਸਨ। ਉਸ ਨੇ ਦਾਖਲਿਆਂ ਅਤੇ ਦਸਤਾਵੇਜ਼ਾਂ ਸਬੰਧੀ ਬਾਕੀ ਪ੍ਰਕਿਰਿਆ ਵਾਸਤੇ ਪ੍ਰਤੀ ਵਿਦਿਆਰਥੀ 16 ਲੱਖ ਰੁਪਏ ਵਸੂਲੇ ਸਨ। ਇੰਨੀ ਵੱਡੀ ਰਕਮ ਲੈਣ ਦੇ ਬਾਵਜੂਦ ਇਨ੍ਹਾਂ ਵਿਦਿਆਰਥੀਆਂ ਨਾਲ ਧੋਖਾ ਕੀਤਾ ਗਿਆ। ਜਾਣਕਾਰੀ ਮਿਲ ਰਹੀ ਹੈ ਕਿ ਭਾਰਤੀ ਏਜੰਟਾਂ ਨੇ ਇਹ ਧੋਖਾਧੜੀ ਕੈਨੇਡਾ ਦੇ ਏਜੰਟਾਂ ਨਾਲ ਮਿਲ ਕੇ ਕੀਤੀ।

ਵਿਦੇਸ਼ ਜਾਣ ਦੇ ਸੁਪਨੇ ਦੇਖਣ ਵਾਲੇ ਨੌਜਵਾਨਾਂ ਨਾਲ ਠੱਗੀ ਦਾ ਇਹ ਕੋਈ ਨਵਾਂ ਮਾਮਲਾ ਨਹੀਂ ਹੈ। ਪੰਜਾਬ ਦੇ ਥਾਣਿਆਂ ਵਿਚ ਟਰੈਵਲ ਏਜੰਟਾਂ ਦੀ ਠੱਗੀ ਦੇ ਨਿੱਤ ਸੈਂਕੜੇ ਮਾਮਲੇ ਦਰਜ ਹੁੰਦੇ ਹਨ ਪਰ ਇਹ ਧੋਖਾਧੜੀ ਰੁਕਣ ਦੀ ਥਾਂ ਹੋਰ ਵਧ ਰਹੀ ਹੈ। ਸਰਕਾਰ ਨੇ ਭਾਵੇਂ ਇਨ੍ਹਾਂ ਏਜੰਟਾਂ ਤੇ ਸਲਾਹਕਾਰਾਂ ਨੂੰ ਰਜਿਸਟਰ ਕਰਨ ਲਈ ਨਿਯਮ

*(ਬਾਕੀ ਸਫਾ 6 'ਤੇ)*




## ਸਰਕਾਰ ਵਿਦਿਆਰਥੀਆਂ ਨੂੰ ਮੁਫਤ ਕਾਨੂੰਨੀ ਸਹਾਇਤਾ ਦੇਵੇਗੀ

**ਚੰਡੀਗੜ੍ਹ:** ਐਨ.ਆਰ.ਆਈ. ਮਾਮਲੇ ਵਿਭਾਗ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਕੈਨੇਡਾ ਤੋਂ ਜਬਰੀ ਵਤਨ ਵਾਪਸੀ ਦਾ ਸਾਹਮਣਾ ਕਰ ਰਹੇ 700 ਵਿਦਿਆਰਥੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਵੇਗੀ। ਇਨ੍ਹਾਂ ਵਿਦਿਆਰਥੀਆਂ ਨੂੰ ਕੈਨੇਡਾ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਦੇ ਮਾਹਿਰ ਵਕੀਲਾਂ ਵੱਲੋਂ ਸਹਾਇਤਾ ਦਿਵਾਈ ਜਾਵੇਗੀ। ਉਨ੍ਹਾਂ ਇਸ ਬਾਰੇ ਕੈਨੇਡਾ ਦੇ ਪੰਜਾਬੀ ਮੂਲ ਦੇ ਸਾਰੇ ਐਮ.ਪੀਜ਼ ਨੂੰ ਚਿੱਠੀ ਵੀ ਲਿਖੀ ਹੈ। 'ਆਪ' ਦੇ ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਦੇ ਧਿਆਨ 'ਚ ਲਿਆਂਦਾ ਗਿਆ ਕਿ ਇਨ੍ਹਾਂ ਵਿਦਿਆਰਥੀ ਨੇ ਕੋਈ ਧੋਖਾਧੜੀ ਨਹੀਂ ਕੀਤੀ ਹੈ।

# ਸਰਕਾਰ ਤੇ ਕਿਸਾਨ ਜਥੇਬੰਦੀਆਂ ਮੁੜ ਹੋਈਆਂ ਆਹਮੋ-ਸਾਹਮਣੇ

**ਪਟਿਆਲਾ:** ਸਰਕਾਰ ਤੇ ਕਿਸਾਨ ਜਥੇਬੰਦੀਆਂ ਇਕ ਵਾਰ ਮੁੜ ਆਹਮੋ-ਸਾਹਮਣੇ ਆ ਗਈਆਂ ਹਨ। ਹਰਿਆਣਾ ਵਿਚ ਸੂਰਜਮੁਖੀ ਦੀ ਫਸਲ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 'ਤੇ ਖਰੀਦਣ ਦੀ ਮੰਗ ਲਈ ਮੋਰਚਾ ਲਾਈ ਬੈਠੇ ਕਿਸਾਨਾਂ ਉਤੇ ਪੁਲਿਸ ਤਸ਼ੱਦਦ ਤੋਂ ਬਾਅਦ ਹੁਣ ਪੰਜਾਬ ਵਿਚ ਵੀ ਕਿਸਾਨਾਂ ਦੀ ਖਿੱਚਧੂਹ ਪਿੱਛੋਂ ਜਥੇਬੰਦੀਆਂ ਵਿਚ ਰੋਹ ਭਖ ਗਿਆ ਹੈ।

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਪਟਿਆਲਾ ਦੇ ਮਾਲ ਰੋਡ 'ਤੇ ਸਥਿਤ ਹੈੱਡਕੁਆਰਟਰ ਦੇ ਬਾਹਰ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਦੀਆਂ 16 ਜਥੇਬੰਦੀਆਂ ਵੱਲੋਂ 21 ਮੰਗਾਂ ਨੂੰ ਲੈ ਕੇ ਲਗਾਇਆ ਜਾ ਰਿਹਾ ਲਗਾਤਾਰ ਧਰਨਾ ਪੁਲਿਸ ਨੇ ਜਬਰੀ ਚੁਕਵਾ ਦਿੱਤਾ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਸਮੇਤ ਕਿਸਾਨ ਆਗੂ ਅਤੇ ਹੋਰ ਕਿਸਾਨਾਂ ਨੂੰ ਤੜਕੇ ਤਿੰਨ ਵਜੇ ਤੋਂ ਬੱਸਾਂ ਵਿਚ ਲੈ ਜਾ ਕੇ ਵੱਖ ਵੱਖ ਥਾਣਿਆਂ ਵਿਚ ਰੱਖਿਆ ਗਿਆ। ਸਦਰ ਥਾਣੇ ਵਿਚ ਕਿਸਾਨਾਂ ਵੱਲੋਂ ਸਰਕਾਰ ਤੇ ਦੋਸ਼ ਲਗਾਏ ਹਨ ਕਿ ਉਨ੍ਹਾਂ ਨੂੰ ਤੜਕੇ ਤਿੰਨ ਵਜੇ ਤੋਂ ਪੁਲਿਸ ਨੇ ਥਾਣਿਆਂ ਵਿਚ ਡੱਕਿਆ ਹੈ ਤੇ ਪਾਣੀ ਤੱਕ ਪੀਣ ਨੂੰ ਨਹੀਂ ਦਿੱਤਾ।

ਪ੍ਰਾਪਤ ਜਾਣਕਾਰੀ ਅਨੁਸਾਰ ਤੜਕੇ ਦੋ ਵਜੇ ਤੋਂ ਹੀ ਵੱਡੀ ਗਿਣਤੀ ਵਿਚ ਪੰਜਾਬ ਪੁਲਿਸ ਨੂੰ ਮਾਲ ਰੋਡ 'ਤੇ ਤਾਇਨਾਤ ਕੀਤਾ ਜਾ ਚੁੱਕਿਆ ਸੀ। ਪੁਲਿਸ ਨੇ ਚਾਰ ਚੁਫੇਰੇ ਸੜਕਾਂ ਬੰਦ ਕਰਨ ਲਈ ਰੇਤਾ ਢੋਣ ਵਾਲੇ ਟਿੱਪਰ ਲਗਾ ਦਿੱਤੇ। ਕਿਸਾਨਾਂ ਦਾ ਦੋਸ਼ ਹੈ ਕਿ ਉਨ੍ਹਾਂ ਨਾਲ ਭਗਵੰਤ ਮਾਨ ਸਰਕਾਰ ਨੇ ਜਾਬਰ ਜ਼ੁਲਮ ਵਾਲਾ ਰਵੱਈਆ ਅਖਤਿਆਰ ਕੀਤਾ ਹੈ। ਸਾਡੀ ਲੜਾਈ ਪੂਰੇ ਪੰਜਾਬ ਦੇ ਕਿਸਾਨਾਂ ਲਈ ਹੈ ਇਹ ਮੰਗਾਂ ਪੰਜਾਬ ਦੇ ਕਿਸਾਨਾਂ ਲਈ ਹਨ ਪਰ ਸਰਕਾਰ ਵਾਅਦਾ ਕਰਕੇ ਮੁੱਕਰ ਰਹੀ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਇਸ ਤਰ੍ਹਾਂ ਜਬਰ ਜ਼ੁਲਮ ਨਾਲ ਕਦੇ ਵੀ ਸੰਘਰਸ਼ ਦਬਾਏ ਨਹੀਂ ਜਾ ਸਕਦੇ, ਅਸੀਂ ਪੰਜਾਬ ਦੇ ਲੋਕਾਂ ਲਈ ਲੜਾਈ ਲੜ ਰਹੇ ਹਾਂ ਪਰ ਸਾਨੂੰ ਜਬਰਦਸਤੀ ਗੁੰਡਿਆਂ ਵਾਲ ਘੜੀਸ ਕੇ ਬੱਸਾਂ ਵਿਚ ਸੁੱਟਿਆ ਗਿਆ, ਕਿਸਾਨ ਬੀਬੀਆਂ ਦੀਆਂ ਚੁੰਨੀਆਂ ਉਤਾਰ ਦਿੱਤੀਆਂ ਤੇ ਕਿਸਾਨਾਂ ਦੀਆਂ ਪੱਗਾਂ ਉਤਾਰ ਦਿੱਤੀਆਂ ਗਈਆਂ, ਇਹ ਬਰਦਾਸ਼ਤ ਤੋਂ ਬਾਹਰ ਹੈ।



ਇਸੇ ਦੌਰਾਨ ਕਿਸਾਨ ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ 'ਐਮ.ਐਸ.ਪੀ. ਦਿਲਾਓ, ਕਿਸਾਨ ਬਚਾਓ' ਅੰਦੋਲਨ ਪੂਰੇ ਦੇਸ਼ 'ਚ ਸ਼ੁਰੂ ਕਰ ਦਿੱਤਾ ਜਾਵੇਗਾ। ਕਿਸਾਨਾਂ ਨੇ ਪੁਲਿਸ ਕਾਰਵਾਈ ਪਿੱਛੋਂ ਦੋਵਾਂ ਸੂਬਿਆਂ ਵਿਚ ਵੱਡੀ ਗਿਣਤੀ ਹਾਈਵੇਅ ਜਾਮ ਕਰ ਦਿੱਤੇ ਹਨ।





Manpreet S. Bains


Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*

Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury

Offices in San Francisco and Union City



WILLIAM E. WEISS
Of Counsel



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਵੱਲੋਂ ਵੱਡੀ ਪ੍ਰੈਸ ਕਾਨਫਰੰਸ

## ਪੰਥ ਵਿਰੋਧੀ ਭਾਰਤੀ ਸਟੇਟ ਦੇ ਨੁਮਾਇੰਦਿਆਂ ਵਿਰੁੱਧ ਡਟ ਕੇ ਖਲੋਣ ਲਈ ਸਪੱਸ਼ਟ ਸੁਨੇਹਾ ਦਿੰਦਿਆਂ ਇਕਮੁਠਤਾ ਦਾ ਪ੍ਰਗਟਾਵਾ

### ਕੌਮੀ ਨਿਸ਼ਾਨੇ ਖਾਲਿਸਤਾਨ ਦੀ ਪ੍ਰਾਪਤੀ ਲਈ ਮਿਸਲਾਂ ਦੀ ਤਰਜ਼ 'ਤੇ ਡਾਇਸਪੋਰਾ ਜਥੇਬੰਦੀਆਂ ਵੱਲੋਂ ਹਮੇਸ਼ਾਂ ਇਕੱਠੇ ਸੰਘਰਸ਼ ਕਰਨ ਲਈ ਵਚਨਬੱਧਤਾ ਨੂੰ ਦੁਹਰਾਇਆ

**ਨਿਊਯਾਰਕ:** ਇੱਥੇ ਈਸਟ-ਕੋਸਟ ਦੀ ਇਤਿਹਾਸਕ ਸੰਸਥਾ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਿਖੇ ਅਮਰੀਕਾ ਦੀਆਂ ਪੰਥਕ ਜਥੇਬੰਦੀਆਂ ਦੇ ਸਿਰਮੌਰ ਆਗੂਆਂ ਤੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਵੱਲੋ ਸਾਂਝੇ ਰੂਪ ਵਿਚ ਬਹੁਤ ਵੱਡੀ ਪ੍ਰੈਸ ਕਾਨਫਰੰਸ ਕੀਤੀ ਗਈ। ਵੱਖ ਵੱਖ ਸਟੇਟਾਂ ਤੋਂ ਆਏ ਆਗੂਆਂ ਨੇ ਇੱਕ ਆਵਾਜ਼ ਵਿਚ ਪੰਥ ਦਰਦੀਆਂ ਨੂੰ ਦੁਨੀਆਂ ਭਰ ਵਿਚ ਚੜ੍ਹਦੀ ਕਲਾ ਨਾਲ ਕੌਮੀ ਕਾਰਜਾਂ ਲਈ ਤਤਪਰ ਰਹਿਣ ਦੀ ਵਧਾਈ ਦਿੱਤੀ। ਕਾਨਫਰੰਸ ਵਿਚ ਸਮੂਹ ਜਥੇਬੰਦੀਆਂ ਵੱਲੋਂ ਸਾਂਝੇ ਰੂਪ ਵਿਚ ਇਨ੍ਹਾਂ ਮਸਲਿਆਂ 'ਤੇ ਚੱਲਦੇ ਰਹਿਣ ਦਾ ਸੰਕਲਪ ਲਿਆ:

1. ਜੂਨ 1984 ਦੇ ਘੱਲੂਘਾਰੇ ਦੇ 39 ਸਾਲ ਬੀਤ ਜਾਣ 'ਤੇ ਕੌਮ ਆਪਣੇ ਸਮੂਹ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਸੰਤ ਜਰਨੈਲ ਸਿੰਘ ਜੀ ਦੇ ਬਚਨਾਂ 'ਤੇ ਚੱਲਦਿਆਂ ਆਜ਼ਾਦੀ ਲਈ ਵਚਨਬੱਧ ਹੈ।

2. ਸਿੱਖ ਕੌਮ ਦੀ ਨਸਲਕੁਸ਼ੀ ਦੇ ਦੋਸ਼ੀ, ਤੇ ਆਪਣੇ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਸਿੱਖਾਂ 'ਤੇ ਅੱਜ ਵੀ ਜ਼ੁਲਮ ਢਾਹ ਰਹੀ ਭਾਰਤੀ ਸਟੇਟ ਦੇ ਨੁਮਾਇੰਦੇ, ਜੋ ਕਿ ਗੁਰਾਂ ਦੇ ਨਾਮ 'ਤੇ ਵੱਸਦੇ ਪੰਜਾਬ ਵਿਚੋਂ ਸਿੱਖ ਸ਼ਕਤੀ ਨੂੰ ਲਗਾਤਾਰ ਕਮਜ਼ੋਰ ਕਰਨ ਤੇ ਫਿਰ ਨਿਰਮਲ ਖਾਲਸਾ ਪੰਥ ਦੀ ਨਿਆਰੀ ਹਸਤੀ ਨੂੰ ਸਦਾ ਲਈ ਖਤਮ ਕਰ ਦੇਣ ਦੇ ਕਦੇ ਨਾ ਪੂਰੇ ਹੋਣ ਵਾਲੇ ਮਨਸੂਬਿਆਂ ਲਈ ਯਤਨਸ਼ੀਲ ਹਨ, ਉਨ੍ਹਾਂ ਨੂੰ ਸਮੂਹ ਜਥੇਬੰਦੀਆਂ ਵੱਲੋਂ ਚਿਤਾਵਨੀ ਦਿੱਤੀ ਗਈ ਕਿ ਉਨ੍ਹਾਂ ਦਾ ਵਿਦੇਸ਼ਾਂ ਵਿਚ ਆਉਣ 'ਤੇ ਡਟ ਕੇ ਵਿਰੋਧ ਕੀਤਾ ਜਾਵੇਗਾ।

3. ਮਨੁੱਖਤਾ ਦਾ ਕਾਤਲ ਨਰਿੰਦਰ ਮੋਦੀ ਜੋ ਕਿ 22 ਜੂਨ ਨੂੰ ਵਾਸ਼ਿੰਗਟਨ ਡੀ ਸੀ ਵਿਚ ਆ ਰਿਹਾ ਹੈ ਉਸ ਦਿਨ ਸਾਂਝੇ ਰੂਪ ਵਿਚ ਜਥੇਬੰਦੀਆਂ ਵੱਲੋਂ ਵੱਡੀ ਰੈਲੀ ਕਰਨ ਦਾ ਐਲਾਨ ਕੀਤਾ ਗਿਆ। ਕਾਂਗਰਸ ਤੇ ਬੀਜੇਪੀ ਤੇ ਹੋਰ ਧਿਰਾਂ ਭਾਰਤੀ ਸਟੇਟ ਦੇ ਖੋਟੇ ਸਿੱਕੇ ਦੇ ਪਾਸੇ ਹਨ ਤੇ ਸਿੱਖਾਂ ਵੱਲੋਂ ਇਨ੍ਹਾਂ ਦਾ ਵਿਰੋਧ ਜਾਰੀ ਰਹੇਗਾ।


4. ਭਾਰਤ ਦੀਆਂ ਜੇਲ੍ਹਾਂ ਵਿਚ ਡੱਕੇ ਹੋਏ ਬੰਦੀ ਸਿੰਘਾਂ ਦੀ ਰਿਹਾਈ ਦੀ ਆਵਾਜ਼ ਬੁਲੰਦ ਕਰਦਿਆਂ ਇਸ ਮੁੱਦੇ ਨੂੰ ਇਟਰਨੈਸ਼ਨਲ ਪੱਧਰ 'ਤੇ ਉਭਾਰ ਕੇ ਭਾਰਤੀ ਸਿਸਟਮ ਦੀ ਸਿੱਖ ਵਿਰੋਧੀ ਜ਼ਾਲਮ ਸੋਚ ਦਾ ਪਰਦਾਫਾਸ਼ ਕਰਨ ਲਈ ਵੀ ਲਗਾਤਾਰ ਕੰਮ ਕਰਦੇ ਰਹਿਣ ਦੀ ਵਚਨਬੱਧਤਾ ਨੂੰ ਦੁਹਰਾਇਆ ਗਿਆ।

ਪ੍ਰੈਸ ਕਾਨਫਰੰਸ ਵਿਚ ਸ. ਹਿੰਮਤ ਸਿੰਘ, ਡਾ: ਅਮਰਜੀਤ ਸਿੰਘ, ਸ. ਬੂਟਾ ਸਿੰਘ ਖੜੌਦ, ਸ. ਅਵਤਾਰ ਸਿੰਘ ਪੰਨੂੰ, ਸ. ਗੁਰਦੇਵ ਸਿੰਘ ਕੰਗ, ਡਾ: ਬਖਸ਼ੀਸ਼ ਸਿੰਘ ਸੰਧੂ, ਸ. ਟਹਿਲ ਸਿੰਘ, ਸ. ਜਸਬੀਰ ਸਿੰਘ, ਸ. ਭੁਪਿੰਦਰ ਸਿੰਘ ਬੋਪਾਰਾਏ, ਸ. ਨਰਿੰਦਰ ਸਿੰਘ, ਸ. ਭਗਤ ਸਿੰਘ, ਸ. ਗੁਰਿੰਦਰਜੀਤ ਸਿੰਘ ਮਾਨਾ, ਸ. ਸੁਰਜੀਤ ਸਿੰਘ ਕੁਲਾਰ, ਸ. ਕੁਲਦੀਪ ਸਿੰਘ ਢਿੱਲੋਂ, ਸ. ਹਰਮੇਲ ਸਿੰਘ ਦੁਸਾਂਝ, ਸ. ਬਲਜਿੰਦਰ ਸਿੰਘ, ਸ. ਗੁਰਨਿੰਦਰ ਸਿੰਘ ਧਾਲੀਵਾਲ, ਸ.ਬਲਾਕਾ ਸਿੰਘ, ਸ. ਯਾਦਵਿੰਦਰ ਸਿੰਘ, ਸ. ਗੁਰਦਿਆਲ ਸਿੰਘ ਕੰਗ, ਸ. ਬਲਵਿੰਦਰ ਸਿੰਘ ਚੱਠਾ, ਸ. ਜੋਗਾ ਸਿੰਘ, ਸ. ਗੁਰਮੇਲ ਸਿੰਘ, ਸ. ਰਜਿੰਦਰ ਸਿੰਘ, ਸ. ਊਧਮ ਸਿੰਘ ਅਤੇ ਹੋਰ ਵੀ ਬਹੁਤ ਸਾਰੇ ਨੁਮਾਇੰਦੇ ਸ਼ਾਮਲ ਹੋਏ। ਜੈਕਾਰਿਆਂ ਦੀ ਗੂੰਜ ਨਾਲ ਚੜ੍ਹਦੀ ਕਲਾ ਨਾਲ ਸੰਪੂਰਨ ਹੋਈ ਪ੍ਰੈਸ ਕਾਨਫਰੰਸ ਦਾ ਸੁਨੇਹਾ ਸਿੱਖ ਵਿਰੋਧੀ ਸੋਚ ਰੱਖਣ ਵਾਲੇ ਭਾਰਤੀ ਹਾਕਮਾਂ ਤੇ ਨੁਮਾਇੰਦਿਆਂ ਲਈ ਆਉਣ ਵਾਲੇ ਸਮੇਂ ਵਿਚ ਚੁਣੌਤੀਆਂ ਬਣੇਗਾ ਤੇ ਜਾਣੇ ਜਾਂ ਅਣਜਾਣੇ ਵਿਚ ਉਨ੍ਹਾਂ ਨਾਲ ਸਾਂਝ ਪਾਉਣ ਵਾਲੇ ਸਿੱਖ ਸ਼ਕਲਾਂ ਤੇ ਨਾਵਾਂ ਵਾਲਿਆਂ ਨੂੰ ਵੀ ਸੋਚਣ ਲਈ ਮਜਬੂਰ ਹੋਣਾ ਪਵੇਗਾ।



*ਰਿਪੋਰਟ: ਹਿੰਮਤ ਸਿੰਘ-ਕੋਆਰਡੀਨੇਟਰ (ਸਿੱਖ ਕੋਆਰਡੀਨੇਸ਼ਨ ਕਮੇਟੀ ਯੂ ਐਸ ਏ)*
*ਫੋਨ: 801 800 1883*

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 847-359-0746**


*ਸਾਡੇ ਸਾਰੇ ਗੁਰੂਆਂ ਅਤੇ ਸ਼ਹੀਦਾਂ ਨੇ ਮਨੁੱਖਤਾ ਦੀ ਸੇਵਾ ਕਰ ਕੇ ਸਿੱਖੀ ਦੀ ਮਜ਼ਬੂਤ ਅਤੇ ਸਥਾਈ ਨੀਂਹ ਬਣਾਈ ਹੈ। ਸਾਡੇ ਪੂਰਵਜਾਂ ਨੇ ਇਸ ਸਿਧਾਂਤ ਦਾ ਸਨਮਾਨ ਕੀਤਾ। ਅਜੋਕਾ ਪੰਜਾਬ ਗਲਤ ਦਿਸ਼ਾ ਵੱਲ ਜਾ ਰਿਹਾ ਹੈ। ਸਾਡੇ ਵਿਚੋਂ ਹਰੇਕ ਨੂੰ, ਖਾਸ ਕਰਕੇ ਪ੍ਰਵਾਸੀ ਭਾਰਤੀਆਂ ਨੂੰ, ਆਪੋ-ਆਪਣੇ ਪਿੰਡ ਵਿਚ ਮਨੁੱਖਤਾ ਦੀ ਸੇਵਾ ਕਰ ਕੇ ਸਿੱਖੀ ਦੀ ਨੀਂਹ ਨੂੰ ਮੁੜ ਤੋਂ ਮਜ਼ਬੂਤ ਕਰਨ ਅਤੇ ਉਸ ਦਿਸ਼ਾ ਨੂੰ ਬਦਲਣ ਦੀ ਲੋੜ ਹੈ। ਹੇਠਾਂ ਇੱਕ ਉਦਾਹਰਨ ਹੈ ਕਿ ਕਈ ਸਾਰੀਆਂ ਜ਼ਿੰਦਗੀਆਂ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੇ ਹੋ। ਪ੍ਰਵਾਸੀ ਭਾਰਤੀ ਖਾਲਸਾ ਏਡ ਦੇ ਸਹਿਯੋਗ ਨਾਲ ਮੇਰਾ ਪਿੰਡ 360 ਸੈਂਟਰ ਹੋਰ ਖੋਲ੍ਹ ਰਹੇ ਹਨ।*

Number of Persons Receiving Various Services @Kotli Arian Center

| Sr No | Activities/service | 1st quarter,2023 | Remarks |
|---|---|---|---|
| 1 | Monthly Financial Help to Needy Families Financial | 133 | From more than 10 villages |
| 2 | help to the needy Students | 15 | For Higher Education |
| 3 | Books issued from library | 150 | All age groups |
| 4 | Historic Day Competition attendees | 140 | From various Schools & Villages |
| 5 | E-Health Checck-Up Patients | 300 | Checked by Punjabi NRI doctors (USA) |
| 6 | Blood tests done | 120 | As recommended by NRI Doctors/Free |
| 7 | Supplements & Prescription Drugs issued | 150 | As recommended by NRI Doctors/Free |
| 8 | IT Skills Trainees-3 months training | 25 | No Charge |
| 9 | Farmers attending alternate income seminar | 15 | From Various Villags |
| 10 | CSC services (various Govt. From filling) | 450 | No Service Charge |
| 11 | Pan/Adhar Card linkage | 1800 | No Service Charge |
| 12 | Color Print Outs | 280 | No Service Charge |
| 13 | Passport Size Photos | 320 | No Service Charge |
| 14 | Cloth Bags, alternative to Plastic bags, distributed | 1000 | Free of cost |
| 15 | New MERA PIND 360 Center opened | 1 | LOPON (Moga). Partnership with Khalsa Aid |

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਭੁਪਿੰਦਰ ਐਸ ਹੁੰਦਲ, ਫੋਨ 630-802-2179**

# Dhillon Travel Plaza
## Dhillon Road Service
Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ



ਰੋਡ ਸਰਵਿਸ
New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph: 571-606-0829, 317-242-9936



## ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ
ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ
ਚਾਹਵਾਨ ਸੰਪਰਕ ਕਰਨ: 469-353-9516

## Truck Shop For Lease
Truck Shop Truck Wash Restaurant with 2 Pump huge building is available for lease on Highway 10 Texas

Contact: 469-353-9516



## SUPER TRAVEL
847-676-9090, 773-465-5566
*E-mail: supertravel2003@live.com*
Lowest Fares With Excellent Service

*United Airlines*
*British Airways*

For Emergency Call anytime at 847-673-3825



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੀ ਦੀ ਲੋੜ ਹੈ

Wanted suitable girl for Gursikh, turbuned Arora, divorced boy, 36 yrs., 5'9', MTech engineering. Owns commercial, residential property in India. Settled in US. Caste no bar. Pl email: utakecare2@yahoo.com or call 1-618-402-4269 20-23

---

Looking for a suitable match for my Kamboj,Sikh brother height 5'8, 1995 born and raised in USA. Our parents hometown is from Amritsar. My brother has completed studies in criminal justice/business Management. Currently has well established business in Pennsylvania. We are a modern/traditional family looking for someone who will be a great fit for my brother preferably looking in USA only.
Please call or whatsapp 347-920-9033. 20-23

---

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar.
Please send biodata/pictures
Whatsapp: (224) 595-9926
inderjeetverma08@gmail.com 17-20

---

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only.
Please Contact us at: +15103968812

---

Sikh Arora family looking for a suitable match for their 5'-8" B.tech. PMIM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Sikh Family is looking for USA Citizen match for their daughter 1988 born, 5'9", divorcee and has one child living with. Family belongs to Punjab Ludhiana. She has completed her nursing associate in India, currently not working as she is preparing for RN/IELTS.
Please contact us at 262-960-7366. 21-24

---

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

---

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949 20-23




## UMA TRAVELS
2541 West Devon Ave.,
Chicago, IL 60659
For Delhi Amritsar-Bombay Ahmedabad, Hydrabad-Madra
Call For Special Sale Fares
**Call: 773-338-5603**

# ਮਾਨ ਸਰਕਾਰ ਵੱਲੋਂ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦੀ ਪ੍ਰਵਾਨਗੀ

**ਮਾਨਸਾ:** ਪੰਜਾਬ ਕੈਬਨਿਟ ਦੀ ਮੀਟਿੰਗ ਦੌਰਾਨ 14,239 ਅਧਿਆਪਕਾਂ ਦੀਆਂ ਸੇਵਾਵਾਂ ਪੱਕੀਆਂ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਨ੍ਹਾਂ ਵਿਚ 6,337 ਉਹ ਅਧਿਆਪਕ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਸੂਬੇ ਦੇ ਇਤਿਹਾਸ ਵਿਚ ਪਹਿਲੀ ਵਾਰ ਤਜਰਬੇ 'ਚ ਰਾਹਤ ਦਿੱਤੀ ਗਈ ਹੈ। ਮੀਟਿੰਗ ਦੌਰਾਨ ਪੰਜਾਬ ਵਿਧਾਨ ਸਭਾ ਦਾ 19 ਅਤੇ 20 ਜੂਨ ਨੂੰ ਵਿਸ਼ੇਸ਼ ਇਜਲਾਸ ਸੱਦਣ ਦਾ ਵੀ ਫੈਸਲਾ ਲਿਆ ਗਿਆ।



ਇਥੇ ਬੱਚਤ ਭਵਨ ਵਿਖੇ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ 14,239 ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਦਾ ਫੈਸਲਾ ਕੀਤਾ ਗਿਆ, ਜੋ 10 ਸਾਲ ਦੀ ਨੌਕਰੀ ਪੂਰੀ ਕਰ ਚੁੱਕੇ ਹਨ ਜਾਂ ਕਿਸੇ ਕਾਰਨ ਨੌਕਰੀ ਵਿਚ ਅੰਤਰ (ਗੈਪ) ਪਾ ਕੇ 10 ਸਾਲ ਦੀ ਰੈਗੂਲਰ ਸੇਵਾ ਨਿਭਾ ਚੁੱਕੇ ਹਨ। ਇਨ੍ਹਾਂ ਵਿਚ 7902 ਅਧਿਆਪਕਾਂ ਨੇ ਨੌਕਰੀ ਦਾ 10 ਸਾਲ ਜਾਂ ਇਸ ਤੋਂ ਵੱਧ ਦਾ ਸਮਾਂ ਪੂਰਾ ਕੀਤਾ ਹੈ, ਜਦੋਂ ਕਿ 6337 ਅਧਿਆਪਕ ਉਹ ਹਨ ਜਿਨ੍ਹਾਂ ਦਾ ਨਾ-ਟਾਲੇ ਜਾ ਸਕਣ ਵਾਲੇ ਹਾਲਾਤ ਕਾਰਨ ਰੈਗੂਲਰ ਸੇਵਾ ਵਿਚ ਗੈਪ ਪੈ ਗਿਆ ਸੀ। ਇਨ੍ਹਾਂ ਅਧਿਆਪਕਾਂ ਨੂੰ ਸਰਕਾਰ ਦੀ ਨੀਤੀ ਮੁਤਾਬਕ ਰੈਗੂਲਰ ਤਨਖਾਹ, ਭੱਤੇ ਅਤੇ ਛੁੱਟੀਆਂ ਮਿਲਣਗੀਆਂ। ਮੰਤਰੀ ਮੰਡਲ ਨੇ ਪੈਰਾ-ਮੈਡੀਕਲ ਸਟਾਫ ਦੀਆਂ 1445 ਅਸਾਮੀਆਂ ਸਿਰਜਣ ਦੇ ਨਾਲ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿਚ ਹਾਊਸ ਡਾਕਟਰਾਂ ਦੀਆਂ 485 ਅਸਾਮੀਆਂ ਸਿਰਜਣ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਕਦਮ ਦਾ ਉਦੇਸ਼ ਲੋਕਾਂ ਨੂੰ ਉਨ੍ਹਾਂ ਦੇ ਦਰ ਉਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਇਸ ਨਾਲ ਯੋਗ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ ਲਈ ਨੌਕਰੀਆਂ ਦੇ ਨਵੇਂ ਮੌਕੇ ਪੈਦਾ ਹੋਣਗੇ।

ਆਮ ਲੋਕਾਂ ਨਾਲ ਹੁੰਦੀ ਠੱਗੀ ਰੋਕਣ ਲਈ ਧੋਖੇਬਾਜ਼ ਚਿੱਟ ਫੰਡ ਅਤੇ ਹੋਰ ਕੰਪਨੀਆਂ ਉਤੇ ਸ਼ਿਕੰਜਾ ਕੱਸਦਿਆਂ ਪੰਜਾਬ ਵਜ਼ਾਰਤ ਨੇ ਪੰਜਾਬ ਬੈਨਿੰਗ ਆਫ ਐਨਰੈਗੂਲੇਟਿਡ ਡਿਪਾਜ਼ਿਟ ਸਕੀਮ ਰੂਲਜ਼-2023 ਤਿਆਰ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੀਤੇ ਸਮੇਂ ਵਿਚ ਮੁਲਕ ਵਿਚ ਵਿੱਤੀ ਸੰਸਥਾਵਾਂ ਖੁੰਬਾਂ ਵਾਂਗ ਪੈਦਾ ਹੋਈਆਂ ਹਨ, ਜੋ ਨਿਵੇਸ਼ਕਾਰਾਂ ਨਾਲ ਠੱਗੀ ਮਾਰਨ ਦੀ ਨੀਅਤ ਨਾਲ ਵੱਧ ਵਿਆਜ ਦਰਾਂ, ਇਨਾਮਾਂ ਦੀ ਪੇਸ਼ਕਸ਼ ਰਾਹੀਂ ਜਾਂ ਗੈਰ-ਵਿਵਹਾਰਕ ਤੇ ਵਪਾਰਕ ਤੌਰ ਉਤੇ ਖਰਾ ਨਾ ਉਤਰਨ ਵਾਲੇ ਵਾਅਦਿਆਂ ਨਾਲ ਲੋਕਾਂ ਖਾਸ ਕਰ ਕੇ ਮੱਧ ਵਰਗ ਅਤੇ ਗਰੀਬ ਵਰਗ ਨਾਲ ਧੋਖਾ ਕਮਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਨੇਮ ਲਾਗੂ ਹੋਣ 'ਤੇ ਲੋਕਾਂ ਨਾਲ ਅਜਿਹੇ ਧੋਖੇਬਾਜ਼ ਵਿੱਤੀ ਅਦਾਰਿਆਂ ਤੋਂ ਆਮ ਆਦਮੀ ਦੇ ਹਿੱਤਾਂ ਦੀ ਰਾਖੀ ਕਰਨ ਵਿਚ ਮਦਦ ਮਿਲੇਗੀ। ਮੰਤਰੀ ਮੰਡਲ ਨੇ ਸਾਲ 2021-22 ਤੋਂ 2025-26 ਦੇ ਸਮੇਂ ਲਈ ਛੇਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਵੀ ਪ੍ਰਵਾਨ ਕਰ ਲਿਆ ਹੈ, ਜਿਨ੍ਹਾਂ ਵਿਚ ਕੁੱਲ ਟੈਕਸ ਮਾਲੀਏ ਦਾ 3.5 ਫੀਸਦੀ ਹਿੱਸਾ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਨੂੰ ਦੇਣ ਦੀ ਵਿਵਸਥਾ ਸ਼ਾਮਲ ਹੈ।

## ਪੰਜਾਬ ਛੇਤੀ ਹੀ ਹਰ ਖੇਤਰ 'ਚ ਮੋਹਰੀ ਹੋਵੇਗਾ: ਮਾਨ

**ਖਰੜ:** ਮੁਹਾਲੀ ਜ਼ਿਲ੍ਹੇ ਵਿਚ ਸਿਹਤ ਸਹੂਲਤਾਂ ਵਿਚ ਇਜ਼ਾਫ਼ਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਖਰੜ ਵਿਚ ਜਚਾ-ਬੱਚਾ ਦੇਖਭਾਲ ਕੇਂਦਰ ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਮੁੱਖ ਟੀਚਾ ਪੰਜਾਬ ਵਿਚ ਸਿਹਤ ਸਹੂਲਤਾਂ ਤੇ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਇਹ 35ਵਾਂ ਜਚਾ-ਬੱਚਾ ਕੇਂਦਰ ਖੋਲ੍ਹਿਆ ਗਿਆ ਹੈ। 50 ਬਿਸਤਰਿਆਂ ਵਾਲਾ ਇਹ ਕੇਂਦਰ 8.59 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ। ਇਹ ਹਸਪਤਾਲ ਆਧੁਨਿਕ ਤਕਨੀਕਾਂ ਨਾਲ ਲੈਸ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 75 ਤੋਂ 100 ਹੋਰ ਮੁਹੱਲਾ ਕਲੀਨਿਕ ਖੋਲ੍ਹੇ ਜਾਣਗੇ।

## ਅਵਾਰਾ ਪਸ਼ੂਆਂ ਦੇ ਹੱਲ ਲਈ ਨੀਤੀ ਬਣੇਗੀ

**ਚੰਡੀਗੜ੍ਹ:** ਪੰਜਾਬ ਰਾਜ ਅਨਾਜ ਖਰੀਦ ਨਿਗਮ ਲਿਮਟਿਡ (ਪਨਗਰੇਨ) ਦੀ ਕਾਰਜ-ਕੁਸ਼ਲਤਾ ਨੂੰ ਹੋਰ ਵਧਾਉਣ ਅਤੇ ਸੂਬੇ ਵਿਚ ਅਨਾਜ ਦੀ ਖਰੀਦ ਨੂੰ ਸੁਚਾਰੂ ਬਣਾਉਣ ਲਈ ਮੰਤਰੀ ਮੰਡਲ ਨੇ ਪੰਜਾਬ ਸਿਵਲ ਸਪਲਾਈਜ਼ ਕਾਰਪੋਰੇਸ਼ਨ ਲਿਮਟਿਡ (ਪਨਸਪ) ਅਤੇ ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ (ਪੀ.ਏ.ਐਫ.ਸੀ.) ਦਾ ਪਨਗਰੇਨ ਵਿਚ ਰਲੇਵਾਂ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਸੂਬੇ ਦੀਆਂ ਜੇਲ੍ਹਾਂ ਵਿਚ ਉਮਰ ਕੈਦ ਕੱਟ ਰਹੇ ਚਾਰ ਕੈਦੀਆਂ ਦੀ ਅਗੇਤੀ ਰਿਹਾਈ ਦੀ ਮੰਗ ਦੇ ਕੇਸ ਭੇਜਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ। ਸੂਬੇ ਵਿਚ ਅਵਾਰਾ ਪਸ਼ੂਆਂ ਦੀ ਸਮੱਸਿਆ ਉਤੇ ਕਾਬੂ ਪਾਉਣ ਲਈ ਨੀਤੀ ਤਿਆਰ ਕਰਨ ਅਤੇ ਉਨ੍ਹਾਂ ਕਾਰਨ ਹੋਣ ਵਾਲੀਆਂ ਮੌਤਾਂ ਲਈ ਮੁਆਵਜ਼ਾ 5 ਲੱਖ ਰੁਪਏ ਦਿੱਤਾ ਜਾਵੇਗਾ।

# ਆਪ ਵਿਧਾਇਕਾ ਮਾਣੂੰਕੇ 'ਤੇ ਪਰਵਾਸੀ ਪੰਜਾਬੀ ਦੀ ਕੋਠੀ ਨੱਪਣ ਦੇ ਦੋਸ਼

**ਜਗਰਾਉਂ:** ਇਥੇ ਇਕ ਐਨ.ਆਰ.ਆਈ. ਔਰਤ ਨੇ ਹਲਕਾ ਜਗਰਾਉਂ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ 'ਤੇ ਸਥਾਨਕ ਹੀਰਾ ਬਾਗ ਸਥਿਤ ਉਸ ਦੀ ਕੋਠੀ 'ਤੇ ਕਬਜ਼ਾ ਕਰਨ ਦੇ ਦੋਸ਼ ਲਾਏ ਹਨ। ਉਸ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਸ਼ਿਕਾਇਤ ਦੇ ਕੇ ਵਿਧਾਇਕਾ ਖ਼ਿਲਾਫ਼ ਕਾਰਵਾਈ ਮੰਗੀ ਹੈ। ਦੂਜੇ ਪਾਸੇ ਵਿਧਾਇਕਾ ਮਾਣੂੰਕੇ ਨੇ ਦੋਸ਼ ਨਕਾਰਦਿਆਂ ਕਿਹਾ ਕਿ ਉਨ੍ਹਾਂ ਦੀ ਸਿਆਸੀ ਸ਼ਾਖ ਨੂੰ ਸੱਟ ਮਾਰਨ ਲਈ ਅਜਿਹਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਿਰਾਏ ਵਾਲੀ ਪੁਰਾਣੀ ਕੋਠੀ ਛੱਡ ਕੇ ਉਹ ਨਵੀਂ ਕੋਠੀ 'ਚ ਵੀ ਕਿਰਾਏ 'ਤੇ ਹੀ ਆਏ ਹਨ। ਇਸ ਦਾ ਬਾਕਾਇਦਾ ਕਿਰਾਏ ਸਬੰਧੀ 'ਇਕਰਾਰ' ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਹੁਣ ਕੋਠੀ ਦੇ ਦੋ ਮਾਲਕ ਸਾਹਮਣੇ ਆ ਗਏ ਹਨ ਤਾਂ ਇਸ ਦੀ ਜਾਂਚ ਕਰਵਾਈ ਜਾਵੇ ਅਤੇ ਜਿਹੜਾ ਅਸਲ ਮਾਲਕ ਹੋਵੇਗਾ ਉਹ ਉਸ ਨੂੰ ਕੋਠੀ ਦੀਆਂ ਚਾਬੀਆਂ ਦੇਣ ਲਈ ਤਿਆਰ ਹਨ। ਜ਼ਿਲ੍ਹਾ ਪੁਲਿਸ ਮੁਖੀ ਨੇ ਇਹ ਸ਼ਿਕਾਇਤ ਜਾਂਚ ਲਈ ਅੱਗੇ ਐਸ.ਪੀ. (ਡੀ) ਨੂੰ ਭੇਜ ਦਿੱਤੀ ਹੈ।




ਸ਼ਿਕਾਇਤਕਰਤਾ ਅਮਰਜੀਤ ਕੌਰ ਨੇ ਖੁਦ ਨੂੰ ਲੋਪੋਂ (ਮੋਗਾ) ਦੀ ਰਹਿਣ ਵਾਲੀ ਦੱਸਦਿਆਂ ਕਿਹਾ ਕਿ ਉਸ ਦੀ ਜਗਰਾਉਂ ਦੇ ਹੀਰਾ ਬਾਗ ਵਿਚ ਕੋਠੀ ਹੈ, ਜੋ ਕਈ ਸਾਲਾਂ ਤੋਂ ਖਾਲੀ ਪਈ ਸੀ। ਉਨ੍ਹਾਂ ਉਸ ਕੋਠੀ 'ਤੇ ਵਿਧਾਇਕਾ ਵੱਲੋਂ ਕਥਿਤ ਨਾਜਾਇਜ਼ ਕਬਜ਼ਾ ਕਰਨ ਅਤੇ ਉਸ 'ਚ ਦਾਖਲ ਨਾ ਹੋਣ ਦੇਣ ਦੇ ਦੋਸ਼ ਲਾਏ ਹਨ। ਦੂਜੇ ਪਾਸੇ ਵਿਧਾਇਕਾ ਨੇ ਕਰਮ ਸਿੰਘ ਨਾਂ ਦੇ ਵਿਅਕਤੀ ਤੋਂ ਕੋਠੀ ਕਿਰਾਏ 'ਤੇ ਲੈਣ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਸ਼ਿਕਾਇਤ ਸਬੰਧੀ ਪਤਾ ਲੱਗਣ 'ਤੇ ਉਨ੍ਹਾਂ ਖੁਦ ਪੁਲਿਸ ਕੋਲ ਜਾ ਕੇ ਅਸਲ ਮਾਲਕ ਦਾ ਪਤਾ ਲਾਉਣ ਲਈ ਜਾਂਚ ਦੀ ਮੰਗ ਕੀਤੀ ਹੈ। ਸ਼ਿਕਾਇਤਕਰਤਾ ਵੱਲੋਂ ਇਸ ਸਬੰਧੀ ਮੁੱਖ ਮੰਤਰੀ ਦਫ਼ਤਰ ਤੋਂ ਲੈ ਕੇ ਵਿਧਾਨ ਸਭਾ ਦੇ ਸਪੀਕਰ ਤੇ ਹੋਰ ਮੰਤਰੀਆਂ ਨੂੰ ਵੀ ਸ਼ਿਕਾਇਤ ਕੀਤੀ ਗਈ ਹੈ।

## ਸੁਖਬੀਰ ਬਾਦਲ ਵੱਲੋਂ ਮਾਣੂੰਕੇ ਖਿਲਾਫ ਕਾਰਵਾਈ ਮੰਗੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਕ ਐਨ.ਆਰ.ਆਈ. ਮਹਿਲਾ ਦੀ ਕੋਠੀ 'ਤੇ ਕਬਜ਼ਾ ਕਰਨ ਦੇ ਦੋਸ਼ ਹੇਠ 'ਆਪ' ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਾਰਵਾਈ ਕਰਨ ਦੀ ਜਗ੍ਹਾ ਪੰਜਾਬ ਪੁਲਿਸ ਮਾਮਲੇ ਨੂੰ ਦੱਬ ਰਹੀ ਹੈ। ਸੁਖਬੀਰ ਨੇ ਕਿਹਾ ਕਿ ਇਸ ਨਾਲ ਐਨ.ਆਰ.ਆਈ. ਭਾਈਚਾਰੇ ਲਈ ਗਲਤ ਸੰਦੇਸ਼ ਜਾਂਦਾ ਹੈ ਕਿ ਪੰਜਾਬ ਵਿਚ ਪਰਵਾਸੀਆਂ ਦੀਆਂ ਜ਼ਮੀਨਾਂ ਸੁਰੱਖਿਅਤ ਨਹੀਂ ਹਨ। ਉਨ੍ਹਾਂ ਕਿਹਾ ਕਿ ਐਨ.ਆਰ.ਆਈ. ਅਮਰਜੀਤ ਕੌਰ ਨੇ ਡੀ.ਜੀ.ਪੀ. ਸਮੇਤ ਹੋਰ ਮੰਤਰੀਆਂ ਤੱਕ ਵੀ ਪਹੁੰਚ ਕੀਤੀ ਹੈ ਪਰ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ।

## ਪੁਲਿਸ ਵੱਲੋਂ ਠੇਕਾ ਮੁਲਾਜ਼ਮਾਂ ਦੀ ਖਿੱਚ-ਧੂਹ

**ਮਾਨਸਾ:** ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਬੈਨਰ ਹੇਠ ਸਰਕਾਰੀ ਵਿਭਾਗਾਂ ਦੇ ਆਊਟਸੋਰਸ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੇ ਸੇਵਾਵਾਂ ਰੈਗੂਲਰ ਨਾ ਕੀਤੀਆਂ ਜਾਣ ਦੇ ਰੋਸ ਵਜੋਂ ਮਾਨਸਾ ਵਿਚ ਮੁੱਖ ਮੰਤਰੀ ਦੀ ਆਮਦ ਮੌਕੇ ਪ੍ਰਦਰਸ਼ਨ ਕੀਤਾ। ਇਸ ਦੌਰਾਨ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨਾਲ ਖਿੱਚ-ਧੂਹ ਕੀਤੀ ਅਤੇ ਉਨ੍ਹਾਂ ਨੂੰ ਥਾਣੇ ਡੱਕ ਦਿੱਤਾ ਤੇ ਫਿਰ ਦੂਰ ਲਿਜਾ ਕੇ ਛੱਡ ਦਿੱਤਾ। ਜਾਣਕਾਰੀ ਅਨੁਸਾਰ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੇ ਕੈਬਨਿਟ ਮੀਟਿੰਗ ਮੌਕੇ ਡੀ.ਸੀ. ਕੰਪਲੈਕਸ ਵਿਚ ਪਹੁੰਚ ਕੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕਰਨੀ ਚਾਹੀ ਪਰ ਪੁਲਿਸ ਨੇ ਠੇਕਾ ਮੁਲਾਜ਼ਮਾਂ ਨਾਲ ਖਿੱਚ-ਧੂਹ ਕਰ ਕੇ ਉਨ੍ਹਾਂ ਨੂੰ ਡੀ.ਸੀ ਕੰਪਲੈਕਸ ਸਥਿਤ ਸਿਟੀ-2 ਥਾਣੇ ਵਿੱਚ ਬੰਦ ਕਰ ਦਿੱਤਾ।

# ਬਠਿੰਡਾ 'ਚ ਪਹਿਲੀ ਆਇਡੀਆ ਲੈਬ

**ਬਠਿੰਡਾ:** ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਚ 1.11 ਕਰੋੜ ਰੁਪਏ ਦੀ ਲਾਗਤ ਵਾਲੀ ਆਇਡੀਆ ਲੈਬ ਦੀ ਉਦਘਾਟਨੀ ਰਸਮ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਨੇ ਅਦਾ ਕੀਤੀ। ਸਮਾਗਮ ਦੇ ਪ੍ਰਬੰਧਕਾਂ ਵੱਲੋਂ ਦਾਅਵਾ ਕੀਤਾ ਗਿਆ ਕਿ ਪੰਜਾਬ ਅੰਦਰ ਇਹ ਨਿਵੇਕਲੀ ਕਿਸਮ ਦੀ ਪਲੇਠੀ ਲੈਬ ਹੈ।

ਇਸ ਮੌਕੇ ਆਨਲਾਈਨ ਜੁੜਦੇ ਹੋਏ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਬੀ.ਸੀ.ਐਲ-ਏ.ਆਈ.ਸੀ. ਟੀ.ਈ.ਆਈ. ਡੀ.ਈ.ਏ. ਲੈਬ ਦੀ ਸਥਾਪਨਾ ਵਿਦਿਆਰਥੀਆਂ ਨੂੰ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਦੇ ਮੁੱਢਲੇ ਸਿਧਾਂਤਾਂ ਨੂੰ ਸਮਝਣ ਅਤੇ ਇਸ ਦੀ ਵਰਤੋਂ ਕਰ ਕੇ ਵਿਹਾਰਕ ਅਨੁਭਵ ਹਾਸਲ ਕਰਨ ਦੇ ਮੰਤਵ ਨਾਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਲੈਬ ਪੰਜਾਬ ਅਤੇ ਉੱਤਰੀ ਭਾਰਤ ਦੇ ਵਿਦਿਆਰਥੀਆਂ ਲਈ ਵਰਦਾਨ ਸਾਬਤ ਹੋਵੇਗੀ। ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਨੇ ਕਿਹਾ ਕਿ ਇਹ ਲੈਬ ਨੌਜਵਾਨਾਂ ਵੱਲੋਂ ਲਏ ਗਏ ਸੁਫਨਿਆਂ ਨੂੰ ਸਾਕਾਰ ਕਰਨ ਲਈ ਸਹਾਈ ਸਿੱਧ ਹੋਵੇਗੀ। ਬਠਿੰਡਾ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਨੇ ਬੀ.ਸੀ.ਐੱਲ. ਲਿਮਟਿਡ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

# ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਨੂੰ ਮਿਲਣਗੀਆਂ ਪੀ.ਜੀ.ਆਈ. ਵਾਂਗ ਸਹੂਲਤਾਂ

**ਫਰੀਦਕੋਟ:** ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਦਾ ਨਿਰੀਖਣ ਕੀਤਾ ਗਿਆ। ਉਨ੍ਹਾਂ ਸਿਹਤ ਵਿਭਾਗ ਅਤੇ ਮੈਡੀਕਲ ਕਾਲਜ ਦੇ ਅਧਿਕਾਰੀਆਂ ਨੂੰ ਮੈਡੀਕਲ ਕਾਲਜ ਵਿਚ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਸੇਵਾਵਾਂ ਵਿਚ ਹੋਰ ਸੁਧਾਰ ਲਿਆਉਣ ਦੇ ਆਦੇਸ਼ ਦਿੱਤੇ।



ਸਿਹਤ ਮੰਤਰੀ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਖੇ ਨਵੇਂ ਬਣੇ ਜੱਚਾ-ਬੱਚਾ ਕੇਂਦਰ ਦਾ ਉਦਘਾਟਨ ਕਰਨ ਉਪਰੰਤ ਬੱਚਾ ਵਾਰਡ, ਬੱਚਾ ਸਰਜਰੀ ਵਾਰਡ, ਲੈਬਾਰਟਰੀ ਟੈਸਟਾਂ, ਪਰਚੀ ਵਾਲੇ ਕਾਊਂਟਰਾਂ, ਲਿਫ਼ਟ, ਪਲੇਅ ਰੂਮ ਦਾ ਜਾਇਜ਼ਾ ਲਿਆ ਅਤੇ ਮਰੀਜ਼ਾਂ ਦੀਆਂ ਮੁਸ਼ਕਲਾਂ ਸੁਣੀਆਂ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਫਰੀਦਕੋਟ ਦੇ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਲੋਕਾਂ ਨੂੰ ਪੀ.ਜੀ.ਆਈ. ਪੱਧਰ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਉਨ੍ਹਾਂ ਨੂੰ ਸਿਹਤ ਸਹੂਲਤਾਂ ਪ੍ਰਾਪਤ ਕਰਨ ਸਬੰਧੀ ਕੋਈ ਦਿੱਕਤ ਪੇਸ਼ ਨਾ ਆਵੇ।

# ਲੁਧਿਆਣਾ ਨੇੜੇ ਬਣੇਗੀ ਅਤਿ-ਸੁਰੱਖਿਅਤ ਡਿਜੀਟਲ ਜੇਲ੍ਹ

**ਧੂਰੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਲੁਧਿਆਣਾ ਨੇੜੇ 50 ਏਕੜ ਰਕਬੇ ਵਿਚ ਅਤਿ-ਸੁਰੱਖਿਅਤ ਡਿਜੀਟਲ ਜੇਲ੍ਹ ਬਣਾਈ ਜਾਵੇਗੀ। ਇਹ ਜੇਲ੍ਹ ਸਥਾਪਤ ਕਰਨ ਲਈ ਭਾਰਤ ਸਰਕਾਰ ਨੇ 100 ਕਰੋੜ ਰੁਪਏ ਮਨਜ਼ੂਰ ਕੀਤੇ ਹਨ, ਜਿਥੇ ਸੂਬੇ ਵਿਚ ਖਤਰਨਾਕ ਅਪਰਾਧੀਆਂ ਨਾਲ ਸਬੰਧਤ ਮਾਮਲਿਆਂ ਦੀ ਅਦਾਲਤੀ ਸੁਣਵਾਈ ਹੋਇਆ ਕਰੇਗੀ।




ਮੁੱਖ ਮੰਤਰੀ ਇੱਥੇ ਨੇੜਲੇ ਪੁਲਿਸ ਸਿਖਲਾਈ ਕੇਂਦਰ ਲੱਡਾ ਕੋਠੀ ਵਿਚ ਜੇਲ੍ਹ ਵਿਭਾਗ ਵਿਚ ਨਵੇਂ ਭਰਤੀ ਕੀਤੇ ਵਾਰਡਰਾਂ ਨੂੰ ਨਿਯੁਕਤੀ ਪੱਤਰ ਸੌਂਪਣ ਤੋਂ ਬਾਅਦ ਵਿਸ਼ੇਸ਼ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸਰਹੱਦ ਪਾਰੋਂ ਡਰੋਨਾਂ ਰਾਹੀਂ ਹੋ ਰਹੀ ਘੁਸਪੈਠ ਨੂੰ ਰੋਕਣ ਲਈ ਪੰਜਾਬ ਪੁਲਿਸ ਵਿਚ ਐਂਟੀ-ਡਰੋਨ ਤਕਨੀਕ ਲਿਆਂਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਲਈ ਵਿਸ਼ੇਸ਼ ਸੜਕ ਸੁਰੱਖਿਆ ਫੋਰਸ ਬਣਾਈ ਜਾਵੇਗੀ ਤਾਂ ਜੋ ਸੜਕ ਹਾਦਸਿਆਂ 'ਚ ਲੋਕਾਂ ਦੇ ਜਾਨੀ ਨੁਕਸਾਨ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਲੱਡਾ ਕੋਠੀ ਵਿੱਚ ਪੁਲਿਸ ਸਿਖਲਾਈ ਕੇਂਦਰ ਦੇ ਕੈਂਪਸ ਵਿਚ ਸਿੰਥੈਟਿਕ ਟਰੈਕ ਵਿਛਾਉਣ ਲਈ 4.5 ਕਰੋੜ ਰੁਪਏ ਦਿੱਤੇ ਜਾਣਗੇ, ਕੈਂਪਸ ਦੇ ਅੰਦਰ 3 ਕਰੋੜ ਰੁਪਏ ਦੀ ਲਾਗਤ ਨਾਲ ਅਤਿ-ਆਧੁਨਿਕ ਹੋਸਟਲ ਬਣਾਇਆ ਜਾਵੇਗਾ ਅਤੇ 25 ਲੱਖ ਰੁਪਏ ਖਰਚ ਕੇ ਫਾਇਰਿੰਗ ਰੇਂਜ ਸਥਾਪਤ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕੈਂਪਸ ਵਿੱਚ ਸੜਕਾਂ ਦੇ ਨਿਰਮਾਣ ਲਈ ਵੀ 25 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਕੈਦੀਆਂ ਨੂੰ ਵੱਖ-ਵੱਖ ਤਰ੍ਹਾਂ ਦੀ ਸਿਖਲਾਈ ਲਈ ਵਰਤਿਆ ਜਾਂਦਾ ਕੱਚਾ ਮਾਲ ਮੁਹੱਈਆ ਕਰਵਾਉਣ 'ਤੇ 10 ਕਰੋੜ ਰੁਪਏ ਖਰਚ ਕੀਤੇ ਜਾਣਗੇ। ਸੂਬੇ ਵਿਚ ਵਿਸ਼ੇਸ਼ ਮਹਿਲਾ ਜੇਲ੍ਹ ਦੀ ਉਸਾਰੀ ਕਰਨ ਤੋਂ ਇਲਾਵਾ ਜੇਲ੍ਹ ਵਿਭਾਗ ਵਿਚ 351 ਨਵੀਆਂ ਅਸਾਮੀਆਂ ਸਿਰਜੀਆਂ ਜਾਣਗੀਆਂ।

## ਜੇਲ੍ਹ ਵਿਚ ਹੀ ਜੱਜਾਂ ਦੇ ਵੱਖਰੇ ਕੈਬਿਨ ਬਣਾਏ ਜਾਣਗੇ

**ਧੂਰੀ:** ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਲਈ ਖਤਰਾ ਬਣੇ ਅਜਿਹੇ ਖ਼ੌਫ਼ਨਾਕ ਅਪਰਾਧੀਆਂ ਦੀ ਵਿਸ਼ੇਸ਼ ਸੁਣਵਾਈ ਲਈ ਜੇਲ੍ਹ ਵਿਚ ਹੀ ਜੱਜਾਂ ਦੇ ਵੱਖਰੇ ਕੈਬਿਨ ਬਣਾਏ ਜਾਣਗੇ ਤਾਂ ਜੋ ਇਸ ਮੰਤਵ ਲਈ ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਨਾ ਲਿਜਾਣਾ ਪਵੇ। ਉਨ੍ਹਾਂ ਕਿਹਾ ਕਿ ਜੇਲ੍ਹ ਵਿਭਾਗ ਵੱਲੋਂ ਛੇਤੀ ਹੀ ਮੁਹਾਲੀ ਵਿਚ ਆਪਣਾ ਅਤਿ-ਆਧੁਨਿਕ ਦਫਤਰ ਬਣਾਇਆ ਜਾਵੇਗਾ, ਜਿਸ ਲਈ ਜਮੀਨ ਦੀ ਸ਼ਨਾਖ਼ਤ ਕੀਤੀ ਜਾ ਚੁੱਕੀ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਅਗਲੇ ਸਾਲ ਤੱਕ ਟਲਣ ਦੇ ਆਸਾਰ

**ਅੰਮ੍ਰਿਤਸਰ:** ਗੁਰਦੁਆਰਾ ਚੋਣ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਦੀਆਂ ਆਗਾਮੀ ਚੋਣਾਂ ਵਾਸਤੇ ਸਿੱਖ ਵੋਟਰਾਂ ਦੀ ਰਜਿਸਟ੍ਰੇਸ਼ਨ ਸ਼ੁਰੂ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਹਨ। ਉਥੇ ਹੀ ਨਗਰ ਨਿਗਮ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਅਤੇ ਉਸ ਤੋਂ ਬਾਅਦ ਹੋਣ ਵਾਲੀਆਂ ਸੰਸਦੀ ਚੋਣਾਂ 2024 ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਇਸ ਸਾਲ ਸੰਸਦੀ ਚੋਣਾਂ ਤੋਂ ਪਹਿਲਾਂ ਹੋਣ ਦੀ ਸੰਭਾਵਨਾ ਮੱਧਮ ਨਜ਼ਰ ਆ ਰਹੀ ਹੈ।

ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਸਿਰਫ ਪੰਜਾਬ ਤੱਕ ਹੀ ਸੀਮਤ ਨਹੀਂ ਹਨ, ਸਗੋਂ ਇਨ੍ਹਾਂ ਚੋਣਾਂ ਵਿਚ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ, ਹਰਿਆਣਾ ਅਤੇ ਹਿਮਾਚਲ ਦੇ ਸਿੱਖ ਵੀ ਭਾਗ ਲੈਂਦੇ ਹਨ। 1925 ਵਿਚ ਬਣੇ ਸਿੱਖ ਗੁਰਦੁਆਰਾ ਐਕਟ ਸਮੇਂ ਇਹ ਸਾਰਾ ਇਲਾਕਾ ਪਹਿਲਾਂ ਪੰਜਾਬ ਦਾ ਹਿੱਸਾ ਸੀ। ਸਿੱਖਾਂ ਦੀ ਮਿਨੀ ਸੰਸਦ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਸਤੇ ਇਹ ਸਾਰੇ ਇਲਾਕੇ 'ਚੋਂ ਲਗਭਗ 170 ਮੈਂਬਰ ਵੋਟਾਂ ਰਾਹੀਂ ਚੁਣੇ ਜਾਂਦੇ ਹਨ। ਇਸ ਤੋਂ ਇਲਾਵਾ ਦੇਸ ਭਰ ਵਿਚੋਂ 15 ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਸ਼੍ਰੋਮਣੀ ਕਮੇਟੀ ਦੇ ਸਦਨ ਵਿਚ ਕੁੱਲ 190 ਮੈਂਬਰ ਹੁੰਦੇ ਹਨ। ਸ਼੍ਰੋਮਣੀ ਕਮੇਟੀ ਦੀਆਂ ਪਿਛਲੀਆਂ ਆਮ ਚੋਣਾਂ 2011 ਵਿਚ ਹੋਈਆਂ ਸਨ।



ਸਿੱਖ ਸਿਆਸੀ ਮਾਹਿਰਾਂ ਮੁਤਾਬਕ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਸਤੇ ਸਿੱਖ ਵੋਟਰਾਂ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਲੰਮਾ ਸਮਾਂ ਲੈਣ ਵਾਲੀ ਹੈ ਅਤੇ ਇਸ ਨੂੰ ਪੂਰਾ ਕਰਨ ਵਿਚ ਇਕ ਸਾਲ ਦਾ ਸਮਾਂ ਲੱਗ ਸਕਦਾ ਹੈ। ਵੋਟਰਾਂ ਦੀ ਰਜਿਸਟ੍ਰੇਸ਼ਨ ਤੋਂ ਬਾਅਦ ਅਯੋਗ ਵੋਟਰਾਂ ਦੇ ਮਾਮਲੇ ਵੀ ਸਾਹਮਣੇ ਆਉਣਗੇ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਰਿਆਣਾ ਦੇ ਸਿੱਖਾਂ ਦੀ ਭੂਮਿਕਾ ਬਾਰੇ ਵੀ ਅਜੇ ਤੱਕ ਕੋਈ ਸਪਸ਼ਟ ਨਹੀਂ ਹੋ ਸਕਿਆ ਹੈ। ਫਿਲਹਾਲ ਇਹ ਮਾਮਲਾ ਵੀ ਇਕ ਵੱਡੇ ਅੜਿੱਕੇ ਵਜੋਂ ਸਾਹਮਣੇ ਹੈ। ਹਾਲ ਹੀ ਵਿਚ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਐਕਟ 2014 ਨੂੰ ਸੁਪਰੀਮ ਕੋਰਟ ਵੱਲੋਂ ਮਾਨਤਾ ਦਿੱਤੀ ਗਈ ਹੈ, ਜਿਸ ਨਾਲ ਹਰਿਆਣਾ ਵਿਚ ਇਕ ਵੱਖਰੀ ਗੁਰਦੁਆਰਾ ਕਮੇਟੀ ਸਥਾਪਤ ਹੋ ਗਈ ਹੈ ਪਰ ਹੁਣ ਤੱਕ ਸਿੱਖ ਗੁਰਦੁਆਰਾ ਐਕਟ 1925 ਵਿਚ ਇਸ ਮਾਮਲੇ ਨੂੰ ਲੈ ਕੇ ਕੋਈ ਸੋਧ ਨਹੀਂ ਹੋਈ ਹੈ। ਇਸ ਐਕਟ ਮੁਤਾਬਕ ਹਰਿਆਣਾ ਦੇ ਗੁਰਦੁਆਰੇ ਅੱਜ ਵੀ ਸ਼੍ਰੋਮਣੀ ਕਮੇਟੀ ਦਾ ਹਿੱਸਾ ਹਨ।

## 'ਵੋਟਰ ਸੂਚੀ ਲਈ ਇਕ ਸਾਲ ਦਾ ਸਮਾਂ ਲੱਗ ਸਕਦੈ'

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਵੋਟਰ ਸੂਚੀ ਨੂੰ ਅੰਤਿਮ ਰੂਪ ਦੇਣ ਵਿਚ ਘੱਟੋ-ਘੱਟ ਇਕ ਸਾਲ ਦਾ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਪੱਤਰ ਵਿਚ ਵੋਟਰ ਸੂਚੀਆਂ ਤਿਆਰ ਕਰਨ ਦਾ ਕੋਈ ਸਮਾਂ ਨਿਰਧਾਰਤ ਨਹੀਂ ਕੀਤਾ ਗਿਆ ਹੈ। ਵੋਟਰ ਸੂਚੀ ਨੂੰ ਨਵੇਂ ਸਿਰੇ ਤੋਂ ਬਣਾਇਆ ਜਾਵੇਗਾ, ਜਿਸ ਵਿਚ ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਵੀ ਸ਼ਾਮਲ ਹੋਵੇਗੀ। ਇਸ ਤੋਂ ਇਲਾਵਾ ਹੁਣ ਤੱਕ ਹਰਿਆਣਾ ਦੇ ਸਿੱਖਾਂ ਦੀ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਸ਼ਮੂਲੀਅਤ ਬਾਰੇ ਕੁਝ ਵੀ ਸਪਸ਼ਟ ਨਹੀਂ ਹੋ ਸਕਿਆ ਹੈ। ਇਨ੍ਹਾਂ ਕਾਰਨਾਂ ਤੋਂ ਲੱਗਦਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਇਸ ਵਰ੍ਹੇ ਹੋਣ ਦੀ ਸੰਭਾਵਨਾ ਬਹੁਤ ਘੱਟ ਹੈ।

## ਅਕਾਲ ਤਖਤ ਨੇ ਸਦਾ ਮਾਨਵਤਾ ਦੇ ਹੱਕਾਂ ਦੀ ਆਵਾਜ਼ ਬੁਲੰਦ ਕੀਤੀ: ਜਥੇਦਾਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਦਾ ਸਥਾਪਨਾ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਮਗਰੋਂ ਰਾਗੀ ਜਥੇ ਨੇ ਕੀਰਤਨ ਕੀਤਾ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਗਤ ਨੂੰ ਸਥਾਪਨਾ ਦਿਵਸ ਦੀ ਵਧਾਈ ਦਿੱਤੀ ਅਤੇ ਆਖਿਆ ਕਿ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਤ ਇਹ ਉਹ ਤਖ਼ਤ ਹੈ, ਜਿਸ ਨੇ ਹਮੇਸ਼ਾ ਹੀ ਮਾਨਵਤਾ ਦੇ ਹੱਕਾਂ ਦੀ ਆਵਾਜ਼ ਨੂੰ ਬੁਲੰਦ ਕੀਤਾ ਹੈ।

ਇਤਿਹਾਸ ਵਿਚ ਅਜਿਹੀਆਂ ਕਈ ਘਟਨਾਵਾਂ ਮੌਜੂਦ ਹਨ, ਜਦੋਂ ਮਜ਼ਲੂਮ ਤੇ ਲੋੜਵੰਦ ਲੋਕਾਂ ਦੀ ਕਿਸੇ ਨੇ ਬਾਂਹ ਨਹੀਂ ਫੜੀ, ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਨੇ ਸਹਾਰਾ ਦਿੱਤਾ। ਉਨ੍ਹਾਂ ਨੇ ਸਥਾਪਨਾ ਦਿਵਸ ਮੌਕੇ ਸੰਗਤਾਂ ਨੂੰ ਛੇਵੇਂ ਪਾਤਸ਼ਾਹੀ ਵੱਲੋਂ ਸਥਾਪਤ ਸ੍ਰੀ ਅਕਾਲ ਤਖ਼ਤ ਨਾਲ ਜੁੜਨ ਦੀ ਅਪੀਲ ਕੀਤੀ।

## ਹਕੂਮਤਾਂ ਸਿੱਖਾਂ ਤੇ ਪੰਜਾਬੀਆਂ ਦਾ ਇਤਿਹਾਸ ਵਿਗਾੜਨ ਦੀ ਕੋਸ਼ਿਸ਼ 'ਚ: ਧਾਮੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਆਜ਼ਾਦੀ ਸੰਗਰਾਮ ਦੌਰਾਨ ਅੰਡੇਮਾਨ ਵਿਚ ਬੰਦ ਪੰਜਾਬੀਆਂ ਨੇ ਤਸ਼ੱਦਦ ਝੱਲਿਆ, ਜਿਸ ਨੂੰ ਹੁਣ ਤੱਕ ਅਣਗੌਲਿਆ ਗਿਆ ਹੈ। ਮੌਕੇ ਦੀਆਂ ਹਕੂਮਤਾਂ ਸਿੱਖਾਂ ਤੇ ਪੰਜਾਬੀਆਂ ਦੇ ਇਤਿਹਾਸ ਨੂੰ ਵਿਗਾੜਨ ਅਤੇ ਰਲਗੱਡ ਕਰਨ ਦੀ ਕੋਸ਼ਿਸ਼ ਵਿਚ ਹਨ। ਸੈਲੂਲਰ ਜੇਲ੍ਹ ਦੀ ਸੂਚੀ 'ਚੋਂ ਸਿੱਖਾਂ ਦੇ ਨਾਵਾਂ ਨੂੰ ਅਣਗੌਲਿਆਂ ਕਰਨਾ ਵੀ ਇਕ ਕੋਝੀ ਸਾਜ਼ਿਸ਼ ਹੈ।

ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਰਤਾਨਵੀ ਹਕੂਮਤ ਦੀ ਗੁਲਾਮੀ ਦਾ ਜੂਲਾ ਭਾਰਤੀਆਂ ਦੇ ਗਲੋਂ ਲਾਹੁਣ ਲਈ ਕਾਲੇਪਾਣੀ ਦੀ ਜੇਲ੍ਹ ਵਿਚ ਪੰਜਾਬੀਆਂ ਦੇ ਯੋਗਦਾਨ ਸਬੰਧੀ ਪ੍ਰਕਾਸ਼ਿਤ ਪੁਸਤਕ 'ਕਾਲਾਪਾਣੀ: ਆਜ਼ਾਦੀ ਸੰਗਰਾਮ 'ਚ ਪੰਜਾਬੀਆਂ ਦਾ ਯੋਗਦਾਨ' ਬਾਰੇ ਆਪਣੇ ਵਿਚਾਰ ਸਾਂਝੇ ਕਰ ਰਹੇ ਸਨ। ਉਨ੍ਹਾਂ ਪੁਸਤਕ ਦੇ ਲੇਖਕ ਜਗਤਾਰ ਸਿੰਘ ਅਤੇ ਗੁਰਦਰਸ਼ਨ ਸਿੰਘ ਬਾਹੀਆ ਨੂੰ ਇਹ ਖੋਜ ਕਾਰਜ



ਨੇਪਰੇ ਚਾੜ੍ਹਨ ਲਈ ਧੰਨਵਾਦ ਕੀਤਾ। ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਆਜ਼ਾਦੀ ਸੰਘਰਸ਼ ਵਿਚ ਸਿੱਖਾਂ ਦਾ ਵੱਡਾ ਯੋਗਦਾਨ ਹੈ ਪਰ ਦੁੱਖ ਦੀ ਗੱਲ ਹੈ ਕਿ ਸਿੱਖਾਂ ਨੂੰ ਬਣਦਾ ਮਾਣ ਨਹੀਂ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਅੱਜ ਦੇ ਰਾਜਨੀਤਕ ਹਾਲਾਤ ਵਿਚ ਸੱਚ ਲਿਖਣਾ ਵੱਡੀ ਦਲੇਰੀ ਹੈ, ਜਿਸ ਲਈ ਕਿਤਾਬ ਦੇ ਦੋਵੇਂ ਲੇਖਕ ਵਧਾਈ ਦੇ ਪਾਤਰ ਹਨ।

## ਸ੍ਰੀ ਦਰਬਾਰ ਸਾਹਿਬ 'ਚ ਸਕੈਨਰ ਲਾਉਣ ਦੀ ਪ੍ਰਕਿਰਿਆ ਆਰੰਭ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਦੇ ਸਾਮਾਨ ਦੀ ਜਾਂਚ ਵਾਸਤੇ ਸ਼੍ਰੋਮਣੀ ਕਮੇਟੀ ਨੇ ਪ੍ਰਵੇਸ਼ ਦੁਆਰਾਂ 'ਤੇ ਸਕੈਨਰ ਲਾਉਣ ਦੀ ਪ੍ਰਕਿਰਿਆ ਆਰੰਭ ਦਿੱਤੀ ਹੈ। ਇਸੇ ਤਹਿਤ ਇੱਥੇ ਘੰਟਾ ਘਰ ਵਾਲੇ ਪਾਸੇ ਇਕ ਸਕੈਨਰ ਦਾ ਟਰਾਇਲ ਕੀਤਾ ਗਿਆ।

ਇਹ ਸਕੈਨਰ ਹਵਾਈ ਅੱਡਿਆਂ 'ਤੇ ਵਰਤੇ ਜਾਂਦੇ ਸਕੈਨਰਾਂ ਵਰਗੇ ਹੀ ਹਨ। ਇਸ ਦੌਰਾਨ ਕੰਪਿਊਟਰ 'ਤੇ ਸਾਮਾਨ ਦੀ ਤਸਵੀਰ ਆਵੇਗੀ, ਜਿਸ ਵਿਚ ਇਤਰਾਜ਼ਯੋਗ ਸਾਮਾਨ ਦਾ ਵੀ ਪਤਾ ਲੱਗ ਸਕੇਗਾ। ਇਸ ਦੇ ਟਰਾਇਲ ਸਮੇਂ ਜਦੋਂ ਇਕ ਯਾਤਰੂ ਦੇ ਸਾਮਾਨ ਦੀ ਜਾਂਚ ਕੀਤੀ ਜਾ ਰਹੀ ਸੀ ਤਾਂ ਉਸ ਦੇ ਸਾਮਾਨ 'ਚੋਂ ਚੱਪਲਾਂ ਦਾ ਜੋੜਾ ਨਿਕਲਿਆ, ਜੋ ਆਪਣੇ ਸਾਮਾਨ ਵਿਚ ਰੱਖ ਕੇ ਗੁਰਦੁਆਰੇ ਦੇ ਅੰਦਰ ਲੈ ਕੇ ਜਾ ਰਿਹਾ ਸੀ।

ਇਥੇ ਦੱਸਣਯੋਗ ਹੈ ਕਿ ਬੀਤੇ ਦਿਨੀਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸ੍ਰੀ ਗੁਰੂ ਰਾਮਦਾਸ ਸਰਾਂ ਵਿਚੋਂ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ



ਗਿਆ ਸੀ, ਜਿਨ੍ਹਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਤਿੰਨ ਬੰਬ ਧਮਾਕੇ ਕੀਤੇ ਗਏ ਸਨ। ਇਸ ਘਟਨਾ ਤੋਂ ਤੁਰਤ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਦੀ ਸੁਰੱਖਿਆ ਵਾਸਤੇ ਸਕੈਨਰ ਲਾਉਣ ਅਤੇ ਹੋਰ ਢੁਕਵੇਂ ਪ੍ਰਬੰਧ ਕਰਨ ਦਾ ਫੈਸਲਾ ਕੀਤਾ ਗਿਆ ਸੀ।

# ਗੁਰੂ ਅਰਜਨ ਦੇਵ ਦਾ ਸ਼ਹੀਦੀ ਪੁਰਬ ਮਨਾਉਣ ਲਈ ਸਿੱਖ ਜਥਾ ਪਾਕਿਸਤਾਨ ਪੁੱਜਿਆ

**ਅਟਾਰੀ:** ਪਾਕਿਸਤਾਨ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਅਤੇ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਭਾਰਤ ਤੋਂ 171 ਮੈਂਬਰੀ ਸਿੱਖ ਸ਼ਰਧਾਲੂਆਂ ਦਾ ਜਥਾ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਪੁੱਜਾ। ਭਾਰਤੀ ਸਿੱਖ ਸ਼ਰਧਾਲੂਆਂ ਦੇ ਜਥੇ ਵਿਚ ਦੋ ਸੰਸਥਾਵਾਂ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਸੁਸਾਇਟੀ ਫਿਰੋਜ਼ਪੁਰ ਅਤੇ ਸੁਖਮਨੀ ਸਾਹਿਬ ਸੁਸਾਇਟੀ ਡੱਬਵਾਲੀ ਦੇ ਸ਼ਰਧਾਲੂ ਸ਼ਾਮਲ ਹਨ।

ਇਸ ਸਬੰਧੀ ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ ਜਥੇ ਦੇ ਪਾਰਟੀ ਲੀਡਰ ਜੰਗ ਸਿੰਘ ਨੇ ਦੱਸਿਆ ਕਿ ਭਾਰਤੀ ਸਿੱਖ



ਸ਼ਰਧਾਲੂਆਂ ਦਾ ਜਥਾ ਅਟਾਰੀ-ਵਾਹਗਾ ਸਰਹੱਦ ਰਸਤੇ ਲਾਹੌਰ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਦੇ ਦਰਸ਼ਨਾਂ ਲਈ ਪੁੱਜਾ। ਇਸ ਉਪਰੰਤ ਜਥਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸੱਚਾ ਸੌਦਾ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਗੁਰਦੁਆਰਾ ਰੋੜੀ ਸਾਹਿਬ ਐਮਨਾਬਾਦ ਦੇ ਦਰਸ਼ਨ ਕਰੇਗਾ। ਮੂਲ ਨਾਨਕ ਸ਼ਾਹੀ ਕੈਲੰਡਰ ਅਨੁਸਾਰ 16 ਜੂਨ ਵਾਲੇ ਦਿਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਉਪਰੰਤ 17 ਜੂਨ ਨੂੰ ਜਥਾ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤੇਗਾ।

# ਜਗੀਰ ਕੌਰ ਦੇ ਹਮਾਇਤੀ ਸ਼੍ਰੋਮਣੀ ਕਮੇਟੀ ਮੈਂਬਰ ਅਕਾਲੀ ਦਲ 'ਚ ਸ਼ਾਮਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਬੀ ਜਗੀਰ ਕੌਰ ਦੇ ਦੋ ਹਮਾਇਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦਾ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ। ਪਾਰਟੀ ਪ੍ਰਧਾਨ ਨੇ ਇੱਥੇ ਪਾਇਲ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਹਰਪਾਲ ਸਿੰਘ ਜੱਲਾ ਅਤੇ ਅੰਬਾਲਾ ਤੋਂ ਮੈਂਬਰ ਅਮਰੀਕ ਸਿੰਘ ਜਨੇਤਪੁਰ ਦਾ ਅਕਾਲੀ ਦਲ ਵਿਚ ਸ਼ਾਮਲ ਹੋਣ 'ਤੇ ਸਨਮਾਨ ਕੀਤਾ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀ ਉਮੀਦਵਾਰੀ ਦੀ ਹਮਾਇਤ ਕਰਨ ਵਾਲੇ 10 ਤੋਂ 15 ਹੋਰ ਸ਼੍ਰੋਮਣੀ ਕਮੇਟੀ ਮੈਂਬਰ ਜਲਦ ਅਕਾਲੀ ਦਲ ਵਿਚ ਸ਼ਾਮਲ ਹੋਣਗੇ। ਸ੍ਰੀ ਬਾਦਲ ਨੇ ਪਿਛਲੇ ਸਾਲਾਂ ਦੌਰਾਨ ਅਕਾਲੀ ਦਲ ਛੱਡ ਕੇ ਗਏ ਸਾਰੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਮਾਂ ਪਾਰਟੀ




ਵਿਚ ਮੁੜ ਸ਼ਾਮਲ ਹੋਣ।

ਉਨ੍ਹਾਂ ਕਿਹਾ ਕਿ ਜੇਕਰ ਮੇਰੇ ਤੋਂ ਕੋਈ ਗਲਤੀ ਹੋਈ ਹੋਵੇ ਤਾਂ ਉਹ ਮੁਆਫੀ ਮੰਗਦੇ ਹਨ ਪਰ ਪੰਥ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚਣ ਵਾਲੀਆਂ ਤਾਕਤਾਂ ਨੂੰ ਮਾਤ ਪਾਉਣ ਲਈ ਸਾਡਾ ਇਕਜੁੱਟ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰਪਾਲ ਸਿੰਘ ਜੱਲਾ ਅਕਾਲੀ ਦਲ ਵਿਚ ਮੁੜ ਸ਼ਾਮਲ ਹੋਏ ਹਨ, ਉਥੇ ਹੀ ਅਮਰੀਕ ਸਿੰਘ ਜਨੇਤਪੁਰ ਇਕ ਆਜ਼ਾਦ ਜਿੱਤੇ ਹੋਏ ਮੈਂਬਰ ਹਨ। ਦੋਵਾਂ ਮੈਂਬਰਾਂ ਨੇ ਅਕਾਲੀ ਦਲ ਪ੍ਰਧਾਨ ਦੀ ਲੀਡਰਸ਼ਿਪ ਵਿਚ ਪੂਰਨ ਭਰੋਸਾ ਪ੍ਰਗਟ ਕੀਤਾ ਤੇ ਭਰੋਸਾ ਦਿਵਾਇਆ ਕਿ ਉਹ ਹਰ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਨ ਵਾਸਤੇ ਕੰਮ ਕਰਨਗੇ।

## ਜਗੀਰ ਕੌਰ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਦੀਆਂ ਚਾਲਾਂ ਚੱਲ ਰਹੇ: ਧਾਮੀ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਬੀਬੀ ਜਗੀਰ ਕੌਰ ਨੂੰ ਤਿੰਨ ਵਾਰ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਸਰਕਾਰ ਵਿਚ ਕੈਬਨਿਟ ਮੰਤਰੀ ਬਣਾ ਕੇ ਮਾਣ-ਸਨਮਾਨ ਦਿੱਤਾ, ਪਰ ਉਹ ਇਸੇ ਪਾਰਟੀ ਨੂੰ ਨੁਕਸਾਨ ਪਹੁੰਚਾਉਣ ਦੀਆਂ ਚਾਲਾਂ ਚੱਲ ਰਹੇ ਹਨ, ਜੋ ਸਹੀ ਨਹੀਂ। ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੀਟਿੰਗ ਹਾਲ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਸਨ। ਐਡਵੋਕੇਟ ਧਾਮੀ ਨੇ ਕਿਹਾ ਕਿ ਕਾਂਗਰਸ ਤੋਂ ਸਮਰਥਨ ਮੰਗਣ 'ਤੇ ਉਨ੍ਹਾਂ ਨੂੰ ਸਖ਼ਤ ਇਤਰਾਜ਼ ਹੈ। ਇਸ ਸਬੰਧੀ ਜਦੋਂ ਬੀਬੀ ਜਗੀਰ ਕੌਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਅਫ਼ਸੋਸ ਦੀ ਗੱਲ ਹੈ ਕਿ ਸੀਨੀਅਰ ਤੇ ਸੁਲਝੇ ਹੋਏ ਨੇਤਾ ਵੀ ਜਾਣ-ਬੁੱਝ ਕੇ ਉਨ੍ਹਾਂ ਦੇ ਬਿਆਨ ਨੂੰ ਸਿਆਸੀ ਰੰਗਤ ਦੇਣ ਦੀ ਕੋਸ਼ਿਸ਼ ਕਰ ਰਹੇ ਹਨ।

## ਸਰਬਜੀਤ ਸਿੰਘ ਝਿੰਜਰ ਯੂਥ ਅਕਾਲੀ ਦਲ ਦੇ ਪ੍ਰਧਾਨ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਫਤਹਿਗੜ੍ਹ ਸਾਹਿਬ ਦੇ ਨੌਜਵਾਨ ਆਗੂ ਸਰਬਜੀਤ ਸਿੰਘ ਝਿੰਜਰ ਨੂੰ ਯੂਥ ਅਕਾਲੀ ਦਲ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਨਿਯੁਕਤੀ ਦਾ ਐਲਾਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਸਰਬਜੀਤ ਝਿੰਜਰ ਅਕਾਲੀ ਦਲ ਦੇ ਅਮੀਰ ਵਿਰਸੇ ਤੇ ਸਭਿਆਚਾਰ ਨੂੰ ਅੱਗੇ ਲੈ ਕੇ ਜਾਣਗੇ ਅਤੇ ਪੰਥ ਤੇ ਪੰਜਾਬ ਦੀ ਬਿਹਤਰੀ ਵਾਸਤੇ ਪੂਰੀ ਮਿਹਨਤ ਕਰਨਗੇ। ਸ੍ਰੀ ਬਾਦਲ ਨੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਇੱਛਾਵਾਂ ਭੇਟ ਕੀਤੀਆਂ। ਝਿੰਜਰ ਇਸ ਤੋਂ ਪਹਿਲਾਂ ਸਟੂਡੈਂਟਸ ਆਰਗੇਨਾਈਜੇਸ਼ਨ ਆਫ ਇੰਡੀਆ (ਐਸ.ਓ.ਆਈ.) ਦੇ ਜ਼ੋਨਲ ਪ੍ਰਧਾਨ ਅਤੇ ਫਤਹਿਗੜ੍ਹ ਸਾਹਿਬ ਦੇ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰਹਿ ਚੁੱਕੇ ਹਨ ਅਤੇ ਪੰਜਾਬ ਰਾਜ ਯੂਥ ਵਿਕਾਸ ਬੋਰਡ ਦੇ ਮੈਂਬਰ ਵੀ ਰਹੇ ਹਨ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਟਾਰੂਚੱਕ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਉਣ ਵਾਲੇ ਨੇ ਯੂ-ਟਰਨ ਲਿਆ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਲਾਉਣ ਵਾਲੇ ਕੇਸ਼ਵ ਕੁਮਾਰ ਨੇ ਹੁਣ ਯੂ-ਟਰਨ ਲੈ ਲਿਆ ਹੈ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਕੋਲ ਕੇਸ਼ਵ ਕੁਮਾਰ ਨੇ ਆਪਣੀ ਪਹਿਲੀ ਸ਼ਿਕਾਇਤ ਤੋਂ ਮੋੜਾ ਕੱਟਦਿਆਂ ਕੈਬਨਿਟ ਮੰਤਰੀ ਕਟਾਰੂਚੱਕ ਖ਼ਿਲਾਫ਼ ਕੋਈ ਕਾਰਵਾਈ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਵਿਰੋਧੀ ਧਿਰਾਂ ਨੇ ਇਹ ਗੱਲ ਉਭਾਰੀ ਸੀ ਕਿ ਕੈਬਨਿਟ ਮੰਤਰੀ ਕਟਾਰੂਚੱਕ ਨੇ ਉਸ ਵੇਲੇ ਪੀੜਤ ਦਾ ਜਿਨਸੀ ਸ਼ੋਸ਼ਣ ਕੀਤਾ ਜਦੋਂ ਉਹ 2013 ਵਿਚ ਨਾਬਾਲਗ ਸੀ।



ਸੂਤਰਾਂ ਅਨੁਸਾਰ ਪਠਾਨਕੋਟ ਜ਼ਿਲ੍ਹੇ ਦੇ ਐਸ.ਐਫ.ਐਲ.ਜੇ.ਐਲ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਨੇ 11 ਮਈ 2023 ਨੂੰ ਪਠਾਨਕੋਟ ਪੁਲਿਸ ਨੂੰ ਪੱਤਰ ਭੇਜ ਕੇ ਦੱਸਿਆ ਹੈ ਕਿ ਕੇਸ਼ਵ ਕੁਮਾਰ 2007-08 ਵਿਚ ਇਸ ਸਕੂਲ ਦਾ ਵਿਦਿਆਰਥੀ ਸੀ ਅਤੇ ਉਸ ਦੀ ਜਨਮ ਮਿਤੀ 3 ਮਈ 1993 ਵੀ ਦੱਸੀ ਗਈ। ਵਿਸ਼ੇਸ਼ ਜਾਂਚ ਟੀਮ ਨੇ ਪਾਇਆ ਕਿ ਘਟਨਾ ਵਾਲੇ 2013 ਦੇ ਵਰ੍ਹੇ ਵਿਚ ਵੀ ਪੀੜਤ ਨਾਬਾਲਗ ਨਹੀਂ ਸੀ। ਪੀੜਤ ਸਕੂਲ ਵਿਚੋਂ ਨੌਵੀਂ ਕਲਾਸ ਦਾ ਡਰਾਪ ਆਊਟ ਹੈ।

ਸੂਤਰਾਂ ਅਨੁਸਾਰ ਪੀੜਤ ਨੇ 5 ਜੂਨ ਨੂੰ ਵਿਸ਼ੇਸ਼ ਜਾਂਚ ਟੀਮ ਨੂੰ ਆਪਣਾ ਬਿਆਨ ਭੇਜ ਕੇ ਅਪੀਲ ਕੀਤੀ ਸੀ ਕਿ ਉਹ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕਰਾਉਣਾ ਚਾਹੁੰਦਾ ਹੈ ਅਤੇ ਪੀੜਤ ਨੇ ਬਿਆਨ ਲਿਖਦੇ ਹੋਏ ਦੀ ਇਕ ਵੀਡੀਓ ਵੀ ਬਣਾਈ ਹੋਈ ਸੀ। ਵਿਸ਼ੇਸ਼ ਜਾਂਚ ਟੀਮ ਨੇ ਉਸ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਤਾਂ ਪੀੜਤ ਨੇ 10 ਜੂਨ ਨੂੰ ਪੇਸ਼ ਹੋਣ ਦੀ ਗੱਲ ਆਖੀ। ਸੂਤਰਾਂ ਅਨੁਸਾਰ ਪੀੜਤ ਨੇ 8 ਜੂਨ ਨੂੰ ਹੀ ਵਿਸ਼ੇਸ਼ ਜਾਂਚ ਟੀਮ ਨਾਲ ਸੰਪਰਕ ਕੀਤਾ ਅਤੇ 9 ਜੂਨ ਨੂੰ ਪੀੜਤ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੋਇਆ। ਤਿੰਨ ਮੈਂਬਰੀ ਟੀਮ ਨੇ ਪੀੜਤ ਦੇ ਪੇਸ਼ ਹੋਣ ਮੌਕੇ ਦੀ ਵੀਡੀਓਗਰਾਫੀ ਵੀ ਕਰਾਈ ਅਤੇ ਪੀੜਤ ਨੇ ਹਿੰਦੀ ਭਾਸ਼ਾ ਵਿਚ ਲਿਖ ਕੇ ਇਸ ਮਾਮਲੇ ਵਿਚ ਕੋਈ ਕਾਰਵਾਈ ਨਾ ਕਰਾਉਣ ਦੀ ਗੱਲ ਆਖੀ।

## ਕੇਂਦਰ ਸਰਕਾਰ ਨੇ ਕਣਕ ਭੰਡਾਰਨ 'ਤੇ ਪਾਬੰਦੀ ਲਗਾਈ

**ਨਵੀਂ ਦਿੱਲੀ:** ਸਰਕਾਰ ਨੇ ਤੁਰਤ ਪ੍ਰਭਾਵ ਨਾਲ ਕਣਕ ਭੰਡਾਰ ਕਰਨ ਦੀ ਸੀਮਾ ਤੈਅ ਕਰ ਦਿੱਤੀ ਹੈ ਜੋ ਕਿ ਮਾਰਚ 2024 ਤੱਕ ਲਾਗੂ ਰਹੇਗੀ। ਪਿਛਲੇ 15 ਸਾਲਾਂ ਵਿਚ ਅਜਿਹਾ ਪਹਿਲੀ ਵਾਰ ਕੀਤਾ ਗਿਆ ਹੈ। ਇਸ ਦਾ ਕਾਰਨ ਕੀਮਤਾਂ ਨੂੰ ਵਧਣ ਤੋਂ ਰੋਕਣਾ ਦੱਸਿਆ ਗਿਆ ਹੈ। ਸਰਕਾਰ ਨੇ 'ਓਪਨ ਮਾਰਕੀਟ ਸੇਲ ਸਕੀਮ' (ਓ.ਐਮ.ਐਸ.ਐਸ.) ਤਹਿਤ ਵੱਡੇ ਖਪਤਕਾਰਾਂ ਤੇ ਵਪਾਰੀਆਂ ਨੂੰ ਜਾਰੀ ਕੀਤਾ 15 ਲੱਖ ਟਨ ਦਾ ਸਟਾਕ ਵੀ ਰੋਕਣ ਦਾ ਫੈਸਲਾ ਕੀਤਾ ਹੈ।

ਸਕੀਮ ਤਹਿਤ ਪਹਿਲੇ ਗੇੜ ਵਿਚ ਇਹ ਕਣਕ ਕੇਂਦਰੀ ਪੂਲ ਵਿਚੋਂ ਦਿੱਤੀ ਜਾਣੀ ਸੀ। ਅਨਾਜ ਸਕੱਤਰ ਸੰਜੀਵ ਚੋਪੜਾ ਨੇ ਮੀਡੀਆ ਨੂੰ ਦੱਸਿਆ ਕਿ ਪਿਛਲੇ ਮਹੀਨੇ ਤੋਂ ਕਣਕ ਦੀਆਂ ਕੀਮਤਾਂ ਵਿਚ ਉਛਾਲ ਆਇਆ ਹੈ। ਮੰਡੀ ਪੱਧਰ ਉਤੇ ਇਹ ਵਾਧਾ ਕਰੀਬ 8 ਪ੍ਰਤੀਸ਼ਤ ਹੈ। ਹਾਲਾਂਕਿ ਕਣਕ ਦੀਆਂ ਥੋਕ ਤੇ ਪ੍ਰਚੂਨ ਕੀਮਤਾਂ ਐਨੀਆਂ ਨਹੀਂ ਵਧੀਆਂ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਕਣਕ ਦੀ ਬਰਾਮਦ ਉਤੇ ਪਾਬੰਦੀ ਲਾਗੂ ਰਹੇਗੀ। ਸਕੱਤਰ ਨੇ ਕਿਹਾ ਕਿ ਦੇਸ਼ ਕੋਲ ਕਣਕ ਦਾ ਲੋੜੀਂਦਾ ਭੰਡਾਰ ਹੈ।

## ਕਿਸਾਨ ਅੰਦੋਲਨ ਵੇਲੇ ਮੋਦੀ ਸਰਕਾਰ ਨੇ ਟਵਿੱਟਰ ਨੂੰ ਦਿੱਤੀਆਂ ਸਨ ਧਮਕੀਆਂ: ਜੈਕ ਡੋਰਸੀ

**ਨਵੀਂ ਦਿੱਲੀ:** ਟਵਿੱਟਰ ਦੇ ਸਾਬਕਾ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਜੈਕ ਡੋਰਸੀ ਨੇ ਦਾਅਵਾ ਕੀਤਾ ਹੈ ਕਿ ਇਸ ਸੋਸ਼ਲ ਮੀਡੀਆ ਪਲੇਟਫਾਰਮ ਨੂੰ ਦੇਸ ਵਿਚ ਕਿਸਾਨ ਅੰਦੋਲਨ ਦੌਰਾਨ ਸਰਕਾਰੀ ਦਬਾਅ ਅਤੇ ਬੰਦ ਹੋਣ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ।

ਕੇਂਦਰੀ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਉਨ੍ਹਾਂ ਦੇ ਬਿਆਨ ਨੂੰ ਝੂਠਾ ਕਰਾਰ ਦਿੱਤਾ ਹੈ। ਡੋਰਸੀ ਦੇ ਦਾਅਵਿਆਂ ਨੂੰ ਖਾਰਜ ਕਰਦੇ ਹੋਏ ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਰਾਜ ਮੰਤਰੀ ਚੰਦਰਸ਼ੇਖਰ ਨੇ ਟਵੀਟ ਕੀਤਾ ਕਿ ਡੋਰਸੀ ਦੇ ਸਮੇਂ ਦੌਰਾਨ ਟਵਿੱਟਰ ਪ੍ਰਸ਼ਾਸਨ ਨੂੰ ਭਾਰਤੀ ਕਾਨੂੰਨ ਦੀ ਪ੍ਰਭੁਸੱਤਾ ਨੂੰ ਸਵੀਕਾਰ ਕਰਨ ਵਿਚ ਮੁਸ਼ਕਲ ਆਈ ਸੀ। ਕੋਈ ਵੀ ਜੇਲ੍ਹ ਨਹੀਂ ਗਿਆ ਅਤੇ ਟਵਿੱਟਰ ਨੂੰ ਬੰਦ ਕਰ ਦਿੱਤਾ ਗਿਆ। ਟਵਿੱਟਰ ਦੇ ਸਹਿ-ਸੰਸਥਾਪਕ ਅਤੇ ਸਾਬਕਾ ਸੀ.ਈ.ਓ. ਡੋਰਸੀ ਨੇ ਦੋਸ਼ ਲਾਇਆ ਕਿ ਭਾਰਤ ਸਰਕਾਰ ਨੇ ਦੇਸ 'ਚ ਕਿਸਾਨਾਂ ਦੇ ਪ੍ਰਦਰਸ਼ਨਾਂ ਦੌਰਾਨ ਟਵਿੱਟਰ ਉਤੇ ਦਬਾਅ ਪਾਇਆ ਗਿਆ ਅਤੇ ਸਰਕਾਰ ਦਾ ਕਿਹਾ ਨਾ ਮੰਨਣ 'ਤੇ ਭਾਰਤ 'ਚ ਟਵਿਟਰ ਬੰਦ ਕਰਨ, ਕਰਮਚਾਰੀਆਂ ਦੇ ਘਰਾਂ ਉਤੇ ਛਾਪੇ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ।

ਕਾਂਗਰਸ ਨੇ ਜੈਕ ਡੋਰਸੀ ਦੇ ਦਾਅਵੇ ਬਾਰੇ ਸਰਕਾਰ 'ਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਡੋਰਸੀ ਦੇ ਦਾਅਵੇ ਨੇ ਮੁੜ ਸਾਬਤ ਕਰ ਦਿੱਤਾ ਹੈ ਕਿ ਮੌਜੂਦਾ ਸਰਕਾਰ ਦੇਸ ਦੇ ਲੋਕਤੰਤਰ ਨੂੰ ਕਮਜ਼ੋਰ ਕਰ ਰਹੀ ਹੈ। ਪਾਰਟੀ ਦੀ ਤਰਜਮਾਨ ਸੁਪ੍ਰਿਆ ਸ੍ਰੀਨਾਤੇ ਨੇ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੇ ਟਵਿੱਟਰ ਅਕਾਊਂਟ ਨੂੰ ਸਰਕਾਰ ਦੇ ਨਿਰਦੇਸ਼ਾਂ 'ਤੇ ਛੇ ਮਹੀਨਿਆਂ ਲਈ ਬੈਨ ਕਰ ਦਿੱਤਾ ਗਿਆ ਸੀ।

## ਰਾਜਪਾਲ ਤੇ ਭਗਵੰਤ ਮਾਨ ਮੁੜ ਆਹਮੋ-ਸਾਹਮਣੇ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਕਾਰ ਤਕਰਾਰ ਵਧਦਾ ਜਾ ਰਿਹਾ ਹੈ। ਰਾਜਪਾਲ ਪੁਰੋਹਿਤ ਨੇ ਹੁਣ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਨੂੰ 10 ਚਿੱਠੀਆਂ ਲਿਖੀਆਂ ਹਨ, ਜਿਸ ਵਿਚੋਂ ਮੁੱਖ ਮੰਤਰੀ ਨੇ ਇਕ ਚਿੱਠੀ ਦਾ ਵੀ ਜਵਾਬ ਨਹੀਂ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਰਾਜਪਾਲ ਦੀਆਂ ਚਿੱਠੀਆਂ ਦਾ ਜਵਾਬ ਨਾ ਦੇ ਕੇ ਸੰਵਿਧਾਨ ਵਿਰੁੱਧ ਕੰਮ ਕੀਤਾ ਹੈ। ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਰਾਜਪਾਲ 'ਤੇ ਨਿਸ਼ਾਨਾ ਸੇਧਿਆ ਹੈ। ਰਾਜਪਾਲ ਪੁਰੋਹਿਤ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਕੁਝ ਮੁੱਦਿਆਂ 'ਤੇ ਜਾਣਕਾਰੀ ਮੰਗੀ ਸੀ ਤਾਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਸਿਰਫ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਜਵਾਬਦੇਹ ਹਨ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਆਦੇਸ਼ਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਰਾਜਪਾਲ ਨੂੰ ਜਵਾਬਦੇਹ ਹੈ। ਰਾਜਪਾਲ ਨੇ ਕੈਬਨਿਟ ਮੰਤਰੀ ਕਟਾਰੂਚੱਕ ਵਿਰੁੱਧ ਕਾਰਵਾਈ ਕੀਤੇ ਜਾਣ ਸਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਇਕੱਠਾ ਕਰ ਰਹੇ ਹਨ, ਜਿਸ ਦਾ ਸਮਾਂ ਆਉਣ 'ਤੇ ਜਵਾਬ ਦੇਣਗੇ। ਉਧਰ, ਭਗਵੰਤ ਮਾਨ ਨੇ ਕਿਹਾ ਕਿ ਹਾਲਾਂਕਿ ਜਦੋਂ ਉਨ੍ਹਾਂ ਨੇ ਰਾਜਪਾਲ ਨੂੰ ਸੁਪਰੀਮ ਕੋਰਟ ਦੇ ਫੈਸਲੇ ਬਾਰੇ ਯਾਦ ਕਰਵਾਇਆ ਤਾਂ ਉਨ੍ਹਾਂ ਆਪਣਾ ਰੁਖ਼ ਬਦਲ ਲਿਆ ਅਤੇ 'ਮੇਰੀ ਸਰਕਾਰ' ਸ਼ਬਦ ਦੀ ਵਰਤੋਂ ਕੀਤੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦੇ ਰਿਕਾਰਡ ਤੋਂ ਮਿਲੀ ਵੀਡੀਓ ਰਿਕਾਰਡਿੰਗ ਇਸ ਗੱਲ ਦਾ ਸਬੂਤ ਹੈ ਕਿ ਰਾਜਪਾਲ ਚੁਣੀ ਹੋਈ ਸੂਬਾ ਸਰਕਾਰ ਪ੍ਰਤੀ ਵਿਰੋਧੀ ਰਵੱਈਆ ਅਪਣਾ ਰਹੇ ਹਨ।

## ਕਾਂਗੜ ਨੂੰ ਹਵਾਈ ਅੱਡੇ ਤੋਂ ਮੋੜਿਆ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਨੇ ਮੁਸਤੈਦੀ ਵਰਤਦਿਆਂ ਸਾਬਕਾ ਮਾਲ ਮੰਤਰੀ ਅਤੇ ਭਾਜਪਾ ਨੇਤਾ ਗੁਰਪ੍ਰੀਤ ਸਿੰਘ ਕਾਂਗੜ ਨੂੰ ਵਿਦੇਸ਼ ਫਰਾਰ ਹੋਣ ਤੋਂ ਰੋਕ ਲਿਆ ਹੈ। ਸਾਬਕਾ ਮੰਤਰੀ ਵਿਜੀਲੈਂਸ ਰੇਂਜ ਬਠਿੰਡਾ ਕੋਲ ਪੇਸ਼ ਹੋਣ ਦੀ ਬਜਾਏ ਵਿਦੇਸ਼ ਫਰਾਰ ਹੋਣ ਦੀ ਤਾਕ ਵਿਚ ਸੀ। ਜਦੋਂ ਸਾਬਕਾ ਮੰਤਰੀ ਕਾਂਗੜ ਉਡਾਣ ਫੜਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਮੌਕੇ 'ਤੇ ਰੋਕ ਲਿਆ ਗਿਆ। ਚੇਤੇ ਰਹੇ ਕਿ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਕਾਂਗੜ ਖ਼ਿਲਾਫ਼ ਵਿਜੀਲੈਂਸ ਜਾਂਚ ਨੰਬਰ ਤਿੰਨ/2023 ਚੱਲ ਰਹੀ ਹੈ। ਵਿਜੀਲੈਂਸ ਬਿਊਰੋ ਵੱਲੋਂ ਸਾਬਕਾ ਮੰਤਰੀ ਕਾਂਗੜ ਖ਼ਿਲਾਫ਼ ਲੁੱਕਆਊਟ ਨੋਟਿਸ ਜਾਰੀ ਕੀਤਾ ਗਿਆ ਸੀ। ਸੂਤਰਾਂ ਅਨੁਸਾਰ ਵਿਜੀਲੈਂਸ ਨੂੰ ਭਿਣਕ ਪੈ ਗਈ ਸੀ ਕਿ ਸਾਬਕਾ ਮੰਤਰੀ ਕਾਂਗੜ ਜਾਂਚ ਦੌਰਾਨ ਹੀ ਵਿਦੇਸ਼ ਭੱਜਣ ਦੀ ਤਾਕ ਵਿਚ ਹੈ। ਕਾਂਗੜ ਨੂੰ 11 ਜੂਨ ਦੀ ਰਾਤ ਕਰੀਬ 9 ਵਜੇ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਦਿੱਲੀ ਤੋਂ ਮੌਂਟਰੀਅਲ (ਕੈਨੇਡਾ) ਲਈ ਫਲਾਈਟ ਚੜ੍ਹਨ ਤੋਂ ਪਹਿਲਾਂ ਹੀ ਰੋਕ ਲਿਆ ਗਿਆ ਕਿਉਂਕਿ ਲੁੱਕਆਊਟ ਨੋਟਿਸ ਜਾਰੀ ਹੋਣ ਕਰ ਕੇ ਕਾਂਗੜ ਨੂੰ ਵਿਦੇਸ਼ ਜਾਣ ਦੀ ਆਗਿਆ ਨਹੀਂ ਸੀ। ਸੂਤਰਾਂ ਅਨੁਸਾਰ ਕਾਂਗੜ ਨੇ ਐਡਮਿੰਟਨ ਜਾਣਾ ਸੀ।

## ਟਰੈਵਲ ਏਜੰਟਾਂ ਦੇ ਮੱਕੜਜਾਲ ਵਿਚ ਫਸ ਰਹੇ ਨੌਜਵਾਨ

*(ਪਹਿਲੇ ਸਫੇ ਦੀ ਬਾਕੀ)*

ਬਣਾਏ ਹਨ ਪਰ ਕਈ ਏਜੰਟ ਤੇ ਸਿੱਖਿਆ ਸਲਾਹਕਾਰ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨਾਲ ਧੋਖਾ ਕਰਦੇ ਆਏ ਹਨ। ਨੌਜਵਾਨਾਂ ਦਾ ਦੁਖਾਂਤ ਕਈ ਦਹਾਕਿਆਂ ਤੋਂ ਬੇਰੁਜ਼ਗਾਰੀ ਤੇ ਨਸ਼ਿਆਂ ਦੀ ਚੱਕੀ ਵਿਚ ਪਿਸਦੇ ਪੰਜਾਬ ਦਾ ਦੁਖਾਂਤ ਹੈ। ਇਨ੍ਹਾਂ ਸਮੱਸਿਆਵਾਂ ਤੋਂ ਪਿੱਛਾ ਛੁਡਾਉਣ ਅਤੇ ਚੰਗੇ ਭਵਿੱਖ ਦੀ ਆਸ ਵਿਚ ਉਹ ਆਪਣੀ ਜਨਮ ਭੋਇੰ ਨੂੰ ਅਲਵਿਦਾ ਕਹਿ ਕੇ ਵਿਦੇਸ਼ਾਂ ਵਿਚ ਪੜ੍ਹਦੇ ਤੇ ਮਿਹਨਤ ਮਜ਼ਦੂਰੀ ਕਰਦੇ ਹਨ ਪਰ ਕਈ ਵਾਰ ਉਨ੍ਹਾਂ ਨੂੰ ਉਹ ਨਹੀਂ ਮਿਲਦਾ ਜਿਸ ਦੇ ਉਨ੍ਹਾਂ ਦੇ ਸੁਪਨੇ ਲਏ ਹੁੰਦੇ ਹਨ। ਇਨ੍ਹਾਂ ਵਿਚੋਂ ਕਈਆਂ ਨੂੰ ਆਪਣੀ ਜ਼ਮੀਨ ਜਾਇਦਾਦ ਗਹਿਣੇ ਰੱਖਣੀ ਪੈਂਦੀ ਹੈ ਅਤੇ ਕਈ ਆਪਣੇ ਜੀਵਨ ਦੀ ਕੁਲ ਜਮ੍ਹਾਂ ਪੂੰਜੀ ਇਸ ਲੇਖੇ ਲਗਾ ਦਿੰਦੇ ਹਨ। ਕੈਨੇਡਾ 'ਚ ਔਸਤਨ ਇਕ ਸਾਲ ਦੇ ਕੋਰਸ ਦਾ ਖਰਚ ਘੱਟੋ-ਘੱਟ 15 ਲੱਖ ਰੁਪਏ ਹੈ। ਵਿਦਿਆਰਥੀਆਂ ਨੂੰ ਇਸ ਪੈਸੇ ਦੀ ਪੂਰਤੀ ਵਾਸਤੇ ਅਕਸਰ ਕਾਫੀ ਸੰਘਰਸ਼ ਕਰਨਾ ਪੈਂਦਾ ਹੈ। ਭਾਵੇਂ ਕੈਨੇਡਾ ਵਿਚੋਂ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੂੰ ਆਰਜ਼ੀ ਰਾਹਤ ਮਿਲ ਗਈ ਹੈ ਪਰ ਮਾਪਿਆਂ ਦੀ ਫਿਕਰਮੰਦੀ ਅਜੇ ਮੁੱਕੀ ਨਹੀਂ।

ਉਧਰ, ਭਾਰਤ ਵੱਲੋਂ ਕੈਨੇਡੀਅਨ ਅਧਿਕਾਰੀਆਂ ਨੂੰ ਨਿਰਪੱਖ ਅਤੇ ਮਾਨਵਤਾਵਾਦੀ ਪਹੁੰਚ ਅਪਣਾਉਣ ਦੀ ਲਗਾਤਾਰ ਅਪੀਲ ਕੀਤੀ ਜਾ ਰਹੀ ਹੈ ਕਿਉਂਕਿ ਵਿਦਿਆਰਥੀ ਕੁਝ ਏਜੰਟਾਂ ਵੱਲੋਂ ਕੀਤੀ ਗਈ ਧੋਖਾਧੜੀ ਦਾ ਸ਼ਿਕਾਰ ਬਣੇ ਹਨ। ਭਾਰਤ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੇ ਹੱਕ 'ਚ ਕੈਨੇਡਾ ਅਤੇ ਨਵੀਂ ਦਿੱਲੀ ਸਥਿਤ ਕੈਨੇਡੀਅਨ ਅਧਿਕਾਰੀਆਂ ਕੋਲ ਇਹ ਮਾਮਲਾ ਉਠਾਇਆ ਜਾ ਰਿਹਾ ਹੈ। ਕੈਨੇਡੀਅਨ ਅਧਿਕਾਰੀਆਂ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਕਿ ਜਿਨ੍ਹਾਂ ਵਿਦਿਆਰਥੀਆਂ 'ਤੇ ਵਤਨ ਵਾਪਸੀ ਦੀ ਤਲਵਾਰ ਲਟਕ ਰਹੀ ਹੈ, ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਕੈਨੇਡੀਅਨ ਪ੍ਰਣਾਲੀ 'ਚ ਕਈ ਖਾਮੀਆਂ ਹੋਣ ਕਾਰਨ ਵਿਦਿਆਰਥੀਆਂ ਨੂੰ ਵੀਜ਼ੇ ਮਨਜ਼ੂਰ ਕੀਤੇ ਗਏ ਅਤੇ ਉਨ੍ਹਾਂ ਨੂੰ ਮੁਲਕ 'ਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ। ਪਿਛਲੇ ਕੁਝ ਦਿਨਾਂ ਤੋਂ ਕੈਨੇਡਾ ਦੇ ਸੰਸਦ ਮੈਂਬਰਾਂ ਵੱਲੋਂ ਵੀ ਵਿਦਿਆਰਥੀਆਂ ਦੇ ਪੱਖ 'ਚ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਵਿਦਿਆਰਥੀਆਂ ਨਾਲ ਵਧੀਆ ਵਤੀਰਾ ਅਪਣਾਉਣ ਦੀ ਵਕਾਲਤ ਕੀਤੀ ਹੈ।

## ਸੁਖਬੀਰ ਤੇ ਮਜੀਠੀਆ ਨੇ ਪੇਸ਼ੀ ਭੁਗਤੀ

**ਜ਼ੀਰਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਪੇਸ਼ੀ ਭੁਗਤਣ ਲਈ ਇੱਥੇ ਸਿਵਲ ਕੋਰਟ ਪਹੁੰਚੇ। ਜ਼ਿਕਰਯੋਗ ਹੈ ਕਿ 2017 ਵਿਚ ਨੈਸ਼ਨਲ ਹਾਈਵੇਅ ਨੰਬਰ-54 ਜਾਮ ਕਰਨ ਦੇ ਦੋਸ਼ ਹੇਠ ਥਾਣਾ ਮਖੂ ਵਿਚ ਸੁਖਬੀਰ ਬਾਦਲ ਸਮੇਤ ਕਈ ਹੋਰ ਆਗੂਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਮੀਡੀਆ ਨਾਲ ਗੱਲਬਾਤ ਦੌਰਾਨ ਸੁਖਬੀਰ ਨੇ ਕਿਹਾ ਕਿ ਹਰ ਰੋਜ਼ ਅਖਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਲਗਵਾ ਕੇ 'ਆਪ' ਸਰਕਾਰ ਦਾਅਵਾ ਕਰ ਰਹੀ ਹੈ ਕਿ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਖਤਮ ਹੋ ਗਿਆ ਹੈ, ਜਦਕਿ ਸੂਬੇ ਵਿਚ ਗੈਂਗਸਟਰਵਾਦ ਨੇ ਲੋਕਾਂ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ ਅਤੇ 'ਆਪ' ਘੂਕ ਨੀਂਦੇ ਸੁੱਤੀ ਹੋਈ ਹੈ। ਉਨ੍ਹਾਂ ਕਿਹਾ ਕਿ ਦਿਨੋ-ਦਿਨ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਵਧ ਰਹੀਆਂ ਹਨ ਅਤੇ ਦਿਨ-ਦਿਹਾੜੇ ਕਤਲ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ।

## ਹਿੰਸਾ ਕਰਨ ਵਾਲਿਆਂ ਦੀ ਪਛਾਣ ਲਈ ਮਦਦ ਮੰਗੀ

**ਨਵੀਂ ਦਿੱਲੀ:** ਕੌਮੀ ਜਾਂਚ ਏਜੰਸੀ ਨੇ ਇਸ ਸਾਲ ਮਾਰਚ ਵਿਚ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ 'ਚ ਭੰਨਤੋੜ ਦੀ ਕੋਸ਼ਿਸ਼ ਕਰਨ ਅਤੇ ਕਮਿਸ਼ਨ ਦੇ ਬਾਹਰ ਰੋਸ ਪ੍ਰਦਰਸ਼ਨ ਕਰਨ ਵਾਲਿਆਂ ਦੀ ਪਛਾਣ ਲਈ ਆਮ ਲੋਕਾਂ ਤੋਂ ਮਦਦ ਮੰਗੀ ਹੈ। ਏਜੰਸੀ ਦੇ ਅਧਿਕਾਰਤ ਬੁਲਾਰੇ ਨੇ 19 ਮਾਰਚ ਦੀ ਘਟਨਾ ਦੀਆਂ ਪੰਜ ਵੀਡੀਓਜ਼ ਆਪਣੇ ਟਵਿੱਟਰ 'ਤੇ ਸਾਂਝੀਆਂ ਕੀਤੀਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ

# ਪੰਜਾਬ 'ਚ ਨਹਿਰੀ ਪਾਣੀ ਦੀ ਵਰਤੋਂ ਬਾਰੇ ਹੈਰਾਨੀ ਭਰੇ ਤੱਥ ਆਏ ਸਾਹਮਣੇ

**ਚੰਡੀਗੜ੍ਹ:** ਮੁਫਤ ਬਿਜਲੀ ਦੀ ਸਹੂਲਤ ਨੇ ਕਿਸਾਨਾਂ ਨੂੰ ਨਹਿਰੀ ਪਾਣੀ ਤੋਂ ਦੂਰ ਕਰ ਦਿੱਤਾ ਹੈ। ਇਕ ਪਾਸੇ ਕਿਸਾਨਾਂ ਨੇ ਨਹਿਰੀ ਪਾਣੀ ਨੂੰ ਨੱਕਾ ਮਾਰ ਦਿੱਤਾ, ਦੂਜੇ ਪਾਸੇ ਜ਼ਮੀਨ ਹੇਠੋਂ ਅੰਨ੍ਹੇਵਾਹ ਪਾਣੀ ਦੀ ਨਿਕਾਸੀ ਕੀਤੀ ਜਾ ਰਹੀ ਹੈ। ਸਰਕਾਰਾਂ ਨੇ ਕਦੇ ਇਸ ਪਾਸੇ ਧਿਆਨ ਨਹੀਂ ਦਿੱਤਾ ਕਿ ਨਹਿਰੀ ਪਾਣੀ ਦੀ ਢੁਕਵੀਂ ਵਰਤੋਂ ਨਹੀਂ ਹੋ ਰਹੀ ਹੈ ਅਤੇ ਕਿਸਾਨ ਜ਼ਮੀਨੀ ਪਾਣੀ ਨੂੰ ਅੰਨ੍ਹੇਵਾਹ ਨਿਕਾਸ ਕਰਨ 'ਤੇ ਲੱਗੇ ਹੋਏ ਹਨ। ਅੱਜ ਪੰਜਾਬ ਦੇ 117 ਬਲਾਕ ਡਾਰਕ ਜ਼ੋਨ ਵਿਚ ਚਲੇ ਗਏ ਹਨ। ਪੰਜਾਬ 'ਚ ਹਰ ਵਰ੍ਹੇ 17.07 ਬਿਲੀਅਨ ਕਿਊਬਿਕ ਮੀਟਰ ਦੀ ਬਜਾਏ ਸਾਲਾਨਾ 28.02 ਬਿਲੀਅਨ ਕਿਊਬਿਕ ਮੀਟਰ ਪਾਣੀ ਧਰਤੀ 'ਚੋਂ ਕੱਢਿਆ ਜਾ ਰਿਹਾ ਹੈ। ਸਾਲਾਨਾ 10.95 ਬਿਲੀਅਨ ਕਿਊਬਿਕ ਮੀਟਰ ਪਾਣੀ ਵੱਧ ਕੱਢਿਆ ਜਾ ਰਿਹਾ ਹੈ ਜੋ ਪੰਜਾਬ ਨੂੰ ਰੇਗਿਸਤਾਨ ਬਣਾਉਣ ਵੱਲ ਧੱਕੇਗਾ।

ਸਿੰਜਾਈ ਮਹਿਕਮੇ ਨੇ ਹੁਣ ਜਦੋਂ ਨਹਿਰੀ ਖਾਲਿਆਂ ਦੀ ਬਹਾਲੀ ਦੀ ਕਾਰਵਾਈ ਸ਼ੁਰੂ ਕੀਤੀ ਹੈ ਤਾਂ ਹੈਰਾਨੀ ਭਰੇ ਤੱਥ ਸਾਹਮਣੇ ਆਏ ਹਨ। ਪੰਜਾਬ ਵਿਚ ਕੁੱਲ 47,025 ਨਹਿਰੀ ਖਾਲੇ



ਸ਼ਨਾਖਤ ਕੀਤੇ ਗਏ ਹਨ ਜਿਨ੍ਹਾਂ 'ਚੋਂ 16,892 ਨਹਿਰੀ ਖਾਲੇ 'ਗਾਇਬ' ਪਾਏ ਗਏ ਹਨ। ਇਨ੍ਹਾਂ 'ਗਾਇਬ' ਖਾਲਿਆਂ ਨੂੰ ਹੁਣ ਲੱਭਿਆ ਜਾ ਰਿਹਾ ਹੈ। ਜਦੋਂ ਇਹ ਅਧਿਐਨ ਹੋਇਆ ਤਾਂ ਪਤਾ ਲੱਗਾ ਕਿ ਜਿੱਥੇ ਨਹਿਰੀ ਪਾਣੀ ਦੀ ਵਰਤੋਂ ਸਭ ਤੋਂ ਘੱਟ ਹੈ, ਉੱਥੇ ਜ਼ਮੀਨੀ ਪਾਣੀ ਸਭ ਤੋਂ ਵੱਧ ਡੂੰਘਾ ਹੈ।

ਪੰਜਾਬ ਵਿਚ ਇਸ ਵੇਲੇ ਕਰੀਬ 100 ਲੱਖ ਏਕੜ ਰਕਬਾ ਖੇਤੀ ਹੇਠ ਹੈ, ਜਿਸ 'ਚੋਂ 78.76 ਲੱਖ ਏਕੜ ਨੂੰ ਪਾਲਣ ਲਈ ਨਹਿਰੀ ਢਾਂਚਾ ਮੌਜੂਦ ਹੈ ਪਰ ਇਸ 'ਚੋਂ ਸਿਰਫ 38.78 ਲੱਖ ਏਕੜ ਰਕਬੇ ਨੂੰ ਹੀ ਨਹਿਰੀ ਪਾਣੀ ਲੱਗ ਰਿਹਾ ਹੈ। ਮਤਲਬ ਕਿ ਖੇਤੀ ਸੈਕਟਰ 'ਚ ਸਿਰਫ 38.78 ਫ਼ੀਸਦੀ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾ ਰਿਹਾ ਹੈ। ਪੰਜਾਬ ਵਿੱਚ ਕਰੀਬ ਸਵਾ ਲੱਖ ਕਿਲੋਮੀਟਰ ਨਹਿਰੀ ਖਾਲੇ ਹਨ, ਜਿਨ੍ਹਾਂ 'ਚੋਂ ਕਰੀਬ 60 ਹਜ਼ਾਰ ਕਿਲੋਮੀਟਰ ਨਹਿਰੀ ਖਾਲੇ ਪੱਕੇ ਹਨ। ਤਾਜ਼ਾ ਵੇਰਵਿਆਂ ਅਨੁਸਾਰ ਮਾਧੋਪੁਰ ਨਹਿਰ ਦੇ ਪਾਣੀ ਦੀ ਮਾਝੇ ਵਿਚ 8.19 ਫ਼ੀਸਦੀ ਅਤੇ ਜੰਡਿਆਲਾ ਕਨਾਲ ਦੇ ਪਾਣੀ ਦੀ 10.72 ਫ਼ੀਸਦੀ ਵਰਤੋਂ ਹੋ ਰਹੀ ਹੈ। ਬਿਸਤ ਦੁਆਬ ਕਨਾਲ ਦਾ ਦੁਆਬੇ ਵਿਚ 9.45 ਫ਼ੀਸਦੀ ਰਕਬੇ ਵਿਚ ਪਾਣੀ ਲੱਗ ਰਿਹਾ ਹੈ। ਮਾਝੇ ਅਤੇ ਦੁਆਬੇ ਤੋਂ ਇਲਾਵਾ ਪਟਿਆਲਾ, ਸੰਗਰੂਰ, ਬਰਨਾਲਾ ਅਤੇ ਫ਼ਤਹਿਗੜ੍ਹ ਸਾਹਿਬ ਵਿਚ ਨਹਿਰੀ ਪਾਣੀ ਦੀ ਵਰਤੋਂ ਬਹੁਤ ਘੱਟ ਹੋ ਰਹੀ ਹੈ। ਦੂਸਰੇ ਪਾਸੇ ਅਬੋਹਰ ਕਨਾਲ ਸੌ ਫ਼ੀਸਦੀ ਰਕਬਾ ਅਤੇ ਮਾਨਸਾ ਨਹਿਰ ਦੇ ਪਾਣੀ ਨਾਲ 98.06 ਫ਼ੀਸਦੀ ਨਹਿਰੀ ਪਾਣੀ ਦੀ ਸਿੰਜਾਈ ਹੋ ਰਹੀ ਹੈ।

ਸੰਗਰੂਰ ਕਨਾਲ ਡਵੀਜ਼ਨ ਵਿਚ 4.03 ਲੱਖ ਨਹਿਰੀ ਪਾਣੀ ਅਧੀਨ ਰਕਬੇ 'ਚੋਂ 2.27 ਲੱਖ ਏਕੜ ਨੂੰ ਨਹਿਰੀ ਪਾਣੀ ਲੱਗਦਾ ਹੈ। ਸਿੰਜਾਈ ਮਹਿਕਮੇ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਢਹਿ ਚੁੱਕੇ ਨਹਿਰੀ ਖਾਲਿਆਂ 'ਚੋਂ 11,574 ਖਾਲਿਆਂ ਨੂੰ ਬਹਾਲ ਕਰ ਦਿੱਤਾ ਹੈ। ਨਹਿਰ ਮਹਿਕਮਾ ਬਹੁਤੇ ਥਾਵਾਂ 'ਤੇ ਕੱਚੇ ਖਾਲੇ ਬਹਾਲ ਕਰ ਰਿਹਾ ਹੈ। ਪਿਛਾਂਹ ਦੇਖੀਏ ਤਾਂ 1970 ਵਿਚ 60 ਫ਼ੀਸਦੀ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਸੀ ਅਤੇ ਖੇਤੀ ਟਿਊਬਵੈੱਲਾਂ ਦੀ ਗਿਣਤੀ 1.92 ਲੱਖ ਸੀ। ਹੁਣ ਸਿਰਫ 38.78 ਫ਼ੀਸਦੀ ਰਕਬਾ ਨਹਿਰੀ ਪਾਣੀ ਹੇਠ ਹੈ। ਇਸ ਮੌਕੇ ਖੇਤੀ ਟਿਊਬਵੈੱਲਾਂ ਦੀ ਗਿਣਤੀ 14.50 ਲੱਖ ਦੇ ਕਰੀਬ ਹੈ।

ਪੰਜਾਬ 'ਚ ਇਸ ਵੇਲੇ ਪੰਜ ਹੈੱਡ ਵਰਕਸ ਹਨ ਅਤੇ 10 ਮੁੱਖ ਨਹਿਰਾਂ ਹਨ ਜਿਨ੍ਹਾਂ ਦੀ ਲੰਬਾਈ 14,500 ਕਿਲੋਮੀਟਰ ਹੈ। ਫ਼ੀਲਡ ਅਧਿਕਾਰੀ ਦੱਸਦੇ ਹਨ ਕਿ ਖੇਤਾਂ ਵਿਚ ਜਿੱਥੇ ਕਿਤੇ ਪੱਕੇ ਖਾਲ ਢਹਿ-ਢੇਰੀ ਹੋ ਗਏ ਹਨ, ਉਨ੍ਹਾਂ ਖਾਲਿਆਂ ਦੇ ਰਕਬੇ ਨੂੰ ਕਿਸਾਨਾਂ ਨੇ ਆਪਣੇ ਖੇਤਾਂ ਵਿਚ ਹੀ ਸ਼ਾਮਲ ਕਰ ਲਿਆ ਹੈ। ਇਹ ਵੀ ਦੱਸਿਆ ਕਿ ਜਦ ਖਾਲਿਆਂ ਵਿਚ ਲੰਮੇ ਸਮੇਂ ਤੋਂ ਨਹਿਰੀ ਪਾਣੀ ਹੀ ਨਾ ਪਹੁੰਚਿਆ ਤਾਂ ਕਿਸਾਨਾਂ ਨੇ ਇਨ੍ਹਾਂ ਖਾਲਿਆਂ ਨੂੰ ਅੜਿੱਕਾ ਸਮਝਿਆ ਅਤੇ ਉਨ੍ਹਾਂ ਦਾ ਵਜੂਦ ਹੀ ਖ਼ਤਮ ਕਰ ਦਿੱਤਾ।

## ਮਾਨ ਵੱਲੋਂ ਹਰ ਖੇਤ ਤੱਕ ਪਾਣੀ ਪੁੱਜਦਾ ਕਰਨ ਦਾ ਵਾਅਦਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਕਿ ਉਹ ਹਰ ਖੇਤ ਤੱਕ ਪਾਣੀ ਪੁੱਜਦਾ ਕਰਨਗੇ। ਉਹ ਆਖ ਚੁੱਕੇ ਕਿ ਅਬੋਹਰ ਫ਼ਾਜ਼ਿਲਕਾ ਦੀਆਂ ਟੇਲਾਂ 'ਤੇ ਪਹਿਲੀ ਵਾਰ ਨਹਿਰੀ ਪਾਣੀ ਪਹੁੰਚਿਆ ਹੈ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਦੇ ਇਕ ਪ੍ਰੋਜੈਕਟ ਦੇ 477 ਕਰੋੜ ਰੁਪਏ ਦੀ ਰਾਸ਼ੀ ਨਾਲ ਨਹਿਰੀ ਖਾਲਿਆਂ ਦਾ ਮੂੰਹ ਮੱਥਾ ਸਵਾਰਿਆ ਜਾਣਾ ਹੈ। ਕਿਸਾਨਾਂ ਵੱਲੋਂ ਪਾਈ ਜਾਣ ਵਾਲੀ 10 ਫ਼ੀਸਦੀ ਹਿੱਸੇਦਾਰੀ ਵੀ ਹੁਣ ਪੰਜਾਬ ਸਰਕਾਰ ਹੀ ਪਾਏਗੀ।

## ਨੂਰਪੁਰ ਬੇਦੀ ਖਿੱਤੇ ਦੇ ਪਿੰਡਾਂ 'ਚ ਸੌ ਤੋਂ ਵੱਧ ਬੋਰ ਹੋਏ ਫੇਲ੍ਹ

**ਨੂਰਪੁਰ ਬੇਦੀ:** ਨਜ਼ਦੀਕੀ ਪਿੰਡ ਹੀਰਪੁਰ ਵਿਚ ਸੌ ਤੋਂ ਵੱਧ ਘਰੇਲੂ ਅਤੇ ਖੇਤੀਬਾੜੀ ਦੇ ਪਾਣੀ ਵਾਲੇ ਬੋਰ ਫੇਲ੍ਹ ਹੋਣ ਕਾਰਨ ਪੰਜਾਬ ਵਿਚ ਪੈਦਾ ਹੋ ਰਹੀ ਜਲ ਤ੍ਰਾਸਦੀ ਦੀ ਚਿੰਤਾਜਨਕ ਤਸਵੀਰ ਸਾਹਮਣੇ ਆਈ ਹੈ। ਇਸ ਪਿੰਡ ਤੋਂ ਸਿਰਫ ਇਕ ਕਿਲੋਮੀਟਰ ਦੂਰ ਪੈਂਦੇ ਦਰਿਆ ਕਿਨਾਰੇ ਧੜੱਲੇ ਨਾਲ ਹੋ ਰਹੀ ਗੈਰ-ਕਾਨੂੰਨੀ ਮਾਈਨਿੰਗ ਨੂੰ ਪਿੰਡ ਵਾਸੀਆਂ ਨੇ ਬੋਰ ਫੇਲ੍ਹ ਹੋਣ ਲਈ ਜ਼ਿੰਮੇਵਾਰ ਠਹਿਰਾਇਆ ਹੈ। ਪਿੰਡ ਵਿਚ ਬੋਰਾਂ ਦੇ ਪਾਣੀ ਛੱਡਣ ਕਾਰਨ ਕਿਸਾਨਾਂ ਦੀਆਂ ਫਸਲਾਂ ਉੱਤੇ ਖੇਤੀ ਸੰਕਟ ਮੰਡਰਾਉਣ ਲੱਗ ਪਿਆ ਹੈ। ਪੀੜਤ ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਦਾ ਪਿੰਡ ਦਰਿਆ ਤੋਂ ਸਿਰਫ ਇਕ ਕਿਲੋਮੀਟਰ ਦੂਰ ਹੈ ਅਤੇ ਕੁਝ ਸਾਲ ਪਹਿਲਾਂ ਉਨ੍ਹਾਂ ਨੂੰ ਨਲਕਿਆਂ ਅਤੇ ਬੋਰਾਂ ਰਾਹੀਂ ਸਿਰਫ 15 ਤੋਂ 20 ਫੁੱਟ 'ਤੇ ਹੀ ਪਾਣੀ ਮਿਲ ਜਾਂਦਾ ਸੀ ਪਰ ਹੁਣ ਉਨ੍ਹਾਂ ਦੇ ਲਗਭਗ ਸਾਰੇ ਬੋਰ ਫੇਲ੍ਹ ਹੋ ਗਏ ਹਨ।

## ਕੇਜਰੀਵਾਲ ਨੇ ਚੰਨੀ ਦਾ ਅਪਮਾਨ ਕੀਤਾ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਤੋਂ ਪੰਜਾਬ ਵਿਧਾਨ ਸਭਾ ਚੋਣ ਪ੍ਰਚਾਰ ਦੌਰਾਨ ਦਲਿਤ ਭਾਈਚਾਰੇ ਨਾਲ ਸਬੰਧ ਰੱਖਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਅਪਮਾਨ ਕਰਨ ਲਈ ਬਿਨਾਂ ਸ਼ਰਤ ਮੁਆਫੀ ਮੰਗਣ ਦੀ ਮੰਗ ਕੀਤੀ ਹੈ। ਬਾਜਵਾ ਨੇ ਇਕ ਵੀਡੀਓ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪੰਜਾਬ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦੌਰਾਨ ਕੇਜਰੀਵਾਲ ਨੇ ਸਾਬਕਾ ਸੀ.ਐਮ. ਚੰਨੀ ਬਾਰੇ ਬਹੁਤ ਅਪਮਾਨਜਨਕ ਅਤੇ ਅਨੈਤਿਕ ਟਿੱਪਣੀਆਂ ਕੀਤੀਆਂ। ਬਾਜਵਾ ਨੇ ਕਿਹਾ ਕਿ ਪੰਜਾਬ ਦੇ ਲੋਕ ਇਨ੍ਹਾਂ ਟਿੱਪਣੀਆਂ ਦੀ ਡੂੰਘਾਈ ਨੂੰ ਜਾਣਦੇ ਹਨ। ਬਾਜਵਾ ਨੇ ਕਿਹਾ ਕਿ ਕਾਂਗਰਸ ਪਾਰਟੀ ਇਸ ਬਾਰੇ ਪ੍ਰਧਾਨ ਮੰਤਰੀ ਅਤੇ ਅਨੁਸੂਚਿਤ ਜਾਤੀ ਕਮਿਸ਼ਨ ਨੂੰ ਲਿਖੇਗੀ।

## ਬਾਲ ਮਜ਼ਦੂਰੀ ਲਈ ਲਿਆਂਦੇ ਜਾ ਰਹੇ ਬੱਚੇ ਬਚਾਏ


**ਲਖਨਊ:** ਬਾਲ ਮਜ਼ਦੂਰੀ ਲਈ ਰੇਲ ਰਾਹੀਂ ਬਿਹਾਰ ਦੇ ਕਟਿਹਾਰ ਤੋਂ ਪੰਜਾਬ ਦੇ ਅੰਮ੍ਰਿਤਸਰ ਲਿਜਾਏ ਜਾ ਰਹੇ 11 ਬੱਚਿਆਂ ਨੂੰ ਚਾਈਲਡਲਾਈਨ ਨੇ ਲਖਨਊ ਵਿਚ ਬਚਾਇਆ ਹੈ। ਚਾਈਲਡਲਾਈਨ ਟੀਮ ਨੂੰ ਬਚਪਨ ਬਚਾਓ ਅੰਦੋਲਨ ਦੇ ਵਰਕਰਾਂ ਤੋਂ ਸੂਚਨਾ ਮਿਲੀ ਸੀ ਕਿ ਬਾਲ ਮਜ਼ਦੂਰੀ ਲਈ ਅਮਰਪਾਲੀ ਐਕਸਪ੍ਰੈਸ ਰੇਲਗੱਡੀ ਵਿਚ ਸਵਾਰ ਕੁਝ ਬੰਦੇ 15 ਬੱਚਿਆਂ ਨੂੰ ਬਾਲ ਮਜ਼ਦੂਰੀ ਲਈ ਕਟਿਹਾਰ ਤੋਂ ਅੰਮ੍ਰਿਤਸਰ ਲਿਜਾ ਰਹੇ ਹਨ। ਟੀਮ 11 ਬੱਚਿਆਂ ਨੂੰ ਬਚਾਅ ਸਕੀ। ਪੁੱਛ ਪੜਤਾਲ ਦੌਰਾਨ ਬੱਚਿਆਂ ਨੇ ਖੁਲਾਸਾ ਕੀਤਾ ਕਿ ਉਹ ਬਿਹਾਰ ਦੇ ਰਹਿਣ ਵਾਲੇ ਦੋ ਬੰਦਿਆਂ ਨਾਲ ਅੰਮ੍ਰਿਤਸਰ ਜਾ ਰਹੇ ਸਨ, ਜੋ ਉਨ੍ਹਾਂ ਨੂੰ ਕੰਮ ਲਈ ਉਥੇ ਲੈ ਜਾ ਰਹੇ ਸਨ। ਦੋ ਬੰਦਿਆਂ ਨੂੰ ਵੀ ਲੱਭ ਲਿਆ ਗਿਆ ਅਤੇ 11 ਬੱਚਿਆਂ ਸਮੇਤ ਈਸ਼ਬਾਗ ਸਥਿਤ ਰੇਲਵੇ ਪੁਲਿਸ ਚੌਕੀ ਲੈ ਜਾਇਆ ਗਿਆ।

# ਸ਼੍ਰੋਮਣੀ ਕਮੇਟੀ ਦਾ ਵਫਦ ਅੰਡੇਮਾਨ-ਨਿਕੋਬਾਰ ਦੀ ਸੈਲੂਲਰ ਜੇਲ੍ਹ ਦਾ ਦੌਰਾ ਕਰੇਗਾ

**ਅੰਮ੍ਰਿਤਸਰ:** ਦੇਸ ਦੀ ਆਜ਼ਾਦੀ ਦੇ ਸੰਘਰਸ਼ ਦੌਰਾਨ ਅੰਡੇਮਾਨ-ਨਿਕੋਬਾਰ ਦੀ ਕਾਲੇ ਪਾਣੀ ਦੇ ਨਾਂ ਵਾਲੀ ਸੈਲੂਲਰ ਜੇਲ੍ਹ ਵਿਚ ਬੰਦ ਰਹੇ ਪੰਜਾਬੀਆਂ ਅਤੇ ਸਿੱਖਾਂ ਦੇ ਯੋਗਦਾਨ ਨੂੰ ਉਭਾਰਨ ਵਾਸਤੇ ਸ਼੍ਰੋਮਣੀ ਕਮੇਟੀ ਦਾ ਇਕ ਵਫ਼ਦ ਜਲਦੀ ਉੱਥੇ ਜਾ ਕੇ ਪੋਰਟ ਬਲੇਅਰ ਦੇ ਅਧਿਕਾਰੀਆਂ ਨੂੰ ਮਿਲੇਗਾ। ਦੱਸਣਯੋਗ ਹੈ ਕਿ ਕਾਲੇ ਪਾਣੀ ਦੀ ਸਜ਼ਾ ਕੱਟਣ ਵਾਲੇ ਪੰਜਾਬੀਆਂ ਦੇ ਯੋਗਦਾਨ ਨੂੰ ਅਣਗੌਲਿਆਂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਹੋਰਨਾਂ ਨੇ ਸੈਲੂਲਰ ਜੇਲ੍ਹ ਵਿਚ ਸਜ਼ਾ ਕੱਟਣ ਵਾਲੇ ਪੰਜਾਬੀ ਆਜ਼ਾਦੀ ਘੁਲਾਟੀਆਂ ਸਬੰਧੀ ਸੂਚੀ ਵਾਲੀ ਇਕ ਪੁਸਤਕ ਜਾਰੀ ਕੀਤੀ ਹੈ।

ਇਸ ਪੁਸਤਕ ਨੂੰ ਪੱਤਰਕਾਰ ਜਗਤਾਰ ਸਿੰਘ ਅਤੇ ਖੋਜਕਾਰ ਗੁਰਦਰਸ਼ਨ ਸਿੰਘ ਬਾਹੀਆ ਨੇ ਲਿਖਿਆ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗਰੇਵਾਲ ਨੇ ਆਖਿਆ ਕਿ ਹੁਣ ਸ਼੍ਰੋਮਣੀ ਕਮੇਟੀ ਕੋਲ ਇਸ ਪੁਸਤਕ ਵਜੋਂ ਇਕ ਪ੍ਰਮਾਣਿਕ ਖੋਜ ਦਸਤਾਵੇਜ਼ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਦੇਸ ਦੀ



ਆਜ਼ਾਦੀ ਵਿਚ ਪੰਜਾਬੀਆਂ ਅਤੇ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਲਈ ਇਹ ਮਾਮਲਾ ਕੌਮੀ ਪੱਧਰ 'ਤੇ ਉਠਾਉਣ ਦਾ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਇਕ ਵਫ਼ਦ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਜਲਦੀ ਪੋਰਟ ਬਲੇਅਰ ਜਾਵੇਗਾ ਅਤੇ ਅਧਿਕਾਰੀਆਂ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਅੰਡੇਮਾਨ-ਨਿਕੋਬਾਰ ਵਿਖੇ ਭਾਈ ਮਹਾਰਾਜ ਸਿੰਘ, ਡਾ. ਦੀਵਾਨ ਸਿੰਘ ਕਾਲੇ ਪਾਣੀ, ਮਾਸਟਰ ਚਤਰ ਸਿੰਘ, ਬਾਬਾ ਸੋਹਣ ਸਿੰਘ ਭਕਨਾ ਦੇ ਨਾਂ 'ਤੇ ਯਾਦਗਾਰ ਸਥਾਪਤ ਕਰਨ ਲਈ ਯਤਨ ਕੀਤੇ ਜਾਣਗੇ।

# ਮੇਘਾਲਿਆ: ਪੰਜਾਬੀ ਲੇਨ ਦੇ ਵਾਸੀ ਮੁੜ ਵਸੇਬੇ ਲਈ ਰਾਜ਼ੀ ਹੋਏ

**ਸ਼ਿਲਾਂਗ:** ਮੇਘਾਲਿਆ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਸ਼ਿਲਾਂਗ ਵਿਚ ਪੰਜਾਬੀ ਲੇਨ ਦੇ ਵਸਨੀਕਾਂ ਨੇ 342 ਪਰਿਵਾਰਾਂ ਨੂੰ ਤਬਦੀਲ ਕਰਨ ਦੀ ਸੂਬਾ ਸਰਕਾਰ ਦੀ ਯੋਜਨਾ ਨੂੰ ਸਿਧਾਂਤਕ ਤੌਰ ਉਤੇ ਸਵੀਕਾਰ ਕਰ ਲਿਆ ਹੈ। ਸਰਕਾਰ ਨੇ ਹਰੀਜਨ ਪੰਚਾਇਤ ਸਮਿਤੀ ਵੱਲੋਂ ਯੂਰਪੀਅਨ ਵਾਰਡ ਵਿਚ ਪੰਜਾਬੀ ਲੇਨ ਵਿਚ ਰਹਿੰਦੇ 342 ਪਰਿਵਾਰਾਂ ਵਿਚੋਂ ਹਰੇਕ ਨੂੰ 200 ਵਰਗ ਮੀਟਰ ਜ਼ਮੀਨ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਮਕਾਨ ਬਣਾਉਣ ਦਾ ਖਰਚਾ ਚੁੱਕਣ ਦੀ ਮੰਗ ਨੂੰ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ ਸਰਕਾਰ ਨੇ ਯੋਜਨਾ ਤਿਆਰ ਕੀਤੀ।



ਚੀਫ ਜਸਟਿਸ ਸੰਜੀਵ ਬੈਨਰਜੀ ਅਤੇ ਜਸਟਿਸ ਡਬਲਿਊ ਡੇਂਗਦੋਹ ਦੀ ਅਗਵਾਈ ਵਾਲੇ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ, 'ਸੀਨੀਅਰ ਐਡਵੋਕੇਟ ਜਨਰਲ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਹਰੀਜਨ ਪੰਚਾਇਤ ਸਮਿਤੀ ਦੇ ਵਕੀਲ ਨੇ ਸਰਕਾਰ ਦੁਆਰਾ ਤਿਆਰ ਕੀਤੀ ਗਈ ਯੋਜਨਾ ਨਾਲ ਸਿਧਾਂਤਕ ਤੌਰ ਉਤੇ ਸਹਿਮਤੀ ਜਤਾਈ ਹੈ ਪਰ ਕੁਝ ਖੇਤਰਾਂ 'ਚ ਸੋਧਾਂ ਲਈ ਕੁਝ ਸੁਝਾਅ ਦਿੱਤੇ ਹਨ।' ਬੈਂਚ ਨੇ ਕਿਹਾ ਰਾਜ ਸੋਧ ਦੇ ਸੁਝਾਅ ਉਤੇ ਵਿਚਾਰ ਕਰ ਰਿਹਾ ਹੈ, ਇਸ ਲਈ ਮਾਮਲੇ ਦੀ ਸੁਣਵਾਈ ਤਿੰਨ ਹਫਤਿਆਂ ਬਾਅਦ ਹੋਵੇਗੀ।

## ਵਿਜੀਲੈਂਸ ਵੱਲੋਂ ਬਰਜਿੰਦਰ ਹਮਦਰਦ ਮੁੜ ਤਲਬ

**ਜਲੰਧਰ:** ਵਿਜੀਲੈਂਸ ਨੇ ਜੰਗ-ਏ-ਆਜ਼ਾਦੀ ਯਾਦਗਾਰ ਮਾਮਲੇ ਸਬੰਧੀ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਨੋਟਿਸ ਭੇਜ ਕੇ 16 ਜੂਨ ਨੂੰ ਮੁੜ ਜਲੰਧਰ ਦਫਤਰ 'ਚ ਹਾਜ਼ਰ ਹੋਣ ਲਈ ਕਿਹਾ ਹੈ। ਹਮਦਰਦ ਨੂੰ ਪੰਜਾਬ ਵਿਜੀਲੈਂਸ ਬਿਊਰੋ ਦਾ ਇਹ ਤੀਜਾ ਨੋਟਿਸ ਹੈ। ਵਿਜੀਲੈਂਸ ਨੇ ਪਹਿਲਾਂ 24 ਮਈ ਤੇ ਮਗਰੋਂ 29 ਮਈ ਨੂੰ ਹਮਦਰਦ ਨੂੰ ਪੇਸ਼ ਹੋਣ ਲਈ ਕਿਹਾ ਸੀ ਪਰ ਉਨ੍ਹਾਂ ਨਿੱਜੀ ਰੁਝੇਵਿਆਂ ਦਾ ਹਵਾਲਾ ਦਿੰਦਿਆਂ 10 ਦਿਨਾਂ ਦਾ ਸਮਾਂ ਮੰਗਿਆ ਸੀ। ਇਸ ਮਗਰੋਂ ਵਿਜੀਲੈਂਸ ਨੇ ਹਮਦਰਦ ਨੂੰ 9 ਜੂਨ ਨੂੰ ਸੱਦਿਆ ਸੀ ਪਰ ਇਸ ਤੋਂ ਪਹਿਲਾਂ ਹੀ ਉਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਚਲੇ ਗਏ। ਪਹਿਲੂ ਜੂਨ ਨੂੰ ਸੁਣਵਾਈ ਦੌਰਾਨ ਅਦਾਲਤ ਨੇ ਬਰਜਿੰਦਰ ਸਿੰਘ ਨੂੰ ਤਲਬ ਕਰਨ ਤੋਂ ਪਹਿਲਾਂ ਪ੍ਰਸ਼ਨਾਵਲੀ ਭੇਜਣ ਦੇ ਹੁਕਮ ਦਿੱਤੇ ਸਨ। ਇਸ ਮਗਰੋਂ ਵਿਜੀਲੈਂਸ ਨੇ ਉਨ੍ਹਾਂ ਨੂੰ ਪ੍ਰਸ਼ਨਾਵਲੀ ਭੇਜ ਦਿੱਤੀ। ਵਿਜੀਲੈਂਸ ਨੇ ਹੁਣ ਉਨ੍ਹਾਂ ਨੂੰ 16 ਜੂਨ ਨੂੰ ਜਵਾਬ ਲੈ ਕੇ ਹਾਜ਼ਰ ਹੋਣ ਲਈ ਕਿਹਾ ਹੈ।

# ਸਿੱਧੂ ਨੇ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਦਿਆਂ 'ਤੇ ਬਹਿਸ ਲਈ ਵੰਗਾਰਿਆ

**ਸੰਗਰੂਰ:** ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਦਿਆਂ 'ਤੇ ਬਹਿਸ ਦੀ ਚੁਣੌਤੀ ਦਿੱਤੀ ਹੈ। ਸ੍ਰੀ ਸਿੱਧੂ ਇੱਥੇ ਪੰਚਾਇਤ ਯੂਨੀਅਨ ਪੰਜਾਬ ਵੱਲੋਂ ਸਰਕਾਰ ਖ਼ਿਲਾਫ਼ ਕੀਤੀ ਗਈ ਸੂਬਾ ਪੱਧਰੀ ਰੋਸ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਪੰਚਾਇਤ ਯੂਨੀਅਨ ਪੰਜਾਬ ਦੇ ਪ੍ਰਧਾਨ ਰਾਵਿੰਦਰ ਸਿੰਘ ਰਿੰਕੂ ਅਤੇ ਮਾਲਵਾ ਜ਼ੋਨ ਦੇ ਪ੍ਰਧਾਨ ਜੱਸੀ ਲੌਂਗੋਵਾਲੀਆ ਦੀ ਅਗਵਾਈ ਹੇਠ ਹੋਈ ਰੈਲੀ ਦੌਰਾਨ ਸਿੱਧੂ ਨੇ ਮੁੱਖ ਮੰਤਰੀ 'ਤੇ ਤਨਜ਼ ਕਸਦਿਆਂ ਕਿਹਾ ਕਿ ਪੀਲੀ ਪੱਗ ਬੰਨ੍ਹ ਕੇ ਕੋਈ ਸ਼ਹੀਦ ਨਹੀਂ ਬਣ ਸਕਦਾ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਦੋ ਸੌ ਸਵਾਲ ਕਰ ਚੁੱਕੇ ਹਨ ਪਰ ਕੋਈ ਜਵਾਬ ਨਹੀਂ ਆਇਆ।





ਉਨ੍ਹਾਂ ਕਿਹਾ ਕਿ ਉਹ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪੰਚਾਇਤਾਂ ਦੇ ਹੱਕ 'ਚ ਆਏ ਹਨ। ਉਨ੍ਹਾਂ ਸਰਕਾਰ 'ਤੇ ਵਾਅਦਾਖ਼ਿਲਾਫ਼ੀ ਦੇ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਨੂੰ ਠੇਕੇਦਾਰੀ ਸਿਸਟਮ ਕੋਲ ਗਹਿਣੇ ਰੱਖ ਦਿੱਤਾ ਗਿਆ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਜੇ ਉਹ ਸੱਚਾ ਪੰਚਾਇਤੀ ਰਾਜ ਸਥਾਪਤ ਕਰ ਕੇ ਪੰਚਾਂ-ਸਰਪੰਚਾਂ ਦਾ ਸਨਮਾਨ ਬਹਾਲ ਕਰਨ ਤਾਂ ਉਹ ਮੁੱਖ ਮੰਤਰੀ ਦੀ ਸ਼ਲਾਘਾ ਕਰਨਗੇ।

ਮਜੀਠੀਆ ਨਾਲ ਪਾਈ ਜੱਫ਼ੀ ਬਾਰੇ ਸਿੱਧੂ ਨੇ ਕਿਹਾ ਕਿ ਸਿਆਸਤ ਵਿਚ ਦੁਸ਼ਮਣੀ ਸਿਰਫ ਵਿਚਾਰਧਾਰਾ ਦੀ ਹੁੰਦੀ ਹੈ। ਜੇ ਮੁੱਖ ਮੰਤਰੀ ਭਗਵੰਤ ਮਾਨ ਉਨ੍ਹਾਂ ਨੂੰ ਮਿਲਣ ਤਾਂ ਉਹ ਉਨ੍ਹਾਂ ਨੂੰ ਵੀ ਜੱਫ਼ੀ ਪਾਉਣਗੇ। ਇਸ ਮੌਕੇ ਪੰਚਾਇਤ ਯੂਨੀਅਨ ਦੇ ਸੂਬਾ ਪ੍ਰਧਾਨ ਰਾਵਿੰਦਰ ਸਿੰਘ ਰਿੰਕੂ ਨੇ ਕਿਹਾ ਕਿ ਸਰਕਾਰ ਨੂੰ ਜਗਾਉਣ ਅਤੇ ਪੰਚਾਇਤਾਂ ਦਾ ਸਨਮਾਨ ਬਹਾਲ ਕਰਾਉਣ ਲਈ ਜਲਦੀ ਹੀ ਮਾਝੇ ਅਤੇ ਦੋਆਬੇ 'ਚ ਵੀ ਸੂਬਾਈ ਰੈਲੀਆਂ ਕੀਤੀਆਂ ਜਾਣਗੀਆਂ।

# ਭਾਰਤ ਦੀ ਤਕਰੀਬਨ 11 ਫੀਸਦੀ ਆਬਾਦੀ ਸ਼ੂਗਰ ਦੀ ਸ਼ਿਕਾਰ

**ਨਵੀਂ ਦਿੱਲੀ:** ਭਾਰਤ ਦੀ ਤਕਰੀਬਨ 11 ਫੀਸਦ ਆਬਾਦੀ ਨੂੰ ਸ਼ੂਗਰ ਹੈ। ਸਰਕਾਰੀ ਅਧਿਐਨ ਮੁਤਾਬਕ ਦੇਸ਼ ਵਿਚ ਸ਼ੂਗਰ, ਹਾਈਪਰਟੈਨਸ਼ਨ ਅਤੇ ਮੋਟਾਪਾ ਆਮ ਹੈ। 113,000 ਤੋਂ ਵੱਧ ਲੋਕਾਂ ਦੇ ਅਧਿਐਨ ਵਿਚ ਇਹ ਵੀ ਪਾਇਆ ਗਿਆ ਕਿ ਲਗਭਗ 15 ਫੀਸਦ ਭਾਰਤੀ ਪ੍ਰੀ-ਡਾਇਬਟੀਜ਼ ਸਨ ਅਤੇ ਲਗਭਗ 35 ਫੀਸਦ ਹਾਈਪਰਟੈਨਸ਼ਨ ਤੋਂ ਪੀੜਤ ਹਨ। ਇਹ ਅਧਿਐਨ ਅਕਤੂਬਰ 2008 ਅਤੇ ਦਸੰਬਰ 2020 ਦੇ ਵਿਚਕਾਰ 31 ਭਾਰਤੀ ਰਾਜਾਂ ਅਤੇ ਪ੍ਰਦੇਸਾਂ ਵਿਚ ਕੀਤਾ ਗਿਆ ਸੀ। ਅਧਿਐਨ ਦੇ ਨਤੀਜਿਆਂ ਤੋਂ ਇਹ ਬਿਲਕੁਲ ਸਪਸ਼ਟ ਹੈ ਕਿ ਭਾਰਤ ਵਿਚ ਦਿਲ ਦੀਆਂ ਬਿਮਾਰੀਆਂ ਅਤੇ ਹੋਰ ਲੰਬੇ ਸਮੇਂ ਤੱਕ ਅੰਦਰੂਨੀ ਅੰਗਾਂ ਦੀਆਂ ਪੇਚੀਦਗੀਆਂ ਦਾ ਖਤਰਾ ਕਾਫੀ ਆਬਾਦੀ ਹੈ।

ਦੇਸ਼ ਵਿਚ ਮੈਡੀਕਲ ਖੋਜ ਕਰਨ ਵਾਲੀ ਪ੍ਰਮੁੱਖ ਸੰਸਥਾ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ਆਈ.ਸੀ.ਐਮ.ਆਰ.) ਨੇ ਡਾਇਬੀਟੀਜ਼ (ਸ਼ੂਗਰ) 'ਤੇ ਕੀਤੇ ਤਾਜ਼ਾ ਅਧਿਐਨ ਵਿਚ ਖੁਲਾਸਾ ਕੀਤਾ ਹੈ ਕਿ ਦੇਸ ਵਿਚ ਇਸ ਬਿਮਾਰੀ ਦੇ ਪ੍ਰਸਾਰ ਵਿਚ ਵਾਧੇ ਦੀ ਦਰ ਅੰਦਾਜ਼ੇ ਨਾਲੋਂ ਕਿਤੇ ਵੱਧ ਹੈ। 20 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੇ ਸਰਵੇਖਣ ਵਿਚ ਪਾਇਆ ਗਿਆ ਕਿ ਕੁੱਲ ਆਬਾਦੀ ਦਾ 11.4 ਫੀਸਦੀ (10 ਕਰੋੜ 10 ਲੱਖ) ਲੋਕ ਇਸ ਤੋਂ ਪੀੜਤ ਹਨ।



ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਡਾਇਬੀਟੀਜ਼ (ਸ਼ੂਗਰ) ਅੰਨ੍ਹੇਪਣ, ਗੁਰਦੇ ਫੇਲ੍ਹ ਹੋਣ, ਦਿਲ ਦੇ ਦੌਰੇ, ਸਟ੍ਰੋਕ ਆਦਿ ਬਿਮਾਰੀਆਂ ਦਾ ਵੱਡਾ ਕਾਰਨ ਹੈ। ਇਸ ਸਰਵੇਖਣ ਅਨੁਸਾਰ ਦੇਸ਼ 35.5 ਫੀਸਦੀ ਲੋਕਾਂ ਨੂੰ ਜ਼ਿਆਦਾ ਬਲੱਡ ਪ੍ਰੈਸ਼ਰ ਦੀ ਬਿਮਾਰੀ ਹੈ ਅਤੇ 40 ਫੀਸਦੀ ਲੋਕ ਮੋਟਾਪੇ ਦਾ ਸ਼ਿਕਾਰ ਹਨ। ਚੰਡੀਗੜ੍ਹ, ਪੰਜਾਬ, ਹਰਿਆਣਾ ਅਤੇ ਦਿੱਲੀ ਡਾਇਬਟੀਜ਼ (ਸ਼ੂਗਰ) ਦੇ ਮਰੀਜ਼ਾਂ ਵਾਲੇ ਚੋਟੀ ਦੇ 10 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸਾਂ ਦੀ ਸੂਚੀ ਵਿਚ ਸ਼ਾਮਲ ਹਨ। ਇਸ ਕਾਰਨ ਇਸ ਖੇਤਰ ਦੇ ਲੋਕਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ। ਲੋਕਾਂ ਨੂੰ ਨਿੱਜੀ ਪੱਧਰ 'ਤੇ ਆਪਣੀ ਖੁਰਾਕ ਪ੍ਰਤੀ ਅਨੁਸਾਸ਼ਿਤ ਹੋਣ ਦੀ ਜਰੂਰਤ ਹੈ। ਉਨ੍ਹਾਂ ਨੂੰ ਸਰੀਰਕ ਤੌਰ ਉਤੇ ਕਿਰਿਆਸ਼ੀਲ ਰਹਿੰਦਿਆਂ ਸ਼ਰਾਬਨੋਸ਼ੀ ਤੇ ਸਿਗਰਟਨੋਸ਼ੀ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਰੋਜ਼ਾਨਾ ਸੈਰ ਤੇ ਹਲਕੀ ਕਸਰਤ ਇਸ ਬਿਮਾਰੀ ਨੂੰ ਘਟਾਉਣ ਵਿਚ ਸਹਾਇਤਾ ਕਰਦੀਆਂ ਹਨ। ਖਾਸ ਤੌਰ ਉਤੇ ਚਿੰਤਾਜਨਕ ਤੱਥ ਇਹ ਹੈ ਕਿ ਬੱਚੇ ਵੀ ਤੇਜ਼ੀ ਨਾਲ ਇਸ ਦਾ ਸ਼ਿਕਾਰ ਹੋ ਰਹੇ ਹਨ। ਬੱਚਿਆਂ ਵਿਚ ਝੱਟ-ਪੱਟ ਬਣਾਏ ਜਾਂਦੇ ਭੋਜਨ (ਫਾਸਟ ਫੂਡ) ਦਾ ਜ਼ਿਆਦਾ ਸੇਵਨ ਅਤੇ ਸਰੀਰਕ ਗਤੀਵਿਧੀਆਂ ਦੀ ਘਾਟ ਇਸ ਦਾ ਪ੍ਰਮੁੱਖ ਕਾਰਨ ਹਨ।

## 'ਆਪ' ਨੇ ਵਿਧਾਇਕ ਬੁੱਧ ਰਾਮ ਨੂੰ ਪੰਜਾਬ ਇਕਾਈ ਦਾ ਕਾਰਜਕਾਰੀ ਪ੍ਰਧਾਨ ਥਾਪਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਬੁਢਲਾਡਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੂੰ ਪਾਰਟੀ ਦੀ ਪੰਜਾਬ ਇਕਾਈ ਦਾ ਕਾਰਜਕਾਰੀ ਪ੍ਰਧਾਨ ਬਣਾਇਆ ਹੈ। 'ਆਪ' ਨੇ ਨਾਲ ਹੀ ਚਾਰ ਸੂਬਾ ਮੀਤ ਪ੍ਰਧਾਨਾਂ ਸਮੇਤ ਛੇ ਹੋਰ ਅਹੁਦੇਦਾਰਾਂ ਦੇ ਨਾਮ ਦਾ ਐਲਾਨ ਵੀ ਕੀਤਾ ਹੈ। ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਕਲਸੀ, ਉੜਮੁੜ ਤੋਂ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਮੁਕਤਸਰ ਤੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਅਤੇ ਖੰਨਾ ਤੋਂ ਵਿਧਾਇਕ ਤਰੁਣਪ੍ਰੀਤ ਸਿੰਘ ਸੌਂਦ ਨੂੰ 'ਆਪ' ਦੇ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਪਾਰਟੀ ਆਗੂ ਜਗਰੂਪ ਸਿੰਘ ਸੇਖਵਾਂ ਨੂੰ ਸੂਬਾ ਜਨਰਲ ਸਕੱਤਰ, ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਨੂੰ ਪਾਰਟੀ ਦੇ ਯੂਥ ਵਿੰਗ ਦਾ ਸੂਬਾ ਪ੍ਰਧਾਨ ਥਾਪਿਆ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਸਾਰੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਹੈ।

# ਮੋਦੀ ਸਰਕਾਰ ਦੇ ਕਾਰਜਕਾਲ 'ਚ ਕਰਜ਼ਾ ਤਿੰਨ ਗੁਣਾ ਵਧਿਆ

**ਨਵੀਂ ਦਿੱਲੀ:** ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ 9 ਸਾਲਾਂ ਦੇ ਭਾਜਪਾ ਰਾਜ ਦੌਰਾਨ ਦੇਸ਼ ਦਾ ਕਰਜ਼ ਕਰੀਬ ਤਿੰਨ ਗੁਣਾ ਵਧ ਕੇ 155 ਲੱਖ ਕਰੋੜ ਰੁਪਏ ਹੋ ਗਿਆ ਹੈ। ਪਾਰਟੀ ਮੁਤਾਬਕ ਇਸ ਹਿਸਾਬ ਨਾਲ ਹਰੇਕ ਭਾਰਤੀ ਉਪਰ 1.20 ਲੱਖ ਰੁਪਏ ਦਾ ਕਰਜ਼ਾ ਹੈ।

ਕਾਂਗਰਸ ਨੇ ਅਰਥਚਾਰੇ ਦੇ ਹਾਲਾਤ ਬਾਰੇ ਵ੍ਹਾਈਟ ਪੇਪਰ (ਸ਼ਵੇਤ ਪੱਤਰ) ਲਿਆਉਣ ਦੀ ਮੰਗ ਕੀਤੀ ਹੈ। ਕਾਂਗਰਸ ਤਰਜਮਾਨ ਸੁਪ੍ਰਿਯਾ ਸ੍ਰੀਨੇਤ ਨੇ ਕਿਹਾ ਕਿ ਮੋਦੀ ਸਰਕਾਰ ਦਾ 'ਆਰਥਿਕ ਕੁਪ੍ਰਬੰਧਨ' ਅਰਥਚਾਰੇ ਦੇ ਮੌਜੂਦਾ ਹਾਲਾਤ ਲਈ ਜ਼ਿੰਮੇਵਾਰ ਹੈ ਅਤੇ ਦਾਅਵਾ ਕੀਤਾ ਕਿ 2014 'ਚ ਸਰਕਾਰ ਬਣਨ ਮਗਰੋਂ 100 ਲੱਖ ਕਰੋੜ ਰੁਪਏ ਦਾ ਕਰਜ਼ਾ ਹੋਰ ਵਧਿਆ ਹੈ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ



ਕਿਹਾ ਕਿ ਸ੍ਰੀ ਮੋਦੀ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਉਹ ਕੇਂਦਰ ਦੀ ਸਰਕਾਰ ਦੇ ਢਿੱਲੀ, ਨਿਕੰਮੀ ਅਤੇ ਭ੍ਰਿਸ਼ਟ ਹੋਣ ਦੇ ਦੋਸ਼ ਲਾਉਂਦੇ ਸਨ ਪਰ ਅੱਜ ਇਹੋ ਵਿਸ਼ੇਸ਼ਣ ਉਨ੍ਹਾਂ ਅਤੇ ਉਨ੍ਹਾਂ ਦੀ ਸਰਕਾਰ 'ਤੇ ਪੂਰੇ ਢੁੱਕਦੇ ਹਨ। 'ਸਰਕਾਰ ਦੀ ਨਾਕਾਮੀ ਕਾਰਨ ਮਹਿੰਗਾਈ ਅਤੇ ਬੇਰੁਜ਼ਗਾਰੀ ਵਧ ਗਈ ਹੈ ਜਿਸ ਦੇ ਨਤੀਜੇ ਵਜੋਂ ਦੇਸ਼ ਭਾਰੀ ਕਰਜ਼ੇ ਦੇ ਬੋਝ ਦਾ ਸਾਹਮਣਾ ਕਰ ਰਿਹਾ ਹੈ।' ਕਾਂਗਰਸ ਆਗੂ ਨੇ ਦਾਅਵਾ ਕੀਤਾ ਕਿ ਪਿਛਲੇ 67 ਸਾਲਾਂ 'ਚ 14 ਪ੍ਰਧਾਨ ਮੰਤਰੀਆਂ ਦੀ ਅਗਵਾਈ ਹੇਠ ਦੇਸ਼ 'ਤੇ 55 ਲੱਖ ਕਰੋੜ ਰੁਪਏ ਦਾ ਕਰਜ਼ ਸੀ ਜਦਕਿ ਇਕੱਲੇ ਮੋਦੀ ਦੌਰਾਨ ਇਹ ਵਧ ਕੇ 100 ਲੱਖ ਕਰੋੜ ਨੂੰ ਪਾਰ ਹੋ ਗਿਆ ਹੈ। 'ਆਰਥਿਕ ਪ੍ਰਬੰਧਨ ਅਤੇ ਸੁਰਖੀ (ਹੈੱਡਲਾਈਨ) ਪ੍ਰਬੰਧਨ ਇਕੋ ਜਿਹੀ ਗੱਲ ਨਹੀਂ ਹੈ। ਭਾਰਤੀ ਅਰਥਚਾਰੇ ਨੂੰ ਸੁਰਖੀਆਂ ਬਣਾ ਕੇ ਨਹੀਂ ਚਲਾਇਆ ਜਾ ਸਕਦਾ ਹੈ। ਇਹ ਟੈਲੀਪ੍ਰੌਂਪਟਰਾਂ ਅਤੇ ਵਟਸਐਪ ਰਾਹੀਂ ਸੁਨੇਹੇ ਅੱਗੇ ਭੇਜ ਕੇ ਨਹੀਂ ਚਲਾਇਆ ਜਾ ਸਕਦਾ ਹੈ। ਅਸੀਂ ਸਵੇਤ ਪੱਤਰ ਦੀ ਮੰਗ ਕਰਦੇ ਹਾਂ ਕਿਉਂਕਿ ਗੜਬੜੀਆਂ ਹੋਰ ਵਧਦੀਆਂ ਜਾ ਰਹੀਆਂ ਹਨ।'

## ਫਰਾਂਸ: ਪਾਰਕ 'ਚ ਬੱਚਿਆਂ 'ਤੇ ਚਾਕੂ ਨਾਲ ਹਮਲਾ

**ਪੈਰਿਸ:** ਫਰਾਂਸ ਵਿਚ ਐਲਪਸ ਖੇਤਰ ਦੇ ਇਕ ਸ਼ਹਿਰ ਵਿਚਲੇ ਪਾਰਕ 'ਚ ਇਕ ਵਿਅਕਤੀ ਵੱਲੋਂ ਚਾਕੂ ਨਾਲ ਕੀਤੇ ਗਏ ਹਮਲੇ 'ਚ ਘੱਟੋ ਘੱਟ ਦੋ ਬਾਲਗਾਂ ਤੋਂ ਇਲਾਵਾ ਕਈ ਬੱਚੇ ਜ਼ਖ਼ਮੀ ਹੋ ਗਏ ਜਿਨ੍ਹਾਂ 'ਚੋਂ ਚਾਰ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੌਂ ਨੇ ਕਿਹਾ, 'ਬੱਚੇ ਤੇ ਇਕ ਬਾਲਗ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਹਨ।' ਉਨ੍ਹਾਂ ਇਸ ਘਟਨਾ ਨੂੰ ਇਕ ਕਾਇਰਾਨਾ ਹਮਲਾ ਕਰਾਰ ਦਿੱਤਾ ਹੈ। ਉਨ੍ਹਾਂ ਟਵੀਟ ਕੀਤਾ, 'ਸਾਰਾ ਮੁਲਕ ਇਸ ਘਟਨਾ ਕਾਰਨ ਸਦਮੇ 'ਚ ਹੈ।' ਗ੍ਰਹਿ ਮੰਤਰੀ ਜੇਰਾਲਡ ਡਾਰਮੈਨਿਨ ਨੇ ਕਿਹਾ ਕਿ ਪੁਲਿਸ ਨੇ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਇਸ ਹਮਲੇ 'ਚ ਜ਼ਖ਼ਮੀ ਹੋਏ ਚਾਰ ਬੱਚਿਆਂ ਦੀ ਉਮਰ ਪੰਜ ਸਾਲ ਹੈ। ਇਸ ਹਮਲੇ ਦੇ ਇਕ ਚਸ਼ਮਦੀਦ ਨੇ ਕਿਹਾ ਕਿ ਹਮਲਾਵਰ ਨੇ ਇਕ ਬੱਘੀ 'ਚ ਬੈਠੇ ਬੱਚੇ 'ਤੇ ਹਮਲਾ ਕੀਤਾ ਤੇ ਉਸ ਨੂੰ ਚਾਕੂ ਮਾਰਨੇ ਸ਼ੁਰੂ ਕਰ ਦਿੱਤੇ।

## ਆਈ.ਐਸ.ਆਈ. ਦੀ ਸਾਜ਼ਿਸ਼ ਬੇਪਰਦ

**ਸ੍ਰੀਨਗਰ:** ਜੰਮੂ ਕਸ਼ਮੀਰ 'ਚ ਅਤਿਵਾਦੀਆਂ ਵੱਲੋਂ ਸੰਚਾਰ ਦੇ ਪੁਰਾਤਨ ਸਾਧਨਾਂ 'ਚ ਕਮੀ ਆਉਣ ਕਾਰਨ ਪਾਕਿਸਤਾਨ ਦੀ ਖੁਫੀਆ ਏਜੰਸੀ (ਆਈ.ਐਸ.ਆਈ.) ਤੇ ਅਤਿਵਾਦੀ ਸਮੂਹਾਂ ਵੱਲੋਂ ਹਥਿਆਰ ਤੇ ਸੁਨੇਹੇ ਭੇਜਣ ਲਈ ਔਰਤਾਂ ਤੇ ਨਾਬਾਲਗਾਂ ਨੂੰ ਸ਼ਾਮਲ ਕਰਨ ਦੀ ਖਤਰਨਾਕ ਸਾਜ਼ਿਸ਼ ਬੇਪਰਦ ਹੋਈ ਹੈ।

ਫੌਜ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸੁਰੱਖਿਆ ਬਲਾਂ ਨੂੰ ਚੌਕਸ ਲੈਣ ਦੀ ਲੋੜ ਹੈ ਕਿਉਂਕਿ ਕੰਟਰੋਲ ਰੇਖਾ ਪਾਰ ਬੈਠੇ ਲੋਕ ਮੌਜੂਦਾ ਸ਼ਾਂਤੀਪੂਰਨ ਹਾਲਾਤ ਵਿਗਾੜਨ 'ਚ ਲੱਗੇ ਹੋਏ ਹਨ। ਲੈਫਟੀਨੈਂਟ ਜਨਰਲ ਔਜਲਾ ਨੇ ਕਿਹਾ, "ਅੱਜ ਦਾ ਖਤਰਾ, ਜਿਵੇਂ ਮੈਂ ਇਸ ਨੂੰ ਦੇਖਦਾ ਹਾਂ, ਸੁਨੇਹੇ, ਨਸ਼ੀਲੇ ਪਦਾਰਥ ਜਾਂ ਕਦੇ-ਕਦਾਈਂ ਹਥਿਆਰ ਲੈ ਜਾਣ 'ਚ ਮਹਿਲਾਵਾਂ, ਲੜਕੀਆਂ ਤੇ ਨਾਬਾਲਗਾਂ ਨੂੰ ਸ਼ਾਮਲ ਕਰਨਾ ਹੈ। ਹੁਣ ਤੱਕ ਫੌਜ ਨੇ ਕੁਝ ਮਾਮਲਿਆਂ ਦਾ ਪਤਾ ਲਗਾਇਆ ਹੈ ਜੋ ਉੱਭਰਦੀ ਪ੍ਰਵਿਰਤੀ ਨੂੰ ਉਜਾਗਰ ਕਰਦਾ ਹੈ।"

ਉਨ੍ਹਾਂ ਕਿਹਾ, "ਇਹ ਆਪਣੇ ਆਪ ਵਿਚ ਖਤਰਨਾਕ ਪ੍ਰਵਿਰਤੀ ਹੈ ਜਿਸ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਇੰਟਰ-ਸਰਵਿਸਿਜ ਇੰਟੈਲੀਜੈਂਸ (ਆਈ.ਐਸ.ਆਈ.) ਅਤੇ ਤਨਜ਼ੀਮ (ਅਤਿਵਾਦੀ ਸਮੂਹ) ਦੇ ਮੁਖੀਆਂ ਨੇ ਅਪਣਾਇਆ ਹੈ। ਅਸੀਂ ਹੋਰ ਏਜੰਸੀਆਂ ਨਾਲ ਮਿਲ ਕੇ ਇਸ ਨਾਲ ਸਿੱਝਣ 'ਤੇ ਲਗਾਤਾਰ ਕੰਮ ਕਰ ਰਹੇ ਹਾਂ।"

# ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ



### ਪਰਵਾਸੀਆਂ ਨੂੰ ਈ-ਪੋਸਟਲ ਰਾਹੀਂ ਵੋਟ ਪਾਉਣ ਦੀ ਪ੍ਰਵਾਨਗੀ ਮਿਲੇ: ਰਾਜੀਵ ਕੁਮਾਰ

**ਨਵੀਂ ਦਿੱਲੀ:** ਚੋਣ ਕਮਿਸ਼ਨ ਦੇ ਮੁਖੀ ਰਾਜੀਵ ਕੁਮਾਰ ਨੇ ਦੱਸਿਆ ਕਿ ਚੋਣਾਂ ਵਿਚ ਹਿੱਸਾ ਲੈਣ ਲਈ ਯੋਗ ਪਰਵਾਸੀ ਭਾਰਤੀ ਵੋਟਰਾਂ ਨੂੰ ਤਕਨਾਲੋਜੀ ਆਧਾਰਿਤ ਈ-ਪੋਸਟਲ ਜਿਹੇ ਢੰਗਾਂ ਰਾਹੀਂ ਵੋਟ ਪਾਉਣ ਦੀ ਪ੍ਰਵਾਨਗੀ ਦੇਣ ਦਾ ਸਮਾਂ ਆ ਗਿਆ ਹੈ। ਉਨ੍ਹਾਂ ਆਜ਼ਾਦ ਤੇ ਨਿਰਪੱਖ ਚੋਣਾਂ ਕਰਾਉਣ ਮੌਕੇ ਚੋਣ ਪ੍ਰਬੰਧਕੀ ਇਕਾਈਆਂ ਨੂੰ ਦਰਪੇਸ਼ ਆਮ ਚੁਣੌਤੀਆਂ ਬਾਰੇ ਉਨ੍ਹਾਂ ਸੋਸ਼ਲ ਮੀਡੀਆ ਰਾਹੀਂ ਫਰਜ਼ੀ ਖਬਰਾਂ ਤੋਂ ਉਭਰ ਰਹੇ ਖਤਰੇ ਦਾ ਹਵਾਲਾ ਦਿੱਤਾ।

**ਨਵੀਂ ਦਿੱਲੀ:** ਆਗਾਮੀ ਲੋਕ ਸਭਾ ਚੋਣਾਂ ਤੇ ਪੰਜ ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਨੇ ਦੇਸ਼ ਭਰ ਵਿਚ ਈ.ਵੀ.ਐਮਜ਼ ਤੇ ਪੇਪਰ ਟਰਾਇਲ ਮਸ਼ੀਨਾਂ ਦੀ ਮੁਢਲੇ ਪੱਧਰ 'ਤੇ ਜਾਂਚ ਕਰਨ ਦੀ ਪਹਿਲਕਦਮੀ ਕੀਤੀ ਹੈ। ਸੂਤਰਾਂ ਮੁਤਾਬਕ 'ਮੌਕ ਚੋਣਾਂ' ਪਹਿਲੇ ਪੜਾਅ ਉਤੇ ਜਾਂਚ ਅਮਲ ਦਾ ਹਿੱਸਾ ਹਨ। ਚੋਣ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ, 'ਇਹ ਅਮਲ ਦੇਸ ਭਰ ਵਿਚ ਪੜਾਅਵਾਰ ਕਰਵਾਇਆ ਜਾਵੇਗਾ। ਇਸ ਅਮਲ ਅਧੀਨ ਕੇਰਲਾ ਦੇ ਸਾਰੇ ਹਲਕੇ ਵੀ ਸ਼ਾਮਲ ਹੋਣਗੇ। ਉਹ ਕੇਰਲਾ ਦੇ ਵਾਇਨਾਡ ਲੋਕ ਸਭਾ ਹਲਕੇ ਵਿਚ ਚੋਣ ਕਰਵਾਉਣ ਬਾਰੇ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਜ਼ਿਕਰਯੋਗ ਹੈ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ ਸੂਰਤ ਦੀ ਅਦਾਲਤ ਵੱਲੋਂ ਅਪਰਾਧਿਕ ਮਾਣਹਾਨੀ ਕੇਸ ਵਿਚ ਸਜਾ ਸੁਣਾਏ ਜਾਣ ਮਗਰੋਂ ਅਯੋਗ ਠਹਿਰਾਏ ਜਾਣ ਪਿੱਛੋਂ ਇਹ ਸੀਟ ਖਾਲੀ ਹੋ ਗਈ ਸੀ।

ਕਮਿਸ਼ਨ ਦੇ ਬੁਲਾਰੇ ਨੇ ਦੱਸਿਆ, 'ਚੋਣ ਕਮਿਸ਼ਨ ਵੱਲੋਂ ਪੜਾਅਵਾਰ ਸ਼ੁਰੂ ਕੀਤੇ ਜਾਣ ਵਾਲੇ ਅਮਲ ਸਬੰਧੀ ਕੈਲੰਡਰ ਜਾਰੀ ਕੀਤਾ ਗਿਆ ਹੈ। ਇਨ੍ਹਾਂ ਨਿਰਦੇਸ਼ਾਂ ਦੇ ਆਧਾਰ ਸੂਬਾਈ ਮੁੱਖ ਚੋਣ ਅਫਸਰ ਕੰਮ ਕਰਨਗੇ। ਉਨ੍ਹਾਂ ਦੱਸਿਆ ਕਿ ਰਾਜਸਥਾਨ, ਮਿਜ਼ੋਰਮ, ਛਤੀਸਗੜ੍ਹ, ਤੇਲੰਗਾਨਾ ਤੇ ਮੱਧ ਪ੍ਰਦੇਸ਼ ਜਿੱਥੇ ਇਸ ਸਾਲ ਚੋਣਾਂ ਹੋਣੀਆਂ ਹਨ, ਵਿਚ ਮੁਢਲੇ ਪੜਾਅ 'ਤੇ ਮਸ਼ੀਨਾਂ ਦੀ ਜਾਂਚ ਕੀਤੀ ਜਾਵੇਗੀ। ਇਸ ਤੋਂ ਇਲਾਵਾ ਵਿਧਾਨ ਸਭਾ ਤੇ ਸੰਸਦੀ ਹਲਕਿਆਂ ਜਿੱਥੇ ਜ਼ਿਮਨੀ ਚੋਣਾਂ ਹੋਣੀਆਂ ਹਨ, ਵਿਚ ਮਸ਼ੀਨਾਂ ਦੀ ਨਿਰਖ ਪਰਖ ਕੀਤੀ ਜਾਵੇਗੀ। ਮੌਜੂਦਾ ਸਮੇਂ ਵਾਇਨਾਡ, ਪੁਣੇ ਤੇ ਚੰਦਰਪੁਰ (ਮਹਾਰਾਸ਼ਟਰ), ਗਾਜੀਪੁਰ (ਉਤਰ ਪ੍ਰਦੇਸ਼) ਤੇ ਅੰਬਾਲਾ (ਹਰਿਆਣਾ) ਲੋਕ ਸਭਾ ਸੀਟਾਂ ਖਾਲੀ ਹਨ।

# ਕੇਂਦਰ ਦੇ ਆਰਡੀਨੈਂਸ ਲਈ ਹੋਰ ਸੂਬੇ ਵੀ ਤਿਆਰ ਰਹਿਣ: ਕੇਜਰੀਵਾਲ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਵਿਚ ਸੇਵਾਵਾਂ 'ਤੇ ਕੰਟਰੋਲ ਲਈ ਕੇਂਦਰ ਵੱਲੋਂ ਆਰਡੀਨੈਂਸ ਲਿਆਉਣ ਦਾ ਵਿਰੋਧ ਕਰਦਿਆਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦਿੱਲੀ 'ਤੇ ਸਭ ਤੋਂ ਪਹਿਲਾਂ 'ਹਮਲਾ' ਹੋਇਆ ਹੈ ਅਤੇ ਜੇਕਰ ਇਸ ਦਾ ਵਿਰੋਧ ਨਾ ਕੀਤਾ ਗਿਆ ਤਾਂ ਹੋਰ ਸੂਬਿਆਂ 'ਚ ਵੀ ਅਜਿਹੇ ਆਰਡੀਨੈਂਸ ਲਿਆਂਦੇ ਜਾਣਗੇ। ਰਾਮਲੀਲਾ ਮੈਦਾਨ 'ਚ 'ਆਪ' ਦੀ 'ਮਹਾ ਰੈਲੀ' ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਦਾਅਵਾ ਕੀਤਾ ਕਿ ਕੇਂਦਰ ਦਾ ਆਰਡੀਨੈਂਸ ਦਿੱਲੀ ਦੇ ਲੋਕਾਂ ਦੀ ਤੌਹੀਨ ਹੈ। ਤਿੱਖੀ ਗਰਮੀ ਦੇ ਬਾਵਜੂਦ 'ਮਹਾ ਰੈਲੀ' 'ਚ ਹਜ਼ਾਰਾਂ ਲੋਕ ਇਕੱਠੇ ਹੋਏ ਜਿਸ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, 'ਆਪ' ਦੇ ਸੀਨੀਅਰ ਆਗੂਆਂ ਅਤੇ ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਵੀ ਹਾਜਰੀ ਭਰੀ। ਰੈਲੀ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਭਾਜਪਾ ਦੀ



ਅਗਵਾਈ ਹੇਠਲੀ ਕੇਂਦਰ ਸਰਕਾਰ 'ਤੇ ਸੰਵਿਧਾਨ 'ਚ ਯਕੀਨ ਨਾ ਰੱਖਣ ਦੇ ਦੋਸ਼ ਲਾਏ। 'ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਖਦੇ ਹਨ ਕਿ ਉਹ ਸੁਪਰੀਮ ਕੋਰਟ ਦਾ ਫੈਸਲਾ ਨਹੀਂ ਮੰਨਦੇ ਹਨ ਤਾਂ ਇਹ 'ਹਿਟਲਰਸ਼ਾਹੀ' ਹੈ। ਮੋਦੀ ਜੀ ਦਾ ਕਾਲਾ ਆਰਡੀਨੈਂਸ ਆਖਦਾ ਹੈ ਕਿ 'ਮੈਂ ਲੋਕਤੰਤਰ ਨੂੰ ਨਹੀਂ ਮੰਨਦਾ ਹਾਂ।' ਦਿੱਲੀ 'ਚ ਹੁਣ ਦਮਨਕਾਰੀ ਸ਼ਾਸਨ ਹੋਵੇਗਾ। ਹੁਣ ਦਿੱਲੀ ਦੇ ਲੋਕ ਨਹੀਂ ਸਗੋਂ ਲੈਫਟੀਨੈਂਟ ਗਵਰਨਰ ਸੁਪਰੀਮ ਹੋਵੇਗਾ।' ਕੇਂਦਰ ਵੱਲੋਂ ਦਿੱਲੀ 'ਚ ਗਰੁੱਪ-ਏ ਦੇ ਅਧਿਕਾਰੀਆਂ ਦੇ ਤਬਾਦਲੇ ਅਤੇ ਤਾਇਨਾਤੀ ਲਈ 19 ਮਈ ਨੂੰ ਆਰਡੀਨੈਂਸ ਲਿਆਂਦਾ ਗਿਆ ਸੀ।

# ਮਨੀਪੁਰ ਹਿੰਸਾ: ਰਾਹਤ ਕੈਂਪਾਂ 'ਚ ਗਿਣਤੀ 50 ਹਜ਼ਾਰ ਤੋਂ ਟੱਪੀ

**ਇੰਫਾਲ:** ਮਨੀਪੁਰ ਵਿਚ ਜਾਤੀ ਹਿੰਸਾ ਦੌਰਾਨ ਘਰ-ਬਾਰ ਛੱਡਣ ਵਾਲੇ 50 ਹਜ਼ਾਰ ਤੋਂ ਉਤੇ ਲੋਕ ਮੌਜੂਦਾ ਸਮੇਂ ਸੂਬੇ ਭਰ ਦੇ 349 ਰਾਹਤ ਕੈਂਪਾਂ ਵਿਚ ਰਹਿ ਰਹੇ ਹਨ। ਸੂਬਾਈ ਸੂਚਨਾ ਤੇ ਲੋਕ ਸੰਪਰਕ ਮੰਤਰੀ ਡਾ. ਆਰ ਕੇ ਰੰਜਨ ਨੇ ਦੱਸਿਆ ਕਿ ਸਾਰੇ ਜ਼ਿਲ੍ਹਿਆਂ ਵਿਚ ਖਾਸ ਕਰ ਸੰਵੇਦਨਸ਼ੀਲ ਇਲਾਕਿਆਂ ਵਿਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਦੌਰਾਨ 53 ਹਥਿਆਰ ਤੇ 39 ਬੰਬ ਬਰਾਮਦ ਕੀਤੇ ਗਏ ਹਨ। ਰੰਜਨ, ਜੋ ਸੂਬਾਈ ਸਰਕਾਰ ਦੇ ਬੁਲਾਰੇ ਵੀ ਹਨ, ਨੇ ਦੱਸਿਆ ਕਿ ਜਾਤੀ ਹਿੰਸਾ ਕਾਰਨ ਪ੍ਰਭਾਵਿਤ ਹੋਏ ਵਿਦਿਆਰਥੀਆਂ ਦੀ ਸਿੱਖਿਆ ਲਈ ਖਾਕਾ ਤਿਆਰ ਕੀਤਾ ਗਿਆ ਹੈ ਅਤੇ ਇਸ ਨੂੰ ਛੇਤੀ ਹੀ ਜਨਤਕ ਕੀਤਾ ਜਾਵੇਗਾ। ਮੰਤਰੀ ਦੇ ਹਵਾਲੇ ਨਾਲ ਜਾਰੀ ਅਧਿਕਾਰਿਤ ਬਿਆਨ ਵਿਚ ਕਿਹਾ ਗਿਆ,'ਜਾਤੀ ਹਿੰਸਾ ਕਾਰਨ ਘਰ-ਬਾਰ ਛੱਡਣ ਵਾਲੇ ਕੁੱਲ 50,698 ਲੋਕਾਂ ਨੇ ਮੌਜੂਦਾ ਸਮੇਂ 349 ਰਾਹਤ ਕੈਂਪਾਂ ਵਿਚ ਪਨਾਹ ਲਈ ਹੋਈ ਹੈ। ਜ਼ਿਲ੍ਹਾ ਤੇ ਕਲੱਸਟਰ ਨੋਡਲ ਅਧਿਕਾਰੀਆਂ ਨੂੰ



ਵਿਸ਼ੇਸ਼ ਤੌਰ 'ਤੇ ਔਰਤਾਂ, ਬਜ਼ੁਰਗਾਂ ਤੇ ਬੱਚਿਆਂ ਦੀ ਦੇਖਭਾਲ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਜਰੂਰੀ ਵਸਤਾਂ ਦੀਆਂ ਕੀਮਤਾਂ ਨੂੰ ਵਧਣ ਤੋਂ ਰੋਕਣ ਲਈ ਉਚੇਚੇ ਕਦਮ ਚੁੱਕੇ ਗਏ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰੀ ਰਾਜਮਾਰਗ 37 ਰਾਹੀਂ ਵਿਭਿੰਨ ਵਸਤਾਂ ਨੂੰ ਸੂਬੇ ਵਿਚ ਲਿਆਂਦਾ ਜਾ ਰਿਹਾ ਹੈ। ਬਿਆਨ ਵਿਚ ਕਿਹਾ ਗਿਆ ਕਿ ਮਈ ਦੀ ਸ਼ੁਰੂਆਤ ਵਿਚ ਹਿੰਸਾ ਭੜਕਣ ਮਗਰੋਂ 35,000 ਮੀਟ੍ਰਿਕ ਟਨ ਉਸਾਰੀ ਸਮੱਗਰੀ, ਈਂਧਨ ਤੇ ਜਰੂਰੀ ਸਾਮਾਨ ਨੂੰ 2376 ਟਰੱਕਾਂ ਰਾਹੀਂ ਮਨੀਪੁਰ ਲਿਆਂਦਾ ਗਿਆ ਹੈ। ਰੰਜਨ ਨੇ ਕਿਹਾ ਕਿ ਮੌਜੂਦਾ 242 ਬੈਂਕ ਦੀਆਂ ਬਰਾਂਚਾਂ ਵਿਚੋਂ ਕੁੱਲ 198 ਚਾਲੂ ਹਨ ਅਤੇ ਬਾਕੀਆਂ ਨੂੰ ਵੀ ਛੇਤੀ ਚਾਲੂ ਕਰ ਦਿੱਤਾ ਜਾਵੇਗਾ।

# ਤੇਲ ਕੀਮਤਾਂ: ਪੰਜਾਬ ਸਰਕਾਰ ਨੇ ਲੋਕਾਂ 'ਤੇ 620 ਕਰੋੜ ਦਾ ਭਾਰ ਪਾਇਆ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਤੇਲ ਕੀਮਤਾਂ 'ਚ ਵਾਧੇ ਦਾ ਐਲਾਨ ਕੀਤਾ ਹੈ ਜਿਸ ਨਾਲ ਸੂਬੇ ਦੇ ਲੋਕਾਂ ਉਤੇ ਕਰੀਬ 620 ਕਰੋੜ ਰੁਪਏ ਦਾ ਵਾਧੂ ਬੋਝ ਪੈਣ ਦਾ ਅਨੁਮਾਨ ਹੈ। ਪੰਜਾਬ ਵਿਚ ਪੈਟਰੋਲ ਦੀ ਕੀਮਤ ਵਿਚ 92 ਪੈਸੇ ਪ੍ਰਤੀ ਲਿਟਰ ਅਤੇ ਡੀਜ਼ਲ ਦੀ ਕੀਮਤ ਵਿਚ 88 ਪੈਸੇ ਪ੍ਰਤੀ ਲਿਟਰ ਦਾ ਵਾਧਾ ਹੋ ਗਿਆ ਹੈ। ਬੇਸ਼ੱਕ ਸੂਬਾ ਸਰਕਾਰ ਇਸ ਕਦਮ ਨਾਲ ਮਾਲੀਆ ਜੁਟਾਏਗੀ ਪਰ ਆਮ ਲੋਕਾਂ ਦੀ ਜੇਬ 'ਤੇ ਭਾਰ ਪਵੇਗਾ। ਇਸ ਦੇ ਨਾਲ ਹੀ ਕਿਸਾਨਾਂ ਦੇ ਲਾਗਤ ਖਰਚੇ ਵੀ ਵਧਣਗੇ। ਪੰਜਾਬ ਸਰਕਾਰ ਨੇ ਬਜਟ ਵਿਚ ਕਿਸੇ ਤਰ੍ਹਾਂ ਦਾ ਕੋਈ ਟੈਕਸ ਨਹੀਂ ਲਗਾਇਆ ਸੀ।

'ਆਪ' ਸਰਕਾਰ ਵੱਲੋਂ ਤੇਲ ਕੀਮਤਾਂ 'ਚ ਦੂਜੀ ਵਾਰ ਵਾਧਾ ਕੀਤਾ ਗਿਆ ਹੈ। ਆਬਕਾਰੀ ਤੇ ਕਰ ਵਿਭਾਗ ਵੱਲੋਂ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਜਿਸ ਅਨੁਸਾਰ ਹੁਣ ਡੀਜ਼ਲ ਦੀ ਕੀਮਤ 88.95 ਰੁਪਏ ਪ੍ਰਤੀ ਲਿਟਰ ਅਤੇ ਪੈਟਰੋਲ ਦੀ ਕੀਮਤ 98.65 ਰੁਪਏ ਪ੍ਰਤੀ ਲਿਟਰ ਹੋ ਗਈ ਹੈ।

ਸਰਕਾਰੀ ਅਧਿਕਾਰੀ ਆਖਦੇ ਹਨ ਕਿ ਪੰਜਾਬ ਵਿਚ ਡੀਜ਼ਲ ਗੁਆਂਢੀ ਸੂਬੇ ਹਰਿਆਣਾ ਨਾਲੋਂ ਸਸਤਾ ਰਹੇਗਾ ਅਤੇ ਰਾਜਸਥਾਨ ਨਾਲੋਂ ਡੀਜ਼ਲ ਪੈਟਰੋਲ ਦੀਆਂ ਕੀਮਤਾਂ ਘੱਟ ਰਹਿਣਗੀਆਂ।

ਪੰਜਾਬ ਸਰਕਾਰ ਦੀਆਂ ਦੇਣਦਾਰੀਆਂ ਵਧ ਰਹੀਆਂ ਹੈ ਜਿਸ ਦੇ ਮੱਦੇਨਜ਼ਰ ਸਰਕਾਰ ਇਸ ਵਾਧੇ ਨੂੰ ਆਪਣੀ ਮਜਬੂਰੀ ਦੱਸ ਰਹੀ ਹੈ। ਸੂਬੇ ਵਿਚ ਇਸ ਵੇਲੇ ਸਾਲਾਨਾ ਕਰੀਬ 45 ਹਜ਼ਾਰ ਕਰੋੜ ਰੁਪਏ ਦੇ ਤੇਲ ਦੀ ਖਪਤ ਹੈ। ਇਸ ਵਿਚੋਂ 388.69 ਕਰੋੜ ਲਿਟਰ ਡੀਜ਼ਲ ਦੀ ਖਪਤ ਹੈ ਜਦੋਂ ਕਿ 135 ਕਰੋੜ ਪੈਟਰੋਲ ਵਿਕਦਾ ਹੈ।

## ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਤਿੱਖੇ ਸਵਾਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਕੀਮਤਾਂ ਵਿਚ ਵਾਧਾ ਕਰ ਕੇ ਆਮ ਲੋਕਾਂ 'ਤੇ ਵਾਧੂ ਬੋਝ ਪਾਇਆ ਜਾ ਰਿਹਾ ਹੈ। ਉਨ੍ਹਾਂ ਤੇਲ ਕੀਮਤਾਂ ਵਿਚਲਾ ਵਾਧਾ ਵਾਪਸ ਲੈਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਨਾਲ ਕਿਸਾਨਾਂ ਦੇ ਲਾਗਤ ਖਰਚੇ ਵੀ ਵਧਣਗੇ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ 'ਆਪ' ਸਰਕਾਰ ਨੇ ਇਹ ਇਕ ਹੋਰ ਲੋਕ ਮਾਰੂ ਫੈਸਲਾ ਲਿਆ ਹੈ ਅਤੇ ਤੇਲ ਕੀਮਤਾਂ ਵਿਚ ਵਾਧੇ ਨਾਲ ਪੰਜਾਬ ਸਰਕਾਰ ਦੀ ਨਾਕਾਮੀ ਤੇ ਅਯੋਗਤਾ ਬੇਪਰਦ ਹੋ ਗਈ ਹੈ। ਉਨ੍ਹਾਂ ਨਿੰਦਾ ਕਰਦਿਆਂ ਕਿਹਾ ਕਿ ਤੇਲ ਕੀਮਤਾਂ ਵਿਚ ਵਾਧੇ ਨਾਲ ਪੰਜਾਬੀਆਂ 'ਤੇ ਵਿੱਤੀ ਬੋਝ ਹੋਰ ਪਵੇਗਾ।

## ਤੇਲ ਕੀਮਤਾਂ ਘਟਾਉਣ ਦਾ ਫੈਸਲਾ ਹਾਲਾਤ 'ਤੇ ਨਿਰਭਰ: ਪੁਰੀ

**ਨਵੀਂ ਦਿੱਲੀ:** ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਜੇ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਸਥਿਰ ਰਹਿੰਦੀਆਂ ਹਨ ਤਾਂ ਤੇਲ ਕੰਪਨੀਆਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਘਟਾਉਣ ਬਾਰੇ ਵਿਚਾਰ ਕਰਨ ਦੀ ਸਥਿਤੀ ਵਿਚ ਹੋਣਗੀਆਂ। ਕੇਂਦਰੀ ਮੰਤਰੀ ਨੇ ਕਿਹਾ ਕਿ ਤੇਲ ਕੰਪਨੀਆਂ ਦੇ ਆਉਣ ਵਾਲੇ ਤਿਮਾਹੀ ਨਤੀਜੇ ਚੰਗੇ ਆਉਣਗੇ।

# ਅਦਾਕਾਰ ਮੰਗਲ ਢਿੱਲੋਂ ਦਾ ਦੇਹਾਂਤ



**ਲੁਧਿਆਣਾ:** ਟੀਵੀ ਲੜੀਵਾਰ 'ਜਨੂੰਨ' ਅਤੇ 'ਬੁਨਿਆਦ' ਵਿਚ ਆਪਣੀ ਦਮਦਾਰ ਅਦਾਕਾਰੀ ਲਈ ਜਾਣੇ ਜਾਂਦੇ ਅਦਾਕਾਰ ਮੰਗਲ ਢਿੱਲੋਂ (64) ਦਾ ਦੇਹਾਂਤ ਹੋ ਗਿਆ। ਉਹ ਪਿਛਲੇ ਲੰਮੇ ਸਮੇਂ ਤੋਂ ਕੈਂਸਰ ਨਾਲ ਜੂਝ ਰਹੇ ਸਨ ਅਤੇ ਉਨ੍ਹਾਂ ਪਿੰਡ ਨੀਲੋ ਕਲਾਂ ਵਿਚ ਆਖਰੀ ਸਾਹ ਲਏ।

ਸ੍ਰੀ ਢਿੱਲੋਂ ਨੇ ਹਿੰਦੀ ਫਿਲਮ 'ਖੂਨ ਭਰੀ ਮਾਂਗ' ਅਤੇ 'ਵਿਸ਼ਵਾਤਮਾ' ਵਿਚ ਅਹਿਮ ਭੂਮਿਕਾ ਨਿਭਾਈਆਂ ਸਨ। ਉਨ੍ਹਾਂ ਦਾ ਲੁਧਿਆਣਾ ਦੇ ਇਕ ਨਿੱਜੀ ਹਸਪਤਾਲ ਇਲਾਜ ਚੱਲ ਰਿਹਾ ਸੀ ਪਰ ਕੁਝ ਦਿਨ ਪਹਿਲਾਂ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਨੂੰ ਘਰ ਲੈ ਗਿਆ ਸੀ। ਅਦਾਕਾਰ ਦੀ ਭੈਣ ਰਣਜੀਤ ਕੌਰ ਨੇ ਆਖਿਆ ਕਿ ਮੰਗਲ ਢਿੱਲੋਂ ਦਾ ਨੀਲੋ ਕਲਾਂ 'ਚ ਦੇਹਾਂਤ ਹੋ ਗਿਆ। ਸ੍ਰੀ ਢਿੱਲੋਂ ਦਾ ਜਨਮ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਵਾਂਦਰ ਜਟਾਣਾ 'ਚ ਹੋਇਆ ਸੀ ਤੇ ਬਾਅਦ ਵਿਚ ਉਨ੍ਹਾਂ ਦਾ ਪਰਿਵਾਰ ਉੱਤਰ ਪ੍ਰਦੇਸ਼ ਵਿਚ ਵਸ ਗਿਆ ਸੀ, ਜਿਥੇ ਉਨ੍ਹਾਂ ਦੇ ਪਿਤਾ ਖੇਤੀਬਾੜੀ ਕਰਦੇ ਸਨ। ਸ੍ਰੀ ਢਿੱਲੋਂ ਨੇ ਤਿੰਨ ਦਹਾਕੇ ਲੰਮੇ ਕਰੀਅਰ ਦੌਰਾਨ ਟੀਵੀ ਲੜੀਵਾਰ 'ਬੁਨਿਆਦ' (1986-87) 'ਚ ਲਭਾਇਆ ਰਾਮ ਦੇ ਕਿਰਦਾਰ ਨਾਲ ਪਛਾਣ ਕਾਇਮ ਕੀਤੀ। ਇਸੇ ਤਰ੍ਹਾਂ ਉਨ੍ਹਾਂ ਸਾਲ 1994 ਦੌਰਾਨ ਲੜੀਵਾਰ 'ਜਨੂੰਨ' ਵਿਚ ਸੁਮੀਰ ਰਾਜਵੰਸ਼ ਦੀ ਭੂਮਿਕਾ ਨਿਭਾਈ। ਉਨ੍ਹਾਂ ਹਿੰਦੀ ਤੇ ਪੰਜਾਬੀ ਵਿਚ ਫਿਲਮਾਂ ਵਿਚ ਕੰਮ ਕੀਤਾ। ਉਨ੍ਹਾਂ ਨੂੰ ਫਿਲਮ 'ਖਾਲਸਾ' ਲਈ ਪੰਜਾਬ ਸਰਕਾਰ ਵੱਲੋਂ ਸਨਮਾਨਿਤ ਵੀ ਕੀਤਾ ਗਿਆ ਸੀ। ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੰਗਲ ਢਿੱਲੋਂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਸਿੱਧੂ ਮੂਸੇਵਾਲਾ ਦੇ ਜਨਮ ਦਿਨ ਮੌਕੇ ਭਾਵੁਕ ਹੋਏ ਮਾਪੇ



**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਭਾਵੁਕ ਹੁੰਦਿਆਂ ਆਪਣੇ ਪੁੱਤ ਦਾ ਜਨਮ ਦਿਨ ਉਸ ਦੇ ਪ੍ਰਸ਼ੰਸਕਾਂ ਨਾਲ ਮਨਾਇਆ। ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਪਣੇ ਪੁੱਤ ਨੂੰ ਯਾਦ ਕਰਦਿਆਂ ਕਿਹਾ, ''ਜੇ ਅੱਜ ਸਿੱਧੂ ਸਾਡੇ ਵਿਚਕਾਰ ਹੁੰਦਾ ਤਾਂ ਮਨ ਖੁਸ਼ ਹੁੰਦਾ ਪਰ ਅੱਜ ਉਦਾਸੀ ਨਾਲ ਸਾਰੇ ਉਸ ਦਾ ਜਨਮ ਦਿਨ ਮਨਾ ਰਹੇ ਹਨ।''

ਉਨ੍ਹਾਂ ਪੰਜਾਬ ਸਰਕਾਰ ਨੂੰ ਕੋਸਦਿਆਂ ਕਿਹਾ ਕਿ ਲਾਰੈਂਸ ਬਿਸ਼ਨੋਈ 'ਤੇ ਸਰਕਾਰ ਦੀ ਮਿਹਰਬਾਨੀ ਕਾਰਨ ਉਹ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦੇ ਕਾਤਲ ਲੋਕਾਂ ਤੋਂ ਲੱਖਾਂ ਰੁਪਏ ਦੀਆਂ ਫਿਰੌਤੀਆਂ ਲੈ ਰਹੇ ਹਨ ਅਤੇ ਪੰਜਾਬ ਸਰਕਾਰ ਗੈਂਗਸਟਰਾਂ ਖਿਲਾਫ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਅਜੇ ਤੱਕ ਸਰਕਾਰ ਇਹ ਵੀ ਪਤਾ ਨਹੀਂ ਲਾ ਸਕੀ ਕਿ ਲਾਰੈਂਸ ਦੀ ਇੰਟਰਵਿਊ ਕਿਹੜੀ ਜੇਲ੍ਹ ਵਿਚੋਂ ਹੋਈ ਹੈ।

ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਸੋਸ਼ਲ ਮੀਡੀਆ 'ਤੇ ਆਪਣੇ ਪੁੱਤਰ ਲਈ ਇਕ ਭਾਵੁਕ ਪੋਸਟ ਸਾਂਝੀ ਕੀਤੀ ਹੈ। ਉਨ੍ਹਾਂ ਆਖਿਆ, "ਜਨਮ ਦਿਨ ਮੁਬਾਰਕ ਪੁੱਤਰ, ਅੱਜ ਦੇ ਦਿਨ ਮੇਰੀਆਂ ਇੱਛਾਵਾਂ ਤੇ ਅਰਦਾਸਾਂ ਪੂਰੀਆਂ ਹੋਈਆਂ, ਜਦੋਂ ਮੈਂ ਪਹਿਲੀ ਵਾਰ ਤੈਨੂੰ ਆਪਣੀਆਂ ਬਾਹਾਂ ਦੇ ਨਿੱਘ ਵਿਚ ਮਹਿਸੂਸ ਕੀਤਾ ਸੀ, ਮੈਨੂੰ ਪਤਾ ਲੱਗਿਆ ਸੀ ਕਿ ਮੈਨੂੰ ਅਕਾਲ ਪੁਰਖ ਨੇ ਪੁੱਤਰ ਦੀ ਦਾਤ ਬਖਸ਼ੀ ਹੈ।" ਉਨ੍ਹਾਂ ਕਿਹਾ ਕਿ ਜਦੋਂ ਤੱਕ ਇਨਸਾਫ ਨਹੀਂ ਮਿਲਦਾ ਉਹ ਚੁੱਪ ਨਹੀਂ ਬੈਠਣਗੇ।

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਜਨਮ ਦਿਨ ਮੌਕੇ ਸ਼ਰਧਾਂਜਲੀ ਭੇਟ ਕਰਨ ਲਈ ਬਰਤਾਨਵੀ ਰੈਪਰ ਸਟੈਫਲੋਨ ਡੌਨ ਪਿੰਡ ਮੂਸਾ ਪੁੱਜੀ। ਬਰਤਾਨਵੀ ਕਲਾਕਾਰ ਦਾ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਸਵਾਗਤ ਕੀਤਾ। ਸਟੈਫਲੋਨ ਡੌਨ ਨੇ ਸਿੱਧੂ ਮੂਸੇਵਾਲਾ ਨਾਲ ਗੀਤ 'ਇਨਵਿਨਸੀਬਲ' ਅਤੇ '47' ਵਿਚ ਕੰਮ ਕੀਤਾ ਸੀ। ਸਟੈਫਲੋਨ ਡੌਨ ਨੇ ਕਿਹਾ, ''ਮੈਂ ਸਿੱਧੂ ਮੂਸੇਵਾਲਾ ਨਾਲ ਕੁਝ ਸਮਾਂ ਬਿਤਾਇਆ ਸੀ ਅਤੇ ਮੈਂ ਕਹਿਣਾ ਚਾਹਾਂਗੀ ਕਿ ਉਹ ਲਾਜਵਾਬ ਨੌਜਵਾਨ ਸੀ। ਉਹ ਆਪਣੇ ਲੋਕਾਂ ਨਾਲ ਖੜ੍ਹਦਾ ਸੀ ਅਤੇ ਇਹੀ ਵਜ੍ਹਾ ਹੈ ਕਿ ਮੈਂ ਉਸ ਨੂੰ ਸਭ ਤੋਂ ਵੱਧ ਪਸੰਦ ਕਰਦੀ ਹਾਂ... ਸਿੱਧੂ ਹਮੇਸ਼ਾ ਸਾਡੇ ਦਿਲਾਂ ਵਿਚ ਰਹੇਗਾ।'' ਸਟੈਫਲੋਨ ਨੇ ਕਿਹਾ ਕਿ ਉਹ ਇਕ ਗੀਤ ਦੀ ਸ਼ੂਟਿੰਗ ਵੀ ਇਸ ਇਲਾਕੇ ਵਿਚ ਕਰਕੇ ਜਾਵੇਗੀ।

## ਸਰਕਾਰ ਮੇਰੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ: ਲੱਖਾ ਸਿਧਾਣਾ

**ਚੰਡੀਗੜ੍ਹ:** ਸਮਾਜ ਸੇਵੀ ਕਾਰਕੁਨ ਲੱਖਾ ਸਿਧਾਣਾ ਨੇ 'ਆਪ' ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਸੂਬਾ ਸਰਕਾਰ ਉਸ ਦੀ ਆਵਾਜ਼ ਦਬਾਉਣ ਲਈ ਕੋਈ ਝੂਠਾ ਪੁਲਿਸ ਕੇਸ ਦਰਜ ਕਰਕੇ ਹਿਰਾਸਤ ਵਿਚ ਲੈਣ ਮਗਰੋਂ ਸਾਜ਼ਿਸ਼ ਤਹਿਤ ਉਸ ਨੂੰ ਮਰਵਾ ਸਕਦੀ ਹੈ। ਲੱਖਾ ਸਿਧਾਣਾ ਨੇ ਕਿਹਾ ਕਿ ਪੰਜਾਬ ਪੁਲਿਸ ਉਸ ਖ਼ਿਲਾਫ਼ ਦਰਜ ਪੁਰਾਣੇ ਕੇਸਾਂ ਨੂੰ ਮੁੜ ਖੋਲ੍ਹਣ ਲੱਗੀ ਹੈ, ਜਿਨ੍ਹਾਂ ਨੂੰ ਪਹਿਲਾਂ ਰੱਦ ਕਰਨ ਦੀ ਰਿਪੋਰਟ ਭਰ ਚੁੱਕੀ ਹੈ। ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਮੋਦੀ ਸਰਕਾਰ ਦੀ ਤਰਜ਼ ਉਤੇ 'ਆਪ' ਸਰਕਾਰ ਵੀ ਪੰਜਾਬ ਵਿਚ ਤਾਨਾਸ਼ਾਹੀ ਨਿਜ਼ਾਮ ਕਾਇਮ ਕਰ ਰਹੀ ਹੈ। ਉਨ੍ਹਾਂ ਲੱਖਾ ਸਿਧਾਣਾ ਦੀ ਹਮਾਇਤ ਕਰਦਿਆਂ ਚਿਤਾਵਨੀ ਦਿੱਤੀ ਕਿ ਪੰਜਾਬ ਨੂੰ ਕਿਸੇ ਤਰ੍ਹਾਂ ਡਰ ਅਤੇ ਖ਼ੌਫ਼ ਨਾਲ ਦਬਾਇਆ ਨਹੀਂ ਜਾ ਸਕਦਾ ਹੈ।

# ਹੁਣ ਪੰਜਾਬ ਭਰ ਵਿਚ ਲੱਗਣਗੇ ਵਿਰਾਸਤੀ ਮੇਲੇ




**ਚੰਡੀਗੜ੍ਹ:** ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਅਨਮੋਲ ਗਗਨ ਮਾਨ ਨੇ ਆਖਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਅਮੀਰ ਵਿਰਾਸਤ ਅਤੇ ਸਭਿਆਚਾਰਕ ਮਹੱਤਵ ਨੂੰ ਉਜਾਗਰ ਕਰਨ ਲਈ ਵਿਰਾਸਤੀ ਮੇਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸੂਬੇ ਵਿਚ ਸਾਲ ਭਰ 22 ਮੇਲੇ ਕਰਵਾਏ ਜਾਣਗੇ।

ਸ੍ਰੀ ਮੁਕਤਸਰ ਸਾਹਿਬ ਵਿਚ ਮਾਘੀ ਮੇਲਾ, ਫ਼ਿਰੋਜ਼ਪੁਰ ਵਿਚ ਬਸੰਤ ਮੇਲਾ ਅਤੇ ਜਨਵਰੀ ਵਿਚ ਕਪੂਰਥਲਾ ਹੈਰੀਟੇਜ ਫੈਸਟੀਵਲ ਹੋਵੇਗਾ। ਇਸੇ ਤਰ੍ਹਾਂ ਲੁਧਿਆਣਾ ਵਿਚ ਕਿਲ੍ਹਾ ਰਾਏਪੁਰ ਦਿਹਾਤੀ ਓਲੰਪਿਕ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਠਿੰਡਾ 'ਚ ਵਿਰਾਸਤੀ ਮੇਲਾ ਅਤੇ ਵਿਸਾਖੀ ਮੇਲਾ, ਮਾਰਚ 'ਚ ਪਟਿਆਲਾ ਹੈਰੀਟੇਜ ਫੈਸਟੀਵਲ ਤੇ ਸ੍ਰੀ ਆਨੰਦਪੁਰ ਸਾਹਿਬ ਵਿਚ ਹੋਲਾ ਮਹੱਲਾ, ਅਗਸਤ ਵਿਚ ਸੰਗਰੂਰ 'ਚ ਤੀਆਂ ਦਾ ਮੇਲਾ, ਸਤੰਬਰ ਵਿਚ ਸ਼ਹੀਦ ਭਗਤ ਸਿੰਘ ਨਗਰ 'ਚ ਇਨਕਲਾਬ ਫੈਸਟੀਵਲ, ਮਾਨਸਾ ਵਿਚ ਮਾਲਵਾ ਦੇ ਸਭਿਆਚਾਰ ਅਤੇ ਪਕਵਾਨਾਂ ਨੂੰ ਉਜਾਗਰ ਕਰਨ ਵਾਲਾ ਦੂਨ ਫੈਸਟੀਵਲ, ਫਾਜ਼ਿਲਕਾ ਵਿਚ ਪੰਜਾਬ ਹੈਂਡੀਕਰਾਫਟ ਫੈਸਟੀਵਲ, ਨਵੰਬਰ ਵਿਚ ਜਲੰਧਰ 'ਚ ਘੋੜਸਵਾਰ ਮੇਲਾ, ਚੰਡੀਗੜ੍ਹ ਵਿਚ ਮਿਲਟਰੀ ਲਿਟਰੇਚਰ ਫੈਸਟੀਵਲ, ਪਠਾਨਕੋਟ ਵਿਚ ਦਰਿਆਵਾਂ ਦਾ ਮੇਲਾ, ਮਾਲੇਰਕੋਟਲਾ 'ਚ ਸੂਫ਼ੀ ਫੈਸਟੀਵਲ ਆਦਿ ਕਰਵਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਸ੍ਰੀ ਆਨੰਦਪੁਰ ਸਾਹਿਬ ਵਿਚ 'ਨਿਹੰਗ ਓਲੰਪਿਕ' ਅਤੇ ਤਰਨ ਤਾਰਨ 'ਚ 'ਦਾਰਾ ਸਿੰਘ ਛਿੰਝ ਓਲੰਪਿਕ' ਦੀ ਸ਼ੁਰੂਆਤ ਕੀਤੀ ਜਾਵੇਗੀ। ਇਸੇ ਤਰ੍ਹਾਂ ਗੁਰਦਾਸਪੁਰ ਵਿਚ ਪਹਿਲਾ 'ਸਰਦਾਰ ਹਰੀ ਸਿੰਘ ਨਲਵਾ ਜੋਸ਼' ਫੈਸਟੀਵਲ ਸ਼ੁਰੂ ਕੀਤਾ ਜਾਵੇਗਾ ਜੋ ਪੰਜਾਬੀਆਂ ਦੀ ਬਹਾਦਰੀ ਨੂੰ ਉਜਾਗਰ ਕਰੇਗਾ। ਜਨਵਰੀ ਵਿਚ ਅੰਮ੍ਰਿਤਸਰ ਵਿਚ 'ਰੰਗਲਾ ਪੰਜਾਬ' ਤਿਉਹਾਰ ਹੋਵੇਗਾ, ਜਿਸ ਵਿਚ ਪੰਜਾਬੀ ਸਭਿਆਚਾਰ ਦੇ ਸਾਰੇ ਪਹਿਲੂਆਂ ਨੂੰ ਇਕ ਥਾਂ 'ਤੇ ਪ੍ਰਦਰਸ਼ਿਤ ਕੀਤਾ ਜਾਵੇਗਾ।

# ਪੰਜਾਬ ਸਣੇ ਸੱਤ ਸੂਬਿਆਂ 'ਚ ਵਿਚਾਲੇ ਪੜ੍ਹਾਈ ਛੱਡਣ ਦੀ ਦਰ ਸਭ ਤੋਂ ਜ਼ਿਆਦਾ



**ਨਵੀਂ ਦਿੱਲੀ:** ਦੇਸ਼ ਦੇ ਸੱਤ ਸੂਬਿਆਂ 'ਚ ਸੈਕੰਡਰੀ ਪੱਧਰ 'ਤੇ ਵਿਦਿਆਰਥੀਆਂ ਵੱਲੋਂ ਪੜ੍ਹਾਈ ਵਿਚਾਲੇ ਹੀ ਛੱਡਣ ਦੀ ਦਰ ਸਾਲ 2021-22 'ਚ ਕੌਮੀ ਔਸਤ 12.6 ਫੀਸਦ ਤੋਂ ਵੱਧ ਹੈ। ਇਨ੍ਹਾਂ ਸੂਬਿਆਂ 'ਚ ਪੰਜਾਬ, ਗੁਜਰਾਤ, ਬਿਹਾਰ, ਕਰਨਾਟਕ ਅਤੇ ਅਸਾਮ ਆਦਿ ਸ਼ਾਮਲ ਹਨ। ਕੇਂਦਰ ਸਰਕਾਰ ਨੇ ਇਨ੍ਹਾਂ ਸੂਬਿਆਂ ਨੂੰ 'ਡਰਾਪ ਆਊਟ' ਦਰ ਘੱਟ ਕਰਨ ਲਈ ਵਿਸ਼ੇਸ਼ ਕਦਮ ਚੁੱਕਣ ਦਾ ਸੁਝਾਅ ਦਿੱਤਾ ਹੈ।

ਸਮੱਗਰ ਸਿੱਖਿਆ ਪ੍ਰੋਗਰਾਮ ਬਾਰੇ ਸਿੱਖਿਆ ਮੰਤਰਾਲੇ ਤਹਿਤ ਪ੍ਰੋਜੈਕਟ ਮਨਜ਼ੂਰੀ ਬੋਰਡ (ਪੀ.ਏ.ਬੀ.) ਦੀ ਸਾਲ 2023-24 ਦੀ ਕਾਰਜ ਯੋਜਨਾ ਸਬੰਧੀ ਮੀਟਿੰਗਾਂ ਦੇ ਦਸਤਾਵੇਜ਼ਾਂ ਤੋਂ ਇਹ ਜਾਣਕਾਰੀ ਮਿਲੀ ਹੈ। ਇਹ ਮੀਟਿੰਗਾਂ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਮਾਰਚ ਅਤੇ ਮਈ ਦੌਰਾਨ ਹੋਈਆਂ ਸਨ। ਸਰਕਾਰ ਨਵੀਂ ਸਿੱਖਿਆ ਨੀਤੀ ਤਹਿਤ ਸਾਲ 2030 ਤੱਕ ਸਕੂਲੀ ਸਿੱਖਿਆ ਦੇ ਪੱਧਰ 'ਤੇ 100 ਫੀਸਦ ਕੁੱਲ ਐਨਰੋਲਮੈਂਟ ਦਰ (ਜੀ.ਈ.ਆਰ.) ਹਾਸਲ ਕਰਨਾ ਚਾਹੁੰਦੀ ਹੈ ਪਰ ਬੱਚਿਆਂ ਦੇ ਪੜ੍ਹਾਈ ਵਿਚਾਲੇ ਹੀ ਛੱਡਣ ਨੂੰ ਇਸ 'ਚ ਅੜਿੱਕਾ ਮੰਨ ਰਹੀ ਹੈ। ਪੀ.ਏ.ਬੀ. ਦੀ ਮੀਟਿੰਗ ਦੇ ਦਸਤਾਵੇਜ਼ਾਂ ਮੁਤਾਬਕ ਸਾਲ 2021-22 'ਚ ਬਿਹਾਰ ਦੇ ਸਕੂਲਾਂ 'ਚ ਸੈਕੰਡਰੀ ਪੱਧਰ 'ਤੇ ਡਰਾਪ ਆਊਟ ਦਰ 20.46 ਫੀਸਦ, ਗੁਜਰਾਤ 'ਚ 17.85 ਫੀਸਦ, ਆਂਧਰਾ ਪ੍ਰਦੇਸ਼ 'ਚ 16.7 ਫੀਸਦ, ਅਸਾਮ 'ਚ 20.3 ਫੀਸਦ, ਕਰਨਾਟਕ 'ਚ 14.6 ਫੀਸਦ, ਪੰਜਾਬ 'ਚ 17.2 ਫੀਸਦ, ਮੇਘਾਲਿਆ 'ਚ 21.7 ਫੀਸਦ ਦਰਜ ਕੀਤੀ ਗਈ। ਦਸਤਾਵੇਜ਼ਾਂ ਮੁਤਾਬਕ ਦਿੱਲੀ ਦੇ ਸਕੂਲਾਂ 'ਚ ਮੁਢਲੇ ਪੱਧਰ 'ਤੇ ਐਨਰੋਲਮੈਂਟ 'ਚ ਕਰੀਬ ਤਿੰਨ ਫੀਸਦ ਦਾ ਵਾਧਾ ਦਰਜ ਕੀਤਾ ਗਿਆ ਹੈ ਜਦਕਿ ਸੈਕੰਡਰੀ ਪੱਧਰ 'ਤੇ ਐਨਰੋਲਮੈਂਟ 'ਚ ਕਰੀਬ ਪੰਜ ਫੀਸਦ ਦੀ ਗਿਰਾਵਟ ਆਈ ਹੈ। ਇਸ 'ਚ ਕਿਹਾ ਗਿਆ ਹੈ ਕਿ ਦਿੱਲੀ 'ਚ ਸਕੂਲੀ ਸਿੱਖਿਆ ਦੇ ਘੇਰੇ ਤੋਂ ਬਾਹਰ ਵੱਡੀ ਗਿਣਤੀ 'ਚ ਵਿਦਿਆਰਥੀ ਹਨ। ਅਜਿਹੇ 'ਚ ਸਿੱਖਿਆ ਦੀ ਮੁੱਖ ਧਾਰਾ 'ਚ ਵਾਪਸ ਲਿਆਂਦੇ ਗਏ ਵਿਦਿਆਰਥੀਆਂ ਦੀ ਗਿਣਤੀ ਬਾਰੇ ਪ੍ਰਦੇਸ਼ ਨੂੰ 'ਪ੍ਰਬੰਧ ਪੋਰਟਲ' 'ਤੇ ਜਾਣਕਾਰੀ ਅਪਲੋਡ ਕਰਨੀ ਚਾਹੀਦੀ ਹੈ।

ਮੀਟਿੰਗ 'ਚ ਮੰਤਰਾਲੇ ਨੇ ਕਿਹਾ ਕਿ ਪੱਛਮੀ ਬੰਗਾਲ 'ਚ ਸੈਕੰਡਰੀ ਸਕੂਲ ਪੱਧਰ 'ਤੇ ਸਾਲ 2020-21 ਦੇ ਮੁਕਾਬਲੇ 'ਚ 2021-22 'ਚ ਡਰਾਪ ਆਊਟ ਦਰ 'ਚ ਕਾਫੀ ਸੁਧਾਰ ਦਰਜ ਕੀਤਾ ਗਿਆ ਹੈ। ਦਸਤਾਵੇਜ਼ਾਂ ਮੁਤਾਬਕ ਮਹਾਰਾਸ਼ਟਰ 'ਚ ਸੈਕੰਡਰੀ ਪੱਧਰ 'ਤੇ ਡਰਾਪ ਆਊਟ ਦਰ ਸਾਲ 2020-21 ਦੇ 11.2 ਫੀਸਦ ਤੋਂ ਬਿਹਤਰ ਹੋ ਕੇ ਸਾਲ 2021-22 'ਚ 10.7 ਫੀਸਦ ਦਰਜ ਕੀਤੀ ਗਈ। ਇਸੇ ਤਰ੍ਹਾਂ ਰਾਜਸਥਾਨ 'ਚ ਡਰਾਪ ਆਊਟ ਦਰ 'ਚ ਲਗਾਤਾਰ ਗਿਰਾਵਟ ਦਰਜ ਕੀਤੀ ਗਈ ਹੈ। ਸੰਯੁਕਤ ਰਾਸ਼ਟਰ ਬਾਲ ਫੰਡ ਦੇ ਪਿਛਲੇ ਸਾਲ ਦੇ ਸਰਵੇਖਣ 'ਚ ਲੜਕੀਆਂ ਵੱਲੋਂ ਸਕੂਲ ਵਿਚਾਲੇ ਹੀ ਛੱਡਣ ਦੇ ਕਾਰਨਾਂ 'ਚ ਕਿਹਾ ਗਿਆ ਸੀ ਕਿ 33 ਫੀਸਦੀ ਲੜਕੀਆਂ ਦੀ ਪੜ੍ਹਾਈ ਘਰੇਲੂ ਕੰਮਾਂ ਕਰਕੇ ਵਿਚਾਲੇ ਹੀ ਰਹਿ ਜਾਂਦੀ ਹੈ।

# ਅਮਰੀਕਾ ਦੇ ਵੀਜ਼ੇ ਲੈਣ ਵਿਚ ਭਾਰਤੀ ਵਿਦਿਆਰਥੀ ਮੋਹਰੀ

**ਨਵੀਂ ਦਿੱਲੀ:** ਭਾਰਤ ਵਿਚ ਅਮਰੀਕਾ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਆਖਿਆ ਹੈ ਕਿ 2022 ਵਿਚ ਹਰੇਕ ਪੰਜ ਅਮਰੀਕੀ ਵੀਜ਼ਿਆਂ 'ਚੋਂ ਇਕ ਵੀਜ਼ਾ ਭਾਰਤ ਵਿਚ ਜਾਰੀ ਕੀਤਾ ਗਿਆ ਜੋ ਕਿ ਵਿਸ਼ਵ ਵਿਚ ਭਾਰਤੀ ਆਬਾਦੀ ਦੇ ਅਨੁਪਾਤ ਨਾਲੋਂ ਵੱਧ ਹੈ। ਅਮਰੀਕੀ ਦੂਤਾਵਾਸ ਨੇ ਦੇਸ਼ ਭਰ ਵਿਚ ਸਾਲਾਨਾ ਵਿਦਿਆਰਥੀ ਵੀਜ਼ਾ ਦਿਵਸ ਮਨਾਇਆ। ਇਸ ਦੌਰਾਨ ਕੌਂਸਲੇਟ ਦੇ ਅਧਿਕਾਰੀਆਂ ਵੱਲੋਂ ਦਿੱਲੀ, ਚੇਨੱਈ, ਹੈਦਰਾਬਾਦ, ਕੋਲਕਾਤਾ ਅਤੇ ਮੁੰਬਈ ਵਿਚ 3500 ਭਾਰਤੀ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਦੇ ਇੰਟਰਵਿਊ ਲਏ ਗਏ।

ਇਸ ਮੌਕੇ ਸੰਬੋਧਨ ਕਰਦਿਆਂ ਗਾਰਸੇਟੀ ਨੇ ਕਿਹਾ ਕਿ ਦੁਨੀਆਂ ਦੇ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਜ਼ਿਆਦਾ ਭਾਰਤੀ ਅਮਰੀਕਾ ਆਉਂਦੇ ਹਨ। 2022 ਵਿਚ ਹਰੇਕ ਪੰਜ ਵਿਦਿਆਰਥੀ ਵੀਜ਼ਿਆਂ 'ਚੋਂ ਇਕ ਵੀਜ਼ਾ ਇੱਥੇ ਭਾਰਤ ਵਿਚ ਜਾਰੀ ਕੀਤਾ ਗਿਆ ਜੋ ਕਿ ਵਿਸ਼ਵ ਵਿਚ ਭਾਰਤ ਦੀ ਆਬਾਦੀ ਦੇ ਅਨੁਪਾਤ ਨਾਲੋਂ ਵੱਧ ਹੈ। ਭਾਰਤੀਆਂ ਨੇ ਅਮਰੀਕਾ ਵਿਚ ਨਾ ਸਿਰਫ ਸਿੱਖਿਆ ਹਾਸਲ ਕੀਤੀ ਹੈ ਬਲਕਿ ਦਹਾਕਿਆਂ ਤੱਕ ਆਪਣੀ ਪ੍ਰਤਿਭਾ ਵੀ ਦਿਖਾਈ ਹੈ। ਵਿਦਿਆਰਥੀਆਂ ਲਈ ਅਸੀਂ ਸਭ ਤੋਂ ਵੱਧ ਵੀਜ਼ਾ ਅਰਜ਼ੀਆਂ 'ਤੇ ਕਾਰਵਾਈ ਕਰ ਰਹੇ ਹਾਂ।" ਉਨ੍ਹਾਂ ਕਿਹਾ ਕਿ ਅਮਰੀਕੀ ਪ੍ਰਸ਼ਾਸਨ ਪਹਿਲਾਂ ਦੇ ਮੁਕਾਬਲੇ ਇਸ



ਸਾਲ ਵਿਦਿਆਰਥੀਆਂ ਲਈ ਅਤੇ ਵੀਜ਼ਾ ਸਬੰਧੀ ਪ੍ਰੋਗਰਾਮ ਕਰੇਗਾ। ਉਨ੍ਹਾਂ ਕਿਹਾ, "ਅਗਾਮੀ ਹਫਤਿਆਂ 'ਚ ਅਸੀਂ ਜੁਲਾਈ ਤੇ ਅਗਸਤ ਵਾਸਤੇ ਹਜ਼ਾਰਾਂ ਵੀਜ਼ਾ ਅਰਜ਼ੀਆਂ ਸਬੰਧੀ ਪ੍ਰੋਗਰਾਮ ਜਾਰੀ ਕਰਾਂਗੇ।" ਦੂਤਾਵਾਸ ਤੋਂ ਜਾਰੀ ਅੰਕੜਿਆਂ ਮੁਤਾਬਕ ਭਾਰਤ ਵਿਚ ਅਮਰੀਕੀ ਦੂਤਾਵਾਸ ਨੇ 1,25,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਹਨ ਜੋ ਕਿ ਰਿਕਾਰਡ ਤੋੜ ਅੰਕੜਾ ਹੈ। 2022 ਵਿਚ ਭਾਰਤੀਆਂ ਨੂੰ ਦੁਨੀਆ 'ਚ ਸਭ ਤੋਂ ਵੱਧ ਵੱਧ ਐਚ ਐਂਡ ਐਲ ਰੁਜ਼ਗਾਰ ਵੀਜ਼ਾ (65 ਫੀਸਦ) ਅਤੇ ਐਫ। ਵਿਦਿਆਰਥੀ ਵੀਜ਼ਾ (17.5 ਫੀਸਦ) ਜਾਰੀ ਕੀਤੇ ਗਏ।

ਪਿਛਲੇ ਸਾਲ ਭਾਰਤ ਤੋਂ 12 ਲੱਖ ਤੋਂ ਵੱਧ ਲੋਕਾਂ ਨੇ ਅਮਰੀਕਾ ਦੀ ਯਾਤਰਾ ਕੀਤੀ ਸੀ ਜੋ ਕਿ ਅਮਰੀਕਾ 'ਚ ਪਹੁੰਚਣ ਵਾਲੇ ਸਭ ਤੋਂ ਵੱਡੇ ਕੌਮਾਂਤਰੀ ਸੈਲਾਨੀਆਂ ਦੇ ਸਮੂਹਾਂ 'ਚੋਂ ਇਕ ਹੈ। ਭਾਰਤੀ ਵਿਦਿਆਰਥੀ ਅਮਰੀਕਾ ਵਿਚ ਕੁੱਲ ਕੌਮਾਂਤਰੀ ਵਿਦਿਆਰਥੀਆਂ ਦੇ 21 ਫੀਸਦ ਨਾਲੋਂ ਵੱਧ ਹਨ। ਅਕਾਦਮਿਕ ਸਾਲ 2021-22 ਦੌਰਾਨ ਕਰੀਬ ਦੋ ਲੱਖ ਭਾਰਤੀ ਅਮਰੀਕਾ ਵਿੱਚ ਪੜ੍ਹਾਈ ਕਰ ਰਹੇ ਸਨ।

## 'ਵੀਜ਼ਾ ਉਡੀਕ ਸਮੇਂ' ਦਾ ਮਸਲਾ ਹੱਲ ਕਰਨ ਦੀ ਅਪੀਲ

**ਵਾਸ਼ਿੰਗਟਨ:** ਭਾਰਤ ਨੂੰ ਮਹੱਤਵਪੂਰਨ ਭਾਈਵਾਲ ਦੱਸਦੇ ਹੋਏ ਅਮਰੀਕਾ ਦੇ ਰਸੂਖਦਾਰ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਦੇਸ਼ ਵਿਚ ਵੀਜ਼ਾ ਉਡੀਕ ਸਮੇਂ ਦੇ ਮੁੱਦੇ ਨੂੰ ਪਹਿਲ ਦੇ ਆਧਾਰ ਉਤੇ ਹੱਲ ਕਰਨ। ਸੈਨੇਟ ਦੀ ਵਿਦੇਸ਼ੀ ਸਬੰਧ ਕਮੇਟੀ ਦੇ ਚੇਅਰਮੈਨ ਕਾਂਗਰਸਮੈਨ ਬੌਬ ਮੈਨੇਂਡੇਜ ਅਤੇ ਹਾਊਸ ਇੰਡੀਆ ਕਾਕਸ ਦੇ ਸਹਿ-ਚੇਅਰਮੈਨ ਮਾਈਕਲ ਵਾਲਟਜ ਨੇ 'ਕੌਂਸਲਰ ਮਾਮਲਿਆਂ ਦੇ ਬਜਟ' ਉਤੇ ਦੋ ਵੱਖ-ਵੱਖ ਸੰਸਦੀ ਸੁਣਵਾਈਆਂ ਦੌਰਾਨ ਵਿਦੇਸ਼ ਨੀਤੀ ਉਤੇ ਚਰਚਾ ਕੀਤੀ। ਉਨ੍ਹਾਂ ਮੰਤਰਾਲੇ ਦੇ ਉੱਚ ਅਧਿਕਾਰੀਆਂ ਨੂੰ ਪੁੱਛਿਆ ਕਿ ਭਾਰਤ ਵਿਚ ਵੀਜ਼ੇ ਲਈ ਲੋਕਾਂ ਨੂੰ 600 ਦਿਨਾਂ ਤੱਕ ਇੰਤਜ਼ਾਰ ਕਿਉਂ ਕਰਨਾ ਪੈ ਰਿਹਾ ਹੈ?

## ਕੈਨੇਡਾ: ਬਿਨਾ ਵੀਜ਼ਾ ਯਾਤਰਾ ਦੀ ਛੋਟ 'ਚ ਹੋਰ ਦੇਸ਼ ਸ਼ਾਮਲ

**ਵੈਨਕੂਵਰ:** ਕੈਨੇਡਾ ਸਰਕਾਰ ਨੇ ਸੈਲਾਨੀ ਵਜੋਂ ਬਿਨਾਂ ਵੀਜ਼ਾ ਕੈਨੇਡਾ ਆਉਣ ਵਾਲਿਆਂ ਦੀ ਸੂਚੀ 'ਚ 13 ਹੋਰ ਦੇਸ਼ ਸ਼ਾਮਲ ਕੀਤੇ ਹਨ, ਹਾਲਾਂਕਿ ਇਸ ਸੂਚੀ ਵਿਚ ਭਾਰਤ ਸ਼ਾਮਲ ਨਹੀਂ ਹੈ। ਆਵਾਸ ਮੰਤਰੀ ਸਿਆਨ ਫਰੇਜ਼ਰ ਨੇ ਦੱਸਿਆ ਕਿ ਥਾਈਲੈਂਡ, ਮੋਰੱਕੋ, ਕੋਸਟਾ ਰੀਕਾ, ਫਿਲਪੀਨਜ਼ ਤੇ ਪਨਾਮਾ ਸਮੇਤ ਕੁਲ 13 ਦੇਸ਼ਾਂ ਦੇ ਸੈਲਾਨੀ ਹੁਣ 7 ਡਾਲਰ ਫੀਸ ਭਰ ਕੇ ਮਿੰਟਾਂ ਵਿਚ ਕੈਨੇਡਾ ਦਾ ਆਰਜ਼ੀ ਵੀਜ਼ਾ ਪ੍ਰਾਪਤ ਕਰ ਸਕਣਗੇ। ਇਸ ਪ੍ਰਕਿਰਿਆ ਤਹਿਤ ਉਹੀ ਲੋਕ ਯੋਗ ਮੰਨੇ ਜਾਣਗੇ, ਜਿਨ੍ਹਾਂ ਪਹਿਲਾਂ ਕਦੇ ਕੈਨੇਡਾ ਦੀ ਯਾਤਰਾ ਕੀਤੀ ਹੋਵੇ ਜਾਂ ਜਿਨ੍ਹਾਂ ਦੇ ਪਾਸਪੋਰਟ 'ਤੇ ਅਮਰੀਕਾ ਦਾ ਵੀਜ਼ਾ ਲੱਗਿਆ ਹੋਵੇਗਾ।

## ਨਫਰਤੀ ਅਪਰਾਧਾਂ ਦੀ ਪਰਿਭਾਸ਼ਾ ਦਾ ਘੇਰਾ ਵਧਾਉਣ ਲਈ ਬਿੱਲ ਪੇਸ਼

**ਵਾਸ਼ਿੰਗਟਨ:** ਮਿਸ਼ੀਗਨ ਤੋਂ ਭਾਰਤੀ-ਅਮਰੀਕੀ ਕਾਨੂੰਨਸਾਜ਼ ਰੰਜੀਵ ਪੁਰੀ ਨੇ ਨਫਰਤੀ ਅਪਰਾਧ ਦੀ ਪਰਿਭਾਸ਼ਾ ਦਾ ਘੇਰਾ ਵਧਾਉਣ ਲਈ ਬਿੱਲ ਪੇਸ਼ ਕੀਤਾ ਹੈ। ਇਸ ਵਿਚ ਧਾਰਮਿਕ ਸਥਾਨ 'ਚ ਕੀਤੀ ਭੰਨਤੋੜ ਨੂੰ ਵੀ ਸ਼ਾਮਲ ਕੀਤਾ ਹੈ। ਪੁਰੀ ਦੇ ਮਾਪੇ 1970 'ਚ ਅੰਮ੍ਰਿਤਸਰ ਤੋਂ ਅਮਰੀਕਾ ਆਏ ਸਨ, ਨੇ ਇਕ ਹੋਰ ਬਿੱਲ ਰੱਖਿਆ ਹੈ ਜਿਸ 'ਚ ਦੀਵਾਲੀ, ਵਿਸਾਖੀ, ਈਦ ਮੌਕੇ ਮਿਸ਼ੀਗਨ 'ਚ ਸਰਕਾਰੀ ਛੁੱਟੀ ਐਲਾਨਣ ਦੀ ਤਜਵੀਜ਼ ਹੈ।

ਸੂਬਾਈ ਪ੍ਰਤੀਨਿਧ ਵਜੋਂ ਪੁਰੀ ਦਾ ਇਹ ਦੂਜਾ ਕਾਰਜਕਾਲ ਹੈ ਤੇ ਉਹ ਇਸ ਵੇਲੇ ਮਿਸ਼ੀਗਨ ਹਾਊਸ 'ਚ ਬਹੁਗਿਣਤੀ ਧਿਰ ਦੇ ਵ੍ਹਿਪ ਹਨ। ਪੁਰੀ ਨੇ ਇਕ ਇੰਟਰਵਿਊ ਵਿਚ ਕਿਹਾ, "ਮੈਂ ਦੀਵਾਲੀ, ਵਿਸਾਖੀ ਤੇ ਈਦ ਅਲ-ਫਿਤਰ ਨੂੰ ਸਰਕਾਰੀ ਛੁੱਟੀ ਐਲਾਨੇ ਜਾਣ ਸਬੰਧੀ ਬਿੱਲ ਪੇਸ਼ ਕੀਤਾ ਹੈ। ਇਕ ਹੋਰ ਬਿੱਲ ਹੈ, ਜੋ ਨਫਰਤੀ ਅਪਰਾਧਾਂ ਦੀ ਪਰਿਭਾਸ਼ਾ ਦੇ ਘੇਰੇ ਨੂੰ ਮੋਕਲਾ ਕਰੇਗਾ। ਮਿਸ਼ੀਗਨ ਵਿਚ ਅਸਲ ਨਫਰਤੀ ਅਪਰਾਧ ਬਿੱਲ 1988 ਵਿਚ ਲਿਖਿਆ ਗਿਆ ਸੀ ਤੇ ਉਦੋਂ ਤੋਂ ਇਸ ਵਿਚ ਸੋਧ ਨਹੀਂ ਹੋਈ।" ਪੁਰੀ ਨੇ ਕਿਹਾ, "ਜੇਕਰ ਕਿਸੇ ਮੰਦਿਰ, ਮਸਜਿਦ ਜਾਂ ਗੁਰਦੁਆਰੇ 'ਚ ਭੰਨਤੋੜ ਜਾਂ ਫਿਰ ਬੇਅਦਬੀ ਹੁੰਦੀ ਹੈ, ਤਾਂ ਅਜਿਹੇ ਵਿਅਕਤੀਆਂ ਖਿਲਾਫ ਨਫਰਤੀ ਅਪਰਾਧਾਂ ਤਹਿਤ ਕਾਰਵਾਈ ਕਰਨੀ ਸੁਖਾਲੀ ਹੋ ਜਾਵੇਗੀ। ਮੈਨੂੰ ਮਾਣ ਹੈ ਕਿ ਮਿਸ਼ੀਗਨ 'ਚ ਇਸ ਵੱਡੇ ਸੁਧਾਰ ਦੀ ਮੈਨੂੰ ਅਗਵਾਈ ਕਰਨ ਦਾ ਮੌਕਾ ਮਿਲਿਆ ਹੈ।"

## ਦੁਵੱਲੇ ਸਬੰਧਾਂ ਲਈ ਅਹਿਮ ਹੋਵੇਗੀ ਮੋਦੀ ਦੀ ਯਾਤਰਾ: ਪੈਂਟਾਗਨ

**ਵਾਸ਼ਿੰਗਟਨ:** ਅਮਰੀਕੀ ਰੱਖਿਆ ਵਿਭਾਗ ਦੇ ਹੈੱਡਕੁਆਰਟਰ ਪੈਂਟਾਗਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਮਹੀਨੇ ਹੋਣ ਵਾਲੀ ਅਮਰੀਕਾ ਦੀ ਯਾਤਰਾ ਦੁਵੱਲੇ ਸਬੰਧਾਂ ਲਈ ਨਵੇਂ ਪੈਮਾਨੇ ਤੈਅ ਕਰੇਗੀ ਅਤੇ ਇਸ ਦੌਰਾਨ ਰੱਖਿਆ ਸਹਿਯੋਗ ਬਾਰੇ ਵੱਡੇ ਤੇ ਇਤਿਹਾਸਕ ਐਲਾਨ ਹੋਣ ਤੇ ਭਾਰਤ ਦੀ ਸਵਦੇਸ਼ੀ ਫੌਜੀ ਸਨਅਤ ਨੂੰ ਹੁਲਾਰਾ ਮਿਲਣ ਦੀ ਸੰਭਾਵਨਾ ਹੈ।

ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਜੋਅ ਬਾਇਡਨ ਤੇ ਪ੍ਰਥਮ ਮਹਿਲਾ ਜਿਲ ਬਾਇਡਨ ਦੇ ਸੱਦੇ 'ਤੇ ਇਸ ਮਹੀਨੇ ਅਮਰੀਕਾ ਦੀ ਪਹਿਲੀ ਸਰਕਾਰੀ ਯਾਤਰਾ ਕਰਨਗੇ। ਉਨ੍ਹਾਂ ਦੀ ਇਹ ਚਾਰ ਰੋਜ਼ਾ ਯਾਤਰਾ 21 ਜੂਨ ਤੋਂ ਸ਼ੁਰੂ ਹੋਵੇਗੀ। ਬਾਇਡਨ ਜੋੜਾ 22 ਜੂਨ ਨੂੰ ਸਰਕਾਰੀ ਭੋਜ 'ਤੇ ਮੋਦੀ ਦੀ ਮੇਜ਼ਬਾਨੀ ਵੀ ਕਰੇਗਾ। ਹਿੰਦ-



ਪ੍ਰਸ਼ਾਂਤ ਸੁਰੱਖਿਆ ਮਾਮਲਿਆਂ ਦੇ ਸਹਾਇਕ ਰੱਖਿਆ ਸਕੱਤਰ ਐਲੀ ਰੈਟਨਰ ਨੇ ਸੈਂਟਰ ਫਾਰ ਨਿਊ ਅਮੈਰੀਕਨ ਸਕਿਉਰਿਟੀ 'ਚ ਇਕ ਪੈਨਲ ਚਰਚਾ ਦੌਰਾਨ ਕਿਹਾ, 'ਜਦੋਂ ਪ੍ਰਧਾਨ ਮੰਤਰੀ ਮੋਦੀ ਇਸ ਮਹੀਨੇ ਦੇ ਅਖੀਰ 'ਚ ਸਰਕਾਰੀ ਯਾਤਰਾ 'ਤੇ ਵਾਸ਼ਿੰਗਟਨ ਆਉਣਗੇ ਤਾਂ ਮੈਨੂੰ ਲੱਗਦਾ ਹੈ ਕਿ ਇਹ ਦੋਵਾਂ ਦੇਸ਼ਾਂ ਦੇ ਸਬੰਧਾਂ 'ਚ ਨਵੇਂ ਪੈਮਾਨੇ ਤੈਅ ਕਰਨ ਵਾਲੀ ਇਤਿਹਾਸਕ ਯਾਤਰਾ ਸਾਬਤ ਹੋਵੇਗੀ।' ਉਨ੍ਹਾਂ ਕਿਹਾ, 'ਮੈਨੂੰ ਲਗਦਾ ਹੈ ਕਿ ਇਸ ਯਾਤਰਾ ਨੂੰ ਉਸੇ ਤਰ੍ਹਾਂ ਦੇਖਿਆ ਜਾਵੇਗਾ ਜਿਵੇਂ ਇਸ ਸਾਲ ਦੀ ਸ਼ੁਰੂਆਤ 'ਚ ਜਪਾਨ ਨਾਲ 'ਟੂ ਪਲੱਸ ਟੂ' ਵਾਰਤਾ ਨੂੰ ਰਿਸ਼ਤੇ 'ਚ ਇਕ ਅਹਿਮ ਮੌਕੇ ਵਜੋਂ ਦੇਖਿਆ ਗਿਆ ਸੀ। ਲੋਕ ਪ੍ਰਧਾਨ ਮੰਤਰੀ ਮੋਦੀ ਦੀ ਇਸ ਯਾਤਰਾ ਨੂੰ ਅਮਰੀਕਾ-ਭਾਰਤ ਸਬੰਧਾਂ 'ਚ ਇਕ ਅਸਲ ਪੁਲਾਂਘ ਦੇ ਰੂਪ 'ਚ ਦੇਖਣਗੇ।'

## ਆਸਟਰੇਲੀਆ: ਸੜਕ ਹਾਦਸੇ ਵਿਚ ਦਸ ਮੌਤਾਂ, 25 ਜ਼ਖ਼ਮੀ

**ਕੈਨਬਰਾ:** ਆਸਟਰੇਲੀਆ ਵਿਚ ਗ੍ਰੇਟਾ ਸ਼ਹਿਰ ਦੇ ਵਾਈਨ ਇਲਾਕੇ ਵਿਚ ਇਕ ਬੱਸ ਦੇ ਪਲਟਣ ਕਾਰਨ ਦਸ ਜਣਿਆਂ ਦੀ ਮੌਤ ਹੋ ਗਈ, ਜਦੋਂਕਿ 25 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਸਹਾਇਕ ਪੁਲਿਸ ਕਮਿਸ਼ਨਰ ਟਰੇਸੀ ਚੈਪਮੈਨ ਨੇ ਦੱਸਿਆ ਕਿ ਬੱਸ ਡਰਾਈਵਰ (58) ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਨੂੰ ਸੈਸਨਾਕ ਥਾਣੇ ਲਿਆਂਦਾ ਗਿਆ ਹੈ। ਹਾਲਾਂਕਿ ਉਨ੍ਹਾਂ ਨੇ ਡਰਾਈਵਰ ਖਿਲਾਫ ਲਾਏ ਜਾਣ ਵਾਲੇ ਦੋਸ਼ਾਂ ਬਾਰੇ ਹੋਰ ਜਾਣਕਾਰੀ ਨਹੀਂ ਦਿੱਤੀ। ਸਿਡਨੀ ਦੇ ਉੱਤਰ ਵਿਚ ਗ੍ਰੇਟਾ ਸ਼ਹਿਰ ਵਿਚ ਵਾਈਨ ਕੰਟਰੀ ਡਰਾਈਵ ਉਤੇ ਗੋਲ ਚੱਕਰ 'ਤੇ ਰਾਤ ਲਗਭਗ ਸਾਢੇ 11 ਵਜੇ ਬਾਅਦ ਇਹ ਹਾਦਸਾ ਵਾਪਰਿਆ। ਬੱਸ ਵਿਚ ਸਵਾਰ ਲੋਕ ਇਕ ਵਿਆਹ ਸਮਾਗਮ ਤੋਂ ਪਰਤ ਰਹੇ ਸਨ। ਬੱਸ ਵਿਚ ਸਵਾਰ 18 ਹੋਰ ਸੁਰੱਖਿਅਤ ਹਨ।

## ਬਰਫਬਾਰੀ ਦੇ ਬਾਵਜੂਦ ਸ੍ਰੀ ਹੇਮਕੁੰਟ ਸਾਹਿਬ ਸ਼ਰਧਾਲੂਆਂ 'ਚ ਭਾਰੀ ਉਤਸ਼ਾਹ

**ਅੰਮ੍ਰਿਤਸਰ:** ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਨਿਰੰਤਰ ਬਰਫਬਾਰੀ ਦੇ ਬਾਵਜੂਦ ਯਾਤਰਾ ਲਈ ਸਰਧਾਲੂਆਂ ਦੇ ਉਤਸ਼ਾਹ ਵਿਚ ਕੋਈ ਕਮੀ ਨਹੀਂ ਆਈ ਹੈ। ਸਾਲਾਨਾ ਯਾਤਰਾ ਦੇ ਆਰੰਭ ਹੋਣ ਤੋਂ ਲਗਭਗ ਤਿੰਨ ਹਫਤਿਆਂ ਦੌਰਾਨ ਹੁਣ ਤੱਕ 37 ਹਜ਼ਾਰ ਤੋਂ ਵੱਧ ਸਰਧਾਲੂ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਚੁੱਕੇ ਹਨ।

ਇਹ ਖੁਲਾਸਾ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਵਾਸਤੇ ਗੁਰਦੁਆਰੇ ਦੇ ਕਿਵਾੜ ਸੰਗਤ ਵਾਸਤੇ 20 ਮਈ ਨੂੰ ਖੋਲ੍ਹੇ ਗਏ ਸਨ। ਲਗਭਗ ਤਿੰਨ ਹਫਤਿਆਂ ਦੇ ਇਸ ਸਮੇਂ ਦੌਰਾਨ ਹੁਣ ਤੱਕ 37,407 ਸਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਮੱਥਾ ਟੇਕ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉੱਤਰਾਖੰਡ ਵਿਚ ਸਥਾਪਤ ਸਾਰੇ ਧਾਮਾਂ ਵਿਚੋਂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਸਭ ਤੋਂ ਵਧੇਰੇ ਉਚਾਈ 15,200 ਫੁੱਟ ਉੱਤੇ ਸਥਿਤ ਹੈ। ਬਿੰਦਰਾ ਨੇ ਕਿਹਾ ਕਿ ਇਸ ਵਾਰ ਖਰਾਬ ਮੌਸਮ ਅਤੇ ਬਰਫਬਾਰੀ ਦੇ ਚੱਲਦਿਆਂ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਰਪੇਸ਼ ਹਨ ਜਿਸ ਦੇ ਬਾਵਜੂਦ ਸਰਧਾਲੂਆਂ ਦੇ ਉਤਸ਼ਾਹ ਵਿਚ ਕੋਈ ਕਮੀ ਨਹੀਂ ਆਈ ਅਤੇ ਯਾਤਰੂਆਂ ਦੇ ਉਤਸ਼ਾਹ ਸਦਕਾ ਇਹ ਯਾਤਰਾ ਨਿਰੰਤਰ ਜਾਰੀ ਹੈ।

ਇਸ ਦੌਰਾਨ ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ



ਵਿਖੇ ਅਤੇ ਅਟਲਾਕੋਟੀ ਗਲੇਸ਼ੀਅਰ ਵਾਲੇ ਇਲਾਕੇ ਵਿਚ ਲਗਭਗ ਰੋਜ਼ ਹੀ ਹਲਕੀ ਬਰਫਬਾਰੀ ਹੋ ਰਹੀ ਹੈ। ਗੁਰਦੁਆਰੇ ਦੇ ਕਰਮਚਾਰੀਆਂ ਵੱਲੋਂ ਬਰਫ ਹਟਾ ਕੇ ਰਸਤਾ ਸਾਫ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਯਾਤਰੂਆਂ ਦੀ ਸਹੂਲਤ ਲਈ ਹੈਲੀਕਾਪਟਰ ਸੇਵਾ ਵੀ ਨਿਰੰਤਰ ਚੱਲ ਰਹੀ ਹੈ। ਮਿਲੇ ਵੇਰਵਿਆਂ ਮੁਤਾਬਕ ਜੂਨ ਮਹੀਨੇ ਵਿਚ ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਹੋਣ ਤੋਂ ਬਾਅਦ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਸਰਧਾਲੂਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

## ਕੈਨੇਡਾ 'ਚ ਬੇਰੁਜ਼ਗਾਰੀ ਦਰ ਵਧ ਕੇ 5.2 ਫੀਸਦ ਪੁੱਜੀ

**ਓਟਵਾ:** ਕੈਨੇਡਾ ਦੀ ਬੇਰੁਜ਼ਗਾਰੀ ਦਰ ਮਈ ਵਿਚ 0.2 ਫੀਸਦੀ ਵਧ ਕੇ 5.2 ਫੀਸਦੀ ਉਤੇ ਪਹੁੰਚ ਗਈ ਹੈ, ਜੋ ਰਾਸ਼ਟਰੀ ਅੰਕੜਾ ਏਜੰਸੀ ਮੁਤਾਬਕ ਨੌਂ ਮਹੀਨਿਆਂ 'ਚ ਪਹਿਲਾ ਵਾਧਾ ਹੈ। ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਨੌਜਵਾਨਾਂ (15 ਤੋਂ 24 ਸਾਲ ਦੀ ਉਮਰ) ਵਿਚ ਬੇਰੁਜ਼ਗਾਰੀ ਦੀ ਦਰ ਮਈ ਵਿਚ 10.7 ਪ੍ਰਤੀਸ਼ਤ ਸੀ, ਜੋ ਅਪਰੈਲ ਦੇ ਮੁਕਾਬਲੇ 1.1 ਪ੍ਰਤੀਸ਼ਤ ਵੱਧ ਹੈ। 55 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਵਿਚ ਬੇਰੁਜ਼ਗਾਰੀ ਦੀ ਦਰ 0.2 ਪ੍ਰਤੀਸ਼ਤ ਵਧ ਕੇ 4.1 ਪ੍ਰਤੀਸ਼ਤ ਹੋ ਗਈ ਹੈ।

## ਏਜੰਟ ਨੇ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 5 ਕਰੋੜ ਠੱਗੇ

**ਫਰੀਦਕੋਟ:** ਫਰੀਦਕੋਟ ਦੇ ਇਕ ਟਰੈਵਲ ਏਜੰਟ ਨੇ ਮਾਲਵੇ ਦੇ ਦੋ ਦਰਜਨ ਤੋਂ ਵੱਧ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਕਰੀਬ 5 ਕਰੋੜ ਰੁਪਏ ਦੀ ਠੱਗੀ ਮਾਰ ਲਈ। ਘਟਨਾ ਮਗਰੋਂ ਏਜੰਟ ਦੀਪਕ ਸ਼ਰਮਾ ਪਰਿਵਾਰ ਸਮੇਤ ਫਰਾਰ ਹੈ। ਸਿਟੀ ਪੁਲਿਸ ਫਰੀਦਕੋਟ ਨੇ ਤਿੰਨ ਪੀੜਤਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਐਸ.ਬੀ.ਈ. ਵੀਜ਼ਾ ਸੈਂਟਰ ਦੇ ਮਾਲਕ ਦੀਪਕ ਸ਼ਰਮਾ, ਉਸ ਦੀ ਪਤਨੀ ਸ਼ਿਖਾ ਸ਼ਰਮਾ ਅਤੇ ਫਰਮ ਦੇ ਮੈਨੇਜਰ ਅਰਸ਼ਦੀਪ ਸਿੰਘ ਖਿਲਾਫ ਕੇਸ ਦਰਜ ਕਰ ਲਿਆ ਹੈ।

ਦੀਪਕ ਸ਼ਰਮਾ ਪਿਛਲੇ ਤਕਰੀਬਨ 10 ਸਾਲ ਤੋਂ ਫਰੀਦਕੋਟ ਵਿਚ ਐਸ.ਬੀ.ਈ. ਵੀਜ਼ਾ ਸੈਂਟਰ ਚਲਾ ਰਿਹਾ ਸੀ। ਉਸ ਦੇ ਫਰੀਦਕੋਟ ਦੇ ਕੁਝ ਸਥਾਨਕ ਅਕਾਲੀ ਆਗੂਆਂ ਨਾਲ ਨਜ਼ਦੀਕੀ



ਸਬੰਧ ਵੀ ਦੱਸੇ ਜਾਂਦੇ ਸਨ। ਇਹ ਵੀ ਪਤਾ ਲੱਗਿਆ ਹੈ ਕਿ ਉਸ ਦੇ ਵੀਜ਼ਾ ਸੈਂਟਰ ਵਿਚ ਕੁਝ ਸਮੇਂ ਤੱਕ ਯੂਥ ਅਕਾਲੀ ਦਲ ਦਾ ਦਫਤਰ ਵੀ ਚੱਲਦਾ ਰਿਹਾ ਹੈ।

ਜਾਣਕਾਰੀ ਅਨੁਸਾਰ ਭੁਪਿੰਦਰ ਸਿੰਘ ਵਾਸੀ ਫਿਰੋਜ਼ਪੁਰ, ਰਣਜੀਤ ਕੌਰ ਵਾਸੀ ਬਠਿੰਡਾ, ਦਿਲਬਾਗ ਸਿੰਘ ਵਾਸੀ ਫਰੀਦਕੋਟ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਇਹ ਕੇਸ ਦਰਜ ਕੀਤਾ ਹੈ। ਜਦੋਂਕਿ ਬਾਕੀ ਵਿਦਿਆਰਥੀਆਂ ਦੀਆਂ ਸ਼ਿਕਾਇਤਾਂ ਦੀ ਵੀ ਪੜਤਾਲ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪੁਲਿਸ ਮੁਖੀ ਹਰਜੀਤ ਸਿੰਘ ਨੇ ਕਿਹਾ ਕਿ ਟਰੈਵਲ ਏਜੰਟ ਦੀ ਗ੍ਰਿਫਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ। ਜਲਦੀ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇਕ ਹਫਤਾ ਪਹਿਲਾਂ ਪੀੜਤ ਵਿਦਿਆਰਥੀਆਂ ਨੇ ਆਪਣੇ ਮਾਪਿਆਂ ਸਮੇਤ ਉਕਤ ਵੀਜ਼ਾ ਕੇਂਦਰ ਦੇ ਬਾਹਰ ਧਰਨਾ ਦਿੱਤਾ ਸੀ ਜਿਸ ਤੋਂ ਬਾਅਦ ਪੁਲਿਸ ਹਰਕਤ ਵਿਚ ਆਈ।

## ਜਾਅਲੀ ਪਾਸਪੋਰਟਾਂ 'ਤੇ ਅਪਰਾਧੀਆਂ ਨੂੰ ਵਿਦੇਸ਼ ਭੇਜਣ ਵਾਲੇ ਗਰੋਹ ਦਾ ਪਰਦਾਫਾਸ਼

**ਅੰਮ੍ਰਿਤਸਰ:** ਪੁਲਿਸ ਨੇ ਜਾਅਲੀ ਪਾਸਪੋਰਟ ਬਣਾ ਕੇ ਅਪਰਾਧੀਆਂ ਨੂੰ ਵਿਦੇਸ਼ ਭੇਜਣ ਵਾਲੇ ਗਰੋਹ ਦੇ 12 ਮੈਂਬਰ ਫੜੇ ਹਨ। ਮੁਲਜ਼ਮ ਪੰਜਾਬ, ਦਿੱਲੀ, ਹਰਿਆਣਾ ਤੇ ਝਾਰਖੰਡ ਸੂਬਿਆਂ ਨਾਲ ਸਬੰਧਤ ਹਨ। ਇਨ੍ਹਾਂ ਕੋਲੋਂ ਡਰੱਗ ਮਨੀ ਵਜੋਂ 22 ਲੱਖ 15 ਹਜ਼ਾਰ ਰੁਪਏ, ਜਾਅਲੀ ਦਸਤਾਵੇਜ਼ਾਂ ਦੇ ਆਧਾਰ 'ਤੇ ਬਣੇ 2 ਜਾਅਲੀ ਪਾਸਪੋਰਟ, ਰਿਵਾਲਵਰ 32 ਬੋਰ ਤੇ ਚਾਰ ਕਾਰਤੂਸਾਂ ਤੋਂ ਇਲਾਵਾ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਸਬੰਧੀ ਥਾਣਾ ਮਕਬੂਲਪੁਰਾ 'ਚ ਕੇਸ ਦਰਜ ਕੀਤਾ ਹੈ।

# ਸਿੱਖ ਤੇ ਮੁਸਲਿਮ ਭਾਈਚਾਰੇ ਵੱਲੋਂ ਸ਼ਿਕਾਗੋ ਦੇ ਭਾਰਤੀ ਦੂਤਾਵਾਸ ਅੱਗੇ ਮੁਜ਼ਾਹਰਾ

ਸ਼ਿਕਾਗੋ: ਇੱਥੋਂ ਦੇ ਸਿੱਖ ਭਾਈਚਾਰੇ ਵਲੋਂ ਪਿਛਲੇ ਦਿਨੀਂ ਹਰ ਸਾਲ ਦੀ ਤਰ੍ਹਾਂ 1984 ਦੇ ਸਮੂਹ ਸ਼ਹੀਦਾਂ ਨੂੰ ਯਾਦ ਕੀਤਾ ਗਿਆ ਤੇ ਭਾਰਤੀ ਕੌਂਸਲਖਾਨੇ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੁਜ਼ਾਹਰੇ ਵਿਚ ਮਿਡਵੈਸਟ ਦੀਆਂ ਸਿੱਖ ਜਥੇਬੰਦੀਆਂ ਤੇ ਸੰਗਤਾਂ ਸ਼ਾਮਿਲ ਹੋਈਆਂ। ਹਰ ਸਾਲ ਜੂਨ ਮਹੀਨਾ ਜਦ ਚੜ੍ਹਦਾ ਹੈ ਤਾਂ ਸਿੱਖ ਕੌਮ ਦੇ ਜ਼ਖਮ ਹਰੇ ਹੋ ਜਾਂਦੇ ਹਨ। ਇਨ੍ਹਾਂ ਜ਼ਖਮਾਂ ਦਾ ਦਰਦ ਹਰ ਸਿੱਖ ਆਪਣੇ ਅੰਦਰ ਸਮੋਈ ਬੈਠਾ ਹੈ ਤੇ ਆਪੋ ਆਪਣੇ ਢੰਗ ਨਾਲ ਉਨ੍ਹਾਂ ਦਾ ਪ੍ਰਗਟਾਵਾ ਕਰਦਾ ਹੈ।

ਇਸ ਵਾਰ ਸਿੱਖ ਭਾਈਚਾਰੇ ਦੇ ਲੋਕਾਂ ਦੇ ਨਾਲ-ਨਾਲ ਮੁਸਲਿਮ ਭਾਈਚਾਰੇ ਦੇ ਲੋਕ ਵੀ ਇਸ ਮੁਜ਼ਾਹਰੇ ਵਿਚ ਸ਼ਾਮਲ ਹੋਏ ਤੇ ਭਾਈਚਾਰਕ ਸਾਂਝ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਭਾਰਤ ਦੀ ਮੋਦੀ ਸਰਕਾਰ ਵਲੋਂ ਆਨੇ-ਬਹਾਨੇ ਘੱਟ ਗਿਣਤੀਆਂ 'ਤੇ ਕੀਤੇ ਜਾ ਰਹੇ ਹਮਲਿਆਂ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕੀਤੀ। ਰੋਸ ਮੁਜ਼ਾਹਰਾ ਕਰ ਰਹੀ ਸਿੱਖ ਭਾਈਚਾਰੇ ਨਾਲ ਸੰਬੰਧਤ ਸੰਗਤ ਨੇ ਹੱਥਾਂ









ਵਿਚ ਵੱਖ ਵੱਖ ਬੈਨਰ ਫੜੇ ਹੋਏ ਸਨ, ਜਿਨ੍ਹਾਂ 'ਤੇ 1984 ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ, ਬੱਚਿਆਂ, ਬਜ਼ੁਰਗਾਂ ਲਈ ਇਨਸਾਫ਼ ਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ ਸੀ। ਮੁਜ਼ਾਹਰੇ ਵਿਚ ਵੱਡੀ ਗਿਣਤੀ ਨੌਜਵਾਨ (ਮੁੰਡੇ-ਕੁੜੀਆਂ) ਸ਼ਾਮਲ ਹੋਏ, ਜਿਨ੍ਹਾਂ ਨੇ ਖਾਲਿਸਤਾਨ ਦੇ ਝੰਡੇ ਫੜੇ ਹੋਏ ਸਨ। ਇਸ ਦੌਰਾਨ ਖਾਲਿਸਤਾਨ ਦੀ ਮੰਗ ਨੂੰ ਵੀ ਦੁਹਰਾਇਆ ਗਿਆ ਤੇ ਖਾਲਿਸਤਾਨ ਦੇ ਹੱਕ ਵਿਚ ਨਾਅਰੇ ਲਾਏ ਗਏ। ਸੰਗਤ ਦਾ ਕਹਿਣਾ ਸੀ ਕਿ ਮੁਜ਼ਾਹਰਾ ਕਰ ਕੇ ਉਹ ਦੱਸਣਾ ਚਾਹੁੰਦੇ ਹਨ ਕਿ ਸਿੱਖ ਕੌਮ ਕਦੇ ਵੀ ਆਪਣੇ ਦੁਸ਼ਮਣ ਨੂੰ ਭੁੱਲਦੀ ਨਹੀਂ ਤੇ ਨਾ ਹੀ ਮੁਆਫ਼ ਕਰਦੀ ਹੈ।

# ਗੁਰਦੁਆਰਾ ਪੈਲਾਟਾਈਨ ਵਿਖੇ ਜੂਨ 1984 ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਕਰਵਾਏ

**ਸ਼ਿਕਾਗੋ:** ਇਥੋਂ ਦੇ ਸਭ ਤੋਂ ਪਹਿਲੇ ਗੁਰਦੁਆਰਾ ਸਾਹਿਬ ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਵਿਖੇ 1984 ਦੇ



ਘੱਲੂਘਾਰੇ ਵਿਚ ਸ਼ਹੀਦ ਹੋਏ ਸਮੂਹ ਸਿੱਖਾਂ ਦੀ ਯਾਦ ਵਿਚ 9 ਜੂਨ ਸ਼ੁਕਰਵਾਰ ਨੂੰ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ, ਜਿਨ੍ਹਾਂ ਦੇ ਭੋਗ ਐਤਵਾਰ 11 ਜੂਨ ਨੂੰ ਪਾਏ ਗਏ। ਉਪਰੰਤ ਕੀਰਤਨ, ਕਥਾ, ਵਿਚਾਰਾਂ ਤੇ ਢਾਡੀ ਵਾਰਾਂ ਗਾਇਨ ਕੀਤੀਆਂ ਗਈਆਂ। 6 ਤੋਂ 11 ਜੂਨ ਤੱਕ ਹਰ ਰੋਜ਼ ਸ਼ਹੀਦੀ ਸਮਾਗਮ ਦੇ ਸਬੰਧ ਵਿਚ ਸ਼ਾਮਾਂ ਦੇ ਦੀਵਾਨ ਸਜਾਏ ਗਏ। ਇਨ੍ਹਾਂ ਦੀਵਾਨਾਂ ਵਿਚ ਭਾਈ ਲਖਵਿੰਦਰ ਸਿੰਘ ਸੋਹਲ ਦਾ ਢਾਡੀ ਜਥਾ ਵਿਸ਼ੇਸ਼ ਤੌਰ 'ਤੇ ਪਹੁੰਚਿਆ ਸੀ। ਉਨ੍ਹਾਂ ਨੇ ਹਰ ਰੋਜ਼ ਸ਼ਾਮ ਦੇ ਦੀਵਾਨਾਂ ਵਿਚ ਸੰਗਤਾਂ ਨੂੰ 1984 ਦੇ ਘੱਲੂਘਾਰੇ ਦਾ ਇਤਿਹਾਸ ਸਰਵਣ ਕਰਵਾਇਆ। ਸੰਗਤਾਂ ਵੀ ਇਸ ਸ਼ਹੀਦੀ ਸਮਾਗਮ ਵਿਚ ਵੱਡੀ ਗਿਣਤੀ 'ਚ ਹਾਜ਼ਰੀ ਭਰਦੀਆਂ ਰਹੀਆਂ।

ਢਾਡੀ ਭਾਈ ਸੋਹਲ ਨੇ ਜਿੱਥੇ ਸਿੰਘਾਂ ਦੀਆਂ ਵਾਰਾਂ ਤੇ ਇਤਿਹਾਸ ਸਰਵਣ ਕਰਵਾਇਆ ਉਥੇ ਉਨ੍ਹਾਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਇਸ ਘੱਲੂਘਾਰੇ ਨੂੰ ਆਮ ਤੌਰ 'ਤੇ ਤੀਜਾ ਘੱਲੂਘਾਰਾ ਕਿਹਾ ਜਾਂਦਾ ਹੈ। ਪਰ ਅਸਲ ਵਿਚ ਇਹ ਚੌਥਾ ਘੱਲੂਘਾਰਾ ਹੈ। ਉਨ੍ਹਾਂ ਮੁਤਾਬਿਕ ਅਸਲ ਵਿਚ ਪਹਿਲਾ ਘੱਲੂਘਾਰਾ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੀ ਮੁਗਲਾਂ ਨਾਲ ਹੋਈ ਜੰਗ ਸਮੇਂ ਵਾਪਰਿਆ ਹੈ। ਭਾਈ ਸੋਹਲ ਦੇ ਢਾਡੀ ਜਥੇ ਨੂੰ ਸੰਗਤਾਂ ਨੇ ਬੇਹੱਦ ਪਿਆਰ ਤੇ ਸਤਿਕਾਰ ਦਿੱਤਾ। ਇਸ ਤੋਂ ਇਲਾਵਾ ਕੈਲੇਫੋਰਨੀਆ ਤੋਂ ਵਿਸ਼ੇਸ਼ ਤੌਰ 'ਤੇ ਸਿੰਘ ਸ਼ਹੀਦੀ ਪ੍ਰਦਰਸ਼ਨੀ ਲਾਉਣ ਲਈ ਆਏ ਹੋਏ ਸਨ। ਸੰਗਤਾਂ ਸ਼ਹੀਦਾਂ ਦੀ ਪ੍ਰਦਰਸ਼ਨੀ ਨੂੰ ਦੇਖ ਹੰਝੂ ਵਹਾ ਰਹੀਆਂ ਸਨ। ਆਪ ਮੁਹਾਰੇ ਮੂੰਹੋਂ ਵਾਹਿਗੁਰੂ ਵਾਹਿਗੁਰੂ ਨਿਕਲ ਰਿਹਾ ਸੀ। ਇਨ੍ਹਾਂ ਸਮਾਗਮਾਂ ਦੀਆਂ ਸੇਵਾਵਾਂ ਸੰਗਤਾਂ ਵਲੋਂ ਸਾਂਝੇ



ਤੌਰ 'ਤੇ ਕੀਤੀਆਂ ਗਈਆਂ। ਐਤਵਾਰ ਦੇ ਦੀਵਾਨ 'ਚ ਸੰਗਤ ਦੇ ਕੁਝ ਮੈਂਬਰਾਂ ਨੇ ਆਪਣੇ ਵਿਚਾਰ ਵੀ ਸਾਂਝੇ ਕੀਤੇ। ਸਿੱਖ ਨੌਜਵਾਨ ਬਿਕਰਮਜੀਤ ਸਿੰਘ ਨੇ ਬੜੀ ਦਲੇਰੀ ਨਾਲ ਥੋੜ੍ਹੇ ਸਮੇਂ ਵਿਚ ਹੀ ਸਿੱਖ ਕੌਮ ਦੇ ਮਸਲੇ ਤੇ ਕਿਸਾਨੀ ਮਸਲਿਆਂ ਨੂੰ ਛੂਹ ਕੇ ਉਨ੍ਹਾਂ ਦਾ ਹੱਲ ਸਿਰਫ ਤੇ ਸਿਰਫ ਖਾਲਿਸਤਾਨ ਦੱਸ ਕੇ ਵਿਚਾਰ ਸਾਂਝੇ ਕੀਤੇ। ਜਿੱਥੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦਾਂ ਦੀਆਂ ਤਸਵੀਰਾਂ ਲਾਈਆਂ ਲਾਈਆਂ ਹੋਈਆਂ ਸਨ ਉਥੇ ਵਿਸ਼ੇਸ਼ ਤੌਰ 'ਤੇ ਖਾਲਿਸਤਾਨ ਦੇ ਝੰਡੇ ਤੇ ਬੈਨਰ ਵੀ ਝੂਲ ਰਹੇ ਸਨ।

# ਵਨਨੈੱਸ ਵਾਕ ਨੇ ਕਰਾਈ ਬੱਲੇ ਬੱਲੇ

**ਸ਼ਿਕਾਗੋ:** ਸ਼ਨਿਚਰਵਾਰ 10 ਜੂਨ ਨੂੰ ਵਨਨੈੱਸ ਵਾਕ ਵਲੋਂ ਦੌੜਾਂ ਕਰਵਾਈਆਂ ਗਈਆਂ। ਸਵੇਰੇ 7:30 ਵਜੇ ਸ਼ੁਰੂ ਹੋਈ 5 ਕਿਲੋਮੀਟਰ ਦੌੜ, ਚੱਲਣ ਦੇ ਮੁਕਾਬਲਿਆਂ ਵਿਚ 350 ਤੋਂ ਵੱਧ ਬੱਚਿਆਂ, ਜਵਾਨਾਂ ਤੇ ਬਜ਼ੁਰਗਾਂ ਨੇ ਭਾਗ ਲੈ ਕੇ ਤੇ finish line ਪਾਰ ਕਰ ਕੇ ਤਗਮੇ ਹਾਸਲ ਕੀਤੇ।

ਵਾਲੰਟੀਅਰਾਂ ਨੇ ਪਹਿਲਾਂ ਹੀ ਸਾਰੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ। ਭਾਗ ਲੈਣ ਵਾਲਿਆਂ ਵਿਚ ਉਤਸ਼ਾਹ ਤੇ ਜੋਸ਼ ਤਾਂ ਪਹਿਲਾਂ ਹੀ ਭਰਪੂਰ ਸੀ ਪਰ ਡਾਕਟਰ ਅੰਮ੍ਰਿਤ ਸਿੰਘ ਦੇ ਹੋਣਹਾਰ ਪੁੱਤਰ ਅਵਰ ਸਿੰਘ ਨੇ ਪੰਜਾਬੀ ਢੋਲ ਤੇ ਤਾਲਾਂ ਖੜਕਾ ਸਭਨਾਂ ਨੂੰ ਨੱਚਣ ਲਾ ਦਿੱਤਾ।

ਕੁਕ ਕਾਊਂਟੀ ਕਮਿਸ਼ਨਰ, ਫਾਰੈਸਟ ਪ੍ਰੀਜ਼ਰਵ ਕਮਿਸ਼ਨਰ ਸਕਾਟ ਬ੍ਰੀਟਨ ਨੇ ਉਤਸ਼ਾਹਤ ਸ਼ਬਦ ਬੋਲਣ ਤੋਂ ਪਹਿਲਾਂ ਸਤਿ ਸ੍ਰੀ ਅਕਾਲ ਬੁਲਾਈ ਤੇ ਜੀ ਆਇਆਂ ਨੂੰ ਕਿਹਾ। ਲੰਮਾ ਪੈਂਡਾ ਹੋਣ ਕਾਰਨ ਸਰੀਰ ਖੋਲ੍ਹਣ ਲਈ ਹਲਕੀ ਕਸਰਤ ਕਰਾਈ ਗਈ। ਮਗਰੋਂ ਸਕਾਟ ਨੇ 5 ਤੋਂ ਉਲਟੀ ਗਿਣਤੀ ਕਰ ਕੇ ਦੌੜ ਸ਼ੁਰੂ ਕਰਵਾਈ। ਸਕਾਟ ਪਹਿਲਾਂ ਵੀ ਕਈ ਵਾਰ ਸਿੱਖਾਂ ਦੇ ਪ੍ਰੋਗਰਾਮਾਂ 'ਚ ਸ਼ਿਰਕਤ ਕਰ ਚੁੱਕਾ ਹੈ।

ਮੌਸਮ ਸੁਹਾਵਣਾ ਸੀ। ਮੱਠੀ ਮੱਠੀ ਧੁੱਪ ਚਮਕ ਰਹੀ ਸੀ। ਦੌੜਾਕ ਇਕ ਦੂਜੇ ਨੂੰ ਮਾਤ ਪਾ ਰਹੇ ਸਨ। ਬਜ਼ੁਰਗ ਮੜ੍ਹਕ ਚਾਲ 'ਚ ਤੁਰ ਰਹੇ ਸਨ। ਕਈ ਬਜ਼ੁਰਗ ਘਰ-ਬਾਰ ਤੇ ਸਰਕਾਰਾਂ ਬਾਰੇ ਖੁੰਢ ਚਰਚਾ ਕਰ ਰਹੇ ਸਨ। ਜਗ੍ਹਾ-ਜਗ੍ਹਾ ਰਾਹ ਦਰਸਾਉਂਦੇ ਨਿਸ਼ਾਨ ਲਾਏ ਗਏ ਸਨ। ਪਾਣੀ ਤੇ ਜੂਸ ਖੁੱਲ੍ਹਾ ਵਰਤਾਇਆ ਜਾ ਰਿਹਾ ਸੀ। ਕਿਤੇ ਕਿਤੇ ਜਵਾਕ ਮਸਖਰੀਆਂ ਕਰ ਰਹੇ ਸਨ। ਵਾਲੰਟੀਅਰ ਰਾਹ ਦਰਸਾ ਰਹੇ ਸਨ। ਜੇ ਕੋਈ ਪੂਰਾ ਸਫਰ ਨਹੀਂ ਸੀ ਤੈਅ ਕਰ ਸਕਦਾ, ਉਨ੍ਹਾਂ ਲਈ ਚੋਰ-ਮੋਰੀ ਸੀ, ਉਹ ਘੱਟ ਸਫਰ ਤੈਅ ਕਰ ਸਕਦੇ ਸਨ। ਜੋ ਦੌੜ ਪੂਰੀ ਕਰ ਰਹੇ ਸਨ, ਉਨ੍ਹਾਂ ਨੂੰ ਤਗਮੇ ਦਿੱਤੇ ਗਏ।



ਲਿਬਰਟੀਵੈਲ ਸ਼ਹਿਰ ਦੇ ਸਿੰਘ ਕੇਟਰਰ ਨੇ ਹੈਲਥੀ ਖਾਣਿਆਂ ਦਾ ਸਟਾਲ ਲਾਇਆ ਹੋਇਆ ਸੀ। ਥਕੇਵਾਂ ਦੂਰ ਕਰਨ ਲਈ ਫਲ, ਕਈ ਕਿਸਮਾਂ ਦੇ ਪੀਣ ਵਾਲੇ ਪਦਾਰਥ ਤੇ ਤਾਕਤ ਦੇਣ ਵਾਲੀਆਂ ਬਅਰਸ ਮੁਫ਼ਤ ਰੱਖੀਆਂ ਹੋਈਆਂ ਸਨ। ਸਮੋਸੇ ਸਭ ਤੋਂ ਵੱਧ ਮੰਗ 'ਚ ਰਹੇ। ਭਾਰਤੀ ਮੂਲ ਦੀ ਸਭ ਤੋਂ ਘੱਟ ਉਮਰ ਵਾਲੀ ਪੈਲਾਟਾਈਨ ਸ਼ਹਿਰ ਦੀ ਸਟੇਟ ਰਿਪ੍ਰੈਜ਼ੈਂਟ ਨਬੀਲਾ ਸਈਦ ਪਹੁੰਚੀ ਤੇ ਉਸ ਨੇ ਪ੍ਰਬੰਧਕਾਂ ਦੇ ਆਹਲਾ ਇੰਤਜ਼ਾਮਾਂ ਦੀ ਸ਼ਲਾਘਾ ਕੀਤੀ ਤੇ ਜੇਤੂਆਂ ਨੂੰ ਵਧਾਈ ਦਿੱਤੀ।

Kiddie dash ਖਿੱਚ ਦਾ ਕੇਂਦਰ ਰਹੀ ਜਿਸ ਵਿਚ 1 ਤੋਂ 10 ਸਾਲ ਦੇ ਦੌੜਾਕਾਂ ਨੇ ਹਿੱਸਾ ਲਿਆ, ਜਿਨ੍ਹਾਂ ਨੂੰ ਤਗਮਾ, ਪਾਣੀ ਵਾਲੀ ਬੋਤਲ ਤੇ ਹੋਰ ਨਿੱਕ-ਸੁੱਕ ਸਾਮਾਨ ਦਿੱਤਾ ਗਿਆ। ਇਸ ਦੌੜ ਤੋਂ ਹੋਏ ਮੁਨਾਫੇ ਵਿਚੋਂ Chicago voyagers ਨੂੰ 5 ਹਜ਼ਾਰ ਡਾਲਰ ਦਾ ਚੈਕ ਭੇਟ ਕੀਤਾ ਗਿਆ। ਇਹ ਲੋੜਵੰਦ ਬੱਚਿਆਂ ਤੇ ਨੌਜਵਾਨਾਂ ਦੀ ਮਦਦ ਕਰਦੇ ਹਨ। ਐਤਕੀਂ ਦੂਜੇ ਸਾਲ voyagers ਨੂੰ ਚੈਕ ਦਿੱਤਾ ਗਿਆ। ਉਂਝ ਦੌੜ 6ਵੇਂ ਸਾਲ ਵਿਚ ਪੁੱਜ ਚੁੱਕੀ ਹੈ।

Oneness walk ਗੈਰ ਮੁਨਾਫ਼ਾ ਸੰਸਥਾ ਹੈ ਤੇ ਵਧੇਰੇ ਵਾਲੰਟੀਅਰ ਜਵਾਨ ਹਨ, ਵਧੀਆ ਅਹੁਦਿਆਂ 'ਤੇ ਹਨ ਤੇ ਵੱਖ ਵੱਖ ਧਰਮਾਂ ਨਾਲ ਸਬੰਧਤ ਹਨ। 40 ਫੀਸਦੀ ਤੋਂ ਵੱਧ ਲੋਕ ਗੈਰ ਸਿੱਖ ਹਨ। ਵਧੇਰੇ ਜਾਣਕਾਰੀ ਲਈ ਪ੍ਰੇਮਪਾਲ ਸਿੰਘ ਨਾਲ 847-722-7683 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ info@onenessrun.org 'ਤੇ ਈ-ਮੇਲ ਕੀਤੀ ਜਾ ਸਕਦੀ ਹੈ।

*-ਠਾਕਰ ਸਿੰਘ ਬਸਾਤੀ*

ਪੰਜਾਬ ਟਾਈਮਜ਼

*ਸ਼ਨਿਚਰਵਾਰ, 17 ਜੂਨ, 2023*

## ਚੋਣ ਸਿਆਸਤ ਅਤੇ ਸਿਆਸੀ ਧਿਰਾਂ

ਭਾਰਤ ਅੰਦਰ ਲੋਕ ਸਭਾ ਚੋਣਾਂ ਨੂੰ ਅਜੇ ਭਾਵੇਂ ਪੂਰਾ ਇਕ ਸਾਲ ਪਿਆ ਹੈ ਪਰ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਨੇ ਆਪਣੀਆਂ ਗਿਣਤੀਆਂ ਮਿਣਤੀਆਂ ਸ਼ੁਰੂ ਕਰ ਦਿੱਤੀਆਂ ਹਨ। ਕਾਂਗਰਸ ਸਮੇਤ ਹੋਰ ਵਿਰੋਧੀ ਧਿਰਾਂ ਵੀ ਇਸ ਸਬੰਧੀ ਸਰਗਰਮੀ ਦਿਖਾ ਰਹੀਆਂ ਹਨ ਅਤੇ ਵੱਖ-ਵੱਖ ਧਿਰਾਂ ਵਿਚਕਾਰ ਮੀਟਿੰਗਾਂ ਦਾ ਸਿਲਸਿਲਾ ਚੱਲ ਰਿਹਾ ਹੈ। ਅਸਲ ਵਿਚ, ਹਾਲ ਹੀ ਵਿਚ ਕਰਨਾਟਕ 'ਚ ਹੋਈਆਂ ਵਿਧਾਨ ਸਭਾ ਚੋਣਾਂ ਨੇ ਇਨ੍ਹਾਂ ਚੁਣਾਵੀ ਸਰਗਰਮੀਆਂ ਲਈ ਰਾਹ ਖੋਲ੍ਹ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਨੂੰ ਪੂਰੀ ਉਮੀਦ ਸੀ ਕਿ ਇਹ ਕਰਨਾਟਕ ਵਿਧਾਨ ਸਭਾ ਚੋਣਾਂ ਆਰਾਮ ਨਾਲ ਜਿੱਤ ਜਾਵੇਗੀ ਅਤੇ ਫਿਰ ਇਸ ਜਿੱਤ ਨੂੰ ਆਧਾਰ ਬਣਾ ਕੇ ਲੋਕ ਸਭਾ ਚੋਣਾਂ ਦੀ ਤਿਆਰੀ ਕਰੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੂਰਾ ਜ਼ੋਰ ਲੱਗਿਆ ਹੋਇਆ ਸੀ ਕਿ ਹਰ ਹਾਲ ਜਿੱਤ ਦਰਜ ਕਰਵਾਈ ਜਾਵੇ। ਇਸੇ ਕਰ ਕੇ ਕੁਝ ਧਿਰਾਂ ਵੱਲੋਂ ਇਨ੍ਹਾਂ ਚੋਣਾਂ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੈਮੀ ਫਾਈਨਲ ਮੁਕਾਬਲਾ ਵੀ ਗਰਦਾਨਿਆ ਜਾ ਰਿਹਾ ਸੀ। ਉਂਝ, ਇਨ੍ਹਾਂ ਚੋਣਾਂ ਵਿਚ ਪਾਸੇ ਹੀ ਪਲਟ ਗਏ। ਇਨ੍ਹਾਂ ਚੋਣਾਂ ਅੰਦਰ ਕਾਂਗਰਸ ਦੀ ਜ਼ਬਰਦਸਤ ਵਾਪਸੀ ਹੋਈ ਅਤੇ ਇਸ ਦੇ ਨਾਲ ਹੀ ਵਿਰੋਧੀ ਧਿਰ ਵਿਚ ਏਕੇ ਦੀ ਗੱਲ ਵੀ ਜ਼ੋਰਦਾਰ ਢੰਗ ਨਾਲ ਸ਼ੁਰੂ ਹੋ ਗਈ। ਵੱਖ-ਵੱਖ ਸਿਆਸੀ ਧਿਰਾਂ ਦੇ ਸੀਨੀਅਰ ਲੀਡਰ ਆਪਸ ਵਿਚ ਮੇਲ-ਮਿਲਾਪ ਵਧਾਉਣ ਲੱਗੇ।

ਇਸ ਮਸਲੇ 'ਤੇ ਹੁਣ ਜਿਹੜੀ ਟਿੱਪਣੀ ਆਰ.ਐਸ.ਐਸ. ਦੀ ਆਈ ਹੈ, ਉਹ ਧਿਆਨ ਧਰਨ ਵਾਲੀ ਹੈ। ਆਰ.ਐਸ.ਐਸ. ਦੇ ਤਰਜਮਾਨੇ ਪਰਚੇ 'ਆਰਗੇਨਾਈਜਰ' ਇਹ ਟਿੱਪਣੀ ਭਾਵੇਂ ਕਰਨਾਟਕ ਵਿਧਾਨ ਸਭਾ ਚੋਣ ਨਤੀਜਿਆਂ ਦੇ ਪ੍ਰਸੰਗ ਵਿਚ ਆਈ ਹੈ ਪਰ ਸਿਆਸੀ ਵਿਸ਼ਲੇਸ਼ਕ ਇਹੀ ਤੱਥ ਪਹਿਲਾਂ ਹੀ ਚਿਤਾਰ ਚੁੱਕੇ ਹਨ। ਇਸ ਪਰਚੇ ਵਿਚ ਟਿੱਪਣੀ ਕੀਤੀ ਗਈ ਹੈ ਕਿ 2024 ਵਾਲੀਆਂ ਚੋਣਾਂ ਜਿੱਤਣ ਲਈ ਸਿਰਫ ਨਰਿੰਦਰ ਮੋਦੀ ਅਤੇ ਹਿੰਦੂਤਵ ਦੇ ਪ੍ਰਚਾਰ ਉਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ। ਸਿਆਸੀ ਵਿਸ਼ਲੇਸ਼ਕ ਇਹ ਨਿਚੋੜ ਪਹਿਲਾਂ ਹੀ ਕੱਢ ਚੁੱਕੇ ਹਨ ਜਿਥੇ-ਜਿਥੇ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਧਰੁਵੀਕਰਨ ਕਰਨ ਵਿਚ ਨਾਕਾਮ ਰਹੀ ਹੈ, ਉਥੇ-ਉਥੇ ਹੀ ਇਸ ਦੀ ਹਾਰ ਹੋਈ ਹੈ। ਜ਼ਾਹਿਰ ਹੈ ਕਿ ਆਰ.ਐਸ.ਐਸ. ਦਾ ਸਾਰਾ ਦਾਰੋਮਦਾਰ ਵੋਟਾਂ ਦੇ ਧਰੁਵੀਕਰਨ 'ਤੇ ਹੈ ਅਤੇ ਇਹ ਵੱਖ-ਵੱਖ ਫਿਰਕਿਆਂ ਵਿਚਕਾਰ ਸਿਰੇ ਦੀ ਨਫਰਤ ਫੈਲਾਅ ਕੇ ਆਪਣਾ ਕਾਰਜ ਸਿੱਧ ਕਰਨ ਦਾ ਯਤਨ ਕਰਦੀ ਹੈ। ਕਰਨਾਟਕ ਵਿਚ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਹੋਰ ਲੀਡਰਾਂ ਨੇ ਪੂਰਾ ਟਿੱਲ ਲਾਇਆ ਕਿ ਕਾਂਗਰਸ ਦੀ ਬਜਰੰਗ ਦਲ ਉਤੇ ਪਾਬੰਦੀ ਵਾਲੀ ਗੱਲ ਨੂੰ ਬਜਰੰਗ ਬਲੀ ਦਾ ਧਾਰਮਿਕ ਮੁੱਦਾ ਬਣਾ ਦਿੱਤਾ ਜਾਵੇ ਪਰ ਇਸ ਮਾਮਲੇ 'ਤੇ ਇਨ੍ਹਾਂ ਦੀ ਇਕ ਵੀ ਨਹੀਂ ਚੱਲੀ। ਨਤੀਜੇ ਵਜੋਂ ਮੋਦੀ ਦੀਆਂ ਵੱਡੀਆਂ ਰੈਲੀ ਅਤੇ ਵਿਸ਼ਾਲ ਰੋਡ ਸ਼ੋਅ ਵੀ ਪਾਰਟੀ ਨੂੰ ਮੁੜ ਸੱਤਾ ਵਿਚ ਲਿਆਉਣ ਵਿਚ ਨਾਕਾਮਯਾਬ ਰਹੇ।

ਇਸੇ ਕਰ ਕੇ ਹੁਣ ਭਾਰਤੀ ਜਨਤਾ ਪਾਰਟੀ ਨੇ ਆਪਣਾ ਧਿਆਨ ਆਰਥਿਕ ਮਸਲਿਆਂ ਉਤੇ ਕੇਂਦਰਿਤ ਕਰਨਾ ਆਰੰਭ ਕਰ ਦਿੱਤਾ ਹੈ। ਪਿਛਲੇ ਕੁਝ ਹਫਤਿਆਂ ਤੋਂ ਮੀਡੀਆ ਅੰਦਰ ਅਰਥਚਾਰੇ ਬਾਰੇ ਲਗਾਤਾਰ ਹਾਂ-ਪੱਖੀ ਖਬਰਾਂ ਦੀ ਝੜੀ ਜਿਹੀ ਲੱਗ ਗਈ ਹੈ ਅਤੇ ਸਰਕਾਰ ਵੱਲੋਂ ਅਜਿਹੇ ਅੰਕੜੇ ਪੇਸ਼ ਕੀਤੇ ਜਾ ਰਹੇ ਰਹੇ ਜਿਨ੍ਹਾਂ ਤੋਂ ਜਾਪ ਇਹ ਰਿਹਾ ਹੈ ਕਿ ਭਾਰਤ ਦੀ ਆਰਥਿਕਤਾ ਮਜ਼ਬੂਤੀ ਵੱਲ ਵਧ ਰਹੀ ਹੈ। ਅਜਿਹੇ ਅਹਿਮ ਮੌਕਿਆਂ 'ਤੇ ਸੱਤਾਧਾਰੀ ਧਿਰ ਪਹਿਲਾਂ ਵੀ ਅਜਿਹਾ ਕਰਦੀ ਰਹੀ ਹੈ।ਇਹ ਸੰਭਵ ਹੈ ਕਿ ਆਉਣ ਵਾਲੇ ਸਮੇਂ ਦੌਰਾਨਅਜਿਹੇਅੰਕੜਿਆਂ ਦੀ ਹਨੇਰੀ ਚਲਾ ਦਿੱਤੀ ਜਾਵੇ ਅਤੇ ਨਾਲ ਹੀ ਲੋਕਾਂ ਨੂੰ ਲੁਭਾਉਣ ਵਾਲੀਆਂ ਛੋਟਾਂ ਦੇ ਐਲਾਨ ਕਰ ਦਿੱਤੇ ਜਾਣ। ਅਜਿਹੇ ਹਾਲਾਤ ਵਿਚ ਇਹ ਵਿਰੋਧੀ ਧਿਰ ਉਤੇ ਨਿਰਭਰ ਕਰੇਗਾ ਕਿ ਇਹ ਭਾਰਤੀ ਜਨਤਾ ਪਾਰਟੀ ਦੀਆਂ ਅਜਿਹੀਆਂ ਰਣਨੀਤੀਆਂ ਦਾ ਕਿੰਨੇ ਜ਼ੋਰਦਾਰ ਢੰਗ ਨਾਲ ਜਵਾਬ ਦਿੰਦੀ ਹੈ। ਫਿਲਹਾਲ ਵੱਖ-ਵੱਖ ਵਿਰੋਧੀ ਧਿਰਾਂ ਵਿਚਕਾਰ ਇਹ ਆਮ ਸਹਿਮਤੀ ਬਣ ਰਹੀ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਹਰਾਉਣ ਲਈ ਏਕਾ ਬਹੁਤ ਜ਼ਰੂਰੀ ਹੈ। ਇਸ ਪ੍ਰਸੰਗ ਵਿਚ ਖੇਤਰੀ ਧਿਰਾਂ ਆਪੋ-ਆਪਣੇ ਢੰਗ ਨਾਲ ਅਗਾਂਹ ਵਧ ਰਹੀਆਂ ਹਨ।ਜੇ ਇਹ ਖੇਤਰੀ ਤਾਕਤਾਂ ਕਾਂਗਰਸ ਨਾਲ ਤਾਲਮੇਲ ਬਿਠਾਉਣ ਵਿਚ ਕਾਮਯਾਬ ਹੋ ਜਾਂਦੀਆਂ ਹਨ ਤਾਂ ਕੋਈ ਵੱਡੀ ਗੱਲ ਨਹੀਂ ਕਿ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਪਛੜ ਜਾਵੇ। ਉਂਝ, ਇਹ ਮੁਕਾਮ ਹਾਸਲ ਕਰਨ ਲਈ ਇਨ੍ਹਾਂ ਧਿਰਾਂ ਨੂੰ ਬਹੁਤ ਕੁਝ ਕੁਰਬਾਨ ਕਰਨਾ ਪਵੇਗਾ।

ਦੇਸ਼ ਪੱਧਰ 'ਤੇ ਵਿਰੋਧੀ ਧਿਰਾਂ ਨੂੰ ਇਕਮੁੱਠ ਕਰਨ ਦੀਆਂ ਇਨ੍ਹਾਂ ਸਭ ਕਾਰਵਾਈਆਂ ਦੌਰਾਨ ਪੰਜਾਬ ਵਿਚ ਇਸ ਦਾ ਉਲਟਾ ਪਾਸਾ ਦਿਖਾਈ ਦੇ ਰਿਹਾ ਹੈ। ਆਮ ਆਦਮੀ ਪਾਰਟੀ ਭਾਵੇਂ ਕੌਮੀ ਪੱਧਰ 'ਤੇ ਵਿਰੋਧੀ ਧਿਰਾਂ ਨਾਲ ਖੜ੍ਹਨ ਦਾ ਦਮ ਭਰਦੀ ਜਾਪਦੀ ਹੈ ਅਤੇ ਮੋਦੀ ਸਰਕਾਰ ਦੇ ਦਿੱਲੀ ਸਰਕਾਰ ਖਿਲਾਫ ਜਾਰੀ ਆਰਡੀਨੈਂਸ ਦੇ ਹੱਕ ਵਿਚ ਵਿਰੋਧੀ ਧਿਰਾਂ ਦੀ ਹਮਾਇਤ ਹਾਸਲ ਕਰਨ ਲਈ ਹੱਥ-ਪੈਰ ਮਾਰ ਰਹੀ ਹੈ ਪਰ ਪੰਜਾਬ ਵਿਚ ਇਹ ਵਿਰੋਧੀ ਧਿਰਾਂ ਖਿਲਾਫ ਵੈਰ ਵਾਲੀ ਸਿਆਸਤ ਦੇ ਰਾਹ ਪਈ ਹੋਈ ਹੈ। ਇਸੇ ਕਰ ਕੇ ਕਾਂਗਰਸ ਦੇ ਪੰਜਾਬ ਵਾਲੇ ਲੀਡਰਾਂ ਨੇ ਆਪਣੀ ਪਾਰਟੀ ਹਾਈ ਕਮਾਨ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਦੀ ਅਜਿਹੀ ਸਿਆਸਤ ਤੋਂ ਸੁਚੇਤ ਰਿਹਾ ਜਾਵੇ। ਅਸਲ ਵਿਚ ਪੰਜਾਬ ਅੰਦਰ ਆਮ ਆਦਮੀ ਪਾਰਟੀ ਅਤੇ ਇਸ ਦੀ ਭਗਵੰਤ ਮਾਨ ਸਰਕਾਰ ਦਾ ਹਾਲ ਇਹ ਹੈ ਕਿ ਪਿਛਲੇ ਇਕ ਸਾਲ ਦੌਰਾਨ ਲੋਕਾਂ ਨੂੰ ਦਰਪੇਸ਼ ਔਕੜਾਂ ਦੇ ਹੱਲ ਲਈ ਕੁਝ ਖਾਸ ਨਹੀਂ ਕਰ ਸਕੀ। ਇਸ ਲਈ ਹੁਣ ਇਸ ਦਾ ਸਾਰਾ ਜ਼ੋਰ ਵਿਰੋਧੀ ਧਿਰ ਦੇ ਲੀਡਰਾਂ ਖਿਲਾਫ ਕਾਰਵਾਈਆਂ ਕਰਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਲਾਂਭੇ ਕਰਨ ਲਈ ਲੱਗ ਰਿਹਾ ਹੈ। ਇਸ ਕਰ ਕੇ ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਵਿਰੋਧੀ ਧਿਰਾਂ ਆਪਣੇ ਅਜਿਹੇ ਮਸਲੇ ਨਜਿੱਠ ਕੇ ਭਾਰਤੀ ਜਨਤਾ ਪਾਰਟੀ ਖਿਲਾਫ ਕਿੰਨਾ ਕੁ ਕਾਰਗਰ ਤਾਲਮੇਲ ਬਿਠਾਉਣ ਵਿਚ ਕਾਮਯਾਬ ਹੁੰਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਛੇ ਸਵਾਲ ?*

ਸਾਰਾ ਲਾਣਾ ਹੀ ਵਿਗੜਿਆ ਹੋਏ ਜਿੱਥੇ, ਉੱਥੇ ਕਰੇ ਗੀ ਸਿਆਣੀ ਬਰਾਦਰੀ ਕੀ?
ਝੋਨੇ-ਕਣਕ ਦੇ ਚੱਕਰ ਵਿਚ ਫਸੇ ਐਸੇ, ਲੋਕੀਂ ਭੁੱਲ ਗਏ ਹੁੰਦੀ ਆ ਦਾਦਰੀ ਕੀ?
ਕਿਰਤ ਕਰਨ ਦਾ ਦੇਣ ਉਪਦੇਸ਼ ਕਿੱਦਾਂ, ਕਾਜ਼ੀ ਪੰਡਤ ਅਰ ਭਾਈ ਤੇ ਪਾਦਰੀ ਕੀ?
ਬੰਦਾ ਫਿਰੇ ਜੋ ਬਦ-ਇਖਲਾਕ ਹੋਇਆ, ਉਹ ਨਹੀਂ ਜਾਣਦਾ ਹੁੰਦੀ ਨਿਰਾਦਰੀ ਕੀ?
ਇਹ ਪਦਵੀਆਂ ਬਸ ਹੁਣ ਨਾਂ ਦੀਆਂ ਨੇ, 'ਸੂਫੀ' 'ਸੰਤ' 'ਮਜੌਰ' ਜਾਂ 'ਕਾਦਰੀ' ਕੀ?
ਹੈਗੇ ਕੋ.ਲ ਨਹੀਂ ਜੁੱਸੇ ਕਿਰਦਾਰ ਪਹਿਲੇ, ਪਈ ਇਤਿਹਾਸ ਵਿਚ ਕਰੂ ਬਹਾਦਰੀ ਕੀ?

# 'ਸਰਕਾਰ ਤੁਹਾਡੇ ਦੁਆਰ' ਦਾ ਕੱਚ-ਸੱਚ ਤੇ ਵਿਰੋਧੀ ਧਿਰਾਂ

***ਪੰਜਾਬ ਸਰਕਾਰ ਨੇ ਬੇਲੋੜੇ ਖਰਚੇ ਘਟਾਉਣ ਦੀ ਥਾਂ ਪਿਛਲੀਆਂ ਸਰਕਾਰਾਂ ਵਾਂਗ ਤੇਲ ਕੀਮਤਾਂ ਵਿਚ ਵਾਧਾ ਕਰ ਕੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਸੋ, ਅੱਜ ਪੰਜਾਬੀਆਂ, ਖਾਸਕਰ ਨੌਜਵਾਨਾਂ ਨੂੰ ਸਿਆਸਤਦਾਨਾਂ ਦੀ ਕਮੇਡੀ ਵਿਚੋਂ 'ਸਵਾਦ' ਲੈਣ ਦੀ ਥਾਂ ਇਹਨਾਂ ਦੀ ਖਸਲਤ ਪਛਾਣਨ ਦੀ ਲੋੜ ਹੈ। ਸੱਤਾ ਧਿਰ ਸਮੇਤ ਸੂਬੇ ਦੀਆਂ ਸਾਰੀਆਂ ਹਾਕਮ ਜਮਾਤ ਪਾਰਟੀਆਂ ਲੋਕਾਂ ਨੂੰ ਗੁਮਰਾਹ ਕਰ ਰਹੀਆਂ ਹਨ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਲੰਘੇ ਡੇਢ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ ਸਰਕਾਰ ਨੇ ਅਜੇ ਤੱਕ ਕੋਈ ਅਜਿਹੀ ਬੁਨਿਆਦੀ ਤਬਦੀਲੀ ਨਹੀਂ ਕੀਤੀ ਜਿਸ ਨਾਲ ਸੂਬੇ ਵਿਚ ਬੇਰੁਜ਼ਗਾਰੀ, ਗਰੀਬੀ ਵਿਚ ਕੋਈ ਵੱਡਾ ਫਰਕ ਆਇਆ ਹੋਵੇ। ਹਾਂ, ਕੁਝ ਸਕੀਮਾਂ ਦਾ ਪ੍ਰਚਾਰ ਕਰ ਕੇ ਅਖਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਜ਼ਰੂਰ ਲਗਵਾਏ ਹਨ। ਇਨ੍ਹਾਂ ਦਿਨਾਂ ਵਿਚ ਸੂਬਾ ਸਰਕਾਰ ਵੱਲੋਂ 'ਸਰਕਾਰ ਤੁਹਾਡੇ ਦੁਆਰ' ਦਾ



ਬਹੁਤ ਪ੍ਰਚਾਰ ਵਿੱਢਿਆ ਹੋਇਆ ਹੈ। ਮੁੱਖ ਮੰਤਰੀ ਕਹਿੰਦੇ ਹਨ ਕਿ 'ਸਰਕਾਰ ਤੁਹਾਡੇ ਦੁਆਰ' ਤਹਿਤ ਆਮ ਆਦਮੀ ਨੂੰ ਵੱਧ ਅਖਤਿਆਰ ਦੇਣੇ ਹਨ ਤੇ ਇਸ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਤਰ੍ਹਾਂ ਅਫਸਰਸ਼ਾਹੀ ਨੂੰ ਸਿੱਧੇ ਤੌਰ 'ਤੇ ਲੋਕਾਂ ਪ੍ਰਤੀ ਜਵਾਬਦੇਹ ਬਣਾ ਰਹੇ ਹਾਂ।

'ਸਰਕਾਰ ਤੁਹਾਡੇ ਦੁਆਰ' ਤਹਿਤ ਪੰਜਾਬ ਕੈਬਨਿਟ ਦੀਆਂ ਮੀਟਿੰਗਾਂ ਵੱਖ-ਵੱਖ ਸ਼ਹਿਰਾ ਵਿਚ ਕੀਤੀਆਂ ਜਾ ਰਹੀਆਂ ਹਨ। ਇਸੇ ਨੀਤੀ ਤਹਿਤ ਕੈਬਨਿਟ ਦੀ ਪਹਿਲੀ ਮੀਟਿੰਗ ਲੁਧਿਆਣਾ, ਦੂਜੀ ਜਲੰਧਰ ਤੇ ਤੀਜੀ ਮਾਨਸਾ ਵਿਖੇ ਕੀਤੀ ਗਈ। ਜਲੰਧਰ ਵਾਲੀ ਮੀਟਿੰਗ ਤਾਂ ਕੀਤੀ ਹੀ ਪੰਜਾਬ ਆਰਮਡ ਪੁਲਿਸ ਕੰਪਲੈਕਸ ਵਿਚ ਸੀ ਜਦਕਿ ਦੂਜੀਆਂ ਦੋਵੇਂ ਲੁਧਿਆਣਾ ਤੇ ਮਾਨਸਾ ਮੀਟਿੰਗਾਂ ਨੇੜੇ ਵੱਡੀ ਗਿਣਤੀ ਪੁਲਿਸ ਤਾਇਨਾਤ ਕਰ ਕੇ ਆਮ ਲੋਕਾਂ ਨੂੰ ਮੀਟਿੰਗ ਦੇ ਨੇੜੇ-ਤੇੜੇ ਵੀ ਢੁੱਕਣ ਨਹੀਂ ਦਿੱਤਾ ਗਿਆ।

ਮਾਨਸਾ ਖੇਤਰ ਵਿਚ 'ਪੰਜਾਬ ਸਰਕਾਰ ਤੁਹਾਡੇ ਦੁਆਰ' ਦੇ ਬੋਰਡ ਲਾ ਕੇ ਸਰਕਾਰੀ ਖਜ਼ਾਨੇ ਦਾ ਲੱਖਾਂ ਰੁਪਿਆ ਵਹਾ ਕੇ ਲੋਕ ਮਸਲੇ ਸੁਣਨ ਦਾ ਭਰੋਸਾ ਜ਼ਰੂਰ ਦਿੱਤਾ ਗਿਆ। ਸਰਕਾਰ ਦਾ ਪ੍ਰਚਾਰ ਸੁਣ ਕੇ ਵੱਖ-ਵੱਖ ਜਥੇਬੰਦੀਆਂ ਤੇ ਆਮ ਲੋਕ ਆਪਣੇ ਮਸਲੇ ਲੈ ਕੇ ਮਾਨਸਾ ਪਹੁੰਚੇ ਪਰ ਹਕੀਕਤ ਇਹ ਹੈ ਕਿ ਮੁੱਖ ਮੰਤਰੀ ਕਿਸੇ ਵੀ ਜਥੇਬੰਦੀ ਨੂੰ ਨਹੀਂ ਮਿਲੇ। ਤੱਥ ਤਾਂ ਇਹ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਮਾਨਸਾ ਦੇ ਹਾਈ-ਫਾਈ 'ਈਡਨ ਗਾਰਡਨ ਪੈਲੇਸ' ਵਿਚ ਸਿਰਫ 'ਚੋਣਵੇਂ' ਲੋਕਾਂ ਨੂੰ ਮਿਲੇ ਤੇ ਲੋਕ ਮਸਲਿਆਂ ਲਈ ਸੰਘਰਸ਼ਸ਼ੀਲ ਕਿਸਾਨ, ਮਜ਼ਦੂਰ, ਮੁਲਾਜ਼ਮ, ਬੇਰੁਜ਼ਗਾਰ ਆਗੂਆਂ ਨੂੰ ਪੈਲੇਸ ਅੰਦਰ ਜਾਣ ਹੀ ਨਹੀਂ ਦਿੱਤਾ ਗਿਆ। ਮੁੱਖ ਮੰਤਰੀ ਦੇ ਮਾਨਸਾ ਆਉਣ ਤੋਂ ਪਹਿਲਾਂ ਹੀ ਬੇਰੁਜ਼ਗਾਰਾਂ 'ਤੇ ਲਾਠੀਚਾਰਜ ਕਰ ਕੇ ਉਹਨਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ।

ਸਵਾਲ ਉੱਠਦਾ ਹੈ ਕਿ ਨਰਮਾ ਪੱਟੀ ਦੇ ਕੇਂਦਰ ਵਜੋਂ ਜਾਣੇ ਜਾਂਦੇ ਮਾਨਸਾ ਵਿਖੇ ਸਰਕਾਰ ਨੇ ਕੈਬਨਿਟ ਮੀਟਿੰਗ ਤਾਂ ਕਰ ਲਈ ਪਰ ਜਦ ਮਾਨਸਾ ਦੇ ਵਿਕਾਸ ਲਈ ਕੋਈ ਐਲਾਨ ਨਹੀਂ ਕਰਨਾ ਸੀ, ਮਾਨਸਾ ਦੇ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣਨੀਆਂ ਨਹੀਂ ਸਨ, ਮੁੱਖ ਮੰਤਰੀ ਕੋਲ ਸਥਾਨਕ ਮਸਲੇ ਲੈ ਕੇ ਪਹੁੰਚੀ ਕਿਸੇ ਜਥੇਬੰਦੀ ਨਾਲ ਮੁਲਾਕਾਤ ਨਹੀਂ ਕਰਨੀ ਸੀ ਤਾਂ ਫਿਰ ਮਾਨਸਾ ਮੀਟਿੰਗ ਕਰਨ ਦਾ ਮਾਨਸਾ ਦੇ ਲੋਕਾਂ ਨੂੰ ਕੀ ਫਾਇਦਾ ਹੋਇਆ?

ਉਂਝ, ਇਹ ਸਿੱਧ ਜ਼ਰੂਰ ਹੋ ਗਿਆ ਹੈ ਕਿ ਸਰਕਾਰ ਜਿੱਥੇ ਵੀ ਕੈਬਿਨਟ ਮੀਟਿੰਗ ਕਰਨ ਜਾਇਆ ਕਰੇਗੀ, ਉੱਥੇ ਦੇ ਪ੍ਰਸ਼ਾਸਨ ਨੂੰ ਕਈ ਦਿਨ ਪਹਿਲਾਂ ਹੀ ਮੀਟਿੰਗ ਦੇ ਪ੍ਰਬੰਧਾਂ ਵਿਚ ਮਸਰੂਫ ਕਰ ਦਿੱਤਾ ਜਾਂਦਾ ਹੈ ਤੇ ਲੱਖਾਂ ਰੁਪਿਆ 'ਸਰਕਾਰ ਤੁਹਾਡੇ ਦੁਆਰ' ਤਹਿਤ ਮੀਟਿੰਗ ਦੇ ਪ੍ਰਚਾਰ 'ਤੇ ਖਰਚ ਕਰ ਦਿੱਤਾ ਜਾਂਦਾ ਹੈ। ਮੀਟਿੰਗ ਵਾਲੇ ਦਿਨ ਲੋਕਾਂ ਦੀ ਜੋ ਖੱਜਲ-ਖੁਆਰੀ ਹੁੰਦੀ ਹੈ, ਉਹ ਵੱਖਰੀ।

ਅਸਲ ਵਿਚ ਸਰਕਾਰ ਡਰਦੀ ਹੈ ਕਿ ਕਿਤੇ ਕੱਚੇ ਕਾਮੇ ਇਹਨਾਂ ਦੇ ਇਕੱਠ ਵਿਚ ਇਹ ਭਾਂਡਾ ਨਾ ਭੰਨ ਦੇਣ ਕਿ ਅਸੀਂ ਤਾਂ ਅਜੇ ਵੀ ਕੱਚੇ ਹਾਂ, ਪੁਰਾਣੀ ਪੈਨਸ਼ਨ ਬਹਾਲੀ ਲਈ ਸੰਘਰਸ਼ ਕਰ ਰਹੀ ਕਮੇਟੀ ਦੇ ਆਗੂ ਇਹ



ਭਾਂਡਾ ਨਾ ਭੰਨ ਦੇਣ ਕਿ ਅਜੇ ਤੱਕ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋਈ ਹੈ। ਸੱਚ ਤਾਂ ਇਹ ਹੈ ਕਿ ਜਿਵੇਂ ਪ੍ਰਕਾਸ਼ ਸਿੰਘ ਬਾਦਲ ਦੇ 'ਸੰਗਤ ਦਰਸ਼ਨ' ਵਿਚ ਬੇਰੁਜ਼ਗਾਰਾਂ ਨੂੰ ਘੜੀਸਿਆ ਜਾਂਦਾ ਰਿਹਾ ਹੈ, ਬਿਲਕੁੱਲ ਉਸੇ ਤਰ੍ਹਾਂ ਹੀ ਬੇਰੁਜ਼ਗਾਰਾਂ, ਕੱਚੇ ਕਾਮਿਆਂ, ਆਊਟਸੋਰਸ ਠੇਕਾ ਮੁਲਾਜ਼ਮਾਂ ਨੂੰ ਮਾਨਸਾ ਮੀਟਿੰਗ ਸਮੇਂ ਪੁਲਿਸ ਨੇ ਕੁੱਟਿਆ/ਘੜੀਸਿਆ, ਥਾਣੇ ਬੰਦ ਕੀਤਾ ਤੇ ਬਾਅਦ ਵਿਚ ਪੁਲਿਸ ਨੇ ਇਨ੍ਹਾਂ ਨੂੰ ਦੂਰ-ਦੁਰਾਡੇ ਜਾ ਕੇ ਛੱਡ ਦਿੱਤਾ।

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਦੇ ਆਗੂਆਂ ਨਾਲ ਵੀ ਮੀਟਿੰਗ ਕਰਨ ਦਾ ਪ੍ਰੋਗਰਾਮ ਸੀ ਪਰ ਉਸ ਤੋਂ ਵੀ ਮੁੱਖ ਮੰਤਰੀ ਟਾਲਾ ਵੱਟ ਗਏ ਜਿਸ ਕਾਰਨ ਕਿਸਾਨ ਆਗੂਆਂ ਨੇ ਕਚਿਹਰੀ ਦੇ ਮੇਨ ਗੇਟ ਅੱਗੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਇਸ ਤੋਂ ਇਲਾਵਾ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਵੀ ਕੈਬਨਿਟ ਮੀਟਿੰਗ ਦੌਰਾਨ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਪਹੁੰਚੇ ਸਨ ਪਰ ਮੁੱਖ ਮੰਤਰੀ ਉਨ੍ਹਾਂ ਨੂੰ ਵੀ ਨਹੀਂ ਮਿਲੇ।

ਅਸਲ ਵਿਚ ਜੇ ਅਸੀਂ ਪਿਛਲੇ ਦੋ ਹਫਤਿਆਂ ਤੋਂ ਪੰਜਾਬ ਦੇ ਮੁੱਖ ਮੰਤਰੀ ਅਤੇ ਵਿਰੋਧੀ ਧਿਰਾਂ ਦੇ ਮੁੱਖ ਆਗੂਆਂ ਦੀ ਬਿਆਨਬਾਜੀ, ਸੋਸ਼ਲ ਮੀਡੀਆ ਪੋਸਟਾਂ ਨੂੰ ਗਹੁ ਨਾਲ ਤੱਕੀਏ ਤਾਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਕੋਈ 'ਕਾਮੇਡੀ ਸ਼ੋਅ' ਚੱਲ ਰਿਹਾ ਹੋਵੇ। ਮਹਿੰਗਾਈ ਦੇ ਇਸ ਦੌਰ ਵਿਚ ਆਮ ਆਦਮੀ ਬੁਰੀ ਤਰ੍ਹਾਂ ਪਿਸ ਰਿਹਾ ਹੈ ਪਰ ਉਸ ਦੀ ਫਿਕਰ ਨਾ ਤਾਂ ਸਰਕਾਰ ਨੂੰ ਹੈ, ਤੇ ਨਾ ਹੀ ਵਿਰੋਧੀ ਧਿਰਾਂ ਸੰਜੀਦਗੀ ਨਾਲ ਉਨ੍ਹਾਂ ਦੇ ਮਸਲੇ ਉਭਾਰ ਰਹੀਆਂ ਹਨ। ਸੂਬਾ ਸਰਕਾਰ ਤਾਂ ਲੋਕਾਂ ਲਈ ਕੋਈ ਠੋਸ ਜਾਂ ਬੁਨਿਆਦੀ ਕੰਮ ਕਰਨ ਦੀ ਥਾਂ ਫੋਕੀ ਸ਼ੋਸ਼ੇਬਾਜ਼ੀ ਵਿਚ ਮਸਰੂਫ ਹੈ। ਵਿਰੋਧੀ ਧਿਰਾਂ ਦੀ ਸਥਿਤੀ ਇਹ ਹੈ ਕਿ ਉਹ ਆਪਣੀ 'ਚਮੜੀ' ਬਚਾਉਣ ਲੱਗੀਆਂ ਹੋਈਆਂ ਹਨ। ਰਵਾਇਤੀ ਪਾਰਟੀਆਂ ਸਰਕਾਰ ਅੱਗੇ ਲੋਕ ਮਸਲੇ ਉਠਾਉਣ ਦੀ ਥਾਂ ਵਿਜੀਲੈਂਸ ਤੋਂ ਖੁਦ ਦੇ ਬਚਾਅ ਲਈ ਵਿਅਸਥ ਹਨ।

ਪੰਜਾਬ ਇਸ ਸਮੇਂ ਵੱਡੀ ਤ੍ਰਾਸਦੀ ਦਾ ਸਾਹਮਣਾ ਕਰ ਰਿਹਾ ਹੈ। ਛੋਟਾ ਕਿਸਾਨ ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਰਿਹਾ ਹੈ। ਮਹਿੰਗਾਈ ਦੇ ਇਸ ਯੁੱਗ ਵਿਚ ਮਜਦੂਰਾਂ ਨੂੰ ਦੋ ਡੰਗ ਰੋਟੀ ਨਹੀਂ ਮਿਲ ਰਹੀ। ਬੇਰੁਜ਼ਗਾਰੀ ਦੇ ਝੰਬੇ ਨੌਜਵਾਨ ਅਨਿਸ਼ਚਿਤ ਭਵਿੱਖ ਕਾਰਨ ਨਸ਼ਿਆਂ ਦੀ ਦਲਦਲ ਵਿਚ ਫਸ ਰਹੇ ਹਨ। ਸੂਬੇ ਵਿਚੋਂ ਵੱਡੀ ਪੱਧਰ 'ਤੇ ਹੋ ਰਿਹਾ ਪਰਵਾਸ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਪਰ ਸੂਬੇ ਦੀ ਮੁੱਖ ਧਾਰਾ ਨਾਲ ਸਬੰਧਤ ਲੱਗਭੱਗ ਸਾਰੇ ਸਿਆਸਤਦਾਨ ਲਤੀਫਿਆਂ ਤੇ ਚੁਟਕਲਿਆਂ ਵਿਚ ਉਲਝੇ ਹੋਏ ਹਨ। ਸਿਆਸਤਦਾਨਾਂ ਵੱਲੋਂ ਜਿਸ ਤਰ੍ਹਾਂ ਦੀ ਹਲਕੀਆਂ ਟਿੱਪਣੀਆਂ ਸੋਸ਼ਲ ਮੀਡੀਆ 'ਤੇ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਤੋਂ ਸਿਆਸਤ ਦਾ ਮਿਆਰ ਵੀ ਮਾਪਿਆ ਜਾ ਸਕਦਾ ਹੈ।

ਜਲੰਧਰ ਵਿਚ ਇੱਕ ਅਖਬਾਰ ਦੇ ਸੰਪਾਦਕ ਦੇ ਹੱਕ ਵਿਚ ਹੋਈ ਇਕੱਤਰਤਾ ਦੌਰਾਨ ਰਵਾਇਤੀ ਪਾਰਟੀਆਂ ਦੇ ਮੁੱਖ ਆਗੂਆਂ ਵੱਲੋਂ ਬਹੁਤ ਨੀਵੇਂ ਦਰਜੇ ਦੀ ਸ਼ਬਦਾਬਲੀ ਵਰਤੀ ਗਈ। ਆਮ ਆਦਮੀ ਪਾਰਟੀ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਦੀ ਬਜਾਇ ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਦੀਆਂ ਟਿੱਪਣੀਆਂ ਵਿਚੋਂ ਉਸ ਦਾ ਹੰਕਾਰ ਸਾਫ ਝਲਕ ਰਿਹਾ ਸੀ। ਇਕ ਹੋਰ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਵੱਲੋਂ ਬਿਕਰਮਜ ਸਿੰਘ ਮਜੀਠੀਆ ਨੂੰ ਪਾਈ ਜੱਫੀ ਭਾਵੇਂ ਉਸ ਦਾ ਨਿੱਜੀ ਮਸਲਾ ਹੈ ਪਰ ਨੈਤਿਕਤਾ 'ਤੇ ਸਵਾਲ ਜ਼ਰੂਰ ਉੱਠਦਾ ਹੈ ਕਿ ਜਦ ਤੁਸੀਂ ਵੋਟਾਂ ਵਿਚ ਲਾਹਾ ਲੈਣ ਲਈ ਲੋਕਾਂ ਦੇ ਜਜ਼ਬਾਤ ਨਾਲ ਖੇਡਦੇ ਹੋਏ ਮਜੀਠੀਆ ਖਿਲਾਫ ਵੱਡੇ-ਵੱਡੇ ਲਕਬ ਵਰਤਦੇ ਸੀ; ਜਿਸ ਤਰ੍ਹਾਂ ਦੇ ਗੰਭੀਰ ਦੋਸ਼ ਨਵਜੋਤ ਸਿੱਧੂ ਮਜੀਠੀਆ ਖਿਲਾਫ ਲਗਾ ਰਹੇ ਸਨ, ਜੇ ਉਹ ਸੱਚੇ ਸੀ ਤਾਂ ਅਜਿਹੇ ਬੰਦੇ ਨਾਲ ਜੱਫੀ ਕਾਹਦੀ? ਵੈਸੇ ਇਹੋ ਕੁਝ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕੀਤਾ ਸੀ ਕਿ ਪਹਿਲਾਂ ਸਟੇਜਾਂ ਤੋਂ ਮਜੀਠੀਆ ਦੀ ਚਰਚਾ ਨਸ਼ਿਆਂ ਨਾਲ ਜੋੜ ਕੇ ਕਰਦਾ ਰਿਹਾ ਪਰ ਬਾਅਦ ਵਿਚ ਮਾਨਹਾਨੀ ਦੇ ਕੇਸ ਤੋਂ ਬਚਣ ਲਈ 'ਮੁਆਫੀ' ਮੰਗ ਲਈ।

ਹਕੀਕਤ ਇਹ ਹੈ ਕਿ ਸੱਤਾ ਅਤੇ ਵਿਰੋਧੀ ਧਿਰ ਵੱਲੋਂ ਸੋਸ਼ਲ ਮੀਡੀਆ 'ਤੇ ਆਪਸੀ ਅਖੌਤੀ 'ਜੰਗ' ਵਿਚ ਪੰਜਾਬ ਦੇ ਮੁੱਦੇ ਰੋਲੇ ਜਾ ਰਹੇ ਹਨ। ਪੰਜਾਬ ਦੇ ਕੱਚੇ ਕਾਮਿਆਂ ਨਾਲ 'ਆਪ' ਸਰਕਾਰ ਵੱਲੋਂ ਬਹੁਤ ਵੱਡਾ ਧੋਖਾ ਕੀਤਾ ਗਿਆ ਹੈ ਕਿ ਬਹੁਤੇ ਕੱਚੇ ਕਾਮੇ ਤਾਂ ਪੱਕੇ ਕੀਤੇ ਹੀ ਨਹੀਂ ਹਨ। ਜਿਹੜੇ ਕੱਚੇ ਅਧਿਆਪਕ ਪੱਕੇ ਕੀਤੇ ਦੱਸੇ ਜਾ ਰਹੇ ਹਨ, ਉਹਨਾਂ ਦੀਆਂ ਤਨਖਾਹਾਂ ਵਿਚ ਮਾਮੂਲੀ ਵਾਧਾ ਕਰ ਕੇ ਪੱਕੇ ਕਰਨ ਦਾ ਰੌਲਾ ਪਾ ਦਿੱਤਾ ਗਿਆ ਜਦਕਿ ਤੱਥ ਇਹ ਹੈ ਕਿ ਉਹਨਾਂ ਨੂੰ ਰੈਗੂਲਰ ਅਧਿਆਪਕਾਂ ਵਾਲਾ ਗਰੇਡ ਪੇਅ ਨਹੀਂ ਦਿੱਤਾ ਗਿਆ ਹੈ। ਕਾਂਗਰਸ, ਅਕਾਲੀ ਦਲ, ਭਾਜਪਾ ਵਿਚੋਂ ਕਿਸੇ ਵੀ ਧਿਰ ਨੇ ਕੱਚੇ ਅਧਿਆਪਕਾਂ ਦਾ ਮੁੱਦਾ ਸੰਜੀਦਗੀ ਨਾਲ ਉਠਾਉਣਾ ਵੀ ਵਾਜਬ ਨਹੀਂ ਸਮਝਿਆ ਹੈ।

ਪੰਜਾਬ ਦੇ ਮੀਡੀਆ ਦਾ ਵੱਡਾ ਹਿੱਸਾ ਵੀ ਲੋਕਾਂ ਦੇ ਹੱਕੀ ਮੰਗਾਂ ਮਸਲਿਆਂ 'ਤੇ ਕੇਂਦਰਿਤ ਕਰਨ ਦੀ ਬਜਾਇ ਰਾਜਨੀਤਕ ਲੀਡਰਾਂ ਦੀ ਆਪਸੀ ਕਾਮੇਡੀ ਵਿਚੋਂ 'ਵਿਊ' ਲੈਣ ਦੇ ਚੱਕਰ ਵਿਚ ਲੋਕਾਂ ਅੱਗੇ ਗਲਤ ਬਿਰਤਾਂਤ ਸਿਰਜਣ ਲੱਗਿਆ ਹੋਇਆ ਹੈ। ਆਮ ਆਦਮੀ ਪਾਰਟੀ ਦੀ ਇਹ ਨੀਤੀ ਵੀ ਸਮਝਣ ਦੀ ਲੋੜ ਹੈ ਕਿ ਇਹ ਕੌਮੀ ਪੱਧਰ 'ਤੇ ਭਾਜਪਾ ਦੀ ਸਭ ਤੋਂ ਕੱਟੜ ਵਿਰੋਧੀ ਪਾਰਟੀ ਹੋਣ ਦਾ ਦਾਅਵਾ ਕਰਦਿਆਂ ਭਾਜਪਾ ਖਿਲਾਫ ਸਿਆਸੀ ਥੜ੍ਹਾ ਉਸਾਰਨ ਦਾ ਦਾਅਵਾ ਕਰ ਰਹੀ ਹੈ ਪਰ ਭਗਵੰਤ ਮਾਨ ਨੇ ਆਪਣਾ ਸਾਰਾ ਧਿਆਨ ਭਾਜਪਾ ਦੀ ਬਜਾਇ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਖਿਲਾਫ ਕੇਂਦਰਿਤ ਕੀਤਾ ਹੋਇਆ ਹੈ।

ਇਸ ਸਰਕਾਰ ਨੇ ਆਪਣੇ ਬੇਲੋੜੇ ਖਰਚੇ ਘਟਾਉਣ ਦੀ ਥਾਂ ਪਿਛਲੀਆਂ ਸਰਕਾਰਾਂ ਵਾਂਗ ਤੇਲ ਕੀਮਤਾਂ ਵਿਚ ਵਾਧਾ ਕਰ ਕੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਸੋ, ਅੱਜ ਪੰਜਾਬੀਆਂ, ਖਾਸਕਰ ਨੌਜਵਾਨਾਂ ਨੂੰ ਸਿਆਸਤਦਾਨਾਂ ਦੀ ਕਮੇਡੀ ਵਿਚੋਂ 'ਸਵਾਦ' ਲੈਣ ਦੀ ਥਾਂ ਇਹਨਾਂ ਦੀ ਖਸਲਤ ਪਛਾਣਨ ਦੀ ਲੋੜ ਹੈ। ਪੰਜਾਬੀਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸੱਤਾ ਧਿਰ ਸਮੇਤ ਸੂਬੇ ਦੀਆਂ ਸਾਰੀਆਂ ਹਾਕਮ ਜਮਾਤ ਪਾਰਟੀਆਂ ਲੋਕਾਂ ਨੂੰ ਗੁਮਰਾਹ ਕਰ ਰਹੀਆਂ ਹਨ।

# ਬੁੱਧੀਜੀਵੀਆਂ ਦੇ ਜੇਲ੍ਹਬੰਦੀ ਦੇ ਪੰਜ ਸਾਲ

***ਆਰ.ਐੱਸ.ਐੱਸ. ਨੇ ਸੁਪਰੀਮ ਕੋਰਟ ਸਮੇਤ ਅਦਾਲਤੀ ਪ੍ਰਣਾਲੀ ਨੂੰ ਵੀ ਐਨਾ ਜ਼ਿਆਦਾ ਆਪਣੇ ਕੰਟਰੋਲ ਹੇਠ ਕਰ ਲਿਆ ਹੈ ਕਿ ਜਿਨ੍ਹਾਂ ਕੇਸਾਂ ਨਾਲ ਹਿੰਦੂਤਵ ਬ੍ਰਿਗੇਡ ਦੇ ਆਪਣੇ ਹਿਤ ਜੁੜੇ ਹੁੰਦੇ ਹਨ, ਉਨ੍ਹਾਂ 'ਚ ਸਹਿਜੇ ਹੀ ਅਦਾਲਤੀ ਆਦੇਸ਼ ਆਪਣੇ ਹਿਤ 'ਚ ਜਾਰੀ ਕਰਵਾ ਲਏ ਜਾਂਦੇ ਹਨ। ਬਹੁਤ ਸਾਰੇ ਕੇਸਾਂ 'ਚ ਸਰਵਉੱਚ ਅਤੇ ਉੱਚ ਅਦਾਲਤੀ ਦੇ ਬੈਂਚ ਅਦਾਲਤੀ ਫ਼ੈਸਲੇ ਵੀ ਭਗਵਾ ਹਕੂਮਤ ਦੀ ਇੱਛਾ ਅਨੁਸਾਰ ਸੁਣਾਉਂਦੇ ਦੇਖੇ ਜਾ ਸਕਦੇ ਹਨ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਇਸ ਸਾਲ 6 ਜੂਨ ਨੂੰ ਭੀਮਾ-ਕੋਰੇਗਾਓਂ ਕੇਸ ਵਿਚ ਗ੍ਰਿਫ਼ਤਾਰ ਕੀਤੇ ਪੰਜ ਉੱਘੇ ਬੁੱਧੀਜੀਵੀਆਂ ਅਤੇ ਜਮਹੂਰੀ ਕਾਰਕੁਨਾਂ ਨੂੰ ਜੇਲ੍ਹਾਂ 'ਚ ਸੜਦਿਆਂ ਪੰਜ ਸਾਲ ਹੋ ਗਏ। 6 ਜੂਨ 2018 ਨੂੰ ਪ੍ਰੋਫੈਸਰ ਸ਼ੋਮਾ ਸੇਨ, ਰੋਨਾ ਵਿਲਸਨ, ਦਲਿਤ ਕਾਰਕੁਨ ਸੁਧੀਰ ਧਾਵਲੇ, ਐਡਵੋਕੇਟ ਸੁਰਿੰਦਰ ਗੈਡਲਿੰਗ ਅਤੇ ਮਹੇਸ਼ ਰਾਵਤ ਨੂੰ ਪੁਣੇ ਪੁਲਿਸ ਨੇ ਉਨ੍ਹਾਂ ਦੇ ਘਰਾਂ 'ਚੋਂ ਗ੍ਰਿਫ਼ਤਾਰ ਕਰ ਲਿਆ ਸੀ। ਦੂਜੇ ਗੇੜ 'ਚ 31 ਅਗਸਤ ਨੂੰ ਪ੍ਰੋਫੈਸਰ ਵਰਾਵਰਾ ਰਾਓ, ਗੌਤਮ ਨਵਲਖਾ, ਐਡਵੋਕੇਟ ਸੁਧਾ ਭਾਰਦਵਾਜ, ਅਰੁਣ ਫਰੇਰਾ ਅਤੇ ਪ੍ਰੋਫੈਸਰ ਵਰਨੋਨ ਗੋਂਜ਼ਾਲਵੇਜ਼ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਪ੍ਰੋਫੈਸਰ ਆਨੰਦ ਤੇਲਤੁੰਬੜੇ, ਪਾਦਰੀ ਸਟੇਨ ਸਵਾਮੀ, ਪ੍ਰੋਫੈਸਰ ਹਨੀ ਬਾਬੂ ਅਤੇ ਕਬੀਰ ਕਲਾ ਮੰਚ ਦੇ ਤਿੰਨ ਕਲਾਕਾਰਾਂ- ਰਮੇਸ਼ ਗਾਏਚੋਰ, ਜਯੋਤੀ ਜਗਤਾਪ ਤੇ ਸਾਗਰ ਗੋਰਖੇ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ 'ਚ ਡੱਕ ਦਿੱਤਾ ਗਿਆ। ਇਹ ਹਕੀਕਤ ਕੁਲ ਦੁਨੀਆ ਜਾਣਦੀ ਹੈ ਕਿ ਇਹ ਕੇਸ ਪੂਰੀ ਤਰ੍ਹਾਂ ਝੂਠਾ ਹੈ ਜੋ ਆਰ.ਐੱਸ.ਐੱਸ.-ਭਾਜਪਾ ਵੱਲੋਂ ਲੋਕ ਹੱਕਾਂ ਦੇ ਪਹਿਰੇਦਾਰਾਂ ਨੂੰ ਜੇਲ੍ਹਾਂ ਵਿਚ ਸਾੜਨ ਅਤੇ ਉਨ੍ਹਾਂ ਦੀ ਜ਼ਬਾਨਬੰਦੀ ਲਈ ਘੜਿਆ ਗਿਆ ਹੈ। ਦੁਨੀਆ ਭਰ 'ਚੋਂ ਉਨ੍ਹਾਂ ਦੀ ਰਿਹਾਈ ਦੀ ਪੁਰਜ਼ੋਰ ਮੰਗ ਕੀਤੇ ਜਾਣ ਦੇ ਬਾਵਜੂਦ ਫਾਸ਼ੀਵਾਦੀ ਆਰ.ਐੱਸ.ਐੱਸ.-ਭਾਜਪਾ ਸਰਕਾਰ ਕੇਸ ਵਾਪਸ ਨਹੀਂ ਲੈ ਰਹੀ। ਉਨ੍ਹਾਂ ਨੂੰ ਜ਼ਮਾਨਤ ਦਾ ਕਾਨੂੰਨੀ ਹੱਕ ਵੀ ਨਹੀਂ ਦਿੱਤਾ ਜਾ ਰਿਹਾ ਅਤੇ ਅਜੇ ਤੱਕ ਮੁਕੱਦਮਾ ਵੀ ਸ਼ੁਰੂ ਨਹੀਂ ਕੀਤਾ ਗਿਆ ਕਿਉਂਕਿ ਝੂਠੇ ਦੋਸ਼ਾਂ ਅਤੇ ਜਾਅਲੀ ਸਬੂਤਾਂ ਉੱਪਰ ਆਧਾਰਿਤ ਹੋਣ ਕਾਰਨ ਮੁਕੱਦਮੇ ਦੇ ਅਮਲ 'ਚ ਕੇਸ ਦਾ ਝੂਠ ਲੀਰੋ-ਲੀਰ ਹੋ ਜਾਵੇਗਾ।

ਇਨ੍ਹਾਂ ਜ਼ਹੀਨ ਸ਼ਖ਼ਸੀਅਤਾਂ ਨੂੰ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੇ ਮੈਂਬਰ ਦਿਖਾ ਕੇ ਅਤੇ ਦਹਿਸ਼ਤਵਾਦ ਵਿਰੋਧੀ ਕਾਨੂੰਨ ਯੂ.ਏ.ਪੀ.ਏ. ਲਗਾ ਕੇ ਇਹ ਯਕੀਨੀ ਬਣਾਇਆ ਗਿਆ ਹੈ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਸਮੇਂ ਲਈ ਜੇਲ੍ਹਾਂ ਵਿਚ ਸਾੜਿਆ ਜਾ ਸਕੇ ਅਤੇ ਹੱਕਾਂ ਦੇ ਬਾਕੀ ਪਹਿਰੇਦਾਰਾਂ ਨੂੰ ਇਸ ਮਿਸਾਲ ਰਾਹੀਂ ਦਹਿਸ਼ਤਜ਼ਦਾ ਕੀਤਾ ਜਾ ਸਕੇ। ਇਸ ਦੌਰਾਨ ਉਨ੍ਹਾਂ ਨੂੰ ਅਣਮਨੁੱਖੀ ਹਾਲਾਤ 'ਚ ਅਤੇ ਬੁਨਿਆਦੀ ਮਨੁੱਖੀ ਲੋੜਾਂ ਤੋਂ ਵਾਂਝੇ ਰੱਖ ਕੇ ਮਾਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਦਵਾਈਆਂ, ਪੜ੍ਹਨ ਲਈ ਕਿਤਾਬਾਂ, ਐਨਕਾਂ ਅਤੇ ਸਿੱਪਰ ਵਰਗੀਆਂ ਮਾਮੂਲੀ ਚੀਜ਼ਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ। ਬਜ਼ੁਰਗ ਸਟੇਨ ਸਵਾਮੀ ਨੂੰ ਜੇਲ੍ਹ ਵਿਚ ਬਿਨਾ ਇਲਾਜ ਕੋਹ-ਕੋਹ ਕੇ ਮਾਰਿਆ ਗਿਆ। ਗੰਭੀਰ ਬਿਮਾਰੀਆਂ ਤੋਂ ਪੀੜਤ ਪ੍ਰੋਫੈਸਰ ਵਰਾਵਰਾ ਰਾਓ ਅਤੇ ਗੌਤਮ ਨਵਲਖਾ ਨੂੰ ਲੰਮੀ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਹੀ ਜੇਲ੍ਹ ਤੋਂ ਬਾਹਰ ਮੁੰਬਈ 'ਚ ਪੁਲਿਸ ਦੀ ਸਖ਼ਤ ਨਿਗਰਾਨੀ ਹੇਠ ਇਲਾਜ ਕਰਾਉਣ ਦੀ ਇਜਾਜ਼ਤ ਦਿੱਤੀ ਗਈ। 90% ਅਪਾਹਜ ਪ੍ਰੋਫੈਸਰ ਸਾਈਬਾਬਾ ਨੂੰ ਇਹ ਇਜਾਜ਼ਤ ਵੀ ਨਹੀਂ ਦਿੱਤੀ ਜਾ ਰਹੀ, ਇਸ ਦੇ ਬਾਵਜੂਦ ਕਿ ਉਹ ਜਾਨਲੇਵਾ ਬਿਮਾਰੀਆਂ ਤੋਂ ਪੀੜਤ ਹੈ ਅਤੇ ਆਂਡਾ ਸੈੱਲ 'ਚ ਉਸ ਦੀ ਹਾਲਤ ਦਿਨੋ-ਦਿਨ ਵਿਗੜ ਰਹੀ ਹੈ। ਬੰਬਈ ਹਾਈਕੋਰਟ ਨੇ ਉਸ ਨੂੰ ਸਾਥੀਆਂ ਸਮੇਤ ਬਰੀ ਕਰ ਦਿੱਤਾ ਸੀ ਪਰ ਮਹਾਰਾਸ਼ਟਰ ਸਰਕਾਰ ਨੇ ਸੁਪਰੀਮ ਕੋਰਟ 'ਚ ਜਾ ਕੇ ਉਨ੍ਹਾਂ ਦੀ ਰਿਹਾਈ ਉੱਪਰ ਰੋਕ ਲਗਵਾ ਦਿੱਤੀ ਤਾਂ ਜੋ ਉਹ ਕਿਸੇ ਵੀ ਸੂਰਤ 'ਚ ਜੇਲ੍ਹ ਵਿੱਚੋਂ ਜਿਉਂਦਾ ਬਾਹਰ ਨਾ ਆ ਸਕਣ।

ਉਪਰੋਕਤ 16 ਬੁੱਧੀਜੀਵੀਆਂ ਅਤੇ ਹੱਕਾਂ ਦੇ ਕਾਰਕੁਨਾਂ ਨੂੰ 31 ਦਸੰਬਰ ਨੂੰ ਭੀਮਾ-ਕੋਰੇਗਾਓਂ ਵਿਚ ਹੋਏ ਦਲਿਤ ਇਕੱਠ ਦੌਰਾਨ ਹੋਈ ਹਿੰਸਾ ਸਬੰਧੀ ਗ੍ਰਿਫ਼ਤਾਰ ਕੀਤਾ ਗਿਆ ਸੀ ਜਦਕਿ ਸਚਾਈ ਇਹ ਸੀ ਕਿ ਹਿੰਸਾ ਭੜਕਾਉਣ ਦੀ ਸਾਜ਼ਿਸ਼ ਬਣਾ ਕੇ ਇਕੱਠ ਕਰਨਾ ਤਾਂ ਦੂਰ ਉਨ੍ਹਾਂ ਵਿਚੋਂ ਸਿਰਫ਼ ਇਕ ਜਾਂ ਦੋ ਕਾਰਕੁਨ ਹੀ ਉਸ ਮੌਕੇ ਉੱਥੇ ਹਾਜ਼ਰ ਸਨ। ਬਾਕੀਆਂ ਦਾ ਉਸ ਇਕੱਠ ਨਾਲ ਕੋਈ ਦੂਰ ਦਾ ਵੀ ਸਬੰਧ ਨਹੀਂ ਸੀ ਅਤੇ ਉਸ ਹਿੰਸਾ ਨਾਲ ਤਾਂ ਕਿਸੇ ਦਾ ਕੋਈ ਵਾਸਤਾ ਹੀ ਨਹੀਂ ਸੀ।

'ਐਲਗਾਰ ਪ੍ਰੀਸ਼ਦ' ਦੇ ਮੁੱਖ ਪ੍ਰਬੰਧਕ ਜਸਟਿਸ ਕੋਲਸੇ ਪਾਟਿਲ ਅਤੇ ਜਸਟਿਸ ਪੀ.ਬੀ. ਸਾਵੰਤ ਵਾਰ-ਵਾਰ ਕਹਿ ਚੁੱਕੇ ਹਨ ਕਿ ਇਹ ਇਕੱਠ ਉਨ੍ਹਾਂ ਨੇ ਹੀ ਬੁਲਾਇਆ ਸੀ ਅਤੇ ਸਾਰਾ ਖ਼ਰਚਾ ਵੀ ਉਨ੍ਹਾਂ ਨੇ ਹੀ ਕੀਤਾ ਸੀ। ਲਿਹਾਜ਼ਾ, ਕੇਸ 'ਚ ਫਸਾਏ ਬੁੱਧੀਜੀਵੀਆਂ ਵਿਰੁੱਧ ਸਾਜ਼ਿਸ਼ ਦੇ ਦੋਸ਼ ਪੂਰੀ ਤਰ੍ਹਾਂ ਝੂਠੇ ਹਨ। ਇਹ ਗੱਲ ਭੀਮਾ-ਕੋਰੇਗਾਓਂ ਕਮਿਸ਼ਨ ਅੱਗੇ ਗਵਾਹੀ ਦੇਣ ਵਾਲੇ ਇਕ ਪੁਲਿਸ ਅਧਿਕਾਰੀ ਨੇ ਵੀ ਮੰਨੀ ਸੀ।



***ਪ੍ਰੋਫੈਸਰ ਵਰਾਵਰਾ ਰਾਓ, ਐਡਵੋਕੇਟ ਸੁਧਾ ਭਾਰਦਵਾਜ ਅਤੇ ਗੌਤਮ ਨਵਲਖਾ।***

ਦਰਅਸਲ, ਹਿੰਸਾ ਦੇ ਅਸਲ ਯੋਜਨਾਘਾੜੇ ਆਰ.ਐੱਸ.ਐੱਸ.-ਭਾਜਪਾ ਦੇ ਆਪਣੇ ਕਾਰਿੰਦੇ ਸੰਭਾ ਜੀ ਭੀੜੇ ਅਤੇ ਮਿਲਿੰਦ ਏਕਬੋਟੇ ਸਨ ਜਿਨ੍ਹਾਂ ਨੇ ਹਜ਼ਾਰਾਂ ਦੀ ਤਦਾਦ 'ਚ ਹਿੰਸਕ ਭੀੜ ਇਕੱਠੀ ਕਰ ਕੇ 'ਐਲਗਾਰ ਪ੍ਰੀਸ਼ਦ' ਦੇ ਇਕੱਠ ਵਿਚ ਜਾ ਰਹੇ ਦਲਿਤ ਅਵਾਮ ਉੱਪਰ ਹਮਲੇ, ਸਾੜਫੂਕ ਅਤੇ ਭੰਨਤੋੜ ਕਰਵਾਈ। ਉਨ੍ਹਾਂ ਵਿਰੁੱਧ ਐੱਫ.ਆਈ.ਆਰ. ਦਰਜ ਕਰਾਉਣ ਦੇ ਬਾਵਜੂਦ ਹਿੰਸਾ ਦੇ ਇਨ੍ਹਾਂ ਯੋਜਨਾਘਾੜਿਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਕਿਉਂਕਿ ਉਹ ਰਾਸ਼ਟਰੀ ਸਵੈਮਸੇਵਕ ਸੰਘ ਦੇ ਆਪਣੇ ਦਹਿਸ਼ਤਵਾਦੀ ਗੈਂਗ ਦੇ ਮੁਖੀ ਹਨ। ਫਿਰ ਕੇਸ ਨੂੰ ਸਨਸਨੀਖ਼ੇਜ਼ ਬਣਾਉਣ ਜਾਅਲੀ ਚਿੱਠੀ ਗੋਦੀ ਮੀਡੀਆ ਵਿਚ 'ਲੀਕ' ਕੀਤੀ ਗਈ ਜਿਸ ਵਿਚ ਦਾਅਵਾ ਕੀਤਾ ਗਿਆ ਕਿ ਇਹ ਸਾਰੇ ਬੁੱਧੀਜੀਵੀ ਅਤੇ ਕਾਰਕੁਨ 'ਸ਼ਹਿਰੀ ਨਕਸਲੀ' ਤਾਣੇ-ਬਾਣੇ ਦਾ ਹਿੱਸਾ ਹਨ ਜੋ ਰਾਜੀਵ ਗਾਂਧੀ ਦੇ ਕਤਲ ਦੀ ਤਰਜ਼ 'ਤੇ ਨਰਿੰਦਰ ਮੋਦੀ ਦੇ ਕਤਲ ਦੀ ਸਾਜ਼ਿਸ਼ ਬਣਾ ਰਹੇ ਸਨ। ਜਦੋਂ ਕੌਮੀ ਜਾਂਚ ਏਜੰਸੀ ਵੱਲੋਂ ਬੰਬਈ ਹਾਈਕੋਰਟ ਵਿਚ 17 ਦੋਸ਼ ਦਾਇਰ ਕੀਤੇ ਗਏ ਤਾਂ ਉਨ੍ਹਾਂ ਵਿਚ 'ਮੋਦੀ ਦੇ ਕਤਲ ਦੀ ਸਾਜ਼ਿਸ਼' ਦਾ ਉਪਰੋਕਤ ਦੋਸ਼ ਗ਼ਾਇਬ ਕਰ ਦਿੱਤਾ ਗਿਆ।

ਪੁਣੇ ਪੁਲਿਸ ਅਤੇ ਹੋਰ ਜਾਂਚ ਏਜੰਸੀਆਂ ਨੇ ਇਹ ਦਾਅਵਾ ਕੀਤਾ ਸੀ ਕਿ ਇਨ੍ਹਾਂ ਕਾਰਕੁਨਾਂ ਦੇ ਕੰਪਿਊਟਰਾਂ ਦੀਆਂ ਹਾਰਡ ਡਿਸਕਾਂ ਵਿਚੋਂ ਐਸੀਆਂ ਫਾਈਲਾਂ ਮਿਲੀਆਂ ਹਨ ਜੋ ਉਪਰੋਕਤ ਸਾਜ਼ਿਸ਼ ਵਿਚ ਉਨ੍ਹਾਂ ਦੇ ਸ਼ਾਮਿਲ ਹੋਣ ਦਾ ਠੋਸ ਸਬੂਤ ਹਨ। ਜਦੋਂ ਇਨ੍ਹਾਂ ਕੰਪਿਊਟਰਾਂ ਦਾ ਡੇਟਾ ਕੌਮਾਂਤਰੀ ਫੋਰੈਂਸਿਕ ਜਾਂਚ ਲੈਬਾਂ ਨੂੰ ਭੇਜਿਆ ਗਿਆ ਤਾਂ ਉਨ੍ਹਾਂ ਨੇ ਕੰਪਿਊਟਰਾਂ ਦੀ 'ਲੌਗ ਬੁੱਕ' ਦੀ ਡੂੰਘਾਈ 'ਚ ਪੁਣ-ਛਾਣ ਕਰ ਕੇ ਫਰਵਰੀ 2021 ਤੋਂ ਲੈ ਕੇ ਜੁਲਾਈ 2021 ਦਰਮਿਆਨ ਜੋ ਤਿੰਨ ਰਿਪੋਰਟਾਂ ਜਾਰੀ ਕੀਤੀਆਂ। ਉਨ੍ਹਾਂ ਪੁਸ਼ਟੀ ਕੀਤੀ ਕਿ ਇਹ ਫਾਈਲਾਂ ਨਾ ਤਾਂ ਉਨ੍ਹਾਂ ਕੰਪਿਊਟਰਾਂ 'ਚ ਬਣਾਈਆਂ ਗਈਆਂ ਸਨ ਅਤੇ ਨਾ ਹੀ ਕਦੇ ਖੋਲ੍ਹੀਆਂ ਗਈਆਂ ਸਗੋਂ ਸਾਰੇ 'ਸਬੂਤ' ਨੈਟਵਾਇਰ ਨਾਂ ਦੇ ਹੈਕਿੰਗ ਸਾਫਟਵੇਅਰ ਦੀ ਮਦਦ ਨਾਲ ਕਾਰਕੁਨਾਂ ਦੇ ਕੰਪਿਊਟਰਾਂ ਵਿਚ ਚੋਰੀ-ਛੁਪੇ ਰੱਖੇ ਗਏ ਸਨ। ਲੌਗ ਬੁੱਕ ਦੀ ਛਾਣ-ਬੀਣ ਤੋਂ ਸਾਬਤ ਹੋ ਗਿਆ ਕਿ ਈਮੇਲ ਰਾਹੀਂ 'ਅਟੈਚਮੈਂਟ' ਦੇ ਰੂਪ 'ਚ ਹੈਕਿੰਗ ਸਾਫਟਵੇਅਰ ਇਨ੍ਹਾਂ ਕੰਪਿਊਟਰਾਂ 'ਚ ਘੁਸੇੜ ਕੇ ਉੱਥੇ ਜਾਅਲੀ ਫਾਈਲਾਂ ਪਲਾਂਟ ਕੀਤੀਆਂ ਗਈਆਂ ਸਨ। 'ਲੌਗ ਬੁੱਕ' ਕੰਪਿਊਟਰ ਦਾ ਉਹ ਰਿਕਾਰਡ ਹੈ ਜਿਸ ਵਿਚ ਡਿਜੀਟਲ ਯੰਤਰ ਦੀ ਹਰ ਸਰਗਰਮੀ ਦਾ ਵੇਰਵਾ ਦਰਜ ਹੁੰਦਾ ਰਹਿੰਦਾ ਹੈ।

ਇਸ ਤੋਂ ਇਲਾਵਾ, ਇਜ਼ਰਾਇਲੀ ਜਸੂਸੀ ਸਾਫਟਵੇਅਰ ਪੈਗਾਸਸ ਨੂੰ ਇਸਤੇਮਾਲ ਕੀਤੇ ਜਾਣ ਦਾ ਸਕੈਂਡਲ ਨੰਗਾ ਹੋਣ 'ਤੇ ਵੀ ਇਹ ਸਪਸ਼ਟ ਹੋ ਗਿਆ ਕਿ ਇਸ ਕੇਸ ਦੇ ਅੱਠ ਦੋਸ਼ੀਆਂ ਦੇ ਫੋਨਾਂ ਨੂੰ ਪੈਗਾਸਸ ਸਪਾਈਵੇਅਰ ਰਾਹੀਂ ਹੈਕ ਕਰ ਕੇ ਉਨ੍ਹਾਂ ਦੀ ਨਿੱਜਤਾ 'ਚ ਸੰਨ੍ਹ ਲਗਾਈ ਗਈ ਸੀ। ਸਰਕਾਰਾਂ ਨੂੰ ਚੁਭਦੇ ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਵਿਰੋਧੀ ਧਿਰ ਦੇ ਆਗੂਆਂ ਦੀ ਜਾਸੂਸੀ ਲਈ ਪੈਗਾਸਸ ਦੀ ਵਰਤੋਂ ਦੀ ਜਾਂਚ ਦੁਨੀਆ ਦੀਆਂ ਉੱਘੀਆਂ ਸੰਸਥਾਵਾਂ ਨੇ ਮਿਲ ਕੇ ਕੀਤੀ ਸੀ। ਫੋਰੈਂਸਿਕ ਜਾਂਚ 'ਚ ਪੈਗਾਸਸ ਦੀ ਵਰਤੋਂ ਦਾ ਪੁਣੇ ਪੁਲਿਸ ਦੇ ਇਕ ਉੱਚ ਅਧਿਕਾਰੀ ਨਾਲ ਸਬੰਧ ਵੀ ਸਾਹਮਣੇ ਆਇਆ। ਪੈਗਾਸਸ ਬਣਾਉਣ ਵਾਲੀ ਇਜ਼ਰਾਇਲੀ ਕੰਪਨੀ ਮਿਲਟਰੀ ਗਰੇਡ ਦਾ ਇਹ ਸਾਫਟਵੇਅਰ ਸਿਰਫ਼ ਸਰਕਾਰਾਂ ਜਾਂ ਸਰਕਾਰ ਦੀਆਂ ਸਿਫ਼ਾਰਸ਼ ਕੀਤੀਆਂ ਸੰਸਥਾਵਾਂ ਨੂੰ ਵੇਚਦੀ ਹੈ। ਇਸ ਤੋਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਇਹ ਸਾਫਟਵੇਅਰ ਕੇਂਦਰੀ ਗ੍ਰਹਿ ਮੰਤਰਾਲੇ ਰਾਹੀਂ ਪੁਣੇ ਪੁਲਿਸ ਅਤੇ ਖੁਫ਼ੀਆ ਏਜੰਸੀਆਂ ਨੂੰ ਮੁਹੱਈਆ ਕਰਵਾਇਆ ਗਿਆ ਅਤੇ ਉਨ੍ਹਾਂ ਸਾਰਿਆਂ ਉੱਪਰ ਨਿਗਰਾਨੀ ਰੱਖੀ ਗਈ ਜੋ ਆਰ.ਐੱਸ.ਐੱਸ.-ਭਾਜਪਾ ਦੇ ਆਲੋਚਕ ਹਨ।

ਜਦੋਂ ਪ੍ਰੋਫੈਸਰ ਰੋਮਿਲਾ ਥਾਪਰ, ਪ੍ਰੋਫੈਸਰ ਪ੍ਰਭਾਤ ਪਟਨਾਇਕ ਅਤੇ ਹੋਰ ਉੱਘੇ ਵਿਦਵਾਨਾਂ ਵੱਲੋਂ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਕੇ ਇਹ ਮੰਗ ਕੀਤੀ ਗਈ ਕਿ ਸਰਵਉੱਚ ਅਦਾਲਤ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਬਣਾ ਕੇ ਭੀਮਾ-ਕੋਰੇਗਾਓਂ ਕੇਸ ਦੀ ਸਚਾਈ ਸਾਹਮਣੇ ਲਿਆਂਦੀ ਜਾਵੇ ਤਾਂ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਦੇ ਵਿਸ਼ੇਸ਼ ਬੈਂਚ ਕੋਲੋਂ ਇਹ ਜਾਂਚ ਰੱਦ ਕਰਾਉਣ ਲਈ ਸਾਰੀ ਤਾਕਤ ਝੋਕ ਦਿੱਤੀ। ਇਸੇ ਤਰ੍ਹਾਂ ਜਦੋਂ ਕੌਮਾਂਤਰੀ ਫੋਰੈਂਸਿਕ ਲੈਬਾਂ ਨੇ ਹੈਕਿੰਗ ਸਾਫਟਵੇਅਰ ਦੀਆਂ ਮਦਦ ਨਾਲ ਜਾਅਲੀ ਸਬੂਤ ਪਲਾਂਟ ਕੀਤੇ ਜਾਣ ਦਾ ਝੂਠ ਨੰਗਾ ਕਰ ਦਿੱਤਾ ਤਾਂ ਜਾਂਚ ਏਜੰਸੀਆਂ ਅਤੇ ਸਰਕਾਰੀ ਕਾਨੂੰਨੀ ਮਾਹਰਾਂ ਨੇ ਇਹ ਦਲੀਲ ਘੜ ਲਈ ਕਿ ਸਾਡੇ ਕੋਲ ਆਪਣੀਆਂ ਫੋਰੈਂਸਿਕ ਲੈਬ ਹਨ, ਅਸੀਂ ਵਿਦੇਸ਼ੀ ਲੈਬਾਂ ਦੀਆਂ ਰਿਪੋਰਟਾਂ ਉੱਪਰ ਭਰੋਸਾ ਕਿਉਂ ਕਰੀਏ! ਜਦੋਂ ਸਰਕਾਰ ਬਦਲਣ 'ਤੇ ਮਹਾਰਾਸ਼ਟਰ ਦੀ ਨਵੀਂ ਚੁਣੀ ਸਰਕਾਰ ਨੇ ਸੰਕੇਤ ਦਿੱਤਾ ਕਿ ਭੀਮਾ-ਕੋਰੇਗਾਓਂ ਕੇਸ ਦਾ ਰੀਵਿਊ ਕਰ ਕੇ ਇਸ ਨੂੰ ਵਾਪਸ ਲਿਆ ਜਾਵੇਗਾ ਤਾਂ ਮੋਦੀ ਵਜ਼ਾਰਤ ਨੇ ਇਸ ਸੰਭਾਵਨਾ ਨੂੰ ਖ਼ਤਮ ਕਰਨ ਲਈ ਤੁਰੰਤ ਇਹ ਜਾਂਚ ਕੌਮੀ ਜਾਂਚ ਏਜੰਸੀ ਨੂੰ ਸੌਂਪ ਕੇ ਕੇਸ ਸਿੱਧਾ ਆਪਣੇ ਹੱਥ 'ਚ ਲੈ ਲਿਆ।

ਇਸ ਤਰ੍ਹਾਂ ਲੋਕਾਂ ਦੇ ਇਨ੍ਹਾਂ ਬੁੱਧੀਜੀਵੀਆਂ ਅਤੇ ਹੱਕਾਂ ਦੇ ਘੁਲਾਟੀਆਂ ਨੂੰ ਫਸਾਉਣ ਲਈ ਜਾਅਲੀ ਸਬੂਤ ਪਲਾਂਟ ਕਰਨ ਵਾਸਤੇ ਭਗਵੇਂ ਹੁਕਮਰਾਨਾਂ ਨੇ ਸਰਕਾਰੀ ਪੈਸੇ ਅਤੇ ਹੋਰ ਵਸੀਲਿਆਂ ਦੀ ਰੱਜ ਕੇ ਦੁਰਵਰਤੋਂ ਕੀਤੀ। ਭਗਵੀਂ ਹਕੂਮਤ ਚੋਟੀ ਦੇ ਕਾਨੂੰਨੀ ਮਾਹਰਾਂ ਨੂੰ ਅਦਾਲਤਾਂ 'ਚ ਭੇਜਦੀ ਹੈ ਤਾਂ ਜੋ ਅਦਾਲਤੀ ਅਮਲ ਦੀ ਬਾਂਹ ਮਰੋੜ ਕੇ ਹੱਕਾਂ ਦੇ ਘੁਲਾਟੀਆਂ ਦੀਆਂ ਜ਼ਮਾਨਤਾਂ ਲੈਣ ਅਤੇ ਬਿਮਾਰੀਆਂ ਦੇ ਇਲਾਜ ਜਾਂ ਪਰਿਵਾਰਾਂ ਦਾ ਦੁੱਖ ਵੰਡਾਉਣ ਲਈ ਪੈਰੋਲ ਲੈਣ ਦੀਆਂ ਪਟੀਸ਼ਨਾਂ ਨੂੰ ਰੱਦ ਕਰਾਇਆ ਜਾ ਸਕੇ। ਰਾਜਾਂ ਦੀ ਪੁਲਿਸ ਅਤੇ ਜਾਂਚ ਏਜੰਸੀਆਂ ਆਰ.ਐੱਸ.ਐੱਸ.-ਭਾਜਪਾ ਦੀ ਸ਼ਾਖਾ ਦੇ ਰੂਪ ਕੰਮ ਕਰਦੀਆਂ ਹਨ। ਕੌਮੀ ਜਾਂਚ ਏਜੰਸੀ ਬਿਨਾ ਕਿਸੇ ਲੁਕੋ ਦੇ ਹਕੂਮਤ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ। ਬੁੱਧੀਜੀਵੀਆਂ ਵਿਰੁੱਧ ਦੋਸ਼ ਤੈਅ ਕਰਨ ਦੇ ਅਮਲ ਨੂੰ ਜਾਣ-ਬੁੱਝ ਕੇ ਲਮਕਾਇਆ ਜਾ ਰਿਹਾ ਹੈ। ਅਜੇ ਤੱਕ ਦੋਸ਼ ਵੀ ਫਰੇਮ ਨਹੀਂ ਕੀਤੇ ਗਏ। ਅਗਸਤ 2021 'ਚ ਏਜੰਸੀ ਨੇ ਬੰਬਈ ਹਾਈਕੋਰਟ ਨੂੰ ਦੱਸਿਆ ਸੀ ਕਿ ਦੋਸ਼ ਅਗਸਤ 2025 ਤੱਕ ਫਰੇਮ ਕੀਤੇ ਜਾਣਗੇ। ਅਗਸਤ 2022 'ਚ ਸੁਪਰੀਮ ਕੋਰਟ ਨੇ ਏਜੰਸੀ ਨੂੰ ਤਿੰਨ ਮਹੀਨੇ 'ਚ ਦੋਸ਼ ਫਰੇਮ ਕਰਨ ਲਈ ਕਿਹਾ ਪਰ ਨਵੰਬਰ 2022 'ਚ ਏਜੰਸੀ ਨੇ ਸੁਪਰੀਮ ਕੋਰਟ ਦੇ ਆਦੇਸ਼ ਨੂੰ ਟਿੱਚ ਜਾਣਦਿਆਂ ਸਾਫ਼ ਕਹਿ ਦਿੱਤਾ ਕਿ ਦੋਸ਼ ਫਰੇਮ ਕਰਨ ਲਈ ਅਜੇ ਇਕ ਸਾਲ ਹੋਰ ਲੱਗੇਗਾ। ਇਕ ਪਾਸੇ ਕਿਹਾ ਜਾ ਰਿਹਾ ਹੈ ਕਿ ਇਹ ਕੇਸ ਮੁਲਕ ਦੀ ਸੁਰੱਖਿਆ ਲਈ ਬਹੁਤ ਮਹੱਤਵਪੂਰਨ ਹੈ; ਦੂਜੇ ਪਾਸੇ, ਏਜੰਸੀ ਹੋਰ ਜਾਂਚ ਦੇ ਬਹਾਨੇ ਮੁਕੱਦਮਾ ਚਲਾਏ ਜਾਣ ਨੂੰ ਲਗਾਤਾਰ ਟਾਲ ਰਹੀ ਹੈ। ਇਹ ਬਿਨਾ ਮੁਕੱਦਮਾ ਚਲਾਏ ਅਤੇ ਬਿਨਾ ਗੁਨਾਹ ਸਾਬਤ ਕੀਤੇ ਅਣਮਿੱਥੇ ਸਮੇਂ ਦੀ ਸਜ਼ਾ ਦੇਣ ਦੀ ਚਲਾਕੀ ਹੈ।

ਆਰ.ਐੱਸ.ਐੱਸ. ਨੇ ਸੁਪਰੀਮ ਕੋਰਟ ਸਮੇਤ ਅਦਾਲਤੀ ਪ੍ਰਣਾਲੀ ਨੂੰ ਵੀ ਐਨਾ ਜ਼ਿਆਦਾ ਆਪਣੇ ਕੰਟਰੋਲ ਹੇਠ ਕਰ ਲਿਆ ਹੈ ਕਿ ਜਿਨ੍ਹਾਂ ਕੇਸਾਂ ਨਾਲ ਹਿੰਦੂਤਵ ਬ੍ਰਿਗੇਡ ਦੇ ਆਪਣੇ ਹਿਤ ਜੁੜੇ ਹੁੰਦੇ ਹਨ, ਉਨ੍ਹਾਂ 'ਚ ਸਹਿਜੇ ਹੀ ਅਦਾਲਤੀ ਆਦੇਸ਼ ਆਪਣੇ ਹਿਤ 'ਚ ਜਾਰੀ ਕਰਵਾ ਲਏ ਜਾਂਦੇ ਹਨ। ਬਹੁਤ ਸਾਰੇ ਕੇਸਾਂ 'ਚ ਸਰਵਉੱਚ ਅਤੇ ਉੱਚ ਅਦਾਲਤੀ ਦੇ ਬੈਂਚ ਅਦਾਲਤੀ ਫ਼ੈਸਲੇ ਵੀ ਭਗਵਾ ਹਕੂਮਤ ਦੀ ਇੱਛਾ ਅਨੁਸਾਰ ਸੁਣਾਉਂਦੇ ਦੇਖੇ ਜਾ ਸਕਦੇ ਹਨ। ਭੀਮਾ-ਕੋਰੇਗਾਓਂ ਕੇਸ ਅਤੇ ਉਤਰ-ਪੂਰਬੀ ਦਿੱਲੀ 'ਚ ਹੋਈ ਹਿੰਸਾ ਦੇ ਕੇਸਾਂ 'ਚ ਜ਼ਮਾਨਤਾਂ ਦੀਆਂ ਪਟੀਸ਼ਨਾਂ ਨੂੰ ਵਾਰ-ਵਾਰ ਰੱਦ ਕਰਨਾ, ਬਾਬਰੀ ਮਸਜਿਦ ਦੀ ਝਗੜੇ ਵਾਲੀ ਜ਼ਮੀਨ ਹਿੰਦੂ ਸੰਸਥਾਵਾਂ ਦੇ ਹਵਾਲੇ ਕਰਨਾ, ਜੰਮੂ ਕਸ਼ਮੀਰ ਨੂੰ ਤੋੜਨ ਵਿਰੁੱਧ ਪਟੀਸ਼ਨਾਂ ਦੀ ਸੁਣਵਾਈ ਨਾ ਹੋਣਾ, ਗੁਜਰਾਤ ਕਤਲੇਆਮ ਦੇ ਸਜ਼ਾਯਾਫ਼ਤਾ ਮੁਜਰਿਮਾਂ ਨੂੰ ਜੇਲ੍ਹਾਂ 'ਚੋਂ ਰਿਹਾਅ ਕਰਾਉਣਾ ਅਤੇ ਨਿਆਂ ਲਈ ਜੂਝਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕਣਾ ਜੁਡੀਸ਼ਰੀ ਉੱਪਰ ਦਬਾਅ ਦੀਆਂ ਕੁਝ ਉੱਘੜਵੀਆਂ ਮਿਸਾਲਾਂ ਹਨ।

ਉਪਰੋਕਤ ਬੁੱਧੀਜੀਵੀਆਂ ਅਤੇ ਉੱਤਰ-ਪੂਰਬੀ ਦਿੱਲੀ ਕੇਸ ਵਿਚ ਜੇਲ੍ਹਾਂ 'ਚ ਡੱਕੇ ਉਮਰ ਖ਼ਾਲਿਦ ਅਤੇ ਹੋਰ ਜਮਹੂਰੀ ਕਾਰਕੁਨਾਂ ਨੂੰ ਜੇਲ੍ਹਾਂ 'ਚ ਸਾੜਨਾ ਹੁਕਮਰਾਨ ਆਰ.ਐੱਸ.ਐੱਸ.-ਭਾਜਪਾ ਨੂੰ ਐਨਾ ਜ਼ਰੂਰੀ ਕਿਉਂ ਲੱਗਦਾ ਹੈ। ਇਹ ਬੁੱਧੀਜੀਵੀ ਅਤੇ ਕਾਰਕੁਨ ਸਿਰਫ਼ ਹਿੰਦੂਤਵ ਬ੍ਰਿਗੇਡ ਦੇ ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਅਤੇ 'ਸਵਦੇਸ਼ੀ' ਦੇ ਨਾਂ ਹੇਠ ਕਾਰਪੋਰੇਟ ਘਰਾਣਿਆਂ ਦੀ ਚਾਕਰੀ ਦੀ ਨੀਤੀ ਦੇ ਤਿੱਖੇ ਆਲੋਚਕ ਹੀ ਨਹੀਂ ਹਨ। ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਆਦਿਵਾਸੀਆਂ ਦੀ ਨਸਲਕੁਸ਼ੀ, ਦਲਿਤਾਂ ਅਤੇ ਧਾਰਮਿਕ ਘੱਟਗਿਣਤੀਆਂ ਉੱਪਰ ਫਾਸ਼ੀਵਾਦੀ ਹਮਲਿਆਂ ਦਾ ਧੜੱਲੇ ਨਾਲ ਵਿਰੋਧ ਕਰਨ ਅਤੇ ਦੱਬੇਕੁਚਲੇ ਅਵਾਮ ਨੂੰ ਉਨ੍ਹਾਂ ਦੇ ਹਿਤਾਂ ਤੇ ਹੱਕਾਂ ਲਈ ਜਾਗਰੂਕ ਕਰਨ ਦੀ ਉਨ੍ਹਾਂ ਦੀ ਭੂਮਿਕਾ ਵੀ ਸੱਤਾ ਨੂੰ ਬਹੁਤ ਚੁਭਦੀ ਹੈ। ਇਨ੍ਹਾਂ ਸ਼ਖ਼ਸੀਅਤਾਂ ਨੂੰ ਜੇਲ੍ਹਾਂ 'ਚ ਡੱਕ ਕੇ ਹੀ ਆਦਿਵਾਸੀਆਂ ਦੇ ਜੁਝਾਰੂ ਵਿਰੋਧ ਨੂੰ ਕੁਚਲਣ ਲਈ 'ਓਪਰੇਸ਼ਨ ਗ੍ਰੀਨ ਹੰਟ' ਦੇ ਅਜੋਕੇ ਰੂਪ 'ਓਪਰੇਸ਼ਨ ਸਮਾਧਾਨ-ਪ੍ਰਹਾਰ' ਰਾਹੀਂ ਹਮਲੇ ਤੇਜ਼ ਕਰਨਾ, ਡਰੋਨ ਹਮਲਿਆਂ ਰਾਹੀਂ ਦਹਿਸ਼ਤ ਪਾ ਕੇ ਆਦਿਵਾਸੀ ਟਾਕਰੇ ਨੂੰ ਸੱਟ ਮਾਰਨਾ ਅਤੇ ਆਦਿਵਾਸੀਆਂ ਇਲਾਕਿਆਂ ਦੀ ਸਖ਼ਤ ਘੇਰਾਬੰਦੀ ਯਕੀਨੀ ਬਣਾ ਕੇ ਆਦਿਵਾਸੀਆਂ ਦੀ ਨਸਲਕੁਸ਼ੀ ਦੀਆਂ ਰਿਪੋਰਟਾਂ ਨੂੰ ਬਾਹਰ ਆਉਣੋਂ ਰੋਕਣਾ ਅਤੇ ਹਜ਼ਾਰਾਂ ਆਦਿਵਾਸੀਆਂ ਨੂੰ ਜੇਲ੍ਹਾਂ ਵਿਚ ਸਾੜਨਾ ਯਕੀਨੀ ਬਣਾਇਆ ਗਿਆ ਹੈ।

ਸਮੂਹ ਅਗਾਂਹਵਧੂ ਜਮਹੂਰੀ ਤਾਕਤਾਂ ਨੂੰ ਆਰ.ਐੱਸ.ਐੱਸ.-ਭਾਜਪਾ ਦੇ ਸਮੁੱਚੇ ਫਾਸ਼ੀਵਾਦੀ ਪ੍ਰੋਜੈਕਟ ਦਾ ਵਿਰੋਧ ਕਰਦੇ ਹੋਏ ਮੁਲਕ ਦੇ ਅਵਾਮ ਨੂੰ ਇਸ ਬਾਰੇ ਲਗਾਤਾਰ ਜਾਗਰੂਕ ਕਰਦੇ ਰਹਿਣ ਉੱਪਰ ਵੀ ਲਗਾਤਾਰ ਧਿਆਨ ਦੇਣਾ ਚਾਹੀਦਾ ਹੈ ਕਿ ਉਪਰੋਕਤ ਲੋਕ ਹੱਕਾਂ ਦੇ ਪਹਿਰੇਦਾਰ ਕਿਸ ਕਾਰਨ ਜੇਲ੍ਹਾਂ 'ਚ ਡੱਕੇ ਹੋਏ ਹਨ। ਜੇਲ੍ਹ 'ਚ ਸੰਸਥਾਈ ਕਤਲ ਤੋਂ ਉਨ੍ਹਾਂ ਦੀ ਜ਼ਿੰਦਗੀ ਦੀ ਰਾਖੀ, ਕੈਦੀਆਂ ਵਜੋਂ ਉਨ੍ਹਾਂ ਦੇ ਹੱਕਾਂ ਦੀ ਰਾਖੀ ਅਤੇ ਉਨ੍ਹਾਂ ਦੀ ਰਿਹਾਈ ਦੀ ਮੰਗ ਲੋਕ ਸੰਘਰਸ਼ਾਂ ਦੇ ਅਖਾੜਿਆਂ 'ਚ ਲਗਾਤਾਰ ਗੂੰਜਦੀ ਰਹਿਣੀ ਚਾਹੀਦੀ ਹੈ।

***ਬੁੱਧੀਜੀਵੀਆਂ ਅਤੇ ਹੱਕਾਂ ਦੇ ਘੁਲਾਟੀਆਂ ਨੂੰ ਫਸਾਉਣ ਲਈ ਜਾਅਲੀ ਸਬੂਤ ਪਲਾਂਟ ਕਰਨ ਵਾਸਤੇ ਭਗਵੇਂ ਹੁਕਮਰਾਨਾਂ ਨੇ ਸਰਕਾਰੀ ਪੈਸੇ ਅਤੇ ਹੋਰ ਵਸੀਲਿਆਂ ਦੀ ਰੱਜ ਕੇ ਦੁਰਵਰਤੋਂ ਕੀਤੀ। ਭਗਵੀਂ ਹਕੂਮਤ ਚੋਟੀ ਦੇ ਕਾਨੂੰਨੀ ਮਾਹਰਾਂ ਨੂੰ ਅਦਾਲਤਾਂ 'ਚ ਭੇਜਦੀ ਹੈ ਤਾਂ ਜੋ ਅਦਾਲਤੀ ਅਮਲ ਦੀ ਬਾਂਹ ਮਰੋੜ ਕੇ ਹੱਕਾਂ ਦੇ ਘੁਲਾਟੀਆਂ ਦੀਆਂ ਜ਼ਮਾਨਤਾਂ ਲੈਣ ਅਤੇ ਬਿਮਾਰੀਆਂ ਦੇ ਇਲਾਜ ਜਾਂ ਪਰਿਵਾਰਾਂ ਦਾ ਦੁੱਖ ਵੰਡਾਉਣ ਲਈ ਪੈਰੋਲ ਲੈਣ ਦੀਆਂ ਪਟੀਸ਼ਨਾਂ ਨੂੰ ਰੱਦ ਕਰਾਇਆ ਜਾ ਸਕੇ। ਰਾਜਾਂ ਦੀ ਪੁਲਿਸ ਅਤੇ ਜਾਂਚ ਏਜੰਸੀਆਂ ਆਰ.ਐੱਸ.ਐੱਸ.-ਭਾਜਪਾ ਦੀ ਸ਼ਾਖਾ ਦੇ ਰੂਪ ਕੰਮ ਕਰਦੀਆਂ ਹਨ। ਕੌਮੀ ਜਾਂਚ ਏਜੰਸੀ ਬਿਨਾ ਕਿਸੇ ਲੁਕੋ ਦੇ ਹਕੂਮਤ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ। ਬੁੱਧੀਜੀਵੀਆਂ ਵਿਰੁੱਧ ਦੋਸ਼ ਤੈਅ ਕਰਨ ਦੇ ਅਮਲ ਨੂੰ ਜਾਣ-ਬੁੱਝ ਕੇ ਲਮਕਾਇਆ ਜਾ ਰਿਹਾ ਹੈ। ਅਜੇ ਤੱਕ ਦੋਸ਼ ਵੀ ਫਰੇਮ ਨਹੀਂ ਕੀਤੇ ਗਏ।***


# ਅਧਿਆਤਮਕ ਸਨਅਤ ਦੀ ਸੁਪਰ ਮਾਰਕਿਟ

ਸਾਡੇ ਸਮਾਜ ਵਿਚ ਬਾਬਿਆਂ ਅਤੇ ਧਾਰਮਿਕ ਆਗੂਆਂ ਦੀ ਕੋਈ ਕਮੀ ਨਹੀਂ। ਅਜੋਕੀ ਮੀਡੀਆਮਈ ਦੁਨੀਆ ਵਿਚ ਇਨ੍ਹਾਂ ਦੇ 'ਕਾਰਨਾਮਿਆਂ' ਨੂੰ ਚਰਿਤਾਰਥ ਕਰਨ ਵਾਲੇ ਪ੍ਰਤੀਕਾਂ, ਨਾਟਕੀ ਪੇਸ਼ਕਾਰੀਆਂ ਅਤੇ ਮੁਕਤੀ ਦੀਆਂ ਵਿਧੀਆਂ ਦੇ ਪ੍ਰਚਾਰ ਪ੍ਰਸਾਰ ਦਾ ਵੀ ਕੋਈ ਅੰਤ ਨਹੀਂ। ਦਰਅਸਲ, ਇਨ੍ਹਾਂ ਧਾਰਮਿਕ ਰਹੁ-ਰੀਤਾਂ ਦੀ ਬਹੁਵਿਧ ਖਪਤ ਸਾਡੀ ਉਸ ਸਮਾਜਕ ਸਭਿਆਚਾਰਕ ਪੂੰਜੀ ਦੀ ਕਿਸਮ 'ਤੇ ਮੁਨੱਸਰ ਕਰਦੀ ਹੈ ਜੋ ਸਾਡੇ ਵਰਗੇ ਸ਼ਰਧਾਲੂ ਜਾਂ ਗ੍ਰਾਹਕ ਆਪਣੇ ਬਾਬਿਆਂ ਤੋਂ ਵਿਰਾਸਤ ਦੇ ਰੂਪ ਵਿਚ ਗ੍ਰਹਿਣ ਕਰਦੇ ਹਨ। ਧਿਰੇਂਦਰ ਸ਼ਾਸਤਰੀ ਜਾਂ ਬਗੇਸ਼ਵਰ

ਅਵਿਜੀਤ ਪਾਠਕ

ਬਾਬੇ ਦੇ 'ਚਮਤਕਾਰ' ਅਤੇ 'ਆਸ਼ੀਰਵਾਦ' ਸਾਹਵੇਂ ਮੂਰਛਿਤ ਹੋ ਜਾਣ ਵਾਲੇ ਜਾਂ ਸਤਿਗੁਰੂ ਜੱਗੀ ਵਾਸਦੇਵ ਅੱਗੇ ਨਤਮਸਤਕ ਹੁੰਦੇ ਫਰਾਟੇਦਾਰ ਅੰਗਰੇਜ਼ੀ ਬੋਲਣ ਵਾਲੇ, ਮਹਾਂਨਗਰ ਵਾਸੀ ਰਈਸ ਲੋਕਾਂ ਨੂੰ ਤੱਕਣ ਲਈ ਤੁਹਾਨੂੰ ਕੋਈ ਸਭਿਆਚਾਰਕ ਮਾਨਵਵਿਗਿਆਨੀ ਹੋਣ ਦੀ ਕਤਈ ਲੋੜ ਨਹੀਂ ਹੈ; ਜਾਂ ਫਿਰ ਇਵੇਂ ਹੀ ਚੋਟੀ ਦੇ ਅਦਾਰਿਆਂ ਦੇ ਉਹ ਯੁਵਾ ਵਿਦਿਆਰਥੀ ਜੋ ਗੌਰ ਗੋਪਾਲ ਦਾਸ ਅਤੇ 'ਆਪਣੇ ਮਨ ਨੂੰ ਊਰਜਿਤ ਕਰੋ' ਜਿਹੀਆਂ ਅਧਿਆਤਮਕ ਕੁੰਜੀਆਂ ਪੜ੍ਹਦੇ ਰਹਿੰਦੇ ਹਨ, ਹੇਠਲੇ ਮੱਧ ਵਰਗੀ ਲੋਕ ਹਰਿਦੁਆਰ ਵਿਚ ਪਤੰਜਲੀ ਯੋਗਪੀਠ ਵਿਚ ਇਕੱਤਰ ਹੋ ਕੇ ਰਾਮਦੇਵ ਦੀਆਂ ਯੋਗ ਵਿਧੀਆਂ ਤੇ ਅਯੁਰਵੈਦਿਕ ਦਵਾਈਆਂ ਦਾ 'ਲਾਹਾ' ਤੱਕਦੇ ਹਨ।

ਬਿਨਾ ਸ਼ੱਕ, ਇਹ ਬਾਬੇ ਅਸੰਖ ਗ੍ਰਾਹਕਾਂ ਅਤੇ ਸ਼ਰਧਾਲੂਆਂ ਦੇ ਮਨਮਸਤਕ 'ਤੇ ਕਿੰਝ ਕਾਬਜ਼ ਹਨ, ਇਸ ਨੂੰ ਪ੍ਰਚੱਲਤ ਸਿਆਸੀ ਸਭਿਆਚਾਰ 'ਤੇ ਝਾਤ ਮਾਰੇ ਬਿਨਾ ਸਮਝਿਆ ਨਹੀਂ ਜਾ ਸਕਦਾ। ਹਿੰਦੂਤਵ ਅਤੇ ਇਸ ਦੇ ਸਿਆਸੀ ਤੇ ਸਭਿਆਚਾਰਕ ਤਾਮ ਝਾਮ ਦੇ ਬੱਝਵੇਂ ਉਭਾਰ ਕਰ ਕੇ ਬਹੁਤ ਸਾਰੇ ਬਾਬਿਆਂ ਨੂੰ ਭੱਲ ਖੱਟਣ ਦਾ ਇਹ ਬਹੁਤ ਹੀ ਸੁਨਹਿਰਾ ਮੌਕਾ ਮਿਲਿਆ ਹੋਇਆ ਹੈ। ਜਿਹੜੇ ਸਿਆਸਤਦਾਨ ਧਰਮ ਨਿਰਲੇਪ ਜਨਤਕ ਖੇਤਰ ਦੇ ਵਿਚਾਰ ਦਾ ਤ੍ਰਿਸਕਾਰ ਕਰਦੇ ਰਹਿੰਦੇ ਹਨ ਅਤੇ ਧਾਰਮਿਕ ਪਛਾਣਾਂ ਦੀ ਅੱਗ ਨਾਲ ਖੇਡਣ ਦਾ ਸ਼ੌਕ ਰੱਖਦੇ ਹਨ, ਉਨ੍ਹਾਂ ਦੀ ਇਹ ਬਹੁਤ ਵੱਡੀ ਲੋੜ ਹੈ ਕਿ ਬਾਬਿਆਂ ਦੀ ਇਹ ਸਨਅਤ ਵਧਦੀ ਫੁੱਲਦੀ ਰਹੇ। ਇਸੇ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਅੱਜ ਕੱਲ੍ਹ ਬਗੇਸ਼ਵਰ ਬਾਬਾ 'ਸਨਾਤਨ ਧਰਮ' ਜਾਂ 'ਹਿੰਦੂ ਰਾਸ਼ਟਰ' ਦੇ ਕਾਜ ਦੀ ਪੂਰਤੀ ਦਾ ਨਵਾਂ ਚਿਹਰਾ ਬਣਿਆ ਹੋਇਆ ਹੈ। ਇਸ ਦੌਰਾਨ, ਜ਼ੈੱਨ ਗੁਰੂਆਂ, ਓਸ਼ੋ ਅਤੇ ਜਿੱਦੂ ਕ੍ਰਿਸ਼ਨਾਮੂਰਤੀ ਦੇ ਕਥਨਾਂ



ਦੇ ਅਸਾਨੀ ਨਾਲ ਹਵਾਲੇ ਦੇਣ ਵਾਲੇ ਸਤਿਗੁਰੂ ਵਾਸਦੇਵ ਵਰਗੇ ਬਾਬੇ ਗਊ ਰੱਖਿਆ, ਲਵ ਜਹਾਦ ਦੇ ਨਾਂ 'ਤੇ ਹੁੰਦੀ ਹਜੂਮੀ ਹਿੰਸਾ ਜਿਹੇ ਪ੍ਰੇਸ਼ਾਨਕੁਨ ਮਾਮਲਿਆਂ 'ਤੇ ਬੜੀ ਚਲਾਕੀ ਨਾਲ ਮੌਨ ਧਾਰਨ ਕਰ ਲੈਂਦੇ ਹਨ। ਕਹਿਣ ਦੀ ਲੋੜ ਨਹੀਂ ਕਿ ਇਸ ਚੁੱਪ ਦੀ ਆਪਣੀ ਸਿਆਸਤ ਹੁੰਦੀ ਹੈ।

ਉਂਝ, ਸਮਾਜਿਕ ਮਨੋਵਿਗਿਆਨ ਦੀਆਂ ਜਟਿਲ ਪਰਤਾਂ ਨੂੰ ਫਰੋਲੇ ਬਗ਼ੈਰ ਬਾਬਿਆਂ ਤੇ ਇਨ੍ਹਾਂ ਦੇ ਗ੍ਰਾਹਕਾਂ ਦਰਮਿਆਨ ਰਿਸ਼ਤੇ ਦੀ ਗਤੀਸ਼ੀਲਤਾ ਦੀ ਥਾਹ ਪਾਉਣੀ ਮੁਸ਼ਕਿਲ ਹੈ। ਅਸੀਂ ਰਹੱਸਮਈ ਹੋਂਦ ਦੀ ਪੀੜ, ਸੰਤਾਪ ਤੇ ਸਦਮੇ ਦੇ ਮਾਹੌਲ ਵਿਚ ਜੀਅ ਰਹੇ ਹਾਂ ਅਤੇ ਅਕਸਰ ਬੰਦਖਲਾਸੀ ਕਰਾਉਣ ਵਾਲੀ ਸਿੱਖਿਆ ਅਤੇ ਨਾਲ ਹੀ ਢੁਕਵੀਂ ਆਰਥਿਕ ਪੂੰਜੀ ਦੀ ਅਣਹੋਂਦ ਵਿਚ ਇਸ ਮਨੋਵਿਗਿਆਨਕ ਝੰਜਟ ਨਾਲ ਸਿੱਝਣ ਲਈ ਵਿਗਿਆਨਕ/ਮੈਡੀਕਲ ਤੇ ਪ੍ਰੋਫੈਸ਼ਨਲ ਇਮਦਾਦ ਹਾਸਲ ਕਰਨਾ ਸੰਭਵ ਨਹੀਂ ਹੁੰਦਾ। ਮਿਸਾਲ ਦੇ ਤੌਰ 'ਤੇ ਸਮਾਜਿਕ, ਆਰਥਿਕ ਤਲਖੀਆਂ ਦੀ ਭੰਨੀ ਕਿਸੇ ਐਸੀ ਪੇਂਡੂ ਔਰਤ ਬਾਰੇ ਸੋਚ ਕੇ ਦੇਖੋ ਜੋ ਇਹ ਮੰਨਦੀ ਹੋਵੇ ਕਿ ਉਸ ਦੇ ਬੱਚੇ ਦੇ ਦਿਲ ਦਾ ਛੇਕ ਦਾ ਰੋਗ ਬਗੇਸ਼ਵਰ ਜਿਹਾ ਕੋਈ ਬਾਬਾ ਹੀ ਦੂਰ ਕਰ ਸਕਦਾ ਹੈ। ਇਕ ਲੇਖੇ, ਉਸ ਦਾ ਇਹ ਭਰਮ ਪ੍ਰਚੱਲਤ ਅਸਾਵੇਂ ਤੇ ਨਾ-ਬਰਾਬਰ ਸਮਾਜਿਕ, ਆਰਥਿਕ ਤੇ ਸਭਿਆਚਾਰਕ ਪੂੰਜੀ ਦੀ ਅਸਾਵੀਂ ਵੰਡ ਦਾ ਸਿੱਟਾ ਹੈ; ਤੇ ਇਹ ਬਾਬੇ ਹਾਲਾਤ ਦਾ ਫਾਇਦਾ ਉਠਾ ਕੇ ਆਪਣੇ ਚਮਤਕਾਰ ਵੇਚਦੇ ਹਨ ਅਤੇ ਆਪਣੇ ਆਪ ਨੂੰ ਚਕਿਤਸਕ ਦੇ ਤੌਰ 'ਤੇ ਪੇਸ਼ ਕਰਦੇ ਹਨ ਕਿਉਂਕਿ ਇਸ ਅਸਾਵੇਂ ਅਤੇ ਬੇਕਿਰਕ ਸਮਾਜ ਅੰਦਰ ਗਰੀਬਾਂ ਅਤੇ ਸ਼ੋਸ਼ਿਤਾਂ ਨੂੰ ਜਿਊਂਦੇ ਰਹਿਣ ਲਈ ਕੋਈ ਨਾ ਕੋਈ ਧਰਵਾਸ ਦਰਕਾਰ ਹੁੰਦਾ ਹੈ।

ਇਸੇ ਤਰ੍ਹਾਂ, ਤਕਨੀਕੀ ਤੌਰ ਤੇ ਹੁਨਰਮੰਦ, ਘੁੰਮਣ ਫਿਰਨ ਦੀ ਸ਼ੌਕੀਨ, ਪ੍ਰੋਫੈਸ਼ਨਲ ਅਤੇ ਉਤਸ਼ਾਹੀ ਜਮਾਤ ਨੂੰ 'ਸਫਲਤਾ' ਦੀ ਵੱਡੀ ਕੀਮਤ ਅਦਾ ਕਰਨੀ ਪੈਂਦੀ ਹੈ। ਹਰ ਦਿਨ ਵਕਤ ਦਾ ਖਾਸ ਹਿੱਸਾ ਉਤਪਾਦਕ ਮੰਤਵਾਂ ਦੇ ਲੇਖੇ ਲਾਇਆ ਜਾਂਦਾ ਹੈ ਜਿਸ ਕਰ ਕੇ ਕੋਈ ਵਾਧੂ ਸਮਾਂ ਨਹੀਂ ਹੁੰਦਾ। ਮੈਟਰਨਿਟੀ ਕਲੀਨਿਕ ਵਿਚ ਜਨਮ ਦੇ ਦਿਨ ਤੋਂ ਲੈ ਕੇ ਕਿਸੇ ਮੈਗਾ ਹਸਪਤਾਲ ਦੇ ਆਈਸੀਯੂ ਤੋਂ ਸ਼ਮਸ਼ਾਨਘਾਟ ਪਹੁੰਚਣ ਦੇ ਅੰਤਿਮ ਦਿਨ ਤੱਕ ਜ਼ਿੰਦਗੀ ਤੈਅਸ਼ੁਦਾ ਉਦੇਸ਼ਾਂ ਜਾਂ ਟੀਚਿਆਂ ਦੀ ਸੇਧ ਵਿਚ ਸਿੱਧੀ ਸਤੋਰ ਚਲਦੀ ਰਹਿੰਦੀ ਹੈ, ਕੱਲ੍ਹ ਦੀ ਚਿੰਤਾ ਤੋਂ ਕਦੇ ਮੁਕਤੀ ਨਹੀਂ ਮਿਲਦੀ। ਤਣਾਅ, ਡਰ, ਬੇਵਿਸਾਹੀ, ਬੇਹਿਸਾਬ ਮੁਕਾਬਲੇਬਾਜ਼ੀ, ਨਿਰੰਤਰ ਬੇਚੈਨੀ ਤੇ ਘਬਰਾਹਟ ਉਨ੍ਹਾਂ ਦੀ ਹੋਂਦ ਦੀ ਪਛਾਣ ਬਣ ਜਾਂਦੀ ਹੈ; ਹਾਲਾਂਕਿ ਵਕਤੀ ਤੌਰ 'ਤੇ ਖਪਤ, ਜਿਨਸੀ ਭੋਗ ਜਾਂ ਸੋਸ਼ਲ ਮੀਡੀਆ ਦੇ ਸਰੂਰ ਤੋਂ ਪਾਸਾ ਵੱਟ ਲੈਣ 'ਤੇ ਵੀ ਤਾਉਮਰ ਇਸ ਜਜ਼ਬਾਤੀ ਖਲਜਗਣ 'ਚੋਂ ਨਿਕਲ ਨਹੀਂ ਹੁੰਦਾ। ਇਸ ਕਰ ਕੇ ਇਸ ਜਮਾਤ ਵਾਸਤੇ ਇਕ ਫੈਂਸੀ ਅਧਿਆਤਮਕ ਸਨਅਤ ਹੋਂਦ ਵਿਚ ਆ ਗਈ ਹੈ ਜੋ ਸੁੰਨਤਾ, ਸਾਹ ਪ੍ਰਕਿਰਿਆ ਅਤੇ ਧਿਆਨ ਦੀਆਂ ਵਿਧੀਆਂ ਦੇ ਬ੍ਰਾਂਡਾਂ ਦੇ ਪੈਕੇਜ ਪਰੋਸਦੀ ਤੇ ਵੇਚਦੀ ਹੈ।

ਦਰਅਸਲ, ਇਹ ਵਿਕਲੋਤਰੀਆਂ ਅਧਿਆਤਮਕ ਵਿਧੀਆਂ ਖੁਸ਼ਨੁਮਾ ਅਹਿਸਾਸ ਤਾਂ ਕਰਾਉਂਦੀਆਂ ਹਨ ਪਰ ਇਹ ਇਹ ਅਹਿਸਾਸ ਵਕਤੀ ਸਾਬਿਤ ਹੁੰਦਾ ਹੈ ਪਰ ਇਹ ਬਾਬੇ ਆਪਣੇ ਭਗਤਾਂ ਨੂੰ ਅਧਿਆਤਮਕ ਖਾਲੀਪਣ ਦੀਆਂ ਜੜ੍ਹਾਂ, ਭਾਵ ਉਸ ਪੂੰਜੀਵਾਦੀ ਜਾਂ ਨਵ-ਉਦਾਰਵਾਦੀ ਤਰਕ ਨੂੰ ਚੁਣੌਤੀ ਦੇਣ ਦੀ ਪ੍ਰੇਰਨਾ ਕਦੇ ਨਹੀਂ ਦੇਣਗੇ ਜੋ ਐਰਿਕ ਫਰੌਮ ਦੇ ਸ਼ਬਦਾਂ 'ਚ ਮਾਨਸਿਕ ਤੌਰ 'ਤੇ ਬੇਚੈਨ ਅਤੇ ਪਦਾਰਥਕ ਅਤੇ ਸੰਕੇਤਕ ਪਦਾਰਥਕ ਸਾਧਨ ਪੈਦਾ ਕਰਦਾ ਰਹਿੰਦਾ ਹੈ। ਜ਼ਿੰਦਗੀ ਭਰ ਕਿਸੇ ਘੁੜ ਦੌੜ ਦੇ ਘੋੜੇ ਵਾਂਗ ਦੌੜਦੇ ਰਹੋ, ਉਂਝ ਵਿਚ ਵਿਚਾਲੇ ਕਦੇ ਕਦਾਈਂ ਕੋਈ ਦਸ ਕੁ ਦਿਨਾਂ ਦਾ ਮੈਡੀਟੇਸ਼ਨ ਕੈਂਪ ਲਾ ਲਓ ਜਾਂ ਦਿਨ ਭਰ ਦਾ ਅਕੇਵਾਂ ਲਾਹੁਣ ਲਈ ਰਾਹ ਨੂੰ ਪੰਦਰਾਂ ਕੁ ਮਿੰਟ ਲਈ 'ਮੁਕਤੀ ਦਾ ਕੈਪਸੂਲ' ਖਾ ਲਓ!

ਇਹ ਠੀਕ ਹੈ ਕਿ ਸਿਆਸਤ ਅਤੇ ਮੰਡੀ ਦੀ ਖੇਡ ਬਣ ਚੁੱਕੇ ਇਸ ਦੌਰ ਵਿਚ ਨਿੱਠ ਕੇ ਸੰਗੀਤਮਈ ਬਣੇ ਰਹਿਣਾ, ਹਉਮੈ ਤੇ ਤਾਕਤ ਦੇ ਨਸ਼ੇ ਤੋਂ ਮੁਕਤ ਹੋ ਕੇ ਪਿਆਰ ਅਤੇ ਖਲੂਸ ਦੀ ਰੌਸ਼ਨੀ ਵਿਚ ਨਹਾਉਣਾ, ਸਰੀਰਕ ਕਸ਼ਟਾਂ ਅਤੇ ਪਦਾਰਥਕ ਸੰਪਦਾ ਜਾਂ ਆਪਣੇ ਪਿਆਰਿਆਂ ਦੀ ਅਣਹੋਂਦ ਵਿਚ ਸ਼ਾਂਤਚਿਤ ਬਣੇ ਰਹਿਣਾ ਸੌਖਾ ਕੰਮ ਨਹੀਂ ਹੈ। ਬਿਲਕੁੱਲ ਇਵੇਂ ਹੀ, ਧਿਆਨਮਈ ਸ਼ਾਂਤੀ ਅਤੇ ਸਮਾਜਿਕ ਤੇ ਢਾਂਚਾਗਤ ਤਬਦੀਲੀ ਦੀ ਪ੍ਰਚੰਡ ਪ੍ਰਕਿਰਿਆ ਵਿਚਕਾਰ ਪੁਲ ਉਸਾਰਨ ਵਾਲੀ ਮੇਲ ਜੋਲ ਦੀ ਧਾਰਮਿਕਤਾ ਨੂੰ ਅਮਲ ਵਿਚ ਲਿਆਉਣਾ ਵੀ ਸੌਖਾ ਕਾਰਜ ਨਹੀਂ ਹੈ ਜਾਂ ਫਿਰ ਜਾਤੀਵਾਦ, ਪਿੱਤਰਸੱਤਾ, ਨਸਲਵਾਦ ਅਤੇ ਸਭ ਤੋਂ ਵਧ ਕੇ ਸਭਿਆਚਾਰ, ਵਾਤਾਵਰਨ, ਸਿੱਖਿਆ ਅਤੇ ਮਨੁੱਖੀ ਰਿਸ਼ਤਿਆਂ ਉਪਰ ਧਾਵਾ ਬੋਲਣ ਵਾਲੇ ਨਵ ਉਦਾਰਵਾਦ 'ਤੇ ਕਿੰਤੂ ਕਰਦੇ ਹੋਏ ਸਮਾਜਿਕ ਨਿਆਂ ਦੀ ਪਰਿਵਰਤਨਸ਼ੀਲ ਸਿਆਸਤ ਜ਼ਰੀਏ ਅੰਦਰੂਨੀ ਸ਼ਾਂਤੀ ਅਤੇ ਬਾਹਰੀ ਦੁਨੀਆ ਵਿਚ ਅਮਨ ਦੀ ਯਾਤਰਾ 'ਤੇ ਨਿਕਲਣਾ ਵੀ ਸੌਖਾ ਕੰਮ ਨਹੀਂ ਹੈ।

ਅਫ਼ਸੋਸ ਦੀ ਗੱਲ ਇਹ ਹੈ ਕਿ ਅੱਜ ਅਸੀਂ ਆਪਣੀਆਂ ਅੱਖਾਂ ਸਾਹਮਣੇ ਜੋ ਕੁਝ ਹੁੰਦਾ ਤੱਕ ਰਹੇ ਹਾਂ, ਉਹ ਇਸ ਧਾਰਮਿਕਤਾ ਦੀ ਮੌਤ ਹੈ। ਇਸ ਤਰ੍ਹਾਂ ਦੀ ਧਾਰਮਿਕਤਾ ਦੀ ਬਜਾਇ ਅਸੀਂ ਆਪਣੇ ਆਲੇ ਦੁਆਲੇ ਆਡੰਬਰ, ਪੁਜਾਰੀਪੁਣੇ ਅਤੇ ਇਸ ਨਾਲ ਜੁੜੀ ਸਮਾਜਿਕ ਰੂੜੀਵਾਦੀ, ਫਿਰਕੂ/ਵੰਡਪਾਊ ਸਿਆਸਤ ਵਲੋਂ ਸਪਾਂਸਰ ਕੀਤੇ ਗਏ ਆਪੂੰ ਬਣੇ ਸਾਧੂ ਅਤੇ ਫੈਂਸੀ ਮਸ਼ਕਾਂ ਕਰਵਾ ਕੇ ਝਟਪਟ ਨਿਰਵਾਣ ਕਰਾਉਣ ਦਾ ਵਾਅਦਾ ਕਰਨ ਵਾਲੀ ਨਵ-ਉਦਾਰਵਾਦੀ ਅਧਿਆਤਮ ਦੀ ਸਨਅਤ ਦਾ ਪਸਾਰਾ ਤੱਕਦੇ ਹਾਂ।

# ਭਾਰਤ ਵਿਚ ਔਰਤਾਂ ਦੀ ਬੇਹੁਰਮਤੀ

ਜਦੋਂ ਕੈਸੀਅਸ ਮਰਸਲਾਸ ਕਲੇ ਜੂਨੀਅਰ ਨੇ ਆਪਣਾ ਮੁੱਕੇਬਾਜ਼ੀ ਦਾ ਓਲੰਪਿਕ ਲਾਈਟ ਹੈਵੀਵੇਟ ਸੋਨ ਤਗ਼ਮਾ ਓਹਾਇਓ ਦਰਿਆ ਵਿਚ ਸੁੱਟਿਆ ਤਾਂ ਇਹ ਬਾਗ਼ੀਆਨਾ ਕਾਰਵਾਈ ਸੀ ਜਿਸ ਦੇ ਅਗਲੇ ਕਦਮ ਵਜੋਂ ਉਸ ਨੇ ਆਪਣੀ ਇਸਾਈ ਪਛਾਣ ਵੀ ਰੱਦ ਕਰ ਦਿੱਤੀ ਜਿਹੜੀ ਉਸ ਲਈ ਬੁਨਿਆਦੀ ਇਨਸਾਨੀ ਮਾਣ-ਸਨਮਾਨ ਤੇ ਬਰਾਬਰੀ ਯਕੀਨੀ ਨਹੀਂ ਬਣਾਉਂਦੀ। ਉਸ ਨੇ ਇਸਲਾਮ ਅਪਣਾ ਲਿਆ ਤੇ ਆਪਣਾ ਨਾਂ ਮੁਹੰਮਦ ਅਲੀ ਰੱਖ ਲਿਆ। ਉਹ ਦੁਨੀਆ ਦੇ ਮਹਾਨਤਮ ਖਿਡਾਰੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ ਜਿਸ ਦਾ 1960 ਰੋਮ ਓਲੰਪਿਕ ਦਾ ਤਗ਼ਮਾ ਸਰਵ-ਵਿਆਪੀ ਸਤਿਕਾਰ ਦੇ ਪ੍ਰਤੀਕ ਵਜੋਂ ਬਹਾਲ ਕਰ ਦਿੱਤਾ ਗਿਆ।

ਰਾਜੇਸ਼ ਰਾਮਚੰਦਰਨ

ਉਸ ਨੇ ਜੋ ਇਕ ਵਾਰ ਠਾਣ ਲਿਆ, ਉਹ ਕੁਝ ਕਰ ਕੇ ਰਹਿੰਦਾ ਸੀ। ਇਸੇ ਤਰ੍ਹਾਂ ਜਦੋਂ ਭਾਰਤੀ ਅੰਦੋਲਨਕਾਰੀ ਪਹਿਲਵਾਨਾਂ ਨੇ ਆਪਣੇ ਤਗ਼ਮੇ ਗੰਗਾ ਵਿਚ ਵਹਾਅ ਦੇਣ ਦਾ ਫ਼ੈਸਲਾ ਕੀਤਾ ਤਾਂ ਉਹ ਨਾਇਨਸਾਫ਼ੀ ਦੇ ਖ਼ਿਲਾਫ਼ ਆਪਣੀ ਹਿੰਦੂ ਪਛਾਣ ਦੀ ਰਾਖੀ ਕਰ ਰਹੇ ਸਨ। ਕਿਸੇ ਵੀ ਆਮ ਭਾਰਤੀ ਲਈ ਗੰਗਾ ਤੋਂ ਵੱਧ ਪਵਿੱਤਰ, ਉੱਤਮ ਅਤੇ ਪੂਜਨੀਕ ਹੋਰ ਕੁਝ ਵੀ ਨਹੀਂ ਹੈ। ਮਾਪਿਆਂ ਦੇ ਅਕਾਲ ਚਲਾਣੇ ਤੋਂ ਬਾਅਦ, ਵਿਛੜੀ ਆਤਮਾ ਦੀ ਅਨੰਤ ਯਾਤਰਾ ਵਿਚ ਸ਼ੁੱਧੀਕਰਨ ਲਈ ਇਕ ਰਸਮ ਵਜੋਂ ਮ੍ਰਿਤਕ ਦੀਆਂ ਮੁੱਠੀ ਭਰ ਅਸਥੀਆਂ ਨੂੰ ਗੰਗਾ ਵਿਚ ਵਹਾਇਆ ਜਾਂਦਾ ਹੈ।

ਅੰਦੋਲਨਕਾਰੀ ਮਹਿਲਾ ਪਹਿਲਵਾਨਾਂ ਨੂੰ ਹਰਿਦੁਆਰ ਦੇ ਘਾਟਾਂ ਉਤੇ ਐਨ ਆਖ਼ਰੀ ਮੌਕੇ ਡੋਲਣਾ ਨਹੀਂ ਸੀ ਚਾਹੀਦਾ। ਉਨ੍ਹਾਂ ਨੂੰ ਕੋਈ ਕਿਸ਼ਤੀ ਭਾੜੇ ਉਤੇ ਲੈ ਕੇ ਦਰਿਆ ਵਿਚ ਚਲੇ ਜਾਣਾ ਚਾਹੀਦਾ ਸੀ ਅਤੇ ਗਾਂਧੀਵਾਦੀ ਸੱਤਿਆਗ੍ਰਹਿ ਦੀ ਕਾਰਵਾਈ ਵਜੋਂ ਆਪਣੇ ਤਗ਼ਮਿਆਂ ਨੂੰ 'ਜਲ ਪ੍ਰਵਾਹ' ਕਰ ਦੇਣਾ ਚਾਹੀਦਾ ਸੀ, ਤੇ ਪ੍ਰਤੀਕਾਤਮਕ ਤੌਰ 'ਤੇ ਆਪਣੀ ਖੇਡ ਦਾ ਇਸ ਦੇ ਪ੍ਰਸ਼ਾਸਕਾਂ ਦੇ ਪਾਪਾਂ ਲਈ ਸ਼ੁੱਧੀਕਰਨ ਕਰ ਦੇਣਾ ਚਾਹੀਦਾ ਸੀ। ਹਿੰਦੂ ਪਰੰਪਰਾਵਾਂ ਮੁਤਾਬਕ ਮਾਂ ਗੰਗਾ ਸਭ ਕਾਸੇ ਦਾ ਸ਼ੁੱਧੀਕਰਨ ਕਰ ਦਿੰਦੀ ਹੈ ਅਤੇ ਤਗ਼ਮਿਆਂ ਨੂੰ ਵਹਾ ਕੇ ਪਹਿਲਵਾਨਾਂ ਨੂੰ ਸਮਾਜ ਨੂੰ ਅਜਿਹੇ ਰਾਖਸ਼ ਦੇ ਮਾੜੇ ਕੰਮਾਂ ਤੋਂ ਸ਼ੁੱਧ ਕਰਨ ਵਿਚ ਮਦਦ ਮਿਲਦੀ ਜਿਸ ਨੂੰ ਇਕ ਵਾਰ ਦਾਊਦ ਇਬਰਾਹੀਮ ਦੇ ਸ਼ਾਰਪ-ਸ਼ੂਟਰਾਂ ਨੂੰ ਪਨਾਹ ਦੇਣ ਬਦਲੇ ਜੇਲ੍ਹ ਜਾਣਾ ਪਿਆ ਸੀ। ਅਜਿਹੀ ਕਾਰਵਾਈ ਜ਼ਰੂਰ ਰਾਸ਼ਟਰ ਦੀ ਆਤਮਾ ਨੂੰ ਹਲੂਣਾ ਦੇ ਸਕਦੀ ਸੀ।

ਅਫ਼ਸੋਸ ਕਿ ਖਾਪ ਆਗੂ ਇਸ ਮਾਮਲੇ ਵਿਚ ਦਾਖ਼ਲ ਹੋ ਗਏ ਜਿਸ ਨਾਲ ਸੱਤਾ ਉਤੇ ਬੈਠੇ ਹੋਏ ਜਿਨਸੀ ਸ਼ਿਕਾਰੀ ਖ਼ਿਲਾਫ਼ ਔਰਤਾਂ ਦੇ ਹੱਕਾਂ ਸਬੰਧੀ ਗ਼ੈਰ-ਫ਼ਿਰਕੂ ਸੰਘਰਸ਼ ਜਾਤੀ ਮੁੱਦੇ ਦਾ ਰੂਪ ਧਾਰ ਗਿਆ। ਗ਼ੌਰਤਲਬ ਹੈ ਕਿ ਖਾਪਾਂ ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਜਾਟ ਭਾਈਚਾਰੇ ਦੇ ਜਾਤ ਆਧਾਰਿਤ ਸੰਗਠਨ ਹਨ ਜਿਨ੍ਹਾਂ ਉਤੇ ਅਕਸਰ ਸਿਰੇ ਦੀ ਮਰਦ-ਪ੍ਰਧਾਨਤਾ ਅਤੇ ਅਣਖ਼ ਲਈ ਕਤਲਾਂ ਦੀ ਹਮਾਇਤ ਤੱਕ ਕਰਨ ਦੇ ਦੋਸ਼ ਲੱਗਦੇ ਹਨ। ਇਹ ਜਥੇਬੰਦੀਆਂ (ਖਾਪ ਪੰਚਾਇਤਾਂ) ਹਰਗਿਜ਼ ਮਹਿਲਾ ਸ਼ਕਤੀਕਰਨ ਜਾਂ ਆਧੁਨਿਕਤਾ ਲਈ ਲੜਨ ਵਾਲੀਆਂ ਨਹੀਂ ਹੋ ਸਕਦੀਆਂ। ਪੁਰਾਣੇ ਢਾਂਚੇ ਦੇ ਧਾਰਨੀ ਇਹ ਸੰਗਠਨ ਪਹਿਲਵਾਨਾਂ ਦੇ ਅੰਦੋਲਨ ਵਿਚ ਦਖ਼ਲ ਦੇਣ ਦੀਆਂ ਆਪਣੀਆਂ ਕਾਰਵਾਈਆਂ ਰਾਹੀਂ ਜੇ ਕੁਝ ਹਾਸਲ ਕਰ ਸਕਦੇ ਹਨ ਤਾਂ ਇਹੋ ਕਿ ਸਾਰੀ ਦੁਨੀਆ ਵਿਚ ਇਨ੍ਹਾਂ ਮਹਿਲਾ ਪਹਿਲਵਾਨਾਂ ਦੀ ਜਾਤ ਵੀ ਜ਼ਾਹਿਰ ਹੋਵੇਗੀ ਅਤੇ ਉਹ ਮਹਿਜ਼ ਹਰਿਆਣਵੀ ਜਾਟ ਪਛਾਣ ਤੱਕ ਮਹਿਦੂਦ ਵੀ ਹੋ ਜਾਣਗੀਆਂ। ਇਹ ਖਿਡਾਰਨਾਂ ਜੋ ਸਾਰੇ ਦੇਸ਼ ਲਈ ਰੋਲ ਮਾਡਲ ਹਨ, ਨੂੰ ਖਾਪ ਆਗੂਆਂ ਨੇ ਆਪਣੀ ਮਾੜੀ ਤੇ ਭਾਈਚਾਰੇ ਵਿਚੋਂ ਛੇਕਣ ਵਾਲੀ ਜਾਤੀਵਾਦੀ ਕਾਰਵਾਈ ਦਾ ਹਿੱਸਾ ਬਣਾ ਲਿਆ ਹੈ ਜਿਨ੍ਹਾਂ ਨੇ ਹਰਿਦੁਆਰ ਵਿਚ ਇਸ ਦਖ਼ਲ ਤੋਂ ਬਾਅਦ ਮੁਜ਼ੱਫ਼ਰਨਗਰ ਤੇ ਕੁਰੂਕਸ਼ੇਤਰ ਵਿਚ ਮੀਟਿੰਗਾਂ ਕੀਤੀਆਂ ਅਤੇ ਆਪਣੀਆਂ ਖੇਤਰੀ ਤੇ ਜਾਤ ਪਛਾਣਾਂ ਨੂੰ ਮਜ਼ਬੂਤ ਕੀਤਾ।

ਖਾਪਾਂ ਦੇ ਦਖ਼ਲ ਨੇ ਸਰਕਾਰ ਦੀ ਇਸ ਬਹੁਤ ਹੀ ਔਖੀ ਬਣੀ ਹੋਈ ਹਾਲਤ ਵਿਚੋਂ ਇਸ ਨੂੰ ਮਹਿਜ਼ ਇਕ ਭਾਈਚਾਰੇ ਜਿਹੜਾ ਹਾਕਮ ਪਾਰਟੀ ਤੋਂ ਨਾਰਾਜ਼ ਹੈ, ਦਾ ਵਿਰੋਧ ਕਰਾਰ ਦੇ ਕੇ ਇਸ ਵਿਚੋਂ ਨਿਕਲ ਜਾਣ ਵਿਚ ਮਦਦ ਕੀਤੀ ਹੈ; ਜਦੋਂਕਿ ਹਕੀਕਤ ਇਹ ਹੈ ਕਿ ਇਨ੍ਹਾਂ ਨਾਮੀ ਖਿਡਾਰਨਾਂ ਜਿਨ੍ਹਾਂ ਵਿਚ ਇਕ ਨਾਬਾਲਗ਼ ਵੀ ਹੈ, ਵੱਲੋਂ ਲਾਏ ਦੋਸ਼ਾਂ ਪ੍ਰਤੀ ਕੇਂਦਰ ਸਰਕਾਰ ਵੱਲੋਂ ਅਪਣਾਏ ਰਵੱਈਏ ਤੋਂ ਸਾਰਾ ਦੇਸ਼ ਹੀ ਹੈਰਾਨ ਹੈ। ਅਜਿਹੇ ਸਾਰੇ ਮਾਮਲਿਆਂ, ਖ਼ਾਸਕਰ ਜਿਥੇ ਕੋਈ ਨਾਬਾਲਗ਼ ਸ਼ਾਮਲ ਹੋਵੇ, ਵਿਚ ਐਫ.ਆਈ.ਆਰ. ਦਰਜ ਕਰਨ ਅਤੇ ਫੌਰੀ ਤੌਰ 'ਤੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਪ੍ਰਥਾ ਹੈ। ਇਸ ਦੇ ਬਾਵਜੂਦ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਬਚਾਉਣ ਲਈ ਸਾਰੇ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਰੱਖ ਦਿੱਤੀਆਂ ਗਈਆਂ ਹਨ।

ਦਰਅਸਲ, ਬਣਦੀ ਕਾਰਵਾਈ ਕਰਨ ਦੀ ਥਾਂ ਤਫ਼ਤੀਸ਼ਕਾਰਾਂ ਦੀ ਜ਼ਿਆਦਾ ਦਿਲਚਸਪੀ ਨਾਬਾਲਗ਼ ਸ਼ਿਕਾਇਤਕਰਤਾ ਦੀ ਉਮਰ ਦਾ ਪਤਾ ਲਾਉਣ ਵਿਚ ਜਾਪਦੀ ਹੈ। ਅਜਿਹੇ ਮੁਲਜ਼ਮ ਨੂੰ ਆਮ ਕਰ ਕੇ ਇਸ ਤਰ੍ਹਾਂ ਦੀ ਖੁੱਲ੍ਹ ਨਹੀਂ ਦਿੱਤੀ ਜਾਂਦੀ ਕਿ ਉਸ ਦਾ ਸਫ਼ਾਈ ਵਕੀਲ ਮੁਕੱਦਮੇ ਦੀ ਸੁਣਵਾਈ ਦੌਰਾਨ ਹਮੇਸ਼ਾ ਸ਼ਿਕਾਇਤਕਰਤਾ ਦੇ ਉਮਰ ਸਬੰਧੀ ਸਰਟੀਫਿਕੇਟਾਂ ਵਿਚਲੀਆਂ ਖ਼ਾਮੀਆਂ ਜੇ ਕੋਈ ਹੋਣ, ਨੂੰ ਹੀ ਉਠਾਉਂਦਾ ਰਹੇ। ਫਿਰ, ਬ੍ਰਿਜ ਭੂਸ਼ਣ ਜਿਨਸੀ ਜੁਰਮਾਂ ਦਾ ਕੋਈ ਆਮ ਸਿਆਸੀ ਮੁਲਜ਼ਮ ਨਹੀਂ ਹੈ ਸਗੋਂ ਉਹ ਦੇਸ਼ ਦੇ ਕੁਸ਼ਤੀ/ਪਹਿਲਵਾਨ ਭਾਈਚਾਰੇ ਦਾ ਮੁਖੀ ਹੈ ਜਿਸ ਕੋਲੋਂ ਖਿਡਾਰੀਆਂ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਦਾ ਪੋਸ਼ਣ ਕਰਨ, ਉਨ੍ਹਾਂ ਨੂੰ ਤਿਆਰ ਕਰਨ ਤੇ ਪ੍ਰੇਰਨ ਦੀ ਤਵੱਕੋ ਕੀਤੀ ਜਾਂਦੀ ਹੈ। ਦੇਸ਼ ਦੇ ਕੁਸ਼ਤੀ ਭਾਈਚਾਰੇ ਦੀ ਸਰਪ੍ਰਸਤੀ ਕਰਨ ਵਰਗੇ ਅਹਿਮ ਅਹੁਦੇ ਉਤੇ ਬੈਠੇ ਅਜਿਹੇ 66 ਸਾਲਾ ਵਿਅਕਤੀ ਉਤੇ ਮਹਿਲਾ ਪਹਿਲਵਾਨਾਂ ਤੋਂ ਕਾਮੁਕ ਲਾਹੇ ਮੰਗਣ, ਉਨ੍ਹਾਂ ਨੂੰ ਇਸ ਮਕਸਦ ਲਈ ਤੰਗ-ਪ੍ਰੇਸ਼ਾਨ ਕਰਨ ਅਤੇ ਮਹਿਲਾ ਪਹਿਲਵਾਨਾਂ ਨੂੰ ਨਾਵਾਜਬ ਢੰਗ ਨਾਲ ਛੂਹਣ ਵਰਗੇ ਇਲਜ਼ਾਮ ਲੱਗੇ ਹਨ। ਇਸ ਮਾਮਲੇ ਵਿਚ ਭਰੋਸੇ ਦਾ ਮੁਜਰਮਾਨਾ ਉਲੰਘਣ ਹੋਇਆ ਹੈ। ਇਸ ਨਾਲ ਸਮਾਜ ਵਿਚ ਬਦਚਲਣੀ/ਬਦਕਾਰੀ ਦੇ ਅਜਿਹੇ ਦੋਸ਼ ਵਜੋਂ ਸਿੱਝਿਆ ਜਾਣਾ ਚਾਹੀਦਾ ਹੈ ਜੋ ਹਰ ਤਰ੍ਹਾਂ ਦੇ ਪ੍ਰਸ਼ਾਸਕੀ ਹਾਲਾਤ ਵਿਚ ਪਰਿਵਾਰਕ ਰੂਪਕਾਂ ਨੂੰ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਬਦਚਲਣੀ ਦਾ ਦੋਸ਼ੀ ਵਿਅਕਤੀ ਕਿਸੇ ਵੀ ਪਰਿਵਾਰ ਦਾ ਮੁਖੀ ਬਣੇ ਰਹਿਣ ਦਾ ਇਖ਼ਲਾਕੀ ਹੱਕ ਗੁਆ ਲੈਂਦਾ ਹੈ।

ਇਸ ਦੇ ਬਾਵਜੂਦ ਹਿੰਦੂ ਪਰਿਵਾਰਕ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਦੀ ਸਹੁੰ ਖਾਣ ਵਾਲੀ ਪਾਰਟੀ ਦੀ ਸਰਕਾਰ ਦੀ ਹਾਲਤ ਇਹ ਹੈ ਕਿ ਉਹ ਛੇੜਖ਼ਾਨੀ ਦੇ ਕਥਿਤ ਦੋਸ਼ੀ ਨੂੰ ਅਹੁਦਾ ਛੱਡਣ ਤੱਕ ਲਈ ਆਖਣ ਤੋਂ ਇਨਕਾਰੀ ਹੈ। ਕਿਉਂ? ਅਸਲ ਵਿਚ ਹਿਰਾਸਤੀ ਪੁੱਛ-ਗਿੱਛ ਵਿਚ ਚਲੇ ਜਾਣਾ ਕਿਸੇ ਮੁਲਜ਼ਮ ਦੇ ਕਾਨੂੰਨੀ ਛੋਟ ਜਾਂ ਸਿਆਸੀ ਰਸੂਖ਼ ਗੁਆ ਬਹਿਣ ਦਾ ਸੰਕੇਤ ਹੈ। ਉਸ ਨੂੰ ਕਿਉਂਕਿ ਹਾਲੇ ਤੱਕ ਦਿੱਲੀ ਪੁਲੀਸ ਨੇ ਹਿਰਾਸਤ ਵਿਚ ਨਹੀਂ ਲਿਆ, ਤਾਂ ਇਹ ਗੱਲ ਸੁਰੱਖਿਅਤ ਢੰਗ ਨਾਲ ਮੰਨੀ ਜਾ ਸਕਦੀ ਹੈ ਕਿ ਉਹ ਹਾਲੇ ਸਰਕਾਰ ਦੀ ਮਿਹਰਬਾਨੀ ਤੋਂ ਮਹਿਰੂਮ ਨਹੀਂ ਹੋਇਆ। ਇਸ ਸੂਰਤ ਵਿਚ ਜਿਹੜੇ ਪੀੜਤ ਇਸ ਉਡੀਕ ਵਿਚ ਹਨ ਕਿ ਕੇਸ ਦਾ ਊਠ ਕਿਸ ਕਰਵਟ ਬੈਠਦਾ ਹੈ, ਉਹ ਆਪਣੀਆਂ ਸ਼ਿਕਾਇਤਾਂ ਲੈ ਕੇ ਅੱਗੇ ਆਉਣ ਤੋਂ ਗੁਰੇਜ਼ ਕਰਨਗੇ। ਇਹ ਸਾਰਾ ਕੁਝ ਬਹੁਤ ਹੀ ਸਪੱਸ਼ਟ ਸਵਾਲਾਂ ਵੱਲ ਲੈ ਜਾਂਦਾ ਹੈ: ਆਖ਼ਰ ਬ੍ਰਿਜ ਭੂਸ਼ਣ ਵਿਚ ਅਜਿਹਾ ਕੀ ਖ਼ਾਸ ਹੈ? ਤਰਕਹੀਣਤਾ ਵਾਲੇ ਹਾਲਾਤ ਵਿਚੋਂ ਹਮੇਸ਼ਾ ਤਰਕ ਦੀ ਭਾਲ ਕਰਨ ਵਾਲੇ ਸਿਆਸੀ ਚਾਲਬਾਜ਼ਾਂ ਦਾ ਦਾਅਵਾ ਹੈ ਕਿ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਪਾਰਟੀ ਦੇ ਅੰਦਰ ਸੰਭਾਵੀ ਸੱਤਾ ਸੰਘਰਸ਼ ਦੀ ਸੂਰਤ ਵਿਚ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਬਦਲ ਵਜੋਂ ਬ੍ਰਿਜ ਭੂਸ਼ਣ ਦਾ ਪੋਸ਼ਣ ਕਰਨਾ ਚਾਹੁੰਦੀ ਹੈ ਕਿਉਂਕਿ ਇਹ ਦੋਵੇਂ ਆਗੂ ਇਕੋ ਜਾਤ-ਭਾਈਚਾਰੇ ਨਾਲ ਸਬੰਧਿਤ ਹਨ।

ਕੇਂਦਰ ਸਰਕਾਰ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਵਿਰੋਧੀ ਧਿਰ ਨੂੰ ਭਾਵੁਕ ਜਿਨਸੀ ਮੁੱਦਾ ਇਕ ਤਰ੍ਹਾਂ ਥਾਲੀ ਵਿਚ ਰੱਖ ਕੇ ਸੌਂਪ ਦਿੱਤਾ ਹੈ। ਜੇ ਸਰਕਾਰ ਸੋਚਦੀ ਹੈ ਕਿ ਇਹ ਮਹਿਜ਼ ਜਾਟ ਭਾਈਚਾਰੇ ਦਾ ਮੁੱਦਾ ਹੈ ਤਾਂ ਇਹ ਉਸ ਦੀ ਗ਼ਲਤਫ਼ਹਿਮੀ ਹੈ। ਇਹ ਜਾਟ ਮੁੱਦਾ ਨਹੀਂ ਸਗੋਂ ਨੰਗੀ-ਚਿੱਟੀ ਮਰਦ-ਪ੍ਰਧਾਨਤਾ ਤੇ ਹੈਂਕੜਬਾਜ਼ੀ ਖ਼ਿਲਾਫ਼ ਲੜਾਈ ਹੈ। ਪਹਿਲਵਾਨਾਂ ਦੀਆਂ ਸਿਆਸੀ ਲਾਲਸਾਵਾਂ ਹੋ ਸਕਦੀਆਂ ਹਨ, ਉਨ੍ਹਾਂ ਨੂੰ ਵਿਰੋਧੀ ਧਿਰ ਦੀ ਹਮਾਇਤ ਹਾਸਲ ਹੋ ਸਕਦੀ ਹੈ, ਉਨ੍ਹਾਂ ਨੂੰ ਉੱਚੇ ਅਹੁਦੇ ਮਿਲਣ ਅਤੇ ਸੇਵਾ-ਮੁਕਤੀ ਤੋਂ ਬਾਅਦ ਵਾਲੇ ਕੰਮਾਂ ਦਾ ਲਾਲਚ ਵੀ ਹੋ ਸਕਦਾ ਹੈ, ਤਾਂ ਵੀ ਇਹ ਸਾਰਾ ਕੁਝ ਉਨ੍ਹਾਂ ਦੇ ਦੋਸ਼ਾਂ ਨੂੰ ਨਹੀਂ ਘਟਾਉਂਦਾ ਜਿਨ੍ਹਾਂ ਦੀ ਕੌਮਾਂਤਰੀ ਕੁਸ਼ਤੀ ਸੰਸਥਾਵਾਂ ਨੇ ਵੀ ਹਮਾਇਤ ਕੀਤੀ ਹੈ। ਇਸ ਵਿਚ ਸਭ ਤੋਂ ਜ਼ਿਆਦਾ ਭਾਰਤ ਦੇ ਮਾਣ-ਸਨਮਾਨ ਨੂੰ ਸੱਟ ਵੱਜ ਰਹੀ ਹੈ; ਭਾਰਤੀ ਨਾਰੀਤਵ ਦੀ ਬੇਹੁਰਮਤੀ ਹੋ ਰਹੀ ਹੈ। ਇਹ ਸਾਰਾ ਕੁਝ ਤਤਕਾਲੀਨ ਯੂਪੀਏ ਸਰਕਾਰ ਦੀ ਰਾਸ਼ਟਰ ਮੰਡਲ ਖੇਡਾਂ ਵਾਲੀ ਨਾਕਾਮੀ ਵਰਗਾ ਹੀ ਕੁਝ ਰੂਪ ਧਾਰ ਸਕਦਾ ਹੈ ਜਿਸ ਨੇ ਉਸ ਦੇ ਪਤਨ ਦੀ ਸ਼ੁਰੂਆਤ ਕਰ ਦਿੱਤੀ ਸੀ।

# ਮੋਦੀ ਅਤੇ ਹਿੰਦੂਤਵ ਦਾ ਜਾਦੂ ਹੁਣ ਖਤਮ?

## ਆਰ.ਐੱਸ.ਐੱਸ. ਨੇ ਆਖਰ ਮੰਨ ਲਿਆ ਕਿ ਮੋਦੀ ਵਿਚ 2024 ਜਿੱਤਣ ਦਾ ਦਮ ਨਹੀਂ

*ਪਿਛਲੇ ਦਿਨੀਂ ਆਰ.ਐੱਸ.ਐੱਸ. ਦੇ ਬੁਲਾਰੇ 'ਆਰਗੇਨਾਈਜਰ' ਵਿਚ 2024 ਦੀਆਂ ਚੋਣਾਂ ਨੂੰ ਜਿੱਤਣ ਦੀਆਂ ਸੰਭਾਵਨਾਵਾਂ ਬਾਰੇ ਚਰਚਾ ਕੀਤੀ ਗਈ ਜਿਸ ਵਿਚ ਇਹ ਡਰ ਜ਼ਾਹਿਰ ਕੀਤਾ ਗਿਆ ਕਿ ਹੁਣ ਨਰਿੰਦਰ ਮੋਦੀ ਅਤੇ ਹਿੰਦੂਤਵ ਦੇ ਨਾਮ 'ਤੇ ਸ਼ਾਇਦ 2024 ਜਿੱਤੀਆਂ ਨਾ ਜਾ ਸਕਣ। ਇਸ ਬਾਰੇ ਹੇਮੰਤ ਕੁਮਾਰ ਝਾਅ ਨੇ ਮਹੱਤਵਪੂਰਨ ਤਬਸਰਾ ਕੀਤਾ ਹੈ ਜੋ ਪਾਟਲੀਪੁੱਤਰ ਯੂਨੀਵਰਸਿਟੀ ਵਿਚ ਐਸੋਸੀਏਟ ਪ੍ਰੋਫੈਸਰ ਹਨ। ਉਨ੍ਹਾਂ ਦਾ ਇਹ ਅਹਿਮ ਵਿਸ਼ਲੇਸ਼ਣ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ ਜਿਸ ਦਾ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।*

'ਆਰਗੇਨਾਈਜਰ' ਵਿਚ ਛਪੇ ਉਸ ਲੇਖ ਦੀ ਬਹੁਤ ਚਰਚਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਇਸ ਵਾਰ ਨਰਿੰਦਰ ਮੋਦੀ ਅਤੇ ਹਿੰਦੂਤਵ ਦਾ ਨਾਮ 'ਤੇ ਚੋਣਾਂ ਜਿੱਤਣਾ ਸੌਖਾ ਨਹੀਂ ਹੈ। ਹਾਲਾਂਕਿ ਆਰਗੇਨਾਈਜ਼ਰ ਹੁਣ ਜੋ ਕਹਿ ਰਿਹਾ ਹੈ, ਇਹ ਤਾਂ ਬਹੁਤ ਸਾਰੇ ਵਿਸ਼ਲੇਸ਼ਣਕਾਰ ਪਹਿਲਾਂ ਤੋਂ ਹੀ ਕਹਿੰਦੇ ਆ ਰਹੇ ਹਨ। ਜ਼ਾਹਿਰ ਹੈ ਕਿ ਮੋਦੀ ਨਾਂ ਦੀ ਛਾਂ ਹੇਠ ਖਾਸ ਕਿਸਮ ਦੇ ਰਾਸ਼ਟਰਵਾਦ ਅਤੇ ਹਿੰਦੂਤਵ ਦੇ ਮਿਸ਼ਰਨ ਨਾਲ ਇਸ ਵਾਰ ਵੀ ਸੱਤਾ 'ਚ ਬਣੇ ਰਹਿਣ ਦੀਆਂ ਭਾਜਪਾ ਦੀਆਂ ਕੋਸ਼ਿਸ਼ਾਂ ਕਾਮਯਾਬ ਹੋਣਗੀਆਂ, ਇਸ 'ਚ ਡੂੰਘਾ ਸੰਦੇਹ ਹੈ।

ਸਵਾਲ ਇਹ ਹੈ ਕਿ ਜੇਕਰ ਮੋਦੀ ਅਤੇ ਹਿੰਦੂਤਵ ਭਾਜਪਾ ਨੂੰ ਚੋਣ ਭਵਸਾਗਰ ਤੋਂ ਪਾਰ ਨਹੀਂ ਲੰਘਾ ਸਕਦੇ ਤਾਂ ਫਿਰ ਹੋਰ ਰਾਹ ਕਿਹੜਾ ਹੈ? ਰਾਸ਼ਟਰਵਾਦ ਦੀ ਸ਼ੋਸ਼ੇਬਾਜ਼ੀ, ਹਿੰਦੂਤਵ ਦੀ ਜੁਗਾਲੀ ਅਤੇ ਨਰਿੰਦਰ ਮੋਦੀ ਦੀ ਯੋਜਨਾਬੱਧ ਢੰਗ ਨਾਲ ਬਣਾਈ ਗਈ ਛਵੀ ਤੋਂ ਇਲਾਵਾ

**ਹੇਮੰਤ ਕੁਮਾਰ ਝਾਅ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਭਾਜਪਾ ਕੋਲ ਹੋਰ ਕੀ ਹੈ ਜਿਸ ਨੂੰ ਵਰਨਣਯੋਗ ਕਿਹਾ ਜਾ ਸਕਦਾ ਹੈ?

ਭਾਜਪਾ ਦਾ ਆਪਣਾ ਕੋਈ ਮੌਲਿਕ ਆਰਥਿਕ ਚਿੰਤਨ ਨਹੀਂ ਹੈ ਅਤੇ ਪਿਛਲੇ 9 ਸਾਲਾਂ ਵਿਚ ਇਸ ਨੇ ਨਵ-ਉਦਾਰਵਾਦੀ ਅਰਥ-ਸ਼ਾਸਤਰ ਦੀਆਂ ਲੋਕ ਵਿਰੋਧੀ ਸਾਜ਼ਿਸ਼ਾਂ ਨੂੰ ਸੰਸਥਾਗਤ ਆਧਾਰ ਦੇਣ ਤੋਂ ਇਲਾਵਾ ਹੋਰ ਕੁਝ ਕੀਤਾ ਹੀ ਨਹੀਂ। ਜਿਨ੍ਹਾਂ ਤਾਕਤਾਂ ਨੇ ਮੋਦੀ ਵਿਚ 'ਮਟੀਰੀਅਲ' ਦੇਖਿਆ ਅਤੇ ਉਸ ਦੀ ਛਵੀ ਘੜ ਕੇ ਉਸ ਨੂੰ ਅਵਾਮ ਅੱਗੇ ਪੇਸ਼ ਕੀਤਾ, ਉਨ੍ਹਾਂ ਤਾਕਤਾਂ ਦੇ ਆਰਥਕ ਹਿਤਾਂ ਨੂੰ ਵਧਾਉਣ ਤੋਂ ਇਲਾਵਾ ਮੋਦੀ ਰਾਜ ਦੇ ਪਿਛਲੇ 9 ਸਾਲਾਂ 'ਚ ਇਸ ਮੁਲਕ ਦੇ ਆਮ ਲੋਕਾਂ ਦੇ ਕਿਹੜੇ ਆਰਥਕ ਹਿਤਾਂ ਦੀ ਸੇਵਾ ਕੀਤੀ ਗਈ, ਇਸ ਦੀ ਕੋਈ ਵਾਜਬ ਮਿਸਾਲ ਨਹੀਂ ਮਿਲਦੀ।

ਇਸ ਦੇ ਬਾਵਜੂਦ ਕਿ ਮੱਧ ਵਰਗ ਮੋਦੀ ਦੇ ਜੈਕਾਰੇ ਲਾਉਂਦਾ ਰਿਹਾ, ਉਹ ਇਨ੍ਹਾਂ ਸਾਲਾਂ 'ਚ ਆਰਥਿਕ ਤੌਰ 'ਤੇ ਖੋਖਲਾ ਹੁੰਦਾ ਗਿਆ ਜਦਕਿ ਗਰੀਬਾਂ ਨੂੰ ਮੁਫ਼ਤ ਅਨਾਜ ਤੋਂ ਇਲਾਵਾ ਹੋਰ ਕੀ ਮਿਲਿਆ, ਇਹ ਖੋਜ ਦਾ ਵਿਸ਼ਾ ਹੈ। ਕਿਹਾ ਜਾ ਰਿਹਾ ਹੈ ਕਿ ਮੋਦੀ ਸਰਕਾਰ ਦੇ 'ਕਲਿਆਣਵਾਦ' ਨਾਲ ਜੋ ਲਾਭਪਾਤਰੀ ਵਰਗ ਤਿਆਰ ਕੀਤਾ ਗਿਆ, ਉਹ ਭਾਜਪਾ ਲਈ ਮਜ਼ਬੂਤ ਵੋਟ ਬੈਂਕ ਬਣ ਸਕਦਾ ਹੈ ਪਰ ਕਰਨਾਟਕਾ ਨੇ ਦਿਖਾ ਦਿੱਤਾ ਹੈ ਕਿ ਲਾਭਪਾਤਰੀ ਵਰਗ ਕਿਸੇ ਇਕ ਪਾਰਟੀ ਪ੍ਰਤੀ ਬਹੁਤਾ ਵਫ਼ਾਦਾਰ ਨਹੀਂ ਹੈ। ਜਿਸ ਨੇ ਥੋੜ੍ਹਾ ਵਧੇਰੇ ਲਾਲਚ ਦਿੱਤਾ, ਇਸ ਵਰਗ ਦੇ ਜ਼ਿਆਦਾਤਰ ਲੋਕ ਉੱਧਰ ਹੀ ਝੁਕ ਜਾਂਦੇ ਹਨ।

'ਲੋਕ ਭਲਾਈਵਾਦ' ਇਕ ਤਰ੍ਹਾਂ ਦੀ ਠੱਗੀ ਹੈ ਜੋ ਨਵ-ਉਦਾਰਵਾਦੀ ਸਰਕਾਰਾਂ ਦੁੱਖਾਂ ਮਾਰੇ ਵਰਗ ਨਾਲ ਕਰਦੀਆਂ ਹਨ। ਇਸ ਵਰਗ ਦੀ ਆਮਦਨ ਵਧਾਉਣ ਦੇ ਉਪਾਅ ਕਰਨ ਦੀ ਬਜਾਇ, ਉਨ੍ਹਾਂ ਨਾਲ ਆਰਥਿਕ ਨਿਆਂ ਕਰਨ ਦੀ ਬਜਾਇ, ਉਨ੍ਹਾਂ ਨੂੰ ਕੁਝ ਕਿਲੋ ਮੁਫ਼ਤ ਅਨਾਜ ਅਤੇ ਨਾਲ ਕੁਝ ਹੋਰ ਦੇ ਕੇ ਉਨ੍ਹਾਂ ਦੀ ਚੋਣ ਹਮਾਇਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜ਼ਰਾ ਕਲਪਨਾ ਕਰੋ, ਭਾਰਤ ਸਰਕਾਰ ਤਕਰੀਬਨ 81 ਕਰੋੜ ਦੀ ਆਬਾਦੀ ਨੂੰ ਕਦੋਂ ਤੱਕ ਮੁਫਤ ਅਨਾਜ ਮੁਹੱਈਆ ਕਰਵਾ ਸਕਦੀ ਹੈ? ਕਦੋਂ ਤੱਕ ਮੁਲਕ ਦੀ ਕੁਲ



ਆਬਾਦੀ ਦਾ ਇਹ ਵਿਸ਼ਾਲ ਹਿੱਸਾ ਇਸ ਤਰ੍ਹਾਂ ਦੀਆਂ ਖ਼ੈਰਾਤਾਂ ਦੇ ਸਹਾਰੇ ਜਿਉਂਦਾ ਰਹਿ ਸਕਦਾ ਹੈ?

ਮੱਧ ਵਰਗ ਉੱਪਰ ਟੈਕਸਾਂ ਦਾ ਭਾਰੀ ਬੋਝ ਲੱਦ ਕੇ 81 ਕਰੋੜ ਲੋਕਾਂ ਨਾਲ ਕਥਿਤ ਲੋਕ ਭਲਾਈਵਾਦ ਦਾ ਧੋਖਾ ਜ਼ਿਆਦਾ ਦੇਰ ਤੱਕ ਨਹੀਂ ਚਲ ਸਕਦਾ। ਜੇਕਰ ਟੈਕਸ ਦੀ ਗੱਲ ਕਰੀਏ ਤਾਂ ਇਹ ਗਰੀਬ ਵਰਗ ਵੀ ਘੱਟ ਟੈਕਸ ਨਹੀਂ ਭਰਦਾ। ਉਹ ਕੁਝ ਵੀ ਖਰੀਦਦਾ ਹੈ ਤਾਂ ਉਸ ਉੱਪਰ ਟੈਕਸ ਦਿੰਦਾ ਹੈ; ਉਹ ਜੋ ਵੀ ਕਰਦਾ ਹੈ, ਉਹ ਜਿੱਥੇ ਵੀ ਜਾਂਦਾ ਹੈ ਤਾਂ ਟੈਕਸ ਦਿੰਦਾ ਹੈ। ਉਹ ਆਪਣੀ ਹੈਸੀਅਤ ਤੋਂ ਵੱਧ ਟੈਕਸ ਦਿੰਦਾ ਹੈ।

ਜਦੋਂ ਤੱਕ ਉਨ੍ਹਾਂ 81 ਕਰੋੜ ਲੋਕਾਂ ਨੂੰ ਆਰਥਿਕ ਪ੍ਰਕਿਰਿਆ ਦੀ ਮੁੱਖ ਧਾਰਾ ਵਿਚ ਨਹੀਂ ਲਿਆਂਦਾ ਜਾਂਦਾ, ਜਦੋਂ ਤੱਕ ਉਨ੍ਹਾਂ ਨੂੰ ਆਰਥਕ ਤੌਰ 'ਤੇ ਆਤਮ-ਨਿਰਭਰ ਬਣਾਉਣ ਲਈ ਸਾਰਥਕ ਕਦਮ ਨਹੀਂ ਚੁੱਕੇ ਜਾਂਦੇ, ਉਦੋਂ ਤੱਕ ਇਹ ਸਭ ਕੁਝ ਚੁਣਾਵੀ ਠੱਗੀ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਅਜਿਹੀ ਧੋਖਾਧੜੀ ਜਿਸ ਦਾ ਮੁਲਕ ਦੀ ਆਰਥਿਕਤਾ ਉੱਪਰ ਨਾਂਹਪੱਖੀ ਪ੍ਰਭਾਵ ਤਾਂ ਪੈਂਦਾ ਹੀ ਹੈ ਸਗੋਂ ਇਸ ਨਾਲ ਲਾਭਪਾਤਰੀਆਂ ਅਤੇ ਉਨ੍ਹਾਂ ਦੇ ਬੱਚਿਆਂ ਦਾ ਆਰਥਿਕ ਭਵਿੱਖ ਵੀ ਧੁੰਦਲਾ ਹੁੰਦਾ ਹੈ। ਵਿਰੋਧੀ ਪਾਰਟੀਆਂ ਨੇ ਵੀ ਭਾਜਪਾ ਤੋਂ ਇਹ ਸਬਕ ਲਿਆ ਹੈ ਅਤੇ ਹੁਣ ਹਰ ਚੋਣ ਵਿਚ ਹਰ ਪਾਰਟੀ ਮੁਫ਼ਤ ਦੀਆਂ ਰਿਓੜੀਆਂ ਵੰਡਣ ਦੇ ਐਲਾਨ ਕਰਦੀ ਹੈ। ਆਮ ਆਦਮੀ ਪਾਰਟੀ ਤੋਂ ਲੈ ਕੇ ਕਾਂਗਰਸ ਤੱਕ ਕੋਈ ਵੀ ਇਸ ਧੋਖਾਧੜੀ ਵਿਚ ਪਿੱਛੇ ਨਹੀਂ ਰਹਿ ਰਿਹਾ। ਇਸੇ ਨੂੰ ਨਵ-ਉਦਾਰਵਾਦ ਦਾ ਸ਼ਿਕੰਜਾ ਕਿਹਾ ਜਾਂਦਾ ਹੈ ਜੋ ਸਿਆਸੀ ਪਾਰਟੀਆਂ ਨੂੰ ਵਿਚਾਰਧਾਰਕ ਤੌਰ 'ਤੇ ਅਤੇ ਗ਼ਰੀਬ ਹਿੱਸਿਆਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਦਾ ਹੈ।

ਆਮ ਆਦਮੀ ਪਾਰਟੀ ਇਸ ਦੀ ਜ਼ਰੂਰੀ ਮਿਸਾਲ ਹੈ ਜੋ ਬਿਨਾ ਕਿਸੇ ਸਪਸ਼ਟ ਵਿਚਾਰਧਾਰਕ ਆਧਾਰ ਦੇ ਸਿਆਸੀ ਪਾਰਟੀ ਵਜੋਂ ਹੋਂਦ ਵਿਚ ਆਈ ਅਤੇ ਦੋ ਰਾਜਾਂ ਵਿਚ ਇਸ ਦੀਆਂ ਸਰਕਾਰਾਂ ਵੀ ਬਣ ਗਈਆਂ। ਲੋਕ ਭਲਾਈਵਾਦ ਅਤੇ ਭ੍ਰਿਸ਼ਟਾਚਾਰ ਦੇ ਵਿਰੋਧ ਦੇ ਬਿਰਤਾਂਤ ਤੋਂ ਇਲਾਵਾ ਉਸ ਕੋਲ ਹੋਰ ਕੀ ਹੈ, ਕਿਸੇ ਕੋਲ ਵੀ ਦੱਸਣ ਲਈ ਕੁਝ ਨਹੀਂ ਹੈ।

ਗ਼ਰੀਬਾਂ ਦੀ ਪੜ੍ਹਾਈ ਉੱਪਰ ਵੱਡੇ ਪੱਧਰ 'ਤੇ ਸਰਕਾਰੀ ਪੂੰਜੀ ਨਿਵੇਸ਼, ਕਿਰਤ ਕਾਨੂੰਨਾਂ ਦਾ ਮਾਨਵੀਕਰਨ, ਕੰਪਨੀਆਂ ਦੀਆਂ ਮਨਮਾਨੀਆਂ 'ਤੇ ਰੋਕ ਲਗਾਉਣਾ, ਘੱਟੋ-ਘੱਟ ਉਜਰਤਾਂ ਨੂੰ ਬਾਜ਼ਾਰ ਦੀਆਂ ਕੀਮਤਾਂ ਅਨੁਸਾਰ ਤੈਅ ਕਰਨਾ ਆਦਿ ਉਪਾਅ ਹੀ ਗ਼ਰੀਬ ਲੋਕਾਂ ਨੂੰ ਬਿਹਤਰੀ ਦੇ ਰਾਹ 'ਤੇ ਲਿਆ ਸਕਦੇ ਹਨ।

ਭਾਜਪਾ ਨੇ ਆਪਣੇ 9 ਸਾਲਾਂ ਦੇ ਰਾਜ ਦੌਰਾਨ ਸਾਬਤ ਕਰ ਦਿੱਤਾ ਹੈ ਕਿ ਉਸ ਦੇ ਪੱਲੇ ਐਸਾ ਕੋਈ ਵੀ ਆਰਥਿਕ ਚਿੰਤਨ ਨਹੀਂ ਹੈ ਜੋ ਵਿਸ਼ਾਲ ਵਾਂਝੀ ਆਬਾਦੀ ਦੇ ਆਰਥਕ ਸਰੋਕਾਰਾਂ ਨਾਲ ਤਰਕਸੰਗਤ ਢੰਗ ਨਾਲ ਨਜਿੱਠ ਸਕੇ। ਬਸ ਮੱਧ ਵਰਗ ਉੱਪਰ ਟੈਕਸ ਵਧਾਉਂਦੇ ਰਹੋ, ਗ਼ਰੀਬ ਲੋਕਾਂ ਤੋਂ ਕਿਸੇ ਨਾ ਕਿਸੇ ਤਰੀਕੇ ਨਾਲ ਵੱਧ ਤੋਂ ਵੱਧ ਟੈਕਸ ਵਸੂਲਦੇ ਰਹੋ ਅਤੇ ਕੁਝ ਸੇਰ ਅਨਾਜ ਜਾਂ ਇਸ ਤਰ੍ਹਾਂ ਦੀਆਂ ਹੋਰ ਸਹੂਲਤਾਂ ਦੇ ਕੇ ਆਪਣੇ ਲਈ ਚੁਣਾਵੀ ਹਮਾਇਤ ਹਾਸਲ ਕਰਨ ਦੀ ਉਮੀਦ ਲਗਾਈ ਰੱਖੋ।

ਕਾਂਗਰਸ ਸਮੇਤ ਵਿਰੋਧੀ ਧਿਰ ਦੀਆਂ ਕੁਝ ਹੋਰ ਪਾਰਟੀਆਂ ਨੇ ਵੀ ਇਸ ਰਾਹ 'ਤੇ ਆਪਣੇ ਕਦਮ ਵਧਾ ਲਏ ਹਨ। ਜਦੋਂ ਚੁਣਾਵੀ ਲਾਭ ਲੈਣ ਦਾ ਸ਼ਾਰਟਕੱਟ ਭਾਜਪਾ ਲਈ ਫ਼ਾਇਦੇਮੰਦ ਹੋ ਸਕਦਾ ਹੈ ਤਾਂ ਇਹ ਕਿਸੇ ਲਈ ਵੀ ਫ਼ਾਇਦੇਮੰਦ ਹੋ ਸਕਦਾ ਹੈ। ਭਾਜਪਾ ਦੇ ਰਣਨੀਤੀਕਾਰ ਚਿੰਤਾ 'ਚ ਹਨ ਕਿ 'ਮੋਦੀ ਨਾਮ ਕੇਵਲਮ' ਜਪਦੇ ਹੋਏ ਹਿੰਦੂਤਵ ਦੀ ਮਦਦ ਨਾਲ ਸ਼ਾਇਦ ਹੀ ਉਨ੍ਹਾਂ ਦੀ ਚੋਣ ਕਿਸ਼ਤੀ ਪਾਰ ਲੱਗ ਸਕੇ ਪਰ ਉਨ੍ਹਾਂ ਕੋਲ ਹੋਰ ਹੈ ਵੀ ਕੀ? ਅਟਲ ਬਿਹਾਰੀ ਵਾਜਪਾਈ ਦੇ ਸਮੇਂ ਅਟਲ ਦਾ ਨਾਮ ਚਲਦਾ ਸੀ ਤਾਂ ਨਾਲ ਹੀ ਰਾਸ਼ਟਰਵਾਦ ਅਤੇ ਹਿੰਦੂਤਵ ਬਾਰੇ ਵੀ ਉਦੋਂ ਕੁਝ ਸੁਪਨੇ ਸਨ। ਇਹ ਭਾਜਪਾ ਦਾ ਉਹ ਦੌਰ ਸੀ ਜੋ ਨਰਿੰਦਰ ਮੋਦੀ ਦੇ ਦੌਰ ਵਿਚ ਸਿਖ਼ਰ 'ਤੇ ਪਹੁੰਚ ਗਿਆ।




ਹੁਣ ਲੋਕਾਂ ਨੇ ਦੇਖ ਲਿਆ ਹੈ ਕਿ ਭਾਜਪਾ ਬ੍ਰਾਂਡ ਰਾਸ਼ਟਰਵਾਦ ਕੀ ਹੈ, ਹਿੰਦੂਤਵ ਕੀ ਹੈ ਅਤੇ ਇਹ ਸਭ ਉਨ੍ਹਾਂ ਦੀ ਜਾਂ ਉਨ੍ਹਾਂ ਦੇ ਬੱਚਿਆਂ ਦੀ ਜ਼ਿੰਦਗੀ ਨੂੰ ਕੀ ਦੇ ਸਕਦਾ ਹੈ। ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਕਰੋੜਾਂ ਨੌਜਵਾਨਾਂ ਨੇ ਵੀ ਇਨ੍ਹਾਂ ਸਾਲਾਂ ਵਿਚ ਦੇਖ ਲਿਆ ਹੈ ਕਿ ਕਿਵੇਂ ਮੋਦੀ ਸਰਕਾਰ ਨੀਤੀਗਤ ਪੱਧਰ 'ਤੇ ਰੁਜ਼ਗਾਰ ਪੈਦਾ ਕਰਨ ਵਿਚ ਅਸਫ਼ਲ ਰਹੀ ਹੈ। ਇਸ ਦੇ ਉਲਟ ਲੱਖਾਂ ਸਰਕਾਰੀ ਅਸਾਮੀਆਂ ਜਾਂ ਤਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ ਜਾਂ ਬਿਨਾ ਨਿਯੁਕਤੀਆਂ ਕੀਤੇ ਠੰਢੇ ਬਸਤੇ ਵਿਚ ਪਾ ਦਿੱਤੀਆਂ ਗਈਆਂ ਹਨ। ਲੋਕ ਸਮਝ ਗਏ ਹਨ ਕਿ ਰੁਜ਼ਗਾਰ ਦੇ ਸੁਪਨਿਆਂ ਦਾ ਮੋਦੀ ਨਾਲ ਕੋਈ ਮੇਲ ਨਹੀਂ ਹੈ। ਬੇਰੁਜ਼ਗਾਰਾਂ ਦੀਆਂ ਆਸਾਂ ਦਾ ਟੁੱਟਣਾ ਮੋਦੀ ਦੇ ਅਕਸ ਲਈ ਸਭ ਤੋਂ ਵੱਡਾ ਧੱਕਾ ਸਾਬਤ ਹੋਇਆ। ਅਜਿਹਾ ਹੀ ਕੁਝ ਗ਼ਰੀਬਾਂ ਨਾਲ ਹੋਇਆ। ਇਸੇ ਕਰ ਕੇ ਤਾਂ ਕਰਨਾਟਕ ਦੇ ਪੇਂਡੂ ਖੇਤਰਾਂ ਵਿਚ ਭਾਜਪਾ ਬੁਰੀ ਤਰ੍ਹਾਂ ਹਾਰੀ ਹੈ ਕਿਉਂਕਿ ਪੇਂਡੂ ਗ਼ਰੀਬਾਂ ਨੇ ਇਸ ਵਾਰ ਇਸ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਇਕ ਵੱਡਾ ਅਤੇ ਅਮੀਰ ਤਬਕਾ ਅਜੇ ਵੀ ਭਾਜਪਾ ਦਾ ਅੰਨ੍ਹਾ ਭਗਤ ਹੈ। ਇਸ ਦੇ ਆਪਣੇ ਸਮਾਜ ਵਿਗਿਆਨਕ ਅਤੇ ਮਨੋਵਿਗਿਆਨਕ ਕਾਰਨ ਹਨ ਪਰ ਗ਼ਰੀਬ ਵਰਗਾਂ ਵਿਚ ਭਾਜਪਾ ਦੀ ਅਪੀਲ ਘਟ ਰਹੀ ਹੈ।

ਇੰਨੇ ਲੰਮੇ ਸਮੇਂ ਤੱਕ ਸੱਤਾ ਵਿਚ ਰਹਿ ਕੇ ਮੋਦੀ ਬ੍ਰੈਂਡ ਭਾਜਪਾ ਨੇ ਦਿਖਾ ਦਿੱਤਾ ਹੈ ਕਿ ਇਸ ਮੁਲਕ ਦੀ ਵਿਸ਼ਾਲ ਗ਼ਰੀਬ ਆਬਾਦੀ ਦਾ ਉਸ ਦੀਆਂ ਨੀਤੀਆਂ, ਉਸ ਦੀ ਸੋਚ ਅਤੇ ਉਸ ਦੀ ਇਰਾਦਿਆਂ 'ਚ ਕੀ ਸਥਾਨ ਹੈ। ਪਿਛਲੀ ਵਾਰ ਪੁਲਵਾਮਾ ਅਤੇ ਬਾਲਾਕੋਟ ਨੇ ਮਾਹੌਲ ਨੂੰ ਬਦਲਣ ਵਿਚ ਭਾਜਪਾ ਦੀ ਬਹੁਤ ਮਦਦ ਕੀਤੀ ਸੀ। ਮੋਦੀ ਨੇ ਆਪਣੀ ਸਿਆਸੀ ਚਤੁਰਾਈ ਨਾਲ ਜਿੱਤ ਦੀ ਨਵੀਂ ਇਬਾਰਤ ਲਿਖ ਲਈ ਸੀ ਪਰ ਇਸ ਵਾਰ ਨਾ ਤਾਂ ਕਿਸੇ ਖਾਸ ਕਿਸਮ ਦਾ ਰਾਸ਼ਟਰਵਾਦ ਕੰਮ ਕਰ ਰਿਹਾ ਹੈ ਅਤੇ ਨਾ ਹੀ ਹਿੰਦੂਤਵ ਦਾ ਕੋਈ ਵੱਡਾ ਅਸਰ ਹੋਣ ਵਾਲਾ ਹੈ। ਹੋਰ ਭਾਰਤੀ ਜਨਤਾ ਪਾਰਟੀ (ਭਾਜਪਾ) ਕੋਲ ਹੈ ਕੀ ਜੋ ਲੋਕਾਂ ਨੂੰ ਇਸ ਵਾਰ ਖਿੱਚ ਸਕੇ?

ਭਾਰਤ ਦੇ ਇਹ ਗ਼ਰੀਬ ਲੋਕ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰ ਦੇਣਗੇ ਕਿਉਂਕਿ ਉਹ ਹੌਲੀ-ਹੌਲੀ ਇਹ ਸਮਝਣ ਲੱਗ ਪਏ ਹਨ ਕਿ ਭਾਜਪਾ ਦੀ ਵਿਚਾਰਧਾਰਾ ਨਾਲ ਉਨ੍ਹਾਂ ਦੀ ਜ਼ਿੰਦਗੀ ਅਤੇ ਉਨ੍ਹਾਂ ਦੀਆਂ ਇੱਛਾਵਾਂ ਦਾ ਕੋਈ ਸਾਰਥਕ ਮੇਲ ਨਹੀਂ ਹੈ। ਜੇਕਰ ਉਨ੍ਹਾਂ ਨੂੰ ਅੱਗੇ ਵਧਣਾ ਹੈ, ਕੋਈ ਤਰੱਕੀ ਕਰਨੀ ਹੈ ਤਾਂ ਮੋਦੀ ਬ੍ਰੈਂਡ ਦੀ ਸਿਆਸਤ ਉਨ੍ਹਾਂ ਦਾ ਹਮਸਫ਼ਰ ਨਹੀਂ ਹੋ ਸਕਦੀ।

# ਮੋਦੀ ਸਰਕਾਰ ਅਤੇ ਅਰਥਚਾਰਾ

ਆਮ ਤੌਰ 'ਤੇ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਕਾਰਜਾਂ ਵਿਚ ਕੋਈ ਸਿਆਸੀ ਸੰਕੇਤ ਨਹੀਂ ਭਾਲਦਾ ਪਰ ਕਦੇ ਕਦਾਈਂ ਸਹਿਜ ਭਾਅ ਹੀ ਇਹ ਸੰਕੇਤ ਨਜ਼ਰੀਂ ਪੈ ਜਾਂਦੇ ਹਨ। ਇਸ ਮਾਮਲੇ ਵਿਚ ਗੱਲ ਹੋ ਰਹੀ ਹੈ ਸ਼ਹਿਰੀ ਖੇਤਰਾਂ ਵਿਚ ਖਪਤਕਾਰ ਭਰੋਸੇ ਬਾਰੇ ਉਸ ਮਿਆਦੀ ਜਾਂ ਆਵਰਤੀ ਸਰਵੇ ਦੀ ਜੋ ਆਰ.ਬੀ.ਆਈ. ਨੇ ਕਰਵਾਇਆ ਅਤੇ ਪੇਸ਼ ਕੀਤਾ ਹੈ। ਇਨ੍ਹਾਂ ਸੰਕੇਤਾਂ

**ਟੀ.ਐੱਨ. ਨੈਨਾਨ**

ਰਾਹੀਂ ਜੋ ਗੱਲ ਦਰਸਾਉਣੀ ਚਾਹੀ ਗਈ ਹੈ, ਉਹ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਹਿਰੀ ਭਾਰਤੀਆਂ ਅੰਦਰ ਉਮੀਦ ਭਰਨ ਵਿਚ ਬਹੁਤ ਹੀ ਕਾਰਗਰ ਢੰਗ ਨਾਲ ਕਾਮਯਾਬ ਹੋਏ ਹਨ। ਲੋਕਾਂ ਦੀ ਫ਼ੌਰੀ ਆਰਥਿਕ ਸਥਿਤੀ ਵਿਚ ਅਜੇ ਵੀ ਭਾਵੇਂ ਔਖੀ ਬਣੀ ਹੋਈ ਹੈ ਜਾਂ ਇਸ ਵਿਚ ਕੋਈ ਸੁਧਾਰ ਨਹੀਂ ਵੀ ਹੋਇਆ, ਤਾਂ ਵੀ ਉਹ ਭਵਿੱਖ ਪ੍ਰਤੀ ਵਧੇਰੇ ਆਸ਼ਾਵਾਦੀ ਬਣ ਗਏ ਹਨ- ਇਕ ਲੇਖੇ ਇਹ ਵੀ ਕਿਹਾ ਗਿਆ ਕਿ ਮੋਦੀ ਦੀ ਆਮਦ ਤੋਂ ਪਹਿਲਾਂ ਇਹ ਗੱਲ ਸੱਚ ਨਹੀਂ ਸੀ।

ਵਰਤਮਾਨ ਅਤੇ ਭਵਿੱਖ ਦੀ ਖਪਤਕਾਰ ਲੇਖੇ ਦਾ ਦੁਵੱਲੇਪਣ ਨੂੰ ਆਰ.ਬੀ.ਆਈ. ਦੇ ਸਰਵੇਖਣਾਂ ਦੇ ਆਧਾਰ 'ਤੇ ਦੋ ਸੂਚਕਾਂ ਵਿਚ ਰੱਥ ਲਿਆ ਗਿਆ ਹੈ। ਚਲੰਤ ਸਥਿਤੀ ਸੂਚਕ ਅੰਕ ਅਤੇ ਭਵਿੱਖੀ ਉਮੀਦਾਂ ਦਾ ਸੂਚਕ ਅੰਕ। 2013 ਵਿਚ ਇਹ ਦੋਵੇਂ ਸੂਚਕ ਅੰਕ ਇਕ ਦੂਜੇ ਦੇ ਨੇੜੇ ਤੇੜੇ ਹੋ ਕੇ ਚੱਲਦੇ ਸਨ; ਉਸ ਸਾਲ ਸਤੰਬਰ ਮਹੀਨੇ ਦਾ ਚਲੰਤ ਸਥਿਤੀ ਸੂਚਕ ਅੰਕ 88 ਸੀ ਅਤੇ ਭਵਿੱਖੀ ਉਮੀਦਾਂ ਦਾ ਸੂਚਕ ਅੰਕ 90.5 ਸੀ। ਦਸੰਬਰ ਆਉਂਦਿਆਂ ਆਉਂਦਿਆਂ ਦੋਵੇਂ ਸੂਚਕ ਅੰਕਾਂ ਵਿਚ ਪਾੜਾ ਵਧਣ ਲੱਗ ਪਿਆ; ਚਲੰਤ ਸੂਚਕ ਅੰਕ ਵਿਚ ਥੋੜ੍ਹਾ ਜਿਹਾ ਸੁਧਾਰ ਹੋ ਕੇ ਇਹ 90.7 ਹੋ ਗਿਆ ਜਦਕਿ ਭਵਿੱਖੀ ਉਮੀਦਾਂ ਦਾ ਸੂਚਕ ਅੰਕ ਛੜੱਪਾ ਮਾਰ ਕੇ 100.7 'ਤੇ ਪਹੁੰਚ ਗਿਆ ਸੀ ਜਿਸ ਨਾਲ ਦੋਵਾਂ ਵਿਚਕਾਰ 10 ਅੰਕਾਂ ਦਾ ਅੰਤਰ ਪੈ ਗਿਆ। ਮਾਰਚ ਤੇ ਜੂਨ 2014 ਵਿਚ ਜਦੋਂ ਸੱਤਾ ਬਦਲੀ ਦਾ ਅਮਲ ਸਿਖਰ 'ਤੇ ਸੀ ਤਾਂ ਚਲੰਤ ਅਤੇ ਭਵਿੱਖੀ ਸੂਚਕ ਅੰਕਾਂ ਦਾ ਅੰਤਰ ਵਧ ਕੇ 15 ਅੰਕਾਂ ਦਾ ਹੋ ਗਿਆ ਤੇ ਫਿਰ ਇਹ ਹੋਰ ਵਧ ਕੇ 22.5 ਅੰਕਾਂ ਦਾ ਹੋ ਗਿਆ।

ਉਦੋਂ ਤੋਂ ਲੈ ਕੇ ਇਹ ਅੰਤਰ ਵਧਦਾ ਰਿਹਾ। ਹੁਣ ਮਈ 2023 ਵਿਚ ਖਪਤਕਾਰ ਭਰੋਸੇ ਦਾ ਚਲੰਤ ਸੂਚਕ ਅੰਕ ਮੁੜ ਦਹਾਕੇ ਪਹਿਲਾਂ ਦੇ ਮੁਕਾਮ ਭਾਵ 88.5 'ਤੇ ਵਾਪਸ ਆ ਗਿਆ ਹੈ (ਜੋ ਮਹਿੰਗਾਈ, ਗ਼ੈਰ-ਜ਼ਰੂਰੀ ਚੀਜ਼ਾਂ 'ਤੇ ਖਰਚ 'ਚ ਕਮੀ ਅਤੇ ਰੁਜ਼ਗਾਰ ਪ੍ਰਤੀ ਸਰੋਕਾਰਾਂ ਨੂੰ ਦਰਸਾ ਰਿਹਾ ਹੈ) ਜਦਕਿ ਭਵਿੱਖੀ ਉਮੀਦਾਂ ਦਾ ਸੂਚਕ ਅੰਕ ਅਜੇ ਵੀ 116.5 'ਤੇ ਹੈ। ਵਰਤਮਾਨ ਖਪਤਕਾਰੀ ਭਰੋਸਾ ਨੀਵੇਂ ਪੱਧਰ 'ਤੇ ਚੱਲ ਰਿਹਾ ਹੈ ਜਿਸ ਨੂੰ ਨਾਰਮਲ ਮੰਨਿਆ ਜਾ ਰਿਹਾ ਹੈ ਪਰ ਇਹ ਉਮੀਦ ਕਾਫ਼ੀ ਉੱਚੀ ਬਣੀ ਹੋਈ ਹੈ ਕਿ ਅਗਲੇ ਸਾਲ ਤੱਕ ਹਾਲਾਤ ਬਿਹਤਰ ਹੋ ਜਾਣਗੇ।

ਕੇਂਦਰੀ ਸੱਤਾ ਵਿਚ ਮੋਦੀ ਦੇ ਕਾਰਜਕਾਲ ਦੀ ਸਾਫ਼ ਤੌਰ 'ਤੇ ਦੋ ਕਾਲ ਖੰਡਾਂ ਵਿਚ ਵੰਡ ਕੀਤੀ ਜਾ ਸਕਦੀ ਹੈ: ਨਵੰਬਰ 2016 ਵਿਚ ਕੀਤੀ ਗਈ ਨੋਟਬੰਦੀ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਦਾ ਖੰਡ ਜਿਸ ਵਿਚ ਚਲੰਤ ਸਥਿਤੀ ਸੂਚਕ ਅੰਕ ਲਗਾਤਾਰ 100 ਤੋਂ ਪਾਰ ਦਰਜ ਕੀਤਾ ਜਾਂਦਾ ਰਿਹਾ ਹੈ ਜਦਕਿ ਭਵਿੱਖੀ ਉਮੀਦਾਂ ਦਾ ਸੂਚਕ ਅੰਕ 120 ਦੇ ਆਸ ਪਾਸ ਮੰਡਲਾਉਂਦਾ ਰਿਹਾ ਹੈ। ਨੋਟਬੰਦੀ ਫ਼ੈਸਲਾਕੁਨ ਮੋੜ ਸਾਬਿਤ ਹੁੰਦੀ ਹੈ। ਉਸ ਤੋਂ ਬਾਅਦ ਚਲੰਤ ਸਥਿਤੀ ਦਾ ਸੂਚਕ ਅੰਕ ਯਕਦਮ ਹੇਠਾਂ ਡਿਗ ਪਿਆ ਅਤੇ ਫਿਰ ਮਾਰਚ 2019 ਜਦੋਂ ਇਹ ਥੋੜ੍ਹੇ ਅਰਸੇ ਲਈ 104.6 'ਤੇ ਆਇਆ ਸੀ, ਉਸ ਤੋਂ ਬਾਅਦ ਇਹ 100 ਤੋਂ ਹੇਠਾਂ ਹੀ ਰਿਹਾ। ਇਸੇ ਦੌਰਾਨ ਭਵਿੱਖੀ ਉਮੀਦਾਂ ਦਾ ਸੂਚਕ ਅੰਕ 133.4 ਦੀ ਟੀਸੀ 'ਤੇ ਪਹੁੰਚ ਗਿਆ ਜੋ ਇਕ ਦਹਾਕੇ ਦਾ ਸਭ ਤੋਂ ਉਤਲਾ ਮੁਕਾਮ ਸੀ। ਖਪਤਕਾਰ ਭਰੋਸੇ ਵਿਚ ਥੋੜ੍ਹੇ ਚਿਰ ਲਈ ਆਏ ਇਸ ਉਭਾਰ ਸਦਕਾ ਭਾਜਪਾ ਨੂੰ 2019 ਦੀਆਂ ਗਰਮੀਆਂ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਹੂੰਝਾ ਫੇਰੂ ਜਿੱਤ ਦਰਜ ਕਰਨ ਵਿਚ ਮਦਦ ਮਿਲੀ ਸੀ।

ਇੱਥੇ ਦੋ ਨੁਕਤਿਆਂ ਵੱਲ ਧਿਆਨ ਦੇਣ ਦੀ ਲੋੜ ਹੈ। ਪਹਿਲਾ ਇਹ ਕਿ ਸਮੇਂ ਸਮੇਂ 'ਤੇ ਹੁੰਦੇ ਇਨ੍ਹਾਂ ਸਰਵੇਖਣਾਂ ਵਿਚ ਕੋਈ ਅਜਿਹਾ ਮੁਕਾਮ ਨਹੀਂ ਆਉਂਦਾ ਜਦੋਂ ਲੋਕ ਇਕ ਸਾਲ ਅਗਾਂਹ ਵੱਲ ਤੱਕਦੇ ਹੋਏ ਆਪਣੀ ਸਮੁੱਚੀ ਆਰਥਿਕ ਸਥਿਤੀ ਮੁਤੱਲਕ ਨਿਰਾਸ਼ਾਵਾਦੀ ਹੋਏ ਹੋਣ; ਚਲੰਤ ਸਥਿਤੀ ਸੂਚਕ ਅੰਕ ਦੇ ਮੁਕਾਬਲੇ ਭਵਿੱਖੀ ਸੂਚਕ ਅੰਕ ਹਮੇਸ਼ਾ ਬਿਹਤਰ ਹੀ ਦਰਜ ਕੀਤਾ ਜਾਂਦਾ ਰਿਹਾ ਹੈ। ਦਰਅਸਲ, ਕੋਵਿਡ ਕਾਲ ਦੌਰਾਨ ਚਲੰਤ ਸੂਚਕ ਅੰਕ ਡਿੱਗ ਕੇ 50 'ਤੇ ਆ ਗਿਆ ਸੀ। ਇਸ ਨਿਰਾਸ਼ਮਈ ਮੁਕਾਮ 'ਤੇ ਇਕ ਸਾਲ ਤੋਂ ਵੱਧ ਅਰਸਾ ਬਣਿਆ ਰਿਹਾ ਸੀ ਪਰ ਕਮਾਲ ਦਾ ਤੱਥ ਇਹ ਹੈ ਕਿ ਭਵਿੱਖੀ ਉਮੀਦਾਂ ਦਾ ਸੂਚਕ ਅੰਕ ਉਦੋਂ ਵੀ 100 ਦੇ ਆਸ ਪਾਸ ਹੀ ਟਿਕਿਆ ਰਿਹਾ। ਇਕ ਸਮੇਂ ਚਲੰਤ ਅਤੇ ਭਵਿੱਖੀ ਸਥਿਤੀਆਂ ਬਾਰੇ ਭਰੋਸੇ ਦਾ ਅੰਤਰ ਵਧ ਕੇ 60 ਅੰਕਾਂ ਦਾ ਹੋ ਗਿਆ ਸੀ।

ਸ਼ਹਿਰਾਂ ਅਤੇ ਕਸਬਿਆਂ ਦੇ ਜ਼ਿਆਦਾਤਰ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਸੰਕਟ ਦੇ ਬਾਵਜੂਦ ਉਨ੍ਹਾਂ ਦੀ ਧਾਰਨਾ ਬਣੀ ਹੋਈ ਸੀ ਕਿ ਉਨ੍ਹਾਂ ਦਾ ਚਲੰਤ ਦੁਸ਼ਵਾਰੀਆਂ ਵਕਤੀ ਹਨ। ਇਹ ਗੱਲ ਸਹੀ ਵੀ ਸਾਬਿਤ ਹੋਈ ਜਿਵੇਂ ਉਸ ਤੋਂ ਬਾਅਦ ਖਪਤਕਾਰ ਭਰੋਸੇ ਦੇ ਚਲੰਤ ਸੂਚਕ ਅੰਕ ਵਿਚ ਚੋਖਾ ਸੁਧਾਰ ਆ ਗਿਆ ਪਰ ਦੋਵਾਂ 'ਚੋਂ ਕੋਈ ਵੀ ਸੂਚਕ ਅੰਕ ਫਿਰ ਮਾਰਚ 2019 ਦੇ ਪੱਧਰ ਦੇ ਨੇੜੇ ਤੇੜੇ ਨਾ ਪਹੁੰਚ ਸਕਿਆ। ਮੌਜੂਦਾ ਸਮੇਂ ਚਲੰਤ ਸੂਚਕ ਅੰਕ 88.5 'ਤੇ ਹੈ ਜਿਸ ਵਿਚ ਕੋਵਿਡ 19 ਦੀ ਆਮਦ ਤੋਂ ਪਹਿਲਾਂ ਮਾਰਚ 2020 ਵਾਲੇ ਪੱਧਰ (85.6) ਤੋਂ ਉੱਪਰ ਜਾਣ ਦੀ ਕਾਫ਼ੀ ਗੁੰਜਾਇਸ਼ ਹੈ।

ਜੇ ਖਪਤਕਾਰ ਭਰੋਸੇ ਦਾ ਪੱਧਰ ਵਾਕਈ ਸਿਆਸੀ ਮੁਹਰੈਲ ਹੁੰਦਾ ਹੈ ਤਾਂ ਇਹ ਪੁੱਛਣਾ ਵਾਕਈ ਦਿਲਚਸਪ ਹੋਵੇਗਾ ਕਿ ਕੀ ਖਪਤਕਾਰ ਭਰੋਸੇ ਦਾ ਚਲੰਤ ਉਭਾਰ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਵਿਚ ਭਾਜਪਾ ਨੂੰ ਇਕ ਹੋਰ ਚੁਣਾਵੀ ਜਿੱਤ ਦਿਵਾਉਣ ਲਈ ਕਾਫ਼ੀ ਹੈ। ਇਸ ਗੱਲ ਦੇ ਆਸਾਰ ਨਜ਼ਰ ਆ ਰਹੇ ਹਨ ਕਿ ਚਲੰਤ ਖਪਤਕਾਰੀ ਭਰੋਸੇ ਦਾ ਪੱਧਰ ਇਕ ਵਾਰ ਫਿਰ 100 ਅੰਕਾਂ ਨੂੰ ਪਾਰ ਕਰ ਜਾਵੇਗਾ ਜੋ 2019 ਤੋਂ ਲੈ ਕੇ ਹੁਣ ਤੱਕ ਪਹਿਲੀ ਵਾਰ ਦੇਖਣ ਵਿਚ ਆਵੇਗਾ। ਜੇ ਇਵੇਂ ਹੁੰਦਾ ਹੈ ਤਾਂ ਇਸ ਨਾਲ ਜ਼ਿਆਦਾ ਕੁਝ ਨਾ ਸਹੀ ਪਰ ਸੱਤਾਧਾਰੀ ਪਾਰਟੀ ਨੂੰ ਕੁਝ ਨਾ ਕੁਝ ਮਦਦ ਤਾਂ ਮਿਲ ਹੀ ਸਕਦੀ ਹੈ।

# ਤਕਨਾਲੋਜੀ, ਚੇਤਨਤਾ ਅਤੇ ਜਮਾਤੀ ਸੰਘਰਸ਼

***ਪਿਛਲੇ ਸਮੇਂ ਦੌਰਾਨ ਤਕਨਾਲੋਜੀ ਦੇ ਖੇਤਰ ਵਿਚ ਵਾਹਵਾ ਨਵੇਂ ਤਜਰਬੇ ਸਾਹਮਣੇ ਆਏ ਹਨ। ਇਕ ਗੱਲ ਪੱਕੀ ਹੈ ਕਿ ਤਕਨਾਲੋਜੀ ਦੇ ਖੇਤਰ ਵਿਚ ਤੇਜ਼ ਰਫਤਾਰ ਤਬਦੀਲੀਆਂ ਨਾਲ ਅਨਿਸ਼ਚਿਤਤਾ ਵਧਦੀ ਹੈ ਅਤੇ ਆਰਥਿਕ ਤੇ ਸਮਾਜਿਕ ਸਮਤੋਲ ਵਿਗੜਦੇ ਹਨ। ਇਤਿਹਾਸ ਦੇ ਵੱਖ-ਵੱਖ ਪੜਾਵਾਂ 'ਤੇ ਤਕਨਾਲੋਜੀ ਦੇ ਵਿਕਾਸ ਤੇ ਸਮਾਜਿਕ ਚੇਤਨਾ ਵਿਚਕਾਰ ਰਿਸ਼ਤੇ ਵੱਖ-ਵੱਖ ਤਰ੍ਹਾਂ ਦੇ ਰਹੇ ਹਨ। ਉਘੇ ਵਿਦਵਦਨ ਸੁੱਚਾ ਸਿੰਘ ਗਿੱਲ ਨੇ ਆਪਣੇ ਇਸ ਲੇਖ ਵਿਚ ਪਿਛਲੀਆਂ ਕੁਝ ਸਦੀਆਂ ਦੇ ਵਿਕਾਸ ਬਾਰੇ ਚਰਚਾ ਕੀਤੀ ਹੈ।***

ਸਰਮਾਏਦਾਰੀ ਦੇ ਦੌਰ ਵਿਚ ਤਕਨਾਲੋਜੀ ਦੇ ਵਿਕਾਸ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਵਾਧੇ ਨਾਲ ਉਤਪਾਦਨ ਦੇ ਸਾਧਨਾਂ ਖ਼ਾਸਕਰ ਪੂੰਜੀ ਦੀ ਮਿਕਦਾਰ ਅਤੇ ਗੁਣਵੱਤਾ ਵਿਚ ਗਿਣਨਯੋਗ ਇਜ਼ਾਫਾ ਹੋਇਆ ਹੈ। ਇਸ ਨਾਲ ਉਤਪਾਦਨ ਦਾ ਪੈਮਾਨਾ ਕਾਫ਼ੀ ਵਧ ਗਿਆ ਹੈ। ਪ੍ਰਤੀ ਕਿਰਤੀ ਉਤਪਾਦਕਤਾ ਕਈ ਗੁਣਾ ਵਧ ਗਈ ਅਤੇ ਉਤਪਾਦਕ ਇਕਾਈਆਂ ਵਿਚ ਕੰਮ ਕਰਨ ਵਾਲਿਆਂ ਦੀ ਗਿਣਤੀ ਵਿਚ ਚੋਖਾ ਵਾਧਾ ਨੋਟ ਕੀਤਾ ਗਿਆ ਹੈ। ਮੁੱਢਲੇ ਸਮੇਂ ਵਿਚ ਜਦੋਂ ਵੱਡੀ ਗਿਣਤੀ ਵਿਚ ਇੱਕ ਜਗ੍ਹਾ 'ਤੇ ਕਿਰਤੀ ਕੰਮ ਕਰਨ ਲੱਗ ਪਏ ਤਾਂ ਇੱਕ ਦੂਜੇ ਨਾਲ ਆਪਣੀਆਂ ਸਮੱਸਿਆਵਾਂ ਵੀ ਸਾਂਝੀਆਂ ਕਰਨ ਲੱਗੇ। ਇਸ ਵਿਚੋਂ ਟਰੇਡ ਯੂਨੀਅਨਾਂ ਪੈਦਾ ਹੋਈਆਂ ਅਤੇ ਮਜ਼ਦੂਰਾਂ ਦੇ ਸੰਘਰਸ਼ਾਂ ਦਾ ਦੌਰ ਸ਼ੁਰੂ ਹੋਇਆ। ਤਕਨਾਲੋਜੀ ਦੇ ਵਿਕਾਸ ਨਾਲ ਉਤਪਾਦਨ ਦਾ ਪੱਧਰ,



**ਸੁੱਚਾ ਸਿੰਘ ਗਿੱਲ**
**ਫੋਨ: +91-98550-82857**

ਗੁਣਵੱਤਾ ਅਤੇ ਮਿਕਦਾਰ ਬਦਲਦੇ ਗਏ, ਪਰ ਕਿਰਤੀਆਂ ਦੀ ਚੇਤਨਤਾ ਦਾ ਪੱਧਰ ਲੋੜੀਂਦੀ ਰਫ਼ਤਾਰ ਨਹੀਂ ਫੜ ਸਕਿਆ। ਇਸ ਦੇ ਉਲਟ ਸਰਮਾਏ ਦੇ ਮਾਲਕਾਂ ਵਿਚ ਵੱਧ ਚੇਤਨਤਾ ਪੈਦਾ ਹੋਈ ਹੈ ਅਤੇ ਉਨ੍ਹਾਂ ਦੇ ਹੱਥ ਵਿਚ ਨਵੀਂ ਤਕਨਾਲੋਜੀ ਕਿਰਤੀਆਂ ਨੂੰ ਕੰਟਰੋਲ ਵਾਸਤੇ ਇੱਕ ਹਥਿਆਰ ਬਣ ਕੇ ਉੱਭਰੀ ਹੈ। ਇਸ ਹਥਿਆਰ ਨੂੰ ਮਿਹਨਤਕਸ਼ ਲੋਕ ਵੀ ਆਪਣੇ ਸੰਘਰਸ਼ਾਂ ਵਿਚ ਵਰਤ ਕੇ ਨਵੇਂ ਸਮਾਜ ਦੀ ਉਸਾਰੀ ਵੱਲ ਵਧ ਸਕਦੇ ਹਨ ਬਸ਼ਰਤੇ ਉਹ ਚੇਤੰਨ ਹੋਣ। ਇਸ ਕਰ ਕੇ ਤਕਨਾਲੋਜੀ ਦੇ ਵਿਕਾਸ ਦੇ ਵੱਖ ਵੱਖ ਦੌਰਾਂ ਵਿਚ ਕਿਰਤੀਆਂ ਤੇ ਮਾਲਕਾਂ ਦੀ ਚੇਤਨਤਾ ਦੇ ਪੱਧਰ ਅਤੇ ਫ਼ਰਕ ਨੂੰ ਸਮਝਣ ਦੀ ਜ਼ਰੂਰਤ ਹੈ।

### ਤਕਨਾਲੋਜੀ ਦੇ ਦੌਰ ਅਤੇ ਚੇਤਨਤਾ

ਤਕਨਾਲੋਜੀ ਦੇ ਵਿਕਾਸ ਨੂੰ ਸਰਮਾਏਦਾਰੀ ਸਿਸਟਮ ਵਿਚ ਚਾਰ ਪੜਾਵਾਂ ਵਿਚ ਵੰਡਿਆ ਜਾਂਦਾ ਹੈ। ਇਨ੍ਹਾਂ ਨੂੰ ਅਰਥ ਸ਼ਾਸਤਰੀ ਚਾਰ ਸਨਅਤੀ ਇਨਕਲਾਬ ਵੀ ਆਖਦੇ ਹਨ। ਪਹਿਲਾ ਦੌਰ ਕੱਪੜਾ ਉਦਯੋਗ ਵਿਚ ਅਠਾਰਵੀਂ ਸਦੀ ਦੇ ਅਖੀਰ ਵਿਚ ਆਟੋਮੇਸ਼ਨ ਨਾਲ ਬਰਤਾਨੀਆ ਵਿਚ ਸ਼ੁਰੂ ਹੋਇਆ ਸੀ। ਇਸ ਨਾਲ ਵੱਡੀਆਂ-ਵੱਡੀਆਂ ਉਦਯੋਗਿਕ ਇਕਾਈਆਂ ਹੋਂਦ ਵਿਚ ਆਈਆਂ। ਹਰ ਵੱਡੀ ਇਕਾਈ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਮਜ਼ਦੂਰ ਕੰਮ ਕਰਨ ਲੱਗੇ ਸਨ। ਕੰਮ ਦੇ ਕਠੋਰ ਹਾਲਾਤ, ਕੰਮ ਦੇ ਵੱਧ ਘੰਟੇ ਅਤੇ ਘੱਟ ਉਜਰਤਾਂ ਦੇ ਸਵਾਲਾਂ ਨੇ ਮਜ਼ਦੂਰਾਂ ਨੂੰ ਜਥੇਬੰਦ ਹੋਣ ਦੇ ਰਸਤੇ ਪਾਇਆ। ਇਸ ਨਾਲ ਕਿਰਤੀਆਂ ਵਿਚ ਟਰੇਡ ਯੂਨੀਅਨਾਂ ਬਾਰੇ ਚੇਤਨਾ ਅਤੇ ਲਹਿਰ ਤੇਜ਼ੀ ਨਾਲ ਫੈਲ ਗਈ। ਇਸ ਦੌਰ ਦਾ ਵਿਆਪਕ ਅਧਿਐਨ ਕਾਰਲ ਮਾਰਕਸ ਅਤੇ ਉਸ ਦੇ ਸਹਿਯੋਗੀ ਫਰੈਡਰਿਕ ਏਂਗਲਜ਼ ਨੇ ਕੀਤਾ ਸੀ। ਦੂਜਾ ਦੌਰ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਵਿਚ ਸ਼ੁਰੂ ਹੋਇਆ। ਇਸ ਸਮੇਂ ਦੌਰਾਨ ਉਦਯੋਗਿਕ ਉਤਪਾਦਨ ਵਿਚ ਲੇਟਵੇਂ ਅਤੇ ਖੜ੍ਹਵੇਂ ਅਸੈਂਬਲੀ ਜੋੜ ਵਿਚ ਖੋਜਾਂ ਹੋਈਆਂ ਜਿਸ ਨਾਲ ਇੱਕ ਵੱਡੀ ਕੰਪਨੀ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਕਾਰੋਬਾਰ ਕਰਨ ਵਿਚ ਕਾਮਯਾਬ ਹੋਣ ਦੇ ਸਮਰੱਥ ਹੋ ਸਕਦੀ ਸੀ। ਇਸ ਨਾਲ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਦਿਓ ਕੱਦ ਕੰਪਨੀਆਂ ਹੋਂਦ ਵਿਚ ਆਈਆਂ। ਇਨ੍ਹਾਂ ਕੰਪਨੀਆਂ ਨੇ ਕਈ ਵਸਤਾਂ ਦੇ ਉਤਪਾਦਨ ਵਿਚ ਏਕਾਧਿਕਾਰ ਕਰ ਲਿਆ। ਇਹ ਸਮਾਂ ਅਜਾਰੇਦਾਰੀ ਸਰਮਾਏਦਾਰੀ ਦਾ ਸੀ ਜਿਸ ਦਾ ਅਧਿਐਨ ਲੈਨਿਨ ਨੇ ਕੀਤਾ ਸੀ। ਇਸ ਨੂੰ ਸਾਮਰਾਜਵਾਦ ਦਾ ਦੌਰ ਵੀ ਕਿਹਾ ਜਾਂਦਾ ਹੈ। ਇਸ ਸਮੇਂ ਵਿਚ ਰੂਸ ਦਾ ਇਨਕਲਾਬ 1917 ਵਿਚ ਆਇਆ ਅਤੇ ਸੋਵੀਅਤ ਯੂਨੀਅਨ ਦੇ ਹੋਂਦ ਵਿਚ ਆਉਣ ਨਾਲ ਦੁਨੀਆਂ ਦੋ ਧੜਿਆਂ ਵਿਚ ਵੰਡੀ ਗਈ ਸੀ। ਇਸ ਦੌਰ ਵਿਚ ਬਸਤੀਵਾਦ ਖਿਲਾਫ਼ ਲਹਿਰਾਂ ਉੱਠੀਆਂ ਅਤੇ ਬਸਤੀਵਾਦ ਦਾ ਖ਼ਾਤਮਾ ਹੋ ਗਿਆ। ਤੀਜਾ ਦੌਰ ਵੀਹਵੀਂ ਸਦੀ ਦੇ ਅਖੀਰ ਵਿਚ ਦੂਰਸੰਚਾਰ ਤਕਨਾਲੋਜੀ ਦੇ ਵਿਕਾਸ ਨਾਲ ਜੁੜਿਆ ਹੈ। ਇਸ ਨਾਲ ਇੰਟਰਨੈੱਟ ਅਤੇ ਡਿਜੀਟਲ ਤਕਨਾਲੋਜੀ ਵਰਤ ਕੇ ਉਤਪਾਦਨ ਵਿਚ ਰੋਬੋਟ ਅਤੇ ਮਸਨੂਈ ਬੁੱਧੀ ਰਾਹੀਂ ਉਤਪਾਦਨ ਅਤੇ ਪ੍ਰਬੰਧ ਕਰਨਾ ਸੰਭਵ ਹੋ ਗਿਆ। ਇਸ ਸਮੇਂ ਦੌਰਾਨ ਸਰਮਾਏ ਦੇ ਵਿਸ਼ਵੀਕਰਨ ਵਿਚ ਚੋਖਾ ਇਜ਼ਾਫਾ ਹੋਇਆ ਹੈ। ਸੋਵੀਅਤ ਯੂਨੀਅਨ ਦੇ ਖ਼ਾਤਮੇ ਨਾਲ ਅਮਰੀਕਾ ਦੀ ਬੇਰੋਕ ਸਰਦਾਰੀ ਕਾਇਮ ਹੋਈ ਅਤੇ ਸਰਮਾਏਦਾਰੀ ਖਿਲਾਫ਼ ਲਹਿਰਾਂ ਦੀ ਚੇਤਨਤਾ ਵਿਚ ਖੜੋਤ ਤੇ ਥਿੜਕਣ ਪੈਦਾ ਹੋਣ ਲੱਗੀ ਸੀ।



ਚੌਥੇ ਦੌਰ ਦੀ ਸ਼ੁਰੂਆਤ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸ਼ੁਰੂ ਹੋ ਕੇ ਤੇਜ਼ੀ ਨਾਲ ਫੈਲ ਗਈ ਹੈ। ਇਸ ਸਮੇਂ ਵਿਚ ਡਿਜੀਟਲ ਤਕਨਾਲੋਜੀ ਨਾਲ ਆਮ ਲੋਕਾਂ ਦੇ ਰਹਿਣ-ਸਹਿਣ ਅਤੇ ਕੰਮ-ਕਾਰ ਨੂੰ ਬਦਲਿਆ ਜਾ ਰਿਹਾ ਹੈ। ਦੂਰ-ਦੁਰਾਡੇ ਬੈਠ ਕੇ ਕੰਮ ਕੀਤਾ ਜਾ ਸਕਦਾ ਹੈ ਅਤੇ ਉਸ ਦਾ ਪ੍ਰਬੰਧ ਵੀ ਦੂਰੋਂ ਹੀ ਦੇਖਿਆ ਜਾ ਸਕਦਾ ਹੈ। ਨਵੀਂ ਤਕਨਾਲੋਜੀ ਸਦਕਾ ਉਤਪਾਦਨ ਅਤੇ ਪ੍ਰਬੰਧ ਵਾਸਤੇ ਕਾਫ਼ੀ ਨਵੀਆਂ ਸੰਭਾਵਨਾਵਾਂ ਪੈਦਾ ਹੋਈਆਂ ਹਨ। ਤਕਨਾਲੋਜੀ ਨੇ ਕਾਰੋਬਾਰ ਨੂੰ ਵਿਸ਼ਵ ਪੱਧਰ 'ਤੇ ਬਹੁਤ ਤਾਕਤਵਰ ਬਣਾ ਦਿੱਤਾ ਹੈ। ਇਸ ਕਾਰਨ ਬਹੁਤ ਸਾਰੀਆਂ ਨੌਕਰੀਆਂ ਅਤੇ ਕੰਮਕਾਜ ਖ਼ਤਮ ਹੋਣ ਦਾ ਖ਼ਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਇਸ ਵਰਤਾਰੇ ਨੇ ਆਮ ਲੋਕਾਂ ਦੇ ਮਨਾਂ ਵਿਚ ਕਾਫ਼ੀ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਹੈ। ਇਹ ਤਕਨਾਲੋਜੀ ਲੋਕਾਂ ਦੇ ਰਹਿਣ-ਸਹਿਣ ਤੇ ਕੰਮਕਾਜ ਦੇ ਤਰੀਕੇ ਨੂੰ ਬਦਲ ਰਹੀ ਹੈ। ਉਹ ਆਪਣੇ ਭਵਿੱਖ ਬਾਰੇ ਕਾਫ਼ੀ ਚਿੰਤਤ ਹਨ। ਇਸ ਤੋਂ ਵੀ ਜ਼ਿਆਦਾ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਜ਼ਿਆਦਾ ਫਿਕਰਮੰਦ ਹਨ। ਵਿਕਸਿਤ ਦੇਸ਼ਾਂ ਵਿਚ ਇਸ ਤਕਨਾਲੋਜੀ ਦੀ ਵੱਧ ਵਰਤੋਂ ਕਾਰਨ ਕਾਫ਼ੀ ਕੰਮ ਮਨੁੱਖ ਰਹਿਤ ਮਸ਼ੀਨਾਂ ਕਰਨ ਲੱਗੀਆਂ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿਚ ਇਸ ਦਾ ਅਸਰ ਬੈਂਕਾਂ ਅਤੇ ਵਿੱਤੀ ਸੇਵਾਵਾਂ 'ਤੇ ਪਿਆ ਹੈ ਪਰ ਖੇਤੀ ਅਤੇ ਹੋਰ ਖੇਤਰਾਂ ਵਿਚ ਮਸ਼ੀਨੀਕਰਨ ਨਾਲ ਰੁਜ਼ਗਾਰ ਦੇ ਮੌਕੇ ਬਹੁਤ ਘਟ ਗਏ ਹਨ। ਜ਼ਿਆਦਾ ਗੰਭੀਰ ਸਥਿਤੀ ਆਰਥਿਕ ਵਰਤਾਰੇ ਨੇ ਕਰ ਦਿੱਤੀ ਹੈ। ਵਿਸ਼ਵ ਦੇ ਲਗਭਗ ਸਾਰੇ ਦੇਸ਼ਾਂ ਵਿਚ ਆਮਦਨ ਅਤੇ ਆਰਥਿਕ ਸਾਧਨਾਂ ਦੀ ਵੰਡ ਵਿਚ ਗ਼ੈਰ-ਬਰਾਬਰੀ ਅੰਬਰੀਂ ਚੜ੍ਹ ਗਈ ਹੈ। ਦੇਸ਼ਾਂ ਵਿਚ ਕਾਰਪੋਰੇਟ ਘਰਾਣਿਆਂ ਕੋਲ ਆਮਦਨ ਅਤੇ ਦੌਲਤ ਦੇ ਅਥਾਹ ਭੰਡਾਰ ਇਕੱਠੇ ਹੋ ਗਏ ਹਨ। ਸਰਮਾਏ ਦੇ ਮਾਲਕ ਵਿਸ਼ਵ ਦੀ ਆਬਾਦੀ ਦੇ ਇੱਕ ਫ਼ੀਸਦੀ ਤੋਂ ਵੀ ਘੱਟ ਹਨ, ਪਰ ਧਨ ਦੌਲਤ ਦਾ ਵੱਡਾ ਹਿੱਸਾ ਇਨ੍ਹਾਂ ਕੋਲ ਇਕੱਠਾ ਹੋ ਗਿਆ ਹੈ। ਇਸ ਦਾ ਖੁਲਾਸਾ ਥਾਮਸ ਪਿਕਟੀ ਦੀ ਕਿਤਾਬ 'ਕੈਪੀਟਲ ਇਨ ਟਵੈਂਟੀ ਫਰਸਟ ਸੈਂਚਰੀ' (2017) ਵਿਚ ਵਿਸਥਾਰ ਨਾਲ ਕੀਤਾ ਗਿਆ ਹੈ। ਪਿਕਟੀ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਵਰਲਡ ਇਨਇਕੁਐਲਿਟੀ ਰਿਪੋਰਟ-2022 ਵਿਚ ਇਹ ਖੁਲਾਸਾ ਕੀਤਾ ਕਿ ਵਿਸ਼ਵ ਦੀ ਸਮੂਹ ਆਰਥਿਕਤਾ ਵਿਚ ਉਪਰਲੇ 10 ਫ਼ੀਸਦੀ ਅਮੀਰ ਲੋਕਾਂ ਕੋਲ ਆਮਦਨ ਦਾ 52 ਫ਼ੀਸਦੀ ਅਤੇ ਧਨ ਦੌਲਤ ਦਾ 76 ਫ਼ੀਸਦੀ ਹਿੱਸਾ ਇਕੱਠਾ ਹੋ ਗਿਆ ਹੈ। ਦੂਜੇ ਪਾਸੇ, ਹੇਠਲੇ 50 ਫ਼ੀਸਦੀ ਗ਼ਰੀਬ ਲੋਕਾਂ ਕੋਲ ਆਮਦਨ ਦਾ ਸਿਰਫ਼ 8.5 ਫ਼ੀਸਦੀ ਅਤੇ ਧਨ ਦੌਲਤ ਦਾ 2 ਫ਼ੀਸਦੀ ਹਿੱਸਾ ਹੀ ਰਹਿ ਗਿਆ ਹੈ। ਭਾਰਤ ਵਿਚ ਉਪਰਲੇ 10 ਫ਼ੀਸਦੀ ਅਮੀਰਾਂ ਕੋਲ ਕੁੱਲ ਆਮਦਨ ਦਾ 57.1 ਫ਼ੀਸਦੀ ਅਤੇ ਧਨ ਦੌਲਤ ਦਾ 64.1 ਫ਼ੀਸਦੀ ਇਕੱਠਾ ਹੋ ਗਿਆ ਹੈ। ਦੂਜੇ ਪਾਸੇ ਹੇਠਲੇ 50 ਫ਼ੀਸਦੀ ਗ਼ਰੀਬ ਲੋਕਾਂ ਕੋਲ ਆਮਦਨ ਦਾ 13.1 ਫ਼ੀਸਦੀ ਅਤੇ ਧਨ ਦੌਲਤ ਦਾ 5.9 ਫ਼ੀਸਦੀ ਹਿੱਸਾ ਰਹਿ ਗਿਆ ਹੈ। ਅਜਿਹੀ ਸਥਿਤੀ ਦੁਨੀਆ ਦੇ ਹੋਰ ਦੇਸ਼ਾਂ ਵਿਚ ਵੀ ਪੈਦਾ ਹੋ ਗਈ ਹੈ। ਇਸ ਨਾ-ਬਰਾਬਰੀ ਨੂੰ 1980ਵਿਆਂ ਤੋਂ ਬਾਅਦ ਨੀਤੀਘਾੜਿਆਂ ਨੇ ਕਾਰਪੋਰੇਟ ਪੱਖੀ ਟੈਕਸ ਵਿਚ ਕਟੌਤੀਆਂ ਕਾਰਨ ਜਾਣਬੁੱਝ ਕੇ ਵਧਾਇਆ ਹੈ। ਇਨ੍ਹਾਂ ਕੰਪਨੀਆਂ ਨੂੰ ਲਗਾਤਾਰ ਦਿੱਤੀਆਂ ਸਬਸਿਡੀਆਂ ਨੇ ਇਸ ਅਸਮਾਨਤਾ ਨੂੰ ਹੋਰ ਵਧਾ ਦਿੱਤਾ ਹੈ। ਸਰਕਾਰੀ ਖ਼ਰਚੇ ਪੂਰੇ ਕਰਨ ਵਾਸਤੇ ਆਮ ਲੋਕਾਂ 'ਤੇ ਟੈਕਸ ਦਾ ਭਾਰ ਵਧਾਇਆ ਗਿਆ ਹੈ। ਕਾਰਪੋਰੇਟ ਘਰਾਣਿਆਂ ਵੱਲੋਂ ਪੈਦਾ ਕੀਤੀਆਂ ਵਸਤਾਂ ਦੇ ਭਾਅ ਵੀ ਲਗਾਤਾਰ ਵਧਾਏ ਗਏ ਹਨ। ਕਿਸਾਨਾਂ ਦੀਆਂ ਜਿਣਸਾਂ ਦੇ ਵਾਜਬ ਭਾਅ ਨਹੀਂ ਦਿੱਤੇ ਗਏ ਅਤੇ ਕਿਰਤੀਆਂ ਦੀਆਂ ਉਜਰਤਾਂ ਵਿਚ ਵੀ ਲੋੜੀਂਦੇ ਵਾਧੇ ਨਹੀਂ ਕੀਤੇ ਗਏ। ਨੋਬੇਲ ਇਨਾਮ ਜੇਤੂ ਭਾਰਤੀ ਮੂਲ ਦੇ ਅਰਥ ਵਿਗਿਆਨੀ ਅਭਿਜੀਤ ਬੈਨਰਜੀ ਦਾ ਖਿਆਲ ਹੈ ਕਿ ਇਸ ਵਧ ਰਹੀ ਆਰਥਿਕ ਨਾ-ਬਰਾਬਰੀ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਇਹ ਆਵਾਜ਼ ਚਿੰਤਾ ਤਾਂ ਜ਼ਾਹਰ ਕਰਦੀ ਹੈ ਪਰ ਦੇਸ਼ਾਂ ਵਿਚ ਜ਼ੋਰਦਾਰ ਏਜੰਡਾ ਨਹੀਂ ਬਣ ਰਹੀ। ਕਾਰਪੋਰੇਟ ਵਿਕਾਸ ਮਾਡਲ ਨੇ ਵਾਤਾਵਰਨ ਨੂੰ ਖ਼ਤਰਨਾਕ ਹੱਦ ਤੱਕ ਖਰਾਬ ਕਰ ਦਿੱਤਾ ਹੈ। ਹਵਾ, ਪਾਣੀ ਅਤੇ ਧਰਤੀ ਨੂੰ ਜ਼ਹਿਰੀਲਾ ਕਰ ਦਿੱਤਾ ਹੈ। ਹਵਾ ਵਿਚ ਕਾਰਬਨ ਦੀ ਮਾਤਰਾ ਵਿਚ ਇਜ਼ਾਫਾ ਹੋਣ ਨਾਲ ਤਾਪਮਾਨ ਇੱਕ ਡਿਗਰੀ ਵਧ ਗਿਆ ਹੈ ਅਤੇ ਜਲਵਾਯੂ ਪਰਿਵਰਤਨ ਦੇਸ਼ਾਂ ਵਿਚ ਬੇਮੌਸਮੀਆਂ ਬਰਸਾਤਾਂ ਤੇ ਸੋਕੇ ਦਾ ਕਾਰਨ ਬਣ ਗਿਆ ਹੈ। ਇਸ ਨਾਲ ਲੋਕਾਂ ਅਤੇ ਕਿਸਾਨਾਂ ਦਾ ਸਾਹ ਸੁੱਕ ਰਿਹਾ ਹੈ। ਜਲਵਾਯੂ ਪਰਿਵਰਤਨ ਅਤੇ ਪਰਮਾਣੂ ਜੰਗ ਕਾਰਲ ਮਾਰਕਸ ਅਤੇ ਲੈਨਿਨ ਦੇ ਸਮਿਆਂ ਵਿਚ ਮੁੱਖ ਮੁੱਦੇ ਵਜੋਂ ਨਹੀਂ ਸਨ ਉੱਭਰੇ। ਆਮ ਲੋਕਾਂ ਵਿਚ ਚੇਤਨਾ ਦੀ ਘਾਟ ਹੈ ਅਤੇ ਉਹ ਜਥੇਬੰਦ ਵੀ ਨਹੀਂ ਹੋ ਸਕੇ। ਇਸ ਦੇ ਉਲਟ ਕਾਰਪੋਰੇਟ ਘਰਾਣੇ ਬਹੁਤ ਚੇਤੰਨ ਅਤੇ ਜਥੇਬੰਦ ਹਨ। ਉਨ੍ਹਾਂ ਨੇ ਆਪਣੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਆਰਥਿਕ ਨੀਤੀਆਂ 'ਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਨੂੰ ਮਿਹਨਤਕਸ਼ ਲੋਕਾਂ ਤੋਂ ਅਜੇ ਵੀ ਕੋਈ ਚੁਣੌਤੀ ਨਜ਼ਰ ਨਹੀਂ ਆਉਂਦੀ।

### ਚੇਤਨਤਾ ਅਤੇ ਜਮਾਤੀ ਸੰਘਰਸ਼

ਦਰਪੇਸ਼ ਮਸਲਿਆਂ ਅਤੇ ਮਾਮਲਿਆਂ ਬਾਰੇ ਜਾਣਕਾਰੀ ਤੇ ਸਮਝ ਜਮਾਤਾਂ/ਵਰਗਾਂ ਨੂੰ ਆਪਣੇ ਮਸਲੇ ਸੁਲਝਾਉਣ ਵਾਸਤੇ ਜਥੇਬੰਦ ਹੋ ਕੇ ਸੰਘਰਸ਼ ਦੇ ਰਾਹ ਵੱਲ ਤੋਰਦੀ ਹੈ। ਚੇਤਨਤਾ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਇਕੱਤਰ ਕਰਨ, ਇਸ ਦਾ ਵਿਸ਼ਲੇਸ਼ਣ ਕਰਨ ਅਤੇ ਉਨ੍ਹਾਂ ਦੇ ਹੱਲ ਬਾਰੇ ਸਮਝ ਨਾਲ ਸਬੰਧ ਰੱਖਦੀ ਹੈ। ਇਸ ਸਮਝ ਨੂੰ ਪ੍ਰਪੱਕ ਕਰਨ ਵਾਸਤੇ ਹਾਲਤਾਂ ਦੇ ਅਧਿਐਨ ਨੂੰ ਆਮ ਸੂਝ ਦਾ ਹਿੱਸਾ ਬਣਾਇਆ ਜਾਂਦਾ ਹੈ।

ਅਜੋਕੇ ਸਮੇਂ ਵਿਚ ਕਾਰਪੋਰੇਟ ਜਗਤ ਆਪਣੇ ਕਾਰੋਬਾਰ ਅਤੇ ਮੁਨਾਫ਼ੇ ਵਧਾਉਣ ਲਈ ਚੇਤੰਨ ਅਤੇ ਸਰਗਰਮ ਹੈ। ਉਹ ਆਪਣੀ ਸੂਝ ਨੂੰ ਵਰਤਦਿਆਂ ਦੇਸ਼ਾਂ ਵਿਚ ਆਮ ਪ੍ਰਵਾਨਗੀ ਅਤੇ ਸਹਿਮਤੀ ਬਣਾਈ ਰੱਖਣ ਵਿਚ ਸਫ਼ਲ ਨਜ਼ਰ ਆਉਂਦਾ ਹੈ ਪਰ ਇਹ ਵਾਤਾਵਰਨ ਅਤੇ ਪਰਮਾਣੂ ਜੰਗ ਬਾਰੇ ਚੇਤੰਨ ਨਹੀਂ ਹੈ। ਇਸ ਦਾ ਸਰਕਾਰਾਂ ਉਪਰ ਰਾਜ ਕਰਨ ਵਾਲੀਆਂ ਪਾਰਟੀਆਂ ਰਾਹੀਂ ਕਬਜ਼ਾ ਵੀ ਹੋ ਗਿਆ ਹੈ। ਕਾਰਪੋਰੇਟ ਖੇਤਰ ਦੇਸ਼ਾਂ ਦੀਆਂ ਆਰਥਿਕ ਨੀਤੀਆਂ ਆਪਣੇ ਹਿੱਤ ਵਿਚ ਕਰਨ ਵਿਚ ਕਾਮਯਾਬ ਹੋ ਗਿਆ ਹੈ। ਇਸ ਨੇ ਦੂਰ ਸੰਚਾਰ ਦੇ ਸਾਧਨਾਂ ਜਿਵੇਂ ਅਖ਼ਬਾਰ, ਟੀ.ਵੀ. ਚੈਨਲ ਅਤੇ ਇੰਟਰਨੈੱਟ 'ਤੇ ਕਬਜ਼ਾ ਜਮਾ ਲਿਆ ਹੈ।

ਇਸ ਤੋਂ ਇਲਾਵਾ ਹਾਕਮ ਪਾਰਟੀਆਂ ਵੱਲੋਂ ਆਈ.ਟੀ. ਸੈੱਲ ਬਣਾ ਕੇ ਕਾਰਪੋਰੇਟ ਜਗਤ ਅਤੇ ਕਾਰਪੋਰੇਟ ਹਿੱਤ ਵਾਲੀਆਂ ਨੀਤੀਆਂ ਬਾਰੇ ਲੋਕਾਂ ਵਿਚ ਪ੍ਰਚਾਰ ਲਗਾਤਾਰ ਕੀਤਾ ਜਾ ਰਿਹਾ ਹੈ। ਲੋਕਾਂ ਵਿਚ ਧਰਮ, ਜਾਤ, ਰੰਗ ਅਤੇ ਨਸਲ ਆਧਾਰਿਤ ਵੰਡੀਆਂ ਪਾਈਆਂ ਜਾ ਰਹੀਆਂ ਹਨ। ਇਸ ਕਾਰਜ ਵਿਚ ਕਾਰਪੋਰੇਟ ਖੇਤਰ ਲੋਕਾਂ ਦੇ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਨ ਵਿਚ ਕਾਮਯਾਬ ਵੀ ਜਾਪਦਾ ਹੈ। ਕਿਰਤੀਆਂ ਦੀਆਂ ਵੱਡੀਆਂ ਟਰੇਡ ਯੂਨੀਅਨਾਂ 'ਤੇ ਵੀ ਹਾਕਮ ਪਾਰਟੀਆਂ ਕਾਬਜ਼ ਹੋ ਗਈਆਂ ਹਨ। ਲੋਕਾਂ ਦਾ ਅਸਲ ਮਸਲਿਆਂ ਤੋਂ ਧਿਆਨ ਹਟਾਉਣ ਵਿਚ ਕਾਫ਼ੀ ਹੱਦ ਤੱਕ ਕਾਰਪੋਰੇਟ ਖੇਤਰ ਸਫ਼ਲ ਹੈ। ਕਾਰਪੋਰੇਟ ਮੀਡੀਆ ਲੋਕ ਪੱਖੀ ਸਮਾਜਵਾਦੀ ਮਾਡਲ ਨੂੰ ਕਾਫ਼ੀ ਹੱਦ ਤੱਕ ਨਕਾਰਨ ਵਿਚ ਕਾਮਯਾਬ ਵੀ ਹੋਇਆ ਹੈ। ਸੋਵੀਅਤ ਯੂਨੀਅਨ ਦੇ ਟੁੱਟਣ ਮਗਰੋਂ ਖੱਬੀਆਂ ਪਾਰਟੀਆਂ ਨੂੰ ਵੀ ਲੋਕਾਂ ਨੇ ਕਾਫ਼ੀ ਹੱਦ ਤੱਕ ਵਿਸਾਰ ਦਿੱਤਾ ਹੈ। ਇਸ ਹਾਲਤ ਵਿਚ ਲੋਕਾਂ ਦੇ ਮਸਲਿਆਂ ਅਤੇ ਮਾਮਲਿਆਂ ਬਾਰੇ ਜਾਣੂ ਕਰਾਉਣਾ ਅਤੇ ਲਾਮਬੰਦੀ ਕਰਨਾ ਔਖਾ ਕਾਰਜ ਹੈ। ਕਾਰਲ ਮਾਰਕਸ ਜਾਂ ਲੈਨਿਨ ਵਰਗੇ ਸਿਧਾਂਤਕਾਰਾਂ ਅਤੇ ਲੀਡਰਾਂ ਦੀ ਅਣਹੋਂਦ ਇਸ ਕਾਰਜ ਨੂੰ ਹੋਰ ਔਖਾ ਕਰ ਦਿੰਦੀ ਹੈ। ਵੱਡੀਆਂ ਉਤਪਾਦਨ ਇਕਾਈਆਂ ਨੂੰ ਤੋੜ ਕੇ ਸਬ ਕੰਟਰੈਕਟਿੰਗ/ਗਿੱਗ ਆਰਥਿਕਤਾ ਵੱਲ ਮੋੜਾ ਇਸ ਕਾਰਜ ਨੂੰ ਔਖਾ ਕਰਨ ਦਾ ਇੱਕ ਹੋਰ ਕਾਰਨ ਬਣ ਰਿਹਾ ਹੈ। ਇਸ ਕਰ ਕੇ ਲੋਕ ਪੱਖੀ ਸਰਗਰਮ ਆਗੂਆਂ ਨੂੰ ਇਹ ਕਾਰਜ ਅੱਗੇ ਤੋਰਨ ਲਈ ਕਾਫ਼ੀ ਸਮਝਦਾਰੀ ਅਤੇ ਧੀਰਜ ਦੀ ਵਰਤੋਂ ਕਰਨੀ ਪਵੇਗੀ। ਇਸ ਕੰਮ ਵਾਸਤੇ ਇੰਟਰਨੈੱਟ ਤਕਨਾਲੋਜੀ, ਸੋਸ਼ਲ ਮੀਡੀਆ ਅਤੇ ਯੂਟਿਊਬ ਚੈਨਲਾਂ ਦੀ ਵਰਤੋਂ ਕਾਫ਼ੀ ਮਦਦਗਾਰ ਹੋ ਸਕਦੀ ਹੈ। ਸਾਰੇ ਦੇਸ਼ਾਂ ਵਿਚ ਮੱਧਵਰਗ ਦੇ ਕੁਝ ਬੁੱਧੀਮਾਨ ਵਿਅਕਤੀ ਤੇ ਪੱਤਰਕਾਰ ਲੋਕਾਂ ਨਾਲ ਖੜ੍ਹਨ ਨੂੰ ਤਿਆਰ ਤੇ ਸਰਗਰਮ ਹਨ। ਭਾਰਤ ਵਿਚ ਇਸ ਸਮੇਂ 54 ਫ਼ੀਸਦੀ ਲੋਕਾਂ ਕੋਲ ਫੋਨ ਹਨ ਅਤੇ ਸਮਾਰਟ ਫੋਨ ਸਿਰਫ਼ 43.5 ਫ਼ੀਸਦੀ ਲੋਕਾਂ ਕੋਲ ਹੀ ਹਨ। ਇਸ ਕਰਕੇ ਬਹੁਗਿਣਤੀ ਲੋਕ ਸਿਆਸੀ ਪਾਰਟੀਆਂ ਦੇ ਧੂੰਆਂਧਾਰ ਪ੍ਰਚਾਰ ਅਤੇ ਨਫ਼ਰਤ ਤੋਂ ਬਚੇ ਹੋਏ ਹਨ। ਇਨ੍ਹਾਂ ਲੋਕਾਂ ਨੂੰ ਵਿਅਕਤੀਗਤ ਤੌਰ 'ਤੇ ਸੰਪਰਕ ਨਾਲ ਹੀ ਜਥੇਬੰਦ ਕੀਤਾ ਜਾ ਸਕਦਾ ਹੈ। ਇਹ ਕਾਰਜ ਆਮ ਲੋਕਾਂ ਵਿਚ ਸਰਗਰਮ ਲੋਕ ਲਹਿਰ ਦੇ ਆਗੂ ਹੀ ਕਰ ਸਕਦੇ ਹਨ। ਇਉਂ ਕਿਸਾਨਾਂ, ਕਿਰਤੀਆਂ ਅਤੇ ਮੱਧਵਰਗ ਦੇ ਸਰਗਰਮ ਵਰਕਰਾਂ ਨਾਲ ਸੰਪਰਕ ਕਰ ਕੇ ਨਵੇਂ ਪ੍ਰੋਗਰਾਮ, ਐਕਸ਼ਨ ਤੇ ਪ੍ਰਦਰਸ਼ਨ ਉਲੀਕੇ ਜਾ ਸਕਦੇ ਹਨ ਅਤੇ ਇਨ੍ਹਾਂ ਨੂੰ ਕਾਫ਼ੀ ਦੇਰ ਚਲਾਇਆ ਜਾ ਸਕਦਾ ਹੈ।

ਪਿਛਲੇ ਦਿਨੀਂ ਦਿੱਲੀ ਦੀਆਂ ਬਰੂਹਾਂ 'ਤੇ ਹੋਏ ਸਫ਼ਲ ਕਿਸਾਨ ਅੰਦੋਲਨ (2021-22) ਨੇ ਅਗਲੇ ਅੰਦੋਲਨਾਂ ਵਾਸਤੇ ਰਸਤਾ ਨਿਰਧਾਰਿਤ ਕਰ ਦਿੱਤਾ ਹੈ। ਸ਼ਾਂਤਮਈ ਹੋਣਾ, ਜਥੇਬੰਦੀਆਂ ਦੀ ਸਾਂਝੀ ਸ਼ਕਤੀ ਤੇ ਅਗਵਾਈ, ਔਰਤਾਂ ਦੀ ਵੱਡੀ ਗਿਣਤੀ ਵਿਚ ਸ਼ਮੂਲੀਅਤ, ਹੋਰ ਵਰਗਾਂ ਦੀ ਹਮਾਇਤ/ਹਮਦਰਦੀ ਅਤੇ ਧਰਮ-ਨਿਰਪੱਖਤਾ ਇਸ ਅੰਦੋਲਨ ਦੀ ਸਫ਼ਲਤਾ ਦੇ ਮੁੱਖ ਕਾਰਨ ਹਨ। ਇਹ ਤਜਰਬਾ ਹੁਣ ਜੰਤਰ ਮੰਤਰ 'ਤੇ ਪਹਿਲਵਾਨ ਖਿਡਾਰੀਆਂ ਦੇ ਅੰਦੋਲਨ ਵਿਚ ਵੀ ਮਦਦਗਾਰ ਸਾਬਿਤ ਹੋ ਰਿਹਾ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿਚ ਆਮ ਲੋਕਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਤਰਸਯੋਗ ਹੈ। ਤਕਨਾਲੋਜੀ ਨੇ ਆਟੋਮੇਸ਼ਨ ਨਾਲ ਖੇਤੀ ਵਿਚੋਂ ਰੁਜ਼ਗਾਰ ਘਟਾ ਦਿੱਤਾ ਹੈ ਅਤੇ ਉਦਯੋਗਿਕ ਖੇਤਰ ਵਿਚ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ। ਆਰਥਿਕ

*(ਬਾਕੀ ਅਗਲੇ ਸਫੇ 'ਤੇ)*

***ਅਜੋਕੇ ਸਮੇਂ ਵਿਚ ਕਾਰਪੋਰੇਟ ਜਗਤ ਆਪਣੇ ਕਾਰੋਬਾਰ ਅਤੇ ਮੁਨਾਫ਼ੇ ਵਧਾਉਣ ਲਈ ਚੇਤੰਨ ਅਤੇ ਸਰਗਰਮ ਹੈ। ਉਹ ਆਪਣੀ ਸੂਝ ਨੂੰ ਵਰਤਦਿਆਂ ਦੇਸ਼ਾਂ ਵਿਚ ਆਮ ਪ੍ਰਵਾਨਗੀ ਅਤੇ ਸਹਿਮਤੀ ਬਣਾਈ ਰੱਖਣ ਵਿਚ ਸਫ਼ਲ ਨਜ਼ਰ ਆਉਂਦਾ ਹੈ ਪਰ ਇਹ ਵਾਤਾਵਰਨ ਅਤੇ ਪਰਮਾਣੂ ਜੰਗ ਬਾਰੇ ਚੇਤੰਨ ਨਹੀਂ ਹੈ। ਇਸ ਦਾ ਸਰਕਾਰਾਂ ਉਪਰ ਰਾਜ ਕਰਨ ਵਾਲੀਆਂ ਪਾਰਟੀਆਂ ਰਾਹੀਂ ਕਬਜ਼ਾ ਵੀ ਹੋ ਗਿਆ ਹੈ। ਕਾਰਪੋਰੇਟ ਖੇਤਰ ਦੇਸ਼ਾਂ ਦੀਆਂ ਆਰਥਿਕ ਨੀਤੀਆਂ ਆਪਣੇ ਹਿੱਤ ਵਿਚ ਕਰਨ ਵਿਚ ਕਾਮਯਾਬ ਹੋ ਗਿਆ ਹੈ। ਇਸ ਨੇ ਦੂਰ ਸੰਚਾਰ ਦੇ ਸਾਧਨਾਂ ਜਿਵੇਂ ਅਖ਼ਬਾਰ, ਟੀ.ਵੀ. ਚੈਨਲ ਅਤੇ ਇੰਟਰਨੈੱਟ 'ਤੇ ਕਬਜ਼ਾ ਜਮਾ ਲਿਆ ਹੈ। ਇਸ ਤੋਂ ਇਲਾਵਾ ਹਾਕਮ ਪਾਰਟੀਆਂ ਵੱਲੋਂ ਆਈ.ਟੀ. ਸੈੱਲ ਬਣਾ ਕੇ ਕਾਰਪੋਰੇਟ ਜਗਤ ਅਤੇ ਕਾਰਪੋਰੇਟ ਹਿੱਤ ਵਾਲੀਆਂ ਨੀਤੀਆਂ ਬਾਰੇ ਲੋਕਾਂ ਵਿਚ ਪ੍ਰਚਾਰ ਲਗਾਤਾਰ ਕੀਤਾ ਜਾ ਰਿਹਾ ਹੈ। ਲੋਕਾਂ ਵਿਚ ਧਰਮ, ਜਾਤ, ਰੰਗ ਅਤੇ ਨਸਲ ਆਧਾਰਿਤ ਵੰਡੀਆਂ ਪਾਈਆਂ ਜਾ ਰਹੀਆਂ ਹਨ। ਇਸ ਕਾਰਜ ਵਿਚ ਕਾਰਪੋਰੇਟ ਖੇਤਰ ਲੋਕਾਂ ਦੇ ਵੱਡੇ ਹਿੱਸੇ ਨੂੰ ਪ੍ਰਭਾਵਿਤ ਕਰਨ ਵਿਚ ਕਾਮਯਾਬ ਵੀ ਜਾਪਦਾ ਹੈ। ਕਿਰਤੀਆਂ ਦੀਆਂ ਵੱਡੀਆਂ ਟਰੇਡ ਯੂਨੀਅਨਾਂ 'ਤੇ ਵੀ ਹਾਕਮ ਪਾਰਟੀਆਂ ਕਾਬਜ਼ ਹੋ ਗਈਆਂ ਹਨ।***

# ਗੁਰੂ-ਘਰ ਦੇ ਬ੍ਰਾਹਮਣ ਸਿੱਖ ਸ਼ਹੀਦ

**ਇਤਿਹਾਸ ਦੇ ਵਰਕੇ ਫਰੋਲਦਿਆਂ**

ਗੁਰੂ-ਘਰ ਬਾਬੇ ਨਾਨਕ ਦਾ ਦਰ ਹੈ। ਗੁਰੂ ਨਾਨਕ ਜੀ ਦੇ ਬੋਲਾਂ ਵਿਚੋਂ ਉਦੈ ਹੋਏ ਚਾਨਣ ਦਾ ਨਾਮ ਹੀ ਸਿੱਖ ਧਰਮ ਹੈ। ਨਾਨਕਤਾ ਹੀ ਇਸ ਦੀ ਆਤਮਾ ਹੈ।

ਨਾਨਕ ਸ਼ਾਹ ਫ਼ਕੀਰ
ਹਿੰਦੂ ਕਾ ਗੁਰੂ
ਮੁਸਲਮਾਨ ਕਾ ਪੀਰ।

ਜਨਮਸਾਖੀ ਵੀ ਸਾਕਸ਼ੀ ਹੈ ਕਿ ਵੇਈਂ ਨਦੀ ਵਿਚੋਂ ਨਾਨਕ-ਉਦੈ ਵੇਲੇ ਵੀ ਨਾਨਕ ਜੀ ਦੇ ਮੁਖ 'ਤੇ ਏਹੀ ਵਾਕ ਸੀ: ਨਾ ਹਿੰਦੂ ਨਾ ਮੁਸਲਮਾਨ।

ਭਾਈ ਗੁਰਦਾਸ ਜੀ ਲਿਖਦੇ ਹਨ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ



ਗੁਰੂ ਨਾਨਕ ਵਿੱਛੜਿਆਂ ਨੂੰ ਮੇਲਣਹਾਰ ਹੈ। ਪਰਭਾਤ-ਫੇਰੀਆਂ ਵਿਚ ਲੋਕ-ਮਨ ਵੀ ਬਾਬੇ ਨੂੰ ਇਉਂ ਹੀ ਯਾਦ ਕਰਦਾ ਹੈ:

**ਸੁਰਜੀਤ ਪਾਤਰ**
**ਫੋਨ: +91-98145-04272**

ਧੰਨ ਧੰਨ ਬਾਬਾ ਨਾਨਕ
ਜਿਹੜਾ ਵਿੱਛੜਿਆਂ ਨੂੰ ਮੇਲਦਾ।

ਸਾਡੇ ਸਮਿਆਂ ਦੇ ਵੱਡੇ ਇਤਿਹਾਸਕਾਰ ਆਰਨਲਡ ਟੋਇਨਬੀ ਨੇ ਵੀ ਨਾਨਕ ਦੇ ਨਿਰਮਲ ਪੰਥ ਦੀ ਏਹੀ ਤਾਸੀਰ ਪਛਾਣੀ ਹੈ। ਉਹ ਲਿਖਦਾ ਹੈ:

ਭਵਿੱਖ ਦੇ ਧਾਰਮਿਕ ਸੰਵਾਦ ਵਿਚ ਸਿੱਖ ਧਰਮ ਅਤੇ ਇਸ ਦੀ ਪਾਵਨ ਇਬਾਰਤ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਲ ਸਾਰੇ ਜਹਾਨ ਨੂੰ ਦੇਣ ਲਈ ਵੱਡੇ ਮਹੱਤਵ ਵਾਲਾ ਸੰਦੇਸ਼ ਹੈ। ਆਪਸੀ ਕੁੜੱਤਣ ਵਾਲੇ ਪਰੰਪਰਕ ਧਰਮਾਂ ਵਿਚਕਾਰ ਇਹ ਧਰਮ ਸਿਰਜਣਾਤਮਕ ਰੂਹਾਨੀ ਸੰਵਾਦ ਦਾ ਸਮਾਰਕ ਹੈ। ਇਸ ਦੀ ਹੋਂਦ ਸ਼ੁਭ ਹੈ।

ਇਸਲਾਮੀ ਅਕੀਦੇ ਵਾਲੇ ਵੱਡੇ ਓਜੱਸਵੀ ਸ਼ਾਇਰ ਅੱਲਾਮਾ ਇਕਬਾਲ ਨੇ ਨਾਨਕ ਦੀ ਸਦਾ ਨੂੰ ਸਦੀਆਂ ਦੀ ਨੀਂਦ ਵਿਚੋਂ ਹਿੰਦ ਨੂੰ ਜਗਾਉਣ ਵਾਲੀ ਪਰਭਾਤੀ ਸੱਦ ਵਾਂਗ ਮਹਿਸੂਸ ਕੀਤਾ:


ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ
ਹਿੰਦ ਕੋ ਇਕ ਮਰਦ ਏ ਕਾਮਿਲ ਨੇ ਜਗਾਇਆ ਖ਼ਾਬ ਸੇ

(ਆਖ਼ਰ ਪੰਜਾਬ ਵਿਚੋਂ ਅਦਵੈਤ ਦੀ ਆਵਾਜ਼ ਉੱਠੀ। ਇਕ ਪੂਰਨ ਪੁਰਖ ਨੇ ਹਿੰਦ ਨੂੰ ਨੀਂਦ ਵਿਚੋਂ ਜਗਾਇਆ।)


ਅਦਵੈਤ ਕੀ ਹੈ? ਗੁਰੂ ਅਰਜਨ ਦੇਵ ਜੀ ਸਮਝਾਉਂਦੇ: ਇਹ ਧਰਤੀਆਂ, ਇਹ ਸਾਗਰ, ਇਹ ਸ੍ਰਿਸ਼ਟੀ, ਇਹ ਸਾਰੀ ਸਿਰਜਣਾ ਵਿਚ ਸਿਰਜਣਹਾਰ ਆਪ ਹੀ ਰਮਿਆ ਹੋਇਆ ਹੈ। ਇਹ ਇਕ ਓਅੰਕਾਰ ਹੈ ਜੋ ਅਨੇਕ ਹੋ ਕੇ ਪਸਰਿਆ ਹੋਇਆ ਹੈ:

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥

ਪੀਰ ਭੀਖਣ ਸ਼ਾਹ ਦੋ ਹੱਥਾਂ ਵਿਚ ਦੋ ਪਿਆਲੇ ਲੈ ਕੇ ਬਾਲ ਗੋਬਿੰਦ ਕੋਲ ਜਾਂਦਾ ਹੈ। ਮਨ ਵਿਚ ਇਹ ਧਾਰਦਾ ਹੈ ਕਿ ਜੇ ਇਲਾਹੀ ਬਾਲ ਨੇ ਸੱਜੇ ਪਿਆਲੇ 'ਤੇ ਹੱਥ ਧਰਿਆ ਤਾਂ ਉਹ ਹਿੰਦੂਆਂ ਨੂੰ ਵੱਧ ਪਿਆਰ ਕਰੇਗਾ, ਜੇ ਖੱਬੇ 'ਤੇ ਹੱਥ ਧਰਿਆ ਤਾਂ ਮੁਸਲਮਾਨਾਂ ਨੂੰ।






*ਗੱਜਣਵਾਲਾ ਸੁਖਮਿੰਦਰ ਸਿੰਘ ਦੀ ਪੁਸਤਕ 'ਗੁਰੂ-ਘਰ ਦੇ ਬ੍ਰਾਹਮਣ ਸਿੱਖ ਸ਼ਹੀਦ' ਦਾ ਮੁਖੜਾ, ਗੱਜਣਵਾਲਾ ਸੁਖਮਿੰਦਰ ਸਿੰਘ ਅਤੇ (ਸੱਜੇ) ਗੱਜਣਵਾਲਾ ਸੁਖਮਿੰਦਰ ਸਿੰਘ ਦੀ ਇਕ ਹੋਰ ਪੁਸਤਕ 'ਗੁਰੂ ਸਾਹਿਬਾਨ ਦੇ ਮੁਸਲਮਾਨ ਮੁਰੀਦ' ਦਾ ਮੁਖੜਾ।*

ਪੀਰ ਭੀਖਣ ਸ਼ਾਹ ਦੇ ਦੋ ਪਿਆਲੇ ਅਕੀਦਤ ਦੇ ਭਰੇ

ਨੰਨੇ ਨੂਰੀ ਹੱਥ ਜਦੋਂ ਤੂੰ ਹੱਸ ਕੇ ਦੋਹਾਂ ਤੇ ਧਰੇ
ਦੂਰ ਤੱਕ ਇਨਸਾਨੀਅਤ ਦੇ ਸੁੱਕੇ ਰੁੱਖ ਹੋਏ ਹਰੇ
ਜੁਗਾਂ ਤੱਕ ਸੰਦੇਸ਼ ਪਹੁੰਚੇ, ਸਦੀਆਂ ਤੱਕ ਦੀਵੇ ਜਗੇ

ਨੋਬੇਲ ਪੁਰਸਕਾਰ ਜੇਤੂ ਅਮਰੀਕਨ ਸਾਹਿਤਕਾਰ ਪਰਲ ਐੱਸ. ਬੱਕ ਅਨੁਵਾਦ ਵਿਚ ਹੀ ਗੁਰਬਾਣੀ ਦੇ ਵਾਕ ਪੜ੍ਹ ਕੇ ਵਿਭੋਰ ਹੋ ਗਈ ਸੀ। ਉਸ ਨੇ ਲਿਖਿਆ:

ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਸ੍ਰੋਤ ਗ੍ਰੰਥ ਹੈ। ਮਾਨਵ ਦੇ ਬਿਰਹੇ ਦਾ, ਇਕੱਲਤਾ ਦਾ, ਉਹਦੀਆਂ ਤਾਂਘਾਂ ਦਾ, ਉਸ ਦੀ ਲੋਚਾ ਦਾ, ਰੱਬ ਲਈ ਉਸ ਦੀ ਪੁਕਾਰ ਦਾ, ਰੱਬ ਨਾਲ ਗੱਲਾਂ ਕਰਨ ਦੀ ਉਸ ਦੀ ਤੜਪ ਦਾ ਪ੍ਰਗਟਾਉ ਹੈ। ਮੈਂ ਹੋਰ ਵੀ ਬਹੁਤ ਧਰਮਾਂ ਦੇ ਗ੍ਰੰਥ ਪੜ੍ਹੇ। ਹੋਰ ਕਿਤੇ ਹਿਰਦੇ ਅਤੇ ਮਨ ਨੂੰ ਇਸ ਤਰ੍ਹਾਂ ਟੁੰਬਣ ਵਾਲੀ ਸ਼ਕਤੀ ਮਹਿਸੂਸ ਨਹੀਂ ਕੀਤੀ।

ਇਨ੍ਹਾਂ ਮਹਾਨ ਵਿਅਕਤੀਆਂ ਦੇ ਬੋਲ ਸਾਨੂੰ ਸਾਡੇ ਗੁਰੂ ਸਾਹਿਬਾਨ ਪ੍ਰਤੀ ਮਾਣ, ਪਿਆਰ ਅਤੇ ਸ਼ਰਧਾ ਨਾਲ ਭਰ ਦਿੰਦੇ ਹਨ। ਨਾਲ ਹੀ ਇਹ ਸੋਚ ਕੇ ਦੁੱਖ ਵੀ ਹੁੰਦਾ ਹੈ ਕਿ ਸਿੱਖ ਧਰਮ ਦੇ ਕਈ ਜੋਸ਼ੀਲੇ ਪ੍ਰਚਾਰਕ ਨਾਨਕ ਦੇ ਨਿਰਮਲ ਪੰਥ ਦੇ ਮੂਲ ਅੰਮ੍ਰਿਤਮਈ ਸਰਚਸ਼ਮੇ ਤੋਂ ਬਹੁਤ ਦੂਰ ਚਲੇ ਜਾਂਦੇ ਹਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਗਾਥਾ ਸੁਣਾਉਣ ਵੇਲੇ ਉਹ ਮੁਖ਼ਬਰੀ ਕਰਨ ਵਾਲੇ ਗੰਗੂ ਦੇ ਨਾਮ ਨਾਲ ਬਾਹਮਣ ਲਾਉਣਾ ਕਦੀ ਨਹੀਂ ਭੁੱਲਦੇ ਪਰ ਇਹ ਹਮੇਸ਼ਾ ਭੁੱਲ ਜਾਂਦੇ ਹਨ ਕਿ ਭਾਈ ਸਤੀ ਦਾਸ ਤੇ ਭਾਈ ਮਤੀ ਦਾਸ ਜਿਹੜੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨਾਲ ਉਨ੍ਹਾਂ ਦੇ ਨੈਣਾਂ ਸਾਹਮਣੇ ਸ਼ਹੀਦ ਹੋਏ, ਉਹ ਵੀ ਬ੍ਰਾਹਮਣ ਹੀ ਸਨ। ਉਨ੍ਹਾਂ ਦੇ ਨਾਵਾਂ ਨਾਲ ਉਹ ਬ੍ਰਾਹਮਣ ਨਹੀਂ ਜੋੜਦੇ।

ਗੱਜਣਵਾਲਾ ਸੁਖਮਿੰਦਰ ਦੀ ਪੁਸਤਕ 'ਗੁਰੂ-ਘਰ ਦੇ ਬ੍ਰਾਹਮਣ ਸਿੱਖ ਸ਼ਹੀਦ' ਵਿਚ ਗੁਰੂ ਦਰ ਦੇ ਸਿੱਖ ਬ੍ਰਾਹਮਣ ਸ਼ਹੀਦਾਂ ਦੀ ਲੰਮੀ ਫ਼ਹਿਰਿਸਤ ਦੇਖ ਕੇ ਤੇ ਉਨ੍ਹਾਂ ਦੇ ਸਿੱਖੀ ਸਿਦਕ ਦੀਆਂ ਗੌਰਵ ਗਾਥਾਵਾਂ ਪੜ੍ਹ ਕੇ ਮੈਂ ਅਚੰਭਿਤ ਹੋ ਗਿਆ ਕਿ ਇਸ ਨੂੰ ਪੜ੍ਹਨ ਤੋਂ ਪਹਿਲਾਂ ਮੈਂ ਵੀ ਕਿੰਨੇ ਹਨ੍ਹੇਰੇ ਵਿਚ ਸਾਂ ਤੇ ਸਿੱਖ ਬ੍ਰਾਹਮਣ ਸ਼ਹੀਦਾਂ ਦੇ ਸਿਰਫ਼ ਚਾਰ ਨਾਮ ਹੀ ਜਾਣਦਾ ਸਾਂ। ਇਹ ਪੁਸਤਕ ਮੇਰੇ ਵਾਂਗੂੰ ਹੋਰ ਅਨੇਕ ਪਾਠਕਾਂ ਨੂੰ ਇਹ ਚਾਨਣ ਦੇਵੇਗੀ।

ਇਸ ਪੁਸਤਕ ਨੂੰ ਪੜ੍ਹ ਕੇ ਸਿੱਖ ਬ੍ਰਾਹਮਣ ਸ਼ਹੀਦਾਂ ਦੀਆਂ ਸ਼ਹਾਦਤਾਂ ਅਤੇ ਸਿੱਖ ਧਰਮ ਦੀ ਸਾਂਝੀਵਾਲਤਾ ਵਾਲੀ ਪਰੰਪਰਾ ਅੱਗੇ ਤਾਂ ਸਿਰ ਝੁਕਦਾ ਹੀ ਹੈ, ਨਾਲ ਹੀ ਸੁਖਮਿੰਦਰ ਗੱਜਣਵਾਲਾ ਦੀ ਇਸ ਪੁਸਤਕ ਦੇ ਵੱਡੇ ਮਹੱਤਵ ਦਾ ਵੀ ਬੜੀ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ। ਇਸ ਪੁਸਤਕ ਵਿਚ ਲੇਖਕ ਨੇ ਭੱਟ ਕੀਰਤ, ਭਾਈ ਸਿੰਘਾ ਪੁਰੋਹਿਤ, ਭਾਈ ਪੈੜਾ, ਭਾਈ ਮਥਰਾ, ਭਾਈ ਪਿਰਾਗਾ, ਭਾਈ ਜੱਟੂ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਸਾਹਿਬ ਚੰਦ, ਭਾਈ ਰਾਮ ਸਿੰਘ ਕਸ਼ਮੀਰੀ, ਭਾਈ ਕਿਰਪਾ ਸਿੰਘ, ਭਾਈ ਸਨਮੁਖ, ਭਾਈ ਅੜੂ ਰਾਮ, ਭਾਈ ਮੁਕੰਦ ਸਿੰਘ (ਪੁੱਤਰ ਭਾਈ ਮਤੀ ਦਾਸ), ਭਾਈ ਮੁਕੰਦ (ਪੁੱਤਰ ਭਾਈ ਸਤੀ ਦਾਸ), ਭਾਈ ਲਾਲ ਚੰਦ, ਭਾਈ ਚੰਦਨ ਰਾਓ, ਭਾਈ ਸੁੰਦਰ ਸਿੰਘ, ਭਾਈ ਬੂੜ ਸਿੰਘ, ਭਾਈ ਕੇਸ਼ਵ, ਭਾਈ ਜਾਦੋ, ਭੱਟ ਭਾਈ ਕੇਸੋ, ਭੱਟ ਭਾਈ ਹਰੀ, ਭੱਟ ਭਾਈ ਦੇਸਾ, ਭੱਟ ਭਾਈ ਨਰਬਦ, ਭੱਟ ਭਾਈ ਤਾਰਾ, ਭੱਟ ਭਾਈ ਸੇਵਾ, ਭੱਟ ਭਾਈ ਦੇਵਾ, ਭਾਈ ਰਾਇ ਸਿੰਘ, ਭਾਈ ਭੀਮ ਸਿੰਘ, ਭਾਈ ਵਸਾਵਾ ਸਿੰਘ, ਭਾਈ ਚੌਪਤ ਰਾਇ ਜੀ ਅਤੇ ਭਾਈ ਕੋਇਰ ਸਿੰਘ ਤੇਤੀ ਸਿੱਖ ਬ੍ਰਾਹਮਣ ਸ਼ਹੀਦਾਂ ਦੀ ਜੀਵਨ-ਗਾਥਾ ਲਿਖੀ ਹੈ।

ਗੱਜਣਵਾਲਾ ਸੁਖਮਿੰਦਰ ਸਿੰਘ ਨੇ ਬੜੇ ਵਿਸਥਾਰ ਨਾਲ ਗੁਰੂ-ਘਰ ਨਾਲ ਜੁੜੇ ਚਾਰ ਬ੍ਰਾਹਮਣ ਘਰਾਣਿਆਂ, ਭੱਟ, ਛਿੱਬਰ, ਦੱਤ ਅਤੇ ਭਾਈ ਸਿੰਘਾ ਦਾ ਜ਼ਿਕਰ ਕੀਤਾ ਹੈ ਅਤੇ ਹਰ ਸ਼ਹੀਦ ਦਾ ਪੂਰਾ ਪਿਛੋਕੜ ਬਿਆਨ ਸਹਿਤ ਬਿਆਨ ਕੀਤਾ ਹੈ।

ਭੱਟ ਬ੍ਰਾਹਮਣਾਂ ਦੀਆਂ ਲਿਖੀਆਂ ਭੱਟ ਵਹੀਆਂ ਦੇ ਵੱਡੇ ਮਹੱਤਵ ਦਾ ਬਿਆਨ ਕਰਦਿਆਂ ਲੇਖਕ ਲਿਖਦਾ ਹੈ: ਭੱਟ ਵਹੀਆਂ ਭੱਟਾਂ ਦੀ ਨਿੱਜੀ ਜਾਣਕਾਰੀ ਉੱਤੇ ਆਧਾਰਿਤ ਠੋਸ ਲਿਖਤਾਂ ਹਨ। ਇਨ੍ਹਾਂ ਵਿਚੋਂ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰ ਸਬੰਧੀ, ਪ੍ਰਸਿੱਧ ਸਿੱਖਾਂ ਅਤੇ ਉਨ੍ਹਾਂ ਦੇ ਘਰਾਣਿਆਂ ਸਬੰਧੀ ਬਹੁਤ ਲਾਹੇਵੰਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਕਈ ਇਤਿਹਾਸਕ ਸਾਕਿਆਂ ਦਾ ਨਾਵਾਂ, ਥਾਵਾਂ ਅਤੇ ਤਿੱਥੀਆਂ ਸਹਿਤ ਅੱਖੀਂ ਡਿੱਠਾ ਹਾਲ ਇਨ੍ਹਾਂ ਵਿਚ ਦਰਜ ਕੀਤਾ ਹੈ। ਉਸਤਤ ਕਰਦਿਆਂ ਕੁਝ ਅਤਿਕਥਨੀ ਸ਼ਬਦਾਂ ਦੀ ਵਰਤੋਂ ਜ਼ਰੂਰ ਕਰਦੇ ਹੋਣਗੇ, ਪਰ ਉਹ ਨਾਵਾਂ ਥਾਵਾਂ ਦਾ ਵੇਰਵਾ ਗ਼ਲਤ ਨਹੀਂ ਸੀ ਦਿੰਦੇ।

ਇਸ ਪੁਸਤਕ ਦੇ ਸ਼ੁਰੂ ਵਿਚ ਮੰਗਲ ਕਾਮਨਾ ਕਰਦਿਆਂ ਹਰਪਾਲ ਸਿੰਘ ਪੰਨੂ ਲਿਖਦੇ ਹਨ: "ਬਾਣੀਕਾਰ ਬ੍ਰਾਹਮਣ ਭਗਤਾਂ ਅੱਗੇ ਤਾਂ ਅਸੀਂ ਨਿੱਤ ਹੀ ਨਮਸਕਾਰ ਕਰਦੇ ਹਾਂ। ਇਤਿਹਾਸ ਵਿਚ ਸੈਂਕੜੇ ਗੁਰਸਿੱਖ ਬ੍ਰਾਹਮਣ ਅਜਿਹੇ ਹੋਏ ਹਨ ਜਿਹੜੇ ਵੀ ਸ਼ਹੀਦ ਵੀ ਹੋਏ ਅਤੇ ਸਾਹਿਤ ਰਚਨਾ ਦੀ ਵਡਮੁੱਲੀ ਸੇਵਾ ਵੀ ਕੀਤੀ। ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਰਵਾਨਾ ਹੋਣ ਤੋਂ ਪਹਿਲਾਂ ਗੋਬਿੰਦ ਰਾਏ ਦੀ ਵਿੱਦਿਆ ਦੀ ਜ਼ਿੰਮੇਵਾਰੀ ਕਸ਼ਮੀਰੀ ਪੰਡਿਤ ਭਾਈ ਕਿਰਪਾ ਰਾਮ ਨੂੰ ਸੌਂਪੀ ਜੋ 1699 ਈਸਵੀ ਵਿਚ ਅੰਮ੍ਰਿਤ ਛਕ ਕੇ ਭਾਈ ਕਿਰਪਾ ਸਿੰਘ ਅਖਵਾਏ ਤੇ ਚਮਕੌਰ ਦੇ ਯੁੱਧ ਵਿਚ ਸ਼ਹੀਦ ਹੋਏ।"

ਮਨਾਂ ਤੋਂ ਦੁਜੈਗੀਆਂ ਦੇ ਦਾਗ ਧੋਣ ਵਾਲੀਆਂ ਇਹੋ ਜਿਹੀਆਂ ਪੁਸਤਕਾਂ ਦੀ ਸਾਨੂੰ ਬੜੀ ਲੋੜ ਹੈ। ਇਹੋ ਜਿਹੀਆਂ ਪੁਸਤਕਾਂ ਹੀ ਨਫ਼ਰਤ ਅਤੇ ਫ਼ਿਰਕਾਪ੍ਰਸਤੀ ਦੀ ਜ਼ਹਿਰੀਲੀ ਰਾਜਨੀਤੀ ਦੀ ਚੜ੍ਹਤ ਦੇ ਦੌਰ ਵਿਚ ਭਲਿਆਂ ਦੀ ਸ਼ਕਤੀ ਬਣ ਸਕਦੀਆਂ ਹਨ। ਇਸ ਜ਼ਹਿਰ ਪਹਿਰ ਵਿਚ ਸ਼ਬਦ ਅੰਮ੍ਰਿਤ ਹੀ ਸਾਡਾ ਮਸੀਹਾ ਬਣ ਸਕਦਾ ਹੈ।

ਇਹ ਪੁਸਤਕ ਸਾਨੂੰ ਇਤਿਹਾਸਕ ਗਿਆਨ ਵੀ ਦੇਂਦੀ ਹੈ, ਸਿੱਖੀ ਦੀ ਰੂਹ ਨਾਲ ਜੋੜਨ ਵਾਲਾ ਰੂਹਾਨੀ ਚਾਨਣ ਵੀ। ਇਸ ਪੁਸਤਕ ਵਿਚਲਾ ਗਿਆਨ ਉਸ ਅੰਜਨ ਜਿਹਾ ਹੈ ਜਿਸ ਦਾ ਜ਼ਿਕਰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਕਰਦੇ ਹਨ:

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥

ਧਰਮਾਂ, ਜਾਤਾਂ, ਨਸਲਾਂ, ਦੇਸਾਂ, ਕੌਮਾਂ ਵਿਚ ਵੰਡੀ, ਵਾਰ ਵਾਰ ਭਟਕਦੀ, ਵਾਰ ਵਾਰ ਲਹੂ ਲੁਹਾਣ ਹੁੰਦੀ ਮਾਨਵਤਾ ਨੂੰ ਇਸ ਪਰਗਾਸ ਦੀ ਵਾਰ ਵਾਰ ਲੋੜ ਪੈਂਦੀ ਹੈ। ਖੋਟੀ ਰਾਜਨੀਤੀ ਦੇ ਅਲੰਬਰਦਾਰ ਦੇ ਆਪਣੇ ਨਿੱਜੀ ਹਿਤਾਂ ਲਈ ਦਿਨ ਰਾਤ ਅੰਧੀ ਰਯਿਤ ਨੂੰ ਛਲਣ ਲਈ ਕੂੜ ਦਾ ਪਾਸਾਰ ਕਰਦੇ ਰਹਿੰਦੇ ਹਨ। ਨੇਕ ਰੂਹਾਂ, ਦਾਨਿਸ਼ਵਰਾਂ, ਸਾਹਿਤਕਾਰਾਂ, ਪੱਤਰਕਾਰਾਂ ਤੇ ਖਰੀ ਰਾਜਨੀਤੀ ਕਰਨ ਵਾਲਿਆਂ ਦਾ ਇਹ ਕਰਤੱਵ ਹੈ ਕਿ ਕੂੜ ਦੀ ਪਾਲ ਨੂੰ ਆਪਣੇ ਲਫ਼ਜ਼ਾਂ ਦੀ ਲੋਅ ਨਾਲ ਖੀਣ ਕਰਦੇ ਰਹਿਣ ਤਾਂ ਜੋ ਅਸੀਂ ਸਾਰੇ ਮਾਨਵ ਮਨਾਂ ਦੇ ਜੋਤ ਸਰੂਪ ਆਪੇ ਦੀ ਪਛਾਣ ਕਰ ਸਕੀਏ ਤਾਂ ਜੋ ਮਾਨਵਤਾ ਹਲੇਮੀ ਰਾਜ ਸਿਰਜਣ ਦੇ ਮਾਰਗ 'ਤੇ ਚੱਲਦੀ ਰਹੇ।

ਗੱਜਣਵਾਲਾ ਸੁਖਮਿੰਦਰ ਸਾਡਾ ਕੋਮਲ ਤੇ ਵਿਸ਼ਾਲ ਹਿਰਦੇ ਵਾਲਾ ਵਿਵੇਕਸ਼ੀਲ ਪ੍ਰਤਿਭਾਵਾਨ ਲੇਖਕ ਤੇ ਕਾਲਮ ਨਵੀਸ ਹੈ। ਇਸ ਤੋਂ ਪਹਿਲਾਂ 2019 ਗੁਰੂ-ਦਰ ਦੇ ਮੁਸਲਮਾਨ ਮੁਰੀਦਾਂ ਬਾਬਤ ਲਿਖੀ ਕਿਤਾਬ ਗੁਰੂ ਸਾਹਿਬਾਨ ਦੇ ਮੁਸਲਮਾਨ ਮੁਰੀਦ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਕੀਤੀ ਗਈ। ਉਸ ਦੀ ਇਸ ਨਵੀਂ ਰਚਨਾਤਮਕ ਪ੍ਰਾਪਤੀ 'ਤੇ ਉਸ ਨੂੰ ਬਹੁਤ ਬਹੁਤ ਮੁਬਾਰਕਬਾਦ ਦਿੰਦਾ ਹਾਂ।

ਸਾਡੀ ਸੋਚ ਦੇ ਦਿਸਹੱਦਿਆਂ ਨੂੰ ਵਿਸ਼ਾਲ ਕਰਨ ਵਾਲੀ, ਹਿਰਦਿਆਂ ਨੂੰ ਪਿਘਲਾਉਣ ਵਾਲੀ, ਨਜ਼ਰਾਂ ਨੂੰ ਨਿਰਮਲ ਕਰਨ ਵਾਲੀ ਅਤੇ ਤਪਦਿਆਂ ਮਨਾਂ ਤੇ ਰਿਮਝਿਮ ਵਰਸਣ ਵਾਲੀ ਹੈ ਗੱਜਣਵਾਲੇ ਸੁਖਮਿੰਦਰ ਸਿੰਘ ਦੀ ਇਹ ਪੁਸਤਕ। ਯੂਨੀਸਟਾਰ ਬੁੱਕਸ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਦਾ ਟਾਈਟਲ ਸਾਡੇ ਅਜ਼ੀਮ ਚਿੱਤਰਕਾਰ ਸਿੱਧਾਰਥ ਦਾ ਸਿਰਜਿਆ ਹੋਇਆ ਹੈ। ਇਸ ਚਿੱਤਰ ਵਿਚ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰੇ ਜਾਣ ਦਾ ਪ੍ਰਤੀਕਾਤਮਕ ਚਿਤਰਣ ਹੈ। ਮੱਥੇ ਉਪਰਲਾ ਰੱਤਾ ਨਿਸ਼ਾਨ ਇੱਕੋ ਵੇਲੇ ਰੱਤ ਦੀ ਫ਼ੁਹਾਰ, ਤਿਲਕ ਅਤੇ ਕਲਗੀ ਦਾ ਪ੍ਰਭਾਵ ਦਿੰਦਾ ਹੈ। ਲੱਗਦਾ ਹੈ ਪੁਰਖਿਆਂ ਦਾ ਤਿਲਕ ਆਰੇ ਦੇ ਚੀਰ ਵਿਚ ਵਟ ਗਿਆ ਤੇ ਉਸ ਚੀਰ 'ਚੋਂ ਨਿਕਲਦੀ ਰੱਤ ਦੀ ਫੁਹਾਰ ਸ਼ਹਾਦਤ ਦੀ ਸ਼ਾਨ ਜਿਹੀ ਕਲਗੀ ਬਣ ਗਈ।

ਅਜਿਹੀਆਂ ਪੁਸਤਕਾਂ ਨਫ਼ਰਤਾਂ ਦੀ ਰਾਜਨੀਤੀ ਦੇ ਯੁਗ ਵਿਚ ਜਗਤ ਜਲੰਦੇ ਨੂੰ ਠਾਰਨ ਵਿਚ ਸਹਾਈ ਹੁੰਦੀਆਂ ਹਨ ਤੇ ਸਾਨੂੰ ਸੱਚ ਅਤੇ ਪ੍ਰੇਮ ਲਈ ਜਿੰਦ ਵਾਰਨ ਲਈ ਵੀ ਪ੍ਰੇਰਨਾ ਦਿੰਦੀਆਂ ਹਨ।

# ਤਕਨਾਲੋਜੀ, ਚੇਤਨਤਾ ਅਤੇ ਜਮਾਤੀ ਸੰਘਰਸ਼

*(ਪਿਛਲੇ ਸਫੇ ਦੀ ਬਾਕੀ)*

ਵਿਕਾਸ ਨਾਲ ਦੇਸ਼ ਵਿਚ ਰੁਜ਼ਗਾਰ ਘਟਣ ਲੱਗਿਆ ਹੈ। ਇਸ ਨੂੰ ਰੁਜ਼ਗਾਰ ਰਹਿਤ ਵਿਕਾਸ ਕਿਹਾ ਜਾ ਰਿਹਾ ਹੈ। ਹੁਣ ਇਹ ਰੁਜ਼ਗਾਰ ਰਹਿਤ ਤੋਂ ਰੁਜ਼ਗਾਰ ਮਾਰੂ ਵਿਕਾਸ ਵਿਚ ਬਦਲ ਗਿਆ ਹੈ। ਇਸ ਕਰਕੇ ਲੋਕਾਂ ਵਾਸਤੇ ਸੰਘਰਸ਼ ਤੋਂ ਇਲਾਵਾ ਹੋਰ ਕੋਈ ਵੀ ਰਸਤਾ ਨਹੀਂ ਹੈ। ਕਾਰਪੋਰੇਟ ਘਰਾਣੇ ਆਰਥਿਕ ਵਿਕਾਸ ਵਿਚ ਲੋਕਾਂ ਨੂੰ ਹਿੱਸੇਦਾਰ ਬਣਾਉਣ ਨੂੰ ਤਿਆਰ ਨਹੀਂ। ਦੂਜੇ ਪਾਸੇ ਸਮਾਜਿਕ ਸੁਰੱਖਿਆ ਦੀ ਅਣਹੋਂਦ ਹੈ। ਸੱਤਾ ਵਿਚ ਭਾਰੂ ਹਿੱਸੇ ਅਤੇ ਆਗੂਆਂ ਵੱਲੋਂ ਲੋਕਾਂ ਦਾ ਧਰਮ, ਜਾਤ, ਲਿੰਗ ਅਤੇ ਇਲਾਕੇ ਦੇ ਆਧਾਰ 'ਤੇ ਸ਼ੋਸ਼ਣ ਕੀਤਾ ਅਤੇ ਉਨ੍ਹਾਂ ਨੂੰ ਵੰਡਿਆ ਜਾ ਰਿਹਾ ਹੈ। ਇਹ ਹਾਲਾਤ ਜਮਾਤੀ ਸੰਘਰਸ਼ ਲਈ ਔਖੇ ਪਰ ਸਾਜ਼ਗਾਰ ਹਨ।

## ਨਵੀਂ ਅਤੇ ਸੁਚਾਰੂ ਸੋਚ

ਇਨ੍ਹਾਂ ਬਦਲਦੇ ਹਾਲਾਤ ਵਿਚ ਸੰਘਰਸ਼ ਉਲੀਕਣ ਲਈ ਸਰਗਰਮ ਆਗੂਆਂ ਨੂੰ ਉਸਾਰੂ ਸੋਚ ਨਾਲ ਚੱਲਣਾ ਪਵੇਗਾ। ਸੰਘਰਸ਼ ਦੇ ਨਾਲ ਨਾਲ ਨਿਰਮਾਣ ਦੇ ਕਾਰਜ ਬਾਰੇ ਸੋਚ ਕੇ ਇਸ ਨੂੰ ਆਪਣੇ ਏਜੰਡੇ 'ਤੇ ਲਿਆਉਣਾ ਹੋਵੇਗਾ। ਇਸ ਨਿਰਮਾਣ ਦੇ ਕਾਰਜ ਤੋਂ ਕਾਰਪੋਰੇਟ ਵਿਕਾਸ ਮਾਡਲ ਦੇ ਬਦਲਵੇਂ ਮਾਡਲ ਦੇ ਝਲਕਾਰੇ ਮਿਲਣੇ ਚਾਹੀਦੇ ਹਨ। ਇਸ ਮੰਗ ਤੋਂ ਬਚਣਾ ਹੋਵੇਗਾ ਕਿ ਸਾਰਾ ਕੁਝ ਹੀ ਸਰਕਾਰ ਕਰੇ। ਸਮਾਜ ਨੂੰ ਨਵੇਂ ਤਰੀਕੇ ਨਾਲ ਨਿਰਮਾਣ ਦੇ ਰਸਤੇ ਤਲਾਸ਼ਣੇ ਪੈਣਗੇ। ਇਨ੍ਹਾਂ ਰਸਤਿਆਂ 'ਤੇ ਚਲਦਿਆਂ ਵਾਤਾਵਰਨ ਨੂੰ ਬਚਾਉਣ ਵੱਲ ਖ਼ਾਸ ਧਿਆਨ ਦੇਣਾ ਪਵੇਗਾ। ਇਹ ਮਨੁੱਖਤਾ ਨੂੰ ਬਚਾਉਣ ਦਾ ਮਾਮਲਾ ਹੈ ਜਿਸ ਨੂੰ ਕਾਰਪੋਰੇਟ ਕੰਪਨੀਆਂ ਨੇ ਬਿਲਕੁਲ ਵਿਸਾਰ ਰੱਖਿਆ ਹੈ। ਦੇਸ਼ ਵਿਚ ਭਾਸ਼ਾ, ਸਭਿਆਚਾਰ ਅਤੇ ਭੂਗੋਲਿਕ ਹਾਲਾਤ ਕਾਰਨ ਵੱਖ-ਵੱਖ ਇਲਾਕਿਆਂ ਵਿਚ ਵਖਰੇਵੇਂ ਹੋਂਦ ਵਿਚ ਆਏ ਹਨ। ਇਸ ਲਈ ਖੇਤਰੀ ਵੰਨ-ਸਵੰਨਤਾ ਦੇ ਮੱਦੇਨਜ਼ਰ ਨਿਰਮਾਣ ਕਾਰਜ ਉਲੀਕੇ ਜਾਣ। ਇਸ ਕਾਰਜ ਵਾਸਤੇ ਸੰਕੀਰਨਤਾ ਵਾਲੀ ਸੋਚ ਨੂੰ ਛੱਡ ਕੇ ਸਾਂਝੇ ਮੁਹਾਜ਼ ਮਦਦਗਾਰ ਹੋ ਸਕਦੇ ਹਨ। ਇਸੇ ਨਾਲ ਸਮੂਹਿਕ ਲੀਡਰਸ਼ਿਪ ਦੇਸ਼ ਪੱਧਰ 'ਤੇ ਕਾਰਪੋਰੇਟ ਮਾਡਲ ਨੂੰ ਸਫ਼ਲ ਚੁਣੌਤੀ ਦੇ ਸਕਦੀ ਹੈ। ਇਸ ਪ੍ਰਕਿਰਿਆ ਨਾਲ ਲੀਡਰਸ਼ਿਪ ਦੀ ਸੋਚ ਦਾ ਵਿਕਾਸ ਅਤੇ ਸਹੀ ਸਮਝ ਵੀ ਬਰਕਰਾਰ ਰੱਖੇ ਜਾ ਸਕਦੇ ਹਨ।

ਮੌਜੂਦਾ ਸਮਾਜਿਕ, ਆਰਥਿਕ ਅਤੇ ਸਿਆਸੀ ਲਹਿਰ ਦੇ ਸਨਮੁੱਖ ਨਵੀਆਂ ਚੁਣੌਤੀਆਂ ਅਤੇ ਸਮੱਸਿਆਵਾਂ ਹਨ। ਇਨ੍ਹਾਂ ਨੂੰ ਬੌਧਿਕ ਅਤੇ ਵਿਹਾਰਕ ਪੱਧਰ 'ਤੇ ਨਜਿੱਠਣ ਨਾਲ ਸਮਾਜਾਂ ਨੂੰ ਨਵੀਂ ਸਿਧਾਂਤਕ ਸੇਧ ਦਿੱਤੀ ਜਾ ਸਕਦੀ ਹੈ। ਵਿਚਾਰਧਾਰਕ ਜੱਦੋ-ਜਹਿਦ ਨਾਲ ਨਵੇਂ ਲੋਕ ਪੱਖੀ ਸਿਧਾਂਤਕਾਰ ਪੈਦਾ ਹੁੰਦੇ ਹਨ। ਇਹ ਸਮੇਂ ਦੀ ਮੰਗ ਹੈ। ਕਾਰਪੋਰੇਟ ਮਾਡਲ ਖਿਲਾਫ਼ ਹਾਲੈਂਡ ਵਿਚ ਕਿਸਾਨਾਂ ਨੇ ਗਿਣਨਯੋਗ ਜਿੱਤ ਪ੍ਰਾਪਤ ਕੀਤੀ ਹੈ। ਫਰਾਂਸ ਅਤੇ ਬਰਤਾਨੀਆ ਦੇ ਡਾਕਟਰ, ਨਰਸਾਂ ਅਤੇ ਮਿਹਨਤਕਸ਼ ਲੋਕ ਮੁਜ਼ਾਹਰੇ ਕਰ ਰਹੇ ਹਨ।

ਨਵੀਂ ਤਕਨਾਲੋਜੀ ਦੇ ਦੌਰ ਵਿਚ ਲੋਕ ਵਿਆਪਕ ਸਮਾਜਿਕ ਸੁਰੱਖਿਆ ਅਤੇ ਘੱਟੋ ਘੱਟ ਆਮਦਨ ਦੀ ਗਾਰੰਟੀ ਚਾਹੁੰਦੇ ਹਨ। ਭਾਰਤ ਵਿਚ ਇਹ ਮੁੱਦੇ ਸੰਘਰਸ਼ ਵਿਚ ਸ਼ਾਮਲ ਕਰਨਯੋਗ ਹਨ। ਸੰਘਰਸ਼ਾਂ ਨੂੰ ਆਰਥਿਕ ਮੁੱਦਿਆਂ ਦੇ ਨਾਲ ਨਾਲ ਸਿਆਸੀ ਵਿਚਾਰਧਾਰਾ ਨਾਲ ਜੋੜ ਕੇ ਲੋਕ-ਪੱਖੀ ਪਾਰਟੀਆਂ ਨੂੰ ਮਜ਼ਬੂਤ ਕਰਨਾ ਸਮਝ ਦਾ ਹਿੱਸਾ ਬਣਾਉਣਾ ਪਵੇਗਾ। ਜਮਹੂਰੀਅਤ ਨੂੰ ਡੂੰਘਾ ਤੇ ਵਿਸ਼ਾਲ ਕਰਨਾ, ਧਰਮ ਨਿਰਪੱਖਤਾ ਕਾਇਮ ਰੱਖਦਿਆਂ ਬੇਇਨਸਾਫ਼ੀ ਅਤੇ ਸ਼ੋਸ਼ਣ ਖਿਲਾਫ਼ ਸੰਘਰਸ਼ਾਂ ਨੂੰ ਸੇਧਣਾ ਲੋਕ ਲਹਿਰ ਨੂੰ ਮਜ਼ਬੂਤ ਕਰ ਸਕਦੇ ਹਨ। ਇਹ ਰਸਤਾ ਸਮਾਜਿਕ ਸੁਰੱਖਿਆ, ਨਿਆਂ, ਬਰਾਬਰੀ, ਸਾਂਝੀਵਾਲਤਾ ਅਤੇ ਵਾਤਾਵਰਨ ਦੀ ਸੰਭਾਲ ਵੱਲ ਜਾਂਦਾ ਹੈ। ਇਸ ਨੂੰ ਸਮਾਜਵਾਦ ਦੀ ਪ੍ਰਾਪਤੀ ਵਾਸਤੇ ਮੁੱਢਲਾ ਕਦਮ ਵੀ ਕਿਹਾ ਜਾ ਸਕਦਾ ਹੈ। ਇਸ ਕਰ ਕੇ ਸਮਾਜਿਕ ਲੋਕ ਲਹਿਰ ਨੂੰ ਵਿਹਾਰਕ ਮਸਲਿਆਂ ਨੂੰ ਨਜਿੱਠਦਿਆਂ ਵੱਡੀ ਵਿਚਾਰਧਾਰਕ ਲੜਾਈ ਕਾਰਪੋਰੇਟ ਸੋਚ ਨਾਲ ਵੀ ਲੜਨੀ ਪਵੇਗੀ। ਇਹ ਗੱਲ ਸਾਫ਼ ਹੈ ਕਿ ਆਮ ਲੋਕਾਂ ਨੂੰ ਕੰਟਰੋਲ ਕਰਨ ਵਾਸਤੇ ਕਾਰਪੋਰੇਟ ਜਗਤ ਵੱਲੋਂ ਵਰਤੀ ਜਾ ਰਹੀ ਤਕਨਾਲੋਜੀ ਸਮਾਜਿਕ ਲਹਿਰ ਲਈ ਵਰਤ ਕੇ ਸਮਾਜ ਦੇ ਵਿਕਾਸ ਦੀ ਦਿਸ਼ਾ ਲੋਕਾਂ ਦੇ ਹਿੱਤ ਵਿਚ ਮੋੜੀ ਜਾ ਸਕਦੀ ਹੈ।

# ਸ਼ਬਦ ਦੀ ਚੇਤਨਾ ਅਤੇ ਸ਼ਾਸਨ

**ਇਹ ਆਮ ਧਾਰਨਾ ਹੈ ਕਿ ਸਾਹਿਤ ਇੱਕ ਸਿਰਜਣਾ ਹੈ। ਹਰ ਕੋਈ ਲਿਖਤ ਸਾਹਿਤਕ ਨਹੀਂ ਹੁੰਦੀ ਕਿਉਂਕਿ ਉਹ ਸਿਰਜਣਾਤਮਕ ਨਹੀਂ ਹੁੰਦੀ ਪਰ ਸਿਰਜਣਾ ਕੀ ਹੈ? ਸਿਰਫ ਪ੍ਰਗਟਾਵਾ ਤਾਂ ਸਿਰਜਣਾ ਨਹੀਂ ਹੋ ਸਕਦਾ ਕਿਉਂਕਿ ਪ੍ਰਗਟਾਵਾ ਤਾਂ ਉਸ ਦਾ ਹੁੰਦਾ ਹੈ ਜੋ ਪਹਿਲਾਂ ਹੀ ਹੈ...**

## ਕਲਾ ਪਰਿਕਰਮਾ

ਆਤਮ-ਹੱਤਿਆ ਕਰਨ ਤੋਂ ਪਹਿਲਾਂ ਵਰਜੀਨੀਆ ਵੂਲਫ ਨੇ ਤਿੰਨ ਪੱਤਰ ਲਿਖੇ। ਦੋ ਆਪਣੇ ਪਤੀ ਲਿਓਨਾਰਡ ਵੂਲਫ ਲਈ, ਇਕ ਭੈਣ ਵਨੈਸਾ ਲਈ। ਪਤੀ ਲਈ ਲਿਖੇ ਦੋ ਪੱਤਰ ਮਾਮੂਲੀ ਫ਼ਰਕ ਨੂੰ ਛੱਡ ਕੇ ਲਗਭਗ ਇੱਕੋ ਜਿਹੇ ਹਨ ਪਰ ਉਸ ਲਈ ਇਹ ਫ਼ਰਕ ਮਾਮੂਲੀ ਨਹੀਂ ਸੀ। ਉਹ ਪਹਿਲੇ ਪੱਤਰ ਨਾਲ ਖ਼ੁਸ਼ ਨਹੀਂ ਸੀ। ਇਸ ਨੂੰ ਹੋਰ ਚੰਗਿਆਂ ਲਿਖਿਆ ਜਾਣਾ ਚਾਹੀਦਾ ਸੀ। ਉਸ ਨੂੰ ਲੱਗਿਆ ਹੋਵੇਗਾ ਕਿ ਲਿਖਤ ਚੰਗੀ ਹੋਣੀ ਚਾਹੀਦੀ ਹੈ, ਚਾਹੇ ਖ਼ੁਦਕੁਸ਼ੀ ਨੋਟ ਹੀ ਕਿਉਂ ਨਾ ਹੋਵੇ।

ਵੂਲਫ ਦਾ ਆਖ਼ਰੀ ਖ਼ੁਦਕੁਸ਼ੀ ਨੋਟ ਬਿਹਤਰੀਨ ਵਾਰਤਕ ਦਾ ਨਮੂਨਾ ਹੈ। ਇਸ ਵਿਚ ਸਾਦਗੀ ਹੈ, ਸਪੱਸ਼ਟਤਾ ਹੈ, ਦਲੀਲ ਹੈ, ਜਜ਼ਬਾ ਹੈ, ਕਿਰਦਾਰ ਹੈ। ਵੂਲਫ ਇਸ ਵਿਚ ਆਪਣੀ ਆਖ਼ਰੀ ਲੜਾਈ ਲੜ ਰਹੀ ਹੈ। ਲਿਖਤ ਦੀ ਸੁਚੇਤ ਵਿਉਂਤਬੰਦੀ ਨਾਲ ਪਾਗਲਪਣ ਨੂੰ ਹਰਾਉਣ ਦੀ ਲੜਾਈ।



**ਰਾਜੇਸ਼ ਸ਼ਰਮਾ**
**ਫੋਨ: +91-78379-60942**


ਉਹ ਮਰਨਾ ਨਹੀਂ ਸੀ ਚਾਹੁੰਦੀ। ਉਹ ਲਿਓਨਾਰਡ ਨੂੰ ਬੇਹੱਦ ਪਿਆਰ ਕਰਦੀ ਸੀ, ਜਿਵੇਂ ਉਹ ਉਸ ਨੂੰ ਕਰਦਾ ਸੀ ਪਰ ਉਸ ਨੂੰ ਆਪਣਾ ਪੰਝੀ ਸਾਲ ਪੁਰਾਣਾ ਮਾਨਸਿਕ ਰੋਗ ਵਾਪਸ ਆਉਂਦਾ ਦਿਸ ਰਿਹਾ ਸੀ। ਹੁਣ ਉਸ ਲਈ ਲਿਖਣਾ ਵਸੋਂ ਬਾਹਰ ਹੋ ਰਿਹਾ ਸੀ। ਅੱਗੋਂ ਉਹ ਪੜ੍ਹ ਵੀ ਨਹੀਂ ਸਕੇਗੀ। ਉਸ ਨੇ ਵਰ੍ਹਿਆਂ ਦੀ ਲੰਮੀ ਸਾਧਨਾ ਕਰ ਕੇ ਸ਼ਬਦ ਕਮਾਇਆ ਸੀ। ਦੇਖਣਾ, ਸੋਚਣਾ, ਸਮਝਣਾ, ਮਹਿਸੂਸ ਕਰਨਾ, ਬਿਆਨ ਕਰਨਾ ਸਾਧਿਆ ਸੀ। ਉਸ ਨੇ ਕਿਸੇ ਵੇਲੇ ਲਿਖਿਆ ਸੀ: 'ਵੱਡੇ ਹੋ ਜਾਣ ਦਾ ਮਤਲਬ ਹੁੰਦਾ ਹੈ ਕੁਝ ਭਰਮਾਂ-ਭੁਲੇਖਿਆਂ ਨੂੰ ਪਿੱਛੇ ਛੱਡ ਆਉਣਾ ਤਾਂ ਜੋ ਕੋਈ ਹੋਰ ਭਰਮ-ਭੁਲੇਖੇ ਪਾਲੇ ਜਾ ਸਕਣ'। ਰੌਸ਼ਨੀ ਵਿਚ ਅਜਿਹੇ ਇਸ਼ਨਾਨ ਤੋਂ ਬਾਅਦ ਚੇਤਨਾ ਦਾ ਮੁੜ ਗੰਧਲੇ, ਧੁੰਦਲੇ ਅਤੇ ਹਨੇਰੇ ਹੋ ਜਾਣਾ ਉਸ ਨੂੰ ਮਨਜ਼ੂਰ ਨਹੀਂ ਸੀ। ਜ਼ਾਹਿਰ ਹੈ ਉਹ ਹਨੇਰਿਆਂ ਤੋਂ ਭੈਅ ਨਹੀਂ ਸੀ ਖਾਂਦੀ। ਉਸ ਨੂੰ ਭਾਸ਼ਾ ਦੇ ਸਾਥ ਛੱਡ ਦੇਣ ਦਾ ਭੈਅ ਸੀ ਜਿਸ ਦੀ ਪੌੜੀ ਲਾ ਕੇ ਉਹ ਆਪਣੇ ਨਰਕ ਅੰਦਰ ਵੀ ਉਤਰੀ ਸੀ। 'ਮਿਸਜ਼ ਡੈਲੋਵੇਅ' ਇਸੇ ਯਾਤਰਾ ਦਾ ਨਾਵਲ ਹੈ। ਸ਼ਬਦ ਉਸ ਦੀਆਂ ਇੰਦਰੀਆਂ ਸਨ, ਗਿਆਨ ਅਤੇ ਕਰਮ ਇੰਦਰੀਆਂ। ਬਿਨਾ ਸਾਫ਼ ਦੇਖੇ ਜ਼ਿੰਦਗੀ ਦੀ ਰਾਹ ਉੱਪਰ ਕਿਵੇਂ ਤੁਰਦੀ ਰਹਿੰਦੀ ਉਹ? ਪਰ ਸ਼ਬਦ ਉਸ ਨੂੰ ਛੱਡ ਕੇ ਜਾ ਰਹੇ ਸਨ। ਚੇਤਨਾ ਦੇ ਦੀਵੇ ਬੁਝ ਰਹੇ ਸਨ। ਉਸ ਨੇ ਆਪਣੀਆਂ ਜੇਬਾਂ ਵਿਚ ਪੱਥਰ ਭਰ ਲਏ ਅਤੇ ਦਰਿਆ ਅੰਦਰ ਉਤਰ ਗਈ।

ਸਾਹਿਤ ਦਾ ਪਾਠ ਚੇਤਨਾ ਨੂੰ ਵਿਸਤਾਰ ਦਿੰਦਾ ਹੈ। ਇੱਕ ਸਦੀ ਪੁਰਾਣੀ ਔਵਨ ਬਾਰਨਫੀਲਡ ਦੀ ਇਹ ਗੱਲ ਹੈਰਲਡ ਬਲੂਮ ਸਾਡੇ ਸਮਿਆਂ ਵਿਚ ਦੁਹਰਾਉਂਦਾ ਹੈ ਪਰ ਲਾਜ਼ਮੀ ਹੈ ਕਿ ਸਾਹਿਤਕਾਰ ਦੀ ਆਪਣੀ ਚੇਤਨਾ ਵੀ ਰਚਨਾ ਦੇ ਅਨੁਭਵ ਵਿਚ ਵਿਸਤਾਰ ਲੈਂਦੀ ਹੈ। ਜੇ ਸ਼ਬਦ ਚੇਤਨਾ ਦਾ ਘਰ ਹੈ ਤਾਂ ਸਾਹਿਤਕਾਰ ਨੂੰ ਚੇਤਨਾ ਦਾ ਮੁਹਾਫ਼ਿਜ਼ ਕਹਿਣਾ ਗ਼ਲਤ ਨਹੀਂ ਹੋਵੇਗਾ। ਸੱਭਿਅਤਾ ਦੀ ਤਰੱਕੀ ਸ਼ਬਦ-ਚਿੰਤਨ ਅਤੇ ਵਿਸਤਾਰ ਨਾਲ ਡੂੰਘਿਆਂ ਜੁੜੀ ਹੋਈ ਹੈ ਕਿਉਂਕਿ ਮਨੁੱਖੀ ਚੇਤਨਾ ਸ਼ਬਦ ਵਿਚ ਰੂਪ ਲੈਂਦੀ ਹੈ। ਚੇਤਨਾ ਦਾ ਸਵੈ-ਰੂਪ ਸ਼ਬਦ ਹੈ।

ਸੱਭਿਅਤਾ ਵਾਰ-ਵਾਰ ਉੱਥੇ ਜਾ ਪਹੁੰਚੀ ਹੈ ਜਿੱਥੇ ਸ਼ਾਸਨ-ਤੰਤਰ ਅਤੇ ਮਨੁੱਖੀ ਚੇਤਨਾ ਵਿਚ ਤਣਾਅ ਪੈਦਾ ਹੁੰਦਾ ਰਿਹਾ ਹੈ। ਸ਼ਾਸਨ-ਤੰਤਰ ਦਾ ਸੁਭਾਅ ਹੈ ਦਾਬਾ ਰੱਖਣਾ, ਕੰਟਰੋਲ ਰੱਖਣਾ। ਖੁੱਲ੍ਹੇ ਸ਼ਾਸਨ-ਤੰਤਰ ਚੇਤਨਾ ਦੇ ਵਿਸਤਾਰ ਨੂੰ ਚੰਗੇ ਮੌਕੇ ਵਜੋਂ ਦੇਖਦੇ ਹਨ। ਤੰਗਦਿਲ ਅਤੇ ਨਿੱਕੇ ਜ਼ਿਹਨ ਵਾਲੇ, ਭਾਵ ਤਾਨਾਸ਼ਾਹੀ, ਸ਼ਾਸਨ-ਤੰਤਰ ਇਸੇ ਲਈ ਸਾਹਿਤ ਤੋਂ ਭੈਅ ਖਾਂਦੇ ਹਨ। ਹੈਰਾਨੀ ਦੀ ਗੱਲ ਨਹੀਂ ਕਿ ਨਿਰੰਕੁਸ਼ ਸ਼ਾਸਨ-ਤੰਤਰ ਤਕਨਾਲੋਜੀ ਤੋਂ ਨਹੀਂ ਡਰਦੇ ਪਰ ਸਾਹਿਤ ਤੋਂ ਡਰਦੇ ਹਨ। ਕਿਉਂਕਿ ਸਾਹਿਤ ਵਿਚ ਸ਼ਬਦ 'ਵਰਤੇ ਜਾਣ' ਦੀ, ਇਸਤੇਮਾਲ ਮਾਤਰ ਕੀਤੇ ਜਾਣ ਦੀ ਮਨਸ਼ਾ ਨੂੰ ਵੰਗਾਰਦਾ ਹੈ। ਦਰਅਸਲ, ਸਾਹਿਤ ਅੰਦਰ ਸ਼ਬਦ ਆਪਣੇ ਸਵੈ-ਰੂਪ ਦੀਆਂ ਸੰਭਾਵਨਾਵਾਂ ਨੂੰ ਜਿਊਂਦਾ ਹੈ। ਉਹ ਰੂਪ ਹੈ ਚੇਤਨਾ ਦੇ ਦੁਮੇਲਾਂ ਦਾ ਨਿਰੰਤਰ ਵਿਸਤਾਰ। ਤਾਨਾਸ਼ਾਹੀ ਸ਼ਾਸਨ-ਤੰਤਰ ਜਨ ਚੇਤਨਾ ਨੂੰ ਸ਼ਬਦ ਚੇਤਨਾ ਦੇ ਅਸੀਮ ਵਿਸਤਾਰ ਦੀਆਂ ਸੰਭਾਵਨਾਵਾਂ ਤੋਂ ਵਾਂਝਿਆਂ ਰੱਖਣ ਲਈ ਯਤਨ ਕਰਦਾ ਰਹਿੰਦਾ ਹੈ।



ਵਰਜੀਨੀਆ ਵੂਲਫ



ਹੈਰਲਡ ਬਲੂਮ



ਹਾਲਡਰਲਿਨ

ਇਸ ਲਈ ਸਾਹਿਤ ਰਚਨਾ ਦੀ ਆਜ਼ਾਦੀ ਸਿਰਫ਼ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨਹੀਂ। ਸੰਵੇਦਨਾ ਜਿਸ ਵਿਚ ਵਿਚਾਰ ਅਤੇ ਭਾਵ ਸ਼ਾਮਿਲ ਹਨ, ਦੀਆਂ ਸੰਭਾਵਨਾਵਾਂ ਨੂੰ ਖੁੱਲ੍ਹਿਆਂ ਰੱਖਣ ਦੀ ਆਜ਼ਾਦੀ ਹੈ। ਇੰਝ ਇਹ ਚੇਤਨਾ ਦੇ ਹੋਰ ਵਿਸਤਾਰ ਦੀਆਂ ਸੰਭਾਵਨਾਵਾਂ ਨੂੰ ਸਾਂਭਣ, ਸਹੇਜਣ, ਪੋਸ਼ਿਤ ਕਰਨ ਦੀ ਆਜ਼ਾਦੀ ਹੈ।

ਇਹ ਆਮ ਧਾਰਨਾ ਹੈ ਕਿ ਸਾਹਿਤ ਇੱਕ ਸਿਰਜਣਾ ਹੈ। ਹਰ ਕੋਈ ਲਿਖਤ ਸਾਹਿਤਕ ਨਹੀਂ ਹੁੰਦੀ ਕਿਉਂਕਿ ਉਹ ਸਿਰਜਣਾਤਮਕ ਨਹੀਂ ਹੁੰਦੀ। ਪਰ ਸਿਰਜਣਾ ਕੀ ਹੈ? ਸਿਰਫ਼ ਪ੍ਰਗਟਾਵਾ ਤਾਂ ਸਿਰਜਣਾ ਨਹੀਂ ਹੋ ਸਕਦਾ ਕਿਉਂਕਿ ਪ੍ਰਗਟਾਵਾ ਤਾਂ ਉਸ ਦਾ ਹੁੰਦਾ ਹੈ ਜੋ ਪਹਿਲਾਂ ਹੀ ਹੈ। ਜਿਸ ਨੂੰ ਅਰਸਤੂ ਅਨੁਕਰਣ ਕਹਿੰਦਾ ਹੈ, ਉਹ ਵਿਸ਼ੇ-ਵਸਤੂ ਦੀ ਨਕਲ ਨਹੀਂ ਸਗੋਂ ਸਿਰਜਣਾ ਦੀ ਵਿਧੀ ਦਾ ਅਨੁਕਰਨ ਹੈ। ਇਸੇ ਲਈ ਅਰਸਤੂ ਕਾਵਿ ਨੂੰ ਵਿਗਿਆਨ ਅਤੇ ਦਰਸ਼ਨ ਸ਼ਾਸਤਰ ਦੇ ਬਰਾਬਰ 'ਸੱਚ' ਦਾ ਮਾਧਿਅਮ ਦੱਸਦਾ ਹੈ ਅਤੇ ਕਵੀ ਦੀ ਤੁਲਨਾ ਕਾਇਨਾਤ ਦੇ ਸਿਰਜਣਹਾਰ ਨਾਲ ਕਰਦਾ ਹੈ। ਉਸ ਅਨੁਸਾਰ ਕਲਾ ਦੇ ਮਾਅਨੇ ਹਨ, ਕੁਝ ਅਜਿਹਾ ਹੋਂਦ ਵਿਚ ਲਿਆਉਣਾ ਜੋ ਪਹਿਲਾਂ ਮੌਜੂਦ ਨਹੀਂ ਸੀ।

ਦੂਜੇ ਸ਼ਬਦਾਂ ਵਿਚ ਸਾਹਿਤ ਦੀ ਸਿਰਜਣਾ ਸ੍ਰਿਸ਼ਟੀ ਦਾ ਵਿਸਤਾਰ ਕਰਦੀ ਹੈ। ਜੋ ਕੁਝ ਹੈ, ਉਸ ਵਿਚ ਨਵਾਂ ਜੋੜਦੀ ਹੈ। ਤੰਤਰ ਦੀ ਪਰੰਪਰਾ ਵਿਚ ਸ੍ਰਿਸ਼ਟੀ ਨੂੰ ਨਾਦ ਅਤੇ ਬਿੰਦੂ ਦੇ ਵਿਸਤਾਰ ਦੇ ਰੂਪ ਵਿਚ ਦੇਖਿਆ ਗਿਆ ਹੈ। ਨਾਦ ਮੂਲ ਧੁਨੀ ਹੈ ਅਤੇ ਬਿੰਦੂ ਮੂਲ ਦ੍ਰਿਸ਼। ਨਾਦ ਅਤੇ ਬਿੰਦੂ ਦਾ ਇਹ ਸੰਕਲਪ ਸਾਹਿਤ ਦੇ ਰਚੇਤਾ ਅਤੇ ਪਾਠਕ, ਦੋਵਾਂ ਦਾ ਧਿਆਨ ਲਿਖਤ ਦੇ ਮੂਲ ਤੱਤਾਂ ਵੱਲ ਖਿਚਦਾ ਹੈ ਅਤੇ ਕਲਪਨਾ ਦੁਆਰਾ ਦੇਹ ਨੂੰ ਧਾਰਣ ਕਰਨ ਦੇ ਸਫ਼ਰ ਦੇ ਪੜਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ।

ਕੁਝ ਸਮਾਂ ਪਹਿਲਾਂ ਅੰਗਰੇਜ਼ੀ ਵਿਚ ਅਨੁਵਾਦ ਹੋਈ ਇਤਾਲਵੀ ਚਿੰਤਕ ਜੌਰਜੀਓ ਅਗਾਂਬਨ ਦੀ ਪੁਸਤਕ 'ਜਦੋਂ ਘਰ ਸੜ ਕੇ ਸੁਆਹ ਹੋ ਜਾਏ' ਵਿਚ ਭਾਸ਼ਾ ਦੇ ਰਾਜਨੀਤੀ ਅਤੇ ਕੰਮ-ਧੰਦੇ ਨਾਲ ਰਿਸ਼ਤਿਆਂ ਉਪਰ ਮਹੱਤਵਪੂਨ ਅੰਤਰ-ਦ੍ਰਿਸ਼ਟੀ ਮਿਲਦੀ ਹੈ। ਭਾਸ਼ਾ ਨੂੰ ਅੱਜ ਕੱਲ੍ਹ ਆਮ ਤੌਰ ਉੱਪਰ ਦੋ ਪੱਖਾਂ ਤੋਂ ਦੇਖਿਆ ਜਾਂਦਾ ਹੈ। ਇੱਕ ਹੈ ਪ੍ਰਾਪੇਗੰਡਾ, ਦੂਜਾ ਹੈ ਸੰਚਾਰ। ਇਨ੍ਹਾਂ ਤੋਂ ਪਰ੍ਹੇ ਭਾਸ਼ਾ ਦੀ ਨਿਰੋਲ ਆਪਣੀ ਹਸਤੀ ਵੀ ਹੁੰਦੀ ਹੈ। ਸਾਧਨ ਵਜੋਂ ਉਸ ਦੇ ਇਸਤੇਮਾਲ ਤੋਂ ਬਾਹਰ। ਕਾਵਿ ਉਹ ਥਾਂ ਹੈ ਜਿੱਥੇ ਭਾਸ਼ਾ ਦੀ ਨਿਰੋਲ ਹਸਤੀ ਸੰਭਾਲ ਕੇ, ਬਚਾ ਕੇ ਰੱਖੀ ਹੁੰਦੀ ਹੈ, ਰੱਖੀ ਜਾ ਸਕਦੀ ਹੈ, ਰੱਖੀ ਜਾਂਦੀ ਹੈ। ਇਹੀ ਥਾਂ ਅੰਦਰ ਮਨੁੱਖ ਦੀ ਆਜ਼ਾਦੀ ਦਾ ਗਰਭ-ਗ੍ਰਹਿ ਹੁੰਦੀ ਹੈ। ਇਸੇ ਅੰਦਰ ਮਨੁੱਖੀ ਚੇਤਨਾ ਦੀਆਂ ਸੰਭਾਵਨਾਵਾਂ ਸੁਰੱਖਿਅਤ ਪਈਆਂ ਹੁੰਦੀਆਂ ਹਨ। ਜਰਮਨ ਕਵੀ ਹਾਲਡਰਲਿਨ ਆਪਣੇ 'ਪਾਗਲਪਣ' ਵਿਚ ਭਾਸ਼ਾ ਦੀ ਨਿਰੋਲ ਹਸਤੀ ਨੂੰ ਸੰਭਾਲ ਰਿਹਾ ਸੀ। ਚੇਤਨਾ ਦੇ ਵਿਸਤਾਰ ਦੀਆਂ ਸੰਭਾਵਨਾਵਾਂ ਉੱਪਰ ਪਹਿਰਾ ਦੇ ਰਿਹਾ ਸੀ। ਉਹ ਪਾਗਲ ਨਹੀਂ ਸੀ। ਮਨੁੱਖੀ ਆਜ਼ਾਦੀ ਦਾ ਜਨੂਨੀ ਰਖਵਾਲਾ ਸੀ। ਵਰਜੀਨੀਆ ਵੂਲਫ ਦੀ ਆਤਮ-ਹੱਤਿਆ ਚੇਤਨਾ ਉੱਪਰ ਮੰਡਰਾਉਂਦੇ ਲਕਵੇ ਦੇ ਪਰਛਾਵਿਆਂ ਤੋਂ ਆਉਂਦੇ ਭੈਅ ਦਾ ਨਤੀਜਾ ਸੀ। ਘਟੀ ਹੋਈ ਅਤੇ ਲੀਰੋ ਲੀਰ ਹੋ ਗਈ ਚੇਤਨਾ ਨਾਲ ਜ਼ਿੰਦਗੀ ਬਿਤਾਉਣ ਮਾਤਰ ਦੇ ਖ਼ਿਲਾਫ਼ ਬਗ਼ਾਵਤ ਸੀ।

## ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਜੂਨ 2023 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-591



ਜ਼ਿੰਦਾ ਦਿਲੀ ਦਾ ਦੂਜਾ ਨਾਮ ਹੈ ਜ਼ਿੰਦਗੀ,
ਖ਼ੁਦ ਹੀ ਕਮਾ ਕੇ ਖਾਣਾ ਸੱਚੀ ਹੈ ਬੰਦਗੀ।
ਕਹਿੰਦੇ ਨੇ ਮੰਗਣ ਗਿਆ ਸੋ ਮਰ ਗਿਆ,
ਵਰਨਾ ਇਹ ਜੀਣਾ ਨਿਰੀ ਹੈ ਦਰਿੰਦਗੀ।

### ਕੈਪਸ਼ਨ ਮੁਕਾਬਲਾ-589



ਦਸਾਂ ਨਹੁੰਆਂ ਦੀ ਕਿਰਤ ਹੈ ਚੰਗੀ,
ਨਾਲ਼ ਅਣਖ ਦੇ ਜਿਉਣਾ,
ਉਮਰਾਂ ਨੇ ਝੰਬ ਦਿੱਤੀ ਹੈ ਭਾਵੇਂ ਮਾਂ,
ਪਰ ਮਿਹਨਤ ਨ ਮਿਹਣਾ ਲ
ਵਿਹਲੜਾਂ ਨੂੰ ਹੈ ਸਬਕ ਸਿਖਾਂਦੀ,
ਜ਼ਰਾ ਦੇਖਲੋ ਇਹ ਤਸਵੀਰ,
ਕਹਿਣ ਨੂੰ ਭਾਵੇਂ ਅੰਮ੍ਰਿਤਕਾਲ ਹੈ,
ਪਰ ਨਹੀਂ ਬਦਲੀ ਤਕਦੀਰ।
***-ਸੇਵਾ ਸਿੰਘ "ਨੂਰਪੁਰੀ"***

---

ਮਿਹਨਤ ਕਰਦਿਆਂ ਕੁੱਬ ਨਿਕਲਿਆ
ਢੂਹੀ ਬਣ ਗਈ ਵਾਂਗ ਕਮਾਨ।
ਆਪਣੇ ਜਿਗਰ ਦੇ ਟੋਟੇ ਤਾਈਂ
ਕੋਲ਼ੇ ਰੱਖ ਲਿਆ ਵਾਂਗ ਸਮਾਨ।
ਗਾਹਕਾਂ ਤਾਈਂ ਆਵਾਜ਼ਾਂ ਮਾਰੇ
"ਨਾਰੀਅਲ ਪਾਣੀ ਹੈ ਵਰਦਾਨ"
ਖ਼ੁਦ ਕਦੇ ਨਾ ਜੀਭ ਨੂੰ ਲਾਇਆ
ਕਿੰਨਾ ਬੇਵਸ ਹੈ ਇਨਸਾਨ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

ਰੱਬ ਦਾ ਸ਼ੁਕਰ ਕਰ,
ਬੰਦਿਆ ਤੂੰ ਬਹੁਤਿਆਂ ਨਾਲੋਂ ਚੰਗਾ।
ਸਾਹਿਲੀ ਕਿਨਾਰੇ ਬੈਠਾ ਨਾਰੀਅਲ ਵੇਚੇ
ਤਨ ਤੋਂ ਵਿਚਾਰਾ ਨੰਗਾ।
ਪੋਤੇ ਨੂੰ ਵੀ ਖੇਡਦੇ ਨੀਂਦ ਘੇਰਿਆ,
ਨਾਰੀਅਲ ਢੇਰੀ 'ਤੇ ਪਿਆ ਨੰਗ ਧੜੰਗਾ।
ਨਾਲੇ ਬਜ਼ੁਰਗ ਡਰੇ ਮੌਨਸੂਨ ਤੋਂ,
ਗਾਹਕ ਨ੍ਹੀਂ ਮਿਲਣਾ, ਹੋਜੂ ਪੰਗਾ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਨਿੱਤ ਨਾਰੀਓਲ ਤੋੜਦੇ ਤੋੜਦੇ
ਬੁੱਢਾ ਹੋ ਸਰੀਰ ਪਿੰਜਰ ਹੋ ਗਿਆ
ਬਾਪੂ ਕੋਲੋਂ ਕਿੱਤਾ ਸਿੱਖਦੇ
ਮਜ਼ਦੂਰੀ ਦੇ ਵਿਚ ਬਚਪਨ ਖੋ ਗਿਆ।
ਅੱਖਾਂ ਵਾਲੇ ਫਲ ਦੀ ਗੋਦ 'ਚ
ਬੇਫਿਕਰ ਹੋ ਨਿਆਣਾ ਸੌਂ ਗਿਆ।
***-ਹਰਜੋਤ ਕੌਰ***
***ਫੋਨ: 734-883-6704***

---

ਨਾਰੀਅਲ ਤੋੜਨਾ ਵੇਲ (ਡਾਲੀ) ਨੂੰ
ਮਰੋੜ ਮਰੋੜ
ਵਾਂਗ ਹੈ ਸ਼ਹਿਤੂਤ ਦੀ ਛਿਟੀ ਤੋੜਨਾ
ਸਾਰੀ ਉਮਰ ਇਹੋ ਕਿਰਤ ਕਰ
ਬਜ਼ੁਰਗ ਦੀਆਂ ਆਂਦਰਾਂ ਹੀ
ਸੁੰਗੜ ਗਈਆਂ।
ਨਿੱਕਾ ਜੁਆਕ ਕਰ ਹੌਸਲਾ ਆਇਆ ਅੱਗੇ
ਪਰ ਮਰੋੜ ਮਰੋੜ ਡਾਲੀ
ਹੋ ਨਿੰਮੋਝੂਣਾ
ਥੱਕ ਟੁੱਟ ਸੌਂ ਹੀ ਗਿਆ ਉਥੇ
ਕੀ ਕਰਨ, ਢਿੱਡ ਕੱਜਣ ਲਈ
ਕੁਝ ਤਾਂ ਉਪਰਾਲਾ ਕਰਨਾ ਹੀ ਪੈਂਦਾ।
***-ਦਰਸ਼ਨ ਪਾਲ ਦੁਸਾਂਝ***

# ਅਮਰੀਕਾ ਦਾ ਕਰਜ਼ਾ ਜਾਲ

**ਇੱਕ ਪਾਸੇ ਅਮਰੀਕਾ ਸੰਸਾਰ ਚੌਧਰ ਲਈ ਤੰਦੂਆ ਜਾਲ ਵਿਛਾਉਣ ਵਿਚ ਰੁੱਝਿਆ ਹੋਇਆ ਹੈ, ਦੂਜੇ ਪਾਸੇ ਇਸ ਦੇ ਆਪਣੇ ਘਰ ਵਿਚ ਹੜਬੜਾਹਟ ਹੈ। ਕੀ ਅਮਰੀਕਾ ਆਪਣਾ ਕਰਜ਼ਾ ਨਾ ਚੁਕਾ ਸਕਣ ਕਰਨ ਸੰਸਾਰ ਵਿਚ ਡਿਫਾਲਟਰ ਹੋ ਜਾਵੇਗਾ? ਜੇਕਰ ਉਹ ਡਿਫਾਲਟਰ ਹੋ ਜਾਂਦਾ ਹੈ ਤਾਂ ਇਸ ਦੇ ਅਮਰੀਕੀ ਆਰਥਿਕਤਾ ਅਤੇ ਸੰਸਾਰ ਆਰਥਿਕਤਾ 'ਤੇ ਕੀ ਅਸਰ ਹੋਣਗੇ?**



ਸਰਦਾਰਾ ਸਿੰਘ ਮਾਹਿਲ
ਫੋਨ: +91-98152-11079

ਪਿਛਲੇ ਦਿਨੀਂ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਵਿਚ ਦੁਨੀਆ ਦੇ ਸੱਤ ਚੌਧਰੀਆਂ ਦੀ ਮੀਟਿੰਗ ਹੋਈ। ਹੀਰੋਸ਼ੀਮਾ ਜਪਾਨ ਦਾ ਉਹ ਸ਼ਹਿਰ ਹੈ ਜਿਸ 'ਤੇ ਦੂਜੀ ਸੰਸਾਰ ਜੰਗ ਦੇ ਅਖੀਰ ਜਿਹੇ ਜਾ ਕੇ ਅਮਰੀਕਾ ਨੇ ਦੋ ਪਰਮਾਣੂ ਬੰਬ ਸੁੱਟੇ ਸਨ ਜਿਹਨਾਂ ਦੀ ਭਿਆਨਕਤਾ ਨੂੰ ਦੇਖ ਪੂਰੀ ਮਾਨਵਤਾ ਤ੍ਰਾਹ ਤ੍ਰਾਹ ਕਰ ਉੱਠੀ ਸੀ। ਉਸ ਸਮੇਂ ਇਹ ਬੰਬ ਸੁੱਟਣੇ ਜੰਗ ਵਿਚ ਇਤਿਹਾਦੀਆਂ ਦੀ ਜਿੱਤ ਦੀ ਲੋੜ ਨਹੀਂ ਸੀ। ਇਹ ਜਿੱਤ ਤਾਂ ਰੂਸ, ਉਸ ਸਮੇਂ ਦੇ ਸੋਵੀਅਤ ਯੂਨੀਅਨ ਵਿਚ ਜਰਮਨ ਫੌਜਾਂ ਦੀ ਹਾਰ ਨਾਲ ਹੀ ਹੋ ਗਈ ਸੀ। ਅਮਰੀਕਾ ਨੇ ਇਹ ਬੰਬ ਤਾਂ ਜੰਗ-ਪਿਛਲੇਰੀ ਸੰਸਾਰ ਸਥਿਤੀ ਵਿਚ ਆਪਣੀ ਧਾਂਕ ਬਿਠਾਉਣ ਲਈ ਸੁੱਟੇ ਸਨ ਅਤੇ ਹੀਰੋਸ਼ੀਮਾ ਤੇ ਨਾਗਾਸਾਕੀ ਸ਼ਹਿਰ ਪਰਮਾਣੂ ਤਬਾਹੀ ਦੇ ਪ੍ਰਤੀਕ ਬਣੇ ਹੋਏ ਹਨ। ਉਸ ਥਾਂ 7 ਚੌਧਰੀਆਂ ਦੀ ਇਸ ਮੀਟਿੰਗ ਪਿੱਛੇ ਅਮਰੀਕਾ ਦਾ ਮਕਸਦ ਵੀ ਆਪਣੀ ਧਾਂਕ ਜਮਾਉਣਾ ਹੈ; ਅਜਿਹੀ ਇੱਕ-ਧਰੁਵੀ ਸੰਸਾਰ ਸਥਿਤੀ ਦੀ ਰਚਨਾ ਕਰਨਾ ਹੈ ਜਿਸ ਵਿਚ ਸੰਸਾਰ ਦੇ ਕਿਸੇ ਵੀ ਖਿੱਤੇ ਵਿਚ ਜੰਗ ਅਤੇ ਅਮਨ ਉਸ ਦੀ ਮਰਜ਼ੀ 'ਤੇ ਨਿਰਭਰ ਕਰਨ।

ਦੂਜੀ ਸੰਸਾਰ ਜੰਗ ਤੋਂ ਬਾਅਦ ਅਜਿਹੀ ਹੀ ਇੱਕ-ਧਰੁਵੀ ਸਥਿਤੀ ਸੀ ਜਿਸ ਵਿਚ ਅਮਰੀਕੀ ਸਾਮਰਾਜ ਪੂਰੀ ਦੁਨੀਆ 'ਤੇ ਪੁਲਸੀਆ ਬਣਿਆ ਹੋਇਆ ਸੀ। ਜਦੋਂ ਤੱਕ ਸੋਵੀਅਤ ਯੂਨੀਅਨ ਵਿਚ ਸਰਮਾਏਦਾਰੀ ਦੀ ਬਹਾਲੀ ਨਾਲ ਇਸ ਦੇ ਸਾਮਰਾਜੀ ਮਹਾਂ ਸ਼ਕਤੀ ਬਣ ਕੇ ਸੰਸਾਰ ਚੌਧਰ ਲਈ ਅਮਰੀਕਾ ਨਾਲ ਖਹਿਣ ਨਹੀਂ ਲੱਗਾ, ਓਨੀ ਦੇਰ ਇਹ ਇੱਕ-ਧਰੁਵੀ ਸਥਿਤੀ ਬਣੀ ਰਹੀ ਪਰ ਇਸ ਘਟਨਾਕ੍ਰਮ ਤੋਂ ਬਾਅਦ ਦੁਨੀਆ ਦੋ-ਧਰੁਵੀ ਹੋ ਗਈ। ਫਿਰ ਨੱਬੇਵਿਆਂ ਦੇ ਐਨ ਆਰੰਭ ਵਿਚ ਸੋਵੀਅਤ ਯੂਨੀਅਨ ਦੇ ਟੁੱਟ ਕੇ ਬਿਖਰ ਜਾਣ ਅਤੇ ਆਰਥਿਕ ਬਰਬਾਦੀ ਬਾਅਦ ਸੰਸਾਰ ਇੱਕ ਵਾਰ ਫਿਰ ਇੱਕ-ਧਰੁਵੀ ਹੋ ਗਿਆ ਜਿਸ ਦਾ ਚੌਧਰੀ ਫਿਰ ਅਮਰੀਕਾ ਸੀ। ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਰੂਸ, ਚੀਨ ਤੇ ਯੂਰਪ ਚੁਣੌਤੀ ਬਣ ਕੇ ਉੱਭਰੇ ਅਤੇ ਜਾਰਜੀਆ ਤੇ ਰੂਸੀ ਹਮਲੇ ਨਾਲ ਇੱਕ-ਧਰੁਵੀ ਸੰਸਾਰ ਖਤਮ ਹੋ ਗਿਆ ਅਤੇ ਬਹੁ-ਧਰੁਵੀ ਸੰਸਾਰ ਹੋਂਦ ਵਿਚ ਆਉਣ ਲੱਗਿਆ ਪਰ ਅਮਰੀਕੀ ਸਾਮਰਾਜ ਆਪਣਾ ਖੁੱਸਿਆ ਸਥਾਨ ਹਾਸਲ ਕਰਨ ਲਈ ਤਰਲੋਮੱਛੀ ਹੋ ਰਿਹਾ ਹੈ। ਯੂਕਰੇਨ ਵਿਚ ਰੂਸ-ਨਾਟੋ ਜੰਗ ਦਾ ਉਦੇਸ਼ ਇੱਕ-ਧਰੁਵੀ ਸੰਸਾਰ ਦੀ ਬਹਾਲੀ ਹੈ ਅਤੇ ਹੀਰੋਸ਼ੀਮਾ ਵਾਰਤਾ ਵੀ ਇਸੇ ਦਾ ਹਿੱਸਾ ਹੈ। ਇਸ ਵਿਚ ਰੂਸ ਅਤੇ ਚੀਨ ਵਿਰੁੱਧ ਸ਼ਬਦੀ ਹਮਲੇ ਕੀਤੇ ਗਏ। ਦੋਵਾਂ ਨੂੰ ਨਿਖੇੜਨ ਅਤੇ ਉਨ੍ਹਾਂ ਵਿਰੁੱਧ ਦੁਨੀਆ ਦੇ ਦੇਸ਼ਾਂ ਨੂੰ ਲਾਮਬੰਦ ਕਰਨ ਦੇ ਯਤਨ ਕੀਤੇ ਗਏ ਅਤੇ ਸੱਦੇ ਦਿੱਤੇ ਗਏ। ਇਸ ਵਿਚ ਮਹਿਮਾਨ ਨਰਿੰਦਰ ਮੋਦੀ ਦੀ ਸ਼ਮੂਲੀਅਤ ਦਾ ਵੀ ਇਹੋ ਕਾਰਨ ਸੀ।

ਇੱਕ ਪਾਸੇ ਅਮਰੀਕਾ ਸੰਸਾਰ ਚੌਧਰ ਲਈ ਤੰਦੂਆ ਜਾਲ ਵਿਛਾਉਣ ਵਿਚ ਰੁੱਝਿਆ ਹੋਇਆ ਹੈ, ਦੂਜੇ ਪਾਸੇ ਇਸ ਦੇ ਆਪਣੇ ਘਰ ਵਿਚ ਹੜਬੜਾਹਟ ਹੈ। ਕੀ ਅਮਰੀਕਾ ਆਪਣਾ ਕਰਜ਼ਾ ਨਾ ਚੁਕਾ ਸਕਣ ਕਰਨ ਸੰਸਾਰ ਵਿਚ ਡਿਫਾਲਟਰ ਹੋ ਜਾਵੇਗਾ? ਜੇਕਰ ਉਹ ਡਿਫਾਲਟਰ ਹੋ ਜਾਂਦਾ ਹੈ ਤਾਂ ਇਸ ਦੇ ਅਮਰੀਕੀ ਆਰਥਿਕਤਾ ਅਤੇ ਸੰਸਾਰ ਆਰਥਿਕਤਾ 'ਤੇ ਕੀ ਅਸਰ ਹੋਣਗੇ? ਜੇਕਰ ਇਹ ਡਿਫਾਲਟਰ ਹੋਣੋ ਬਚਦਾ ਹੈ ਤਾਂ ਅਮਰੀਕੀ ਪ੍ਰਸ਼ਾਸਨ ਦੀਆਂ ਨੀਤੀਆਂ ਵਿਚ ਕੀ ਤਬਦੀਲੀਆਂ ਹੋਣਗੀਆਂ। ਅਮਰੀਕੀ ਪ੍ਰੈੱਸ ਵਿਚ ਇਹੀ ਵੱਡੀ ਚਰਚਾ ਹੈ। ਨਿਰਾਸ਼ਾ (ਕਿਆਮਤ) ਦੇ ਡਾਕਟਰ ਨੌਰੀਅਲ ਰੂਬਿਨੀ ਅਤੇ ਟੈਸਲਾ ਤੇ ਟਵਿੱਟਰ ਦੇ ਮਾਲਕ ਐਲਨ ਮਸਕ, ਸਾਬਕਾ ਰਾਜਨੀਤੀਵਾਨ ਤੇ ਮਾਹਿਰ ਤੇ ਅਮਰੀਕੀ ਕੇਂਦਰੀ ਬੈਂਕ, ਫੈਡਰਲ ਰਿਜ਼ਰਵ ਦੇ ਮੁਖੀ ਜੀਰੋਮ ਪਾਵੇਲ ਵੀ ਚਰਚਾ ਵਿਚ ਸ਼ਾਮਿਲ ਹਨ। ਮੁੱਦਾ ਹੈ ਕਿ ਅਮਰੀਕਾ ਇਸ ਵਾਲੇ ਦੁਨੀਆ ਦੇ ਦੇਸ਼ਾਂ ਵਿਚੋਂ ਸਭ ਤੋਂ ਵੱਧ ਕਰਜ਼ਈ ਦੇਸ਼ ਹੈ। ਇਸ ਦੇ ਸਿਰ 31.4 ਖਰਬ (ਟ੍ਰਿਲੀਅਨ) ਡਾਲਰ ਕਰਜ਼ਾ ਹੈ। ਇਹ ਅਮਰੀਕਾ ਦਾ ਉਹ ਕਰਜ਼ਾ ਹੈ ਜੋ ਸਰਕਾਰ ਦੇ ਸਿਰ ਹੈ। ਇਸ ਦਾ ਵੱਡਾ ਕਾਰਨ ਹੈ ਕਿ ਸੰਸਾਰ ਚੌਧਰ ਲਈ ਅਮਰੀਕਾ ਆਪਣੇ ਸੋਮਿਆਂ ਤੋਂ ਵੱਧ ਖਰਚ ਕਰਦਾ ਰਿਹਾ ਹੈ। ਪਿਛਲੇ 20 ਸਾਲਾਂ ਤੋਂ ਅਮਰੀਕੀ ਸਰਕਾਰ ਘਾਟੇ ਦਾ ਬਜਟ ਪੇਸ਼ ਕਰ ਰਹੀ ਹੈ। ਇਸ ਘਾਟੇ ਨੂੰ ਪੂਰਾ ਕਰਨ ਲਈ ਪ੍ਰਸ਼ਾਸਨ ਸਰਕਾਰੀ ਸਕਿਓਰਿਟੀਜ਼ ਜਾਰੀ ਕਰਦਾ ਰਿਹਾ ਹੈ ਅਤੇ ਇਹ ਕਰਜ਼ਾ ਲਗਾਤਾਰ ਵਧਦਾ ਰਿਹਾ ਹੈ।

ਸਥਿਤੀ ਇਹ ਬਣ ਗਈ ਹੈ ਕਿ ਸਰਕਾਰ ਦੇ ਖਜ਼ਾਨੇ ਵਿਚ 23 ਮਈ ਨੂੰ ਕੇਵਲ 57 ਅਰਬ ਡਾਲਰ ਸਨ। ਅਮਰੀਕਾ ਸਰਕਾਰ ਸਾਹਮਣੇ ਇੱਕੋ ਰਾਹ ਹੈ ਕਿ ਉਹ ਡਿਫਾਲਟਰ ਹੋਣੋਂ ਬਚਣ ਲਈ ਹੋਰ ਕਰਜ਼ਾ ਲਵੇ ਪਰ ਅਮਰੀਕਾ ਵਿਚ ਕਾਨੂੰਨ ਅਨੁਸਾਰ ਕਰਜ਼ੇ ਦੀ ਹੱਦ ਮਿੱਥੀ ਗਈ ਹੈ ਅਤੇ ਸਰਕਾਰ ਉਸ ਮਿੱਥੀ ਹੋਈ ਹੱਦ ਤੋਂ ਵਧੇਰੇ ਕਰਜ਼ਾ ਨਹੀਂ ਲੈ ਸਕਦੀ। ਉਹ ਉਸੇ ਹਾਲਤ ਵਿਚ ਵਧੇਰੇ ਕਰਜ਼ਾ ਲੈ ਸਕਦੀ ਹੈ ਜੇ ਕਾਨੂੰਨ ਵਿਚ ਸੋਧ ਕਰ ਕੇ ਕਰਜ਼ਾ ਹੱਦ ਵਧਾਈ ਜਾਵੇ ਪਰ ਉਸ ਲਈ ਕਾਂਗਰਸ ਦੇ ਦੋਵਾਂ ਸਦਨਾਂ ਦੀ ਮੋਹਰ ਲੱਗਣੀ ਜ਼ਰੂਰੀ ਹੈ। ਹੁਣ ਸਥਿਤੀ ਇਹ ਹੈ ਕਿ ਭਾਵੇਂ ਸੈਨੇਟ ਵਿਚ ਡੈਮੋਕਰੇਟਿਕ ਪਾਰਟੀ ਦਾ ਬਹੁਮਤ ਹੈ ਪਰ ਮੁੱਖ ਸਦਨ ਵਿਚ ਰਿਪਬਲਿਕਨ ਪਾਰਟੀ ਬਹੁਮਤ ਵਿਚ ਹੈ। ਰਿਪਬਲਿਕਨ ਕੇਵਿਨ ਮੈਕਾਰਥੀ ਸਪੀਕਰ ਹੈ। ਇਸ ਕਰ ਕੇ ਰਿਪਬਲਿਕਨ ਤੇ ਡੈਮੋਕਰੇਟਾਂ, ਦੋਵਾਂ ਦੀ ਸਹਿਮਤੀ ਨਾਲ ਹੀ ਇਹ ਹੱਦ ਵਧਾਈ ਜਾ ਸਕਦੀ ਹੈ। ਕੇਵਿਨ ਮੈਕਾਰਥੀ ਅਤੇ ਬਾਇਡਨ ਪ੍ਰਸਾਸ਼ਨ ਵਿਚਕਾਰ ਇਸ ਬਾਰੇ ਗੱਲਬਾਤ ਚੱਲ ਰਹੀ ਹੈ। ਗੱਲਬਾਤ ਦਾ ਕੀ ਮੁੱਦਾ ਹੈ? ਤੇ ਪੇਚ ਕਿੱਥੇ ਫਸਿਆ ਹੋਇਆ ਹੈ, ਇਸ ਬਾਰੇ ਬਾਅਦ ਵਿਚ ਗੱਲ ਕਰਾਂਗੇ, ਪਹਿਲਾਂ ਦੇਖ ਲਈਏ ਕਿ ਕੀ ਮਸਲਾ ਸਿਰਫ ਕਰਜ਼ਾ ਸੀਮਾ ਵਧਾਉਣ ਦਾ ਹੀ ਹੈ? ਜਾਂ ਜੜ੍ਹ ਕਿਧਰੇ ਹੋਰ ਥਾਂ ਹੈ।



ਅਮਰੀਕਾ ਵਿਚ ਹੁਣ ਭਾਵੇਂ ਕਰਜ਼ਾ ਮਾਮਲਾ ਸਾਹਮਣੇ ਆਇਆ ਅਤੇ ਕੁਝ ਅਰਸਾ ਪਹਿਲਾਂ ਅਮਰੀਕਾ ਦੀਆਂ ਕੁਝ ਬੈਂਕਾਂ ਡੁੱਬ ਗਈਆਂ ਸਨ ਪਰ ਇਹ ਵਰਤਾਰੇ ਆਪਣੇ ਆਪ ਵਿਚ ਵਾਪਰ ਰਹੇ ਵਰਤਾਰੇ ਨਹੀਂ ਬਲਕਿ ਅਮਰੀਕੀ ਆਰਥਿਕਤਾ ਸੰਕਟ ਦੇ ਪ੍ਰਗਟਾਵੇ ਹਨ। ਇਹੀ ਨਹੀਂ, ਅਮਰੀਕਾ ਵਿਚ ਮਹਿੰਗਾਈ ਲਗਾਤਾਰ ਵਧ ਰਹੀ ਹੈ। ਅਪਰੈਲ 2023 ਵਿਚ ਪਿਛਲੇ ਸਾਲ ਦੇ ਮੁਕਾਬਲੇ ਕੀਮਤਾਂ ਵਿਚ 5% ਵਾਧਾ ਹੋਇਆ ਸੀ। ਕੋਰ ਇਨਫਲੇਸ਼ਨ (ਮਹਿੰਗਾਈ) ਪਿਛਲੇ ਸਾਲ ਦੇ ਮੁਕਾਬਲੇ 5.5% ਵਧੇਰੇ ਹੈ। ਇਸ ਵੇਲੇ ਅਮਰੀਕਾ ਵਿਚ ਮਹਿੰਗਾਈ 7.5% ਹੈ। ਅਮਰੀਕਾ ਦਾ ਕੇਂਦਰੀ ਬੈਂਕ, ਫੈਡਰਲ ਰਿਜ਼ਰਵ ਤੇਜ਼ੀ ਨਾਲ ਵਧ ਰਹੀ ਮਹਿੰਗਾਈ 'ਤੇ ਕਾਬੂ ਪਾਉਣ ਲਈ ਲਗਾਤਾਰ ਵਿਆਜ ਦਰਾਂ ਵਿਚ ਵਾਧਾ ਕਰ ਰਿਹਾ ਹੈ। ਮਾਰਚ 2022 ਤੋਂ ਮਾਰਚ 2023 ਦਰਮਿਆਨ, ਇੱਕ ਸਾਲ ਦੇ ਵਕਫੇ ਵਿਚ 10 ਵਾਰੀ ਵਿਆਜ ਦਰਾਂ ਵਿਚ ਵਾਧਾ ਕੀਤਾ ਹੈ। ਇਸ ਇੱਕ ਸਾਲ ਦੇ ਵਕਫੇ ਵਿਚ 5% ਵਿਆਜ ਦਰਾਂ ਵਧਾਈਆਂ ਹਨ। ਇਸ ਨਾਲ ਘਰਾਂ, ਗੱਡੀਆਂ ਤੇ ਲੋਕਾਂ ਵੱਲੋਂ ਲਏ ਕਰਜ਼ੇ ਅਤੇ ਕਿਸ਼ਤਾਂ ਵਿਚ ਭਾਰੀ ਵਾਧਾ ਹੋ ਗਿਆ। ਲੋਕ ਨਵੀਆਂ ਕਾਰਾਂ ਨਹੀਂ ਖਰੀਦ ਰਹੇ, ਲੋੜਵੰਦ ਪੁਰਾਣੀਆਂ ਕਾਰਾਂ ਖਰੀਦ ਰਹੇ ਹਨ। ਇਸ ਕਰ ਕੇ ਪੁਰਾਣੀਆਂ ਕਾਰਾਂ ਦੀਆਂ ਕੀਮਤਾਂ ਵਿਚ 4.4% ਦਾ ਵਾਧਾ ਹੋਇਆ ਹੈ। ਇਸ ਨਾਲ ਨਿਵੇਸ਼ ਮਹਿੰਗਾ ਹੋਇਆ ਹੈ ਅਤੇ ਘਰੇਲੂ ਮੰਡੀ ਸੁੰਗੜੀ ਹੈ। ਸੰਸਾਰ ਮੰਡੀ ਵਿਚ ਅਮਰੀਕਾ ਤੋਂ ਚੀਨ ਥਾਂ ਖੋਹ ਰਿਹਾ ਹੈ। ਇਸ ਕਰ ਕੇ ਕੁੱਲ ਘਰੇਲੂ ਪੈਦਾਵਾਰ ਵਿਚ ਗਿਰਾਵਟ ਆਈ ਹੈ। ਦੂਜੇ ਪਾਸੇ, ਕਰਜ਼ਾ ਵਧਿਆ ਹੈ। ਸਿੱਟਾ ਇਹ ਹੋਇਆ ਕਿ ਕਰਜ਼ਾ ਅਮਰੀਕਾ ਦੀ ਕੁੱਲ ਘਰੇਲੂ ਪੈਦਾਵਾਰ ਦਾ 122.5% ਹੋ ਗਿਆ ਹੈ; ਭਾਵ, ਕਰਜ਼ਾ ਕੁੱਲ ਘਰੇਲੂ ਪੈਦਾਵਾਰ ਨਾਲੋਂ ਸਵਾ ਗੁਣਾ ਵਧੇਰੇ ਹੈ।

ਜਿਵੇਂ ਪਹਿਲਾਂ ਵੀ ਕਿਹਾ ਹੈ ਕਿ ਨੌਰੀਅਲ ਰੂਬਿਨੀ ਨੇ ਕਿਹਾ ਹੈ ਕਿ ਅਮਰੀਕਾ ਦਾ ਇਹ ਮੰਦਵਾੜਾ 2008 ਦੇ ਮੰਦਵਾੜੇ ਤੋਂ ਵੀ ਭਿਆਨਕ ਹੋਵੇਗਾ। ਇਹ ਨਹੀਂ, ਅਮਰੀਕਾ ਦੀਆਂ 150 ਵੱਡੀਆਂ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਫਸਰਾਂ (ਸੀਈਓ) ਨੇ ਚਿਤਾਵਨੀ ਦਿੱਤੀ ਹੈ ਕਿ ਅਮਰੀਕਾ ਦਾ ਡਿਫਾਲਟਰ ਹੋਣਾ ਅਮਰੀਕਾ ਦੀ ਆਰਥਿਕਤਾ ਲਈ ਤਬਾਹਕੁਨ ਹੋਵੇਗਾ ਕਿਉਂਕਿ ਅਮਰੀਕੀ ਆਰਥਿਕਤਾ ਵਿਚ ਨਿਵੇਸ਼ਕਾਂ ਦਾ ਵਿਸ਼ਵਾਸ ਨਹੀਂ ਰਹੇਗਾ। ਇਸ ਹਾਲਤ ਵਿਚ ਸਰਮਾਇਆ ਚੀਨ ਅਤੇ ਉੱਭਰ ਰਹੀਆਂ ਆਰਥਿਕਤਾਵਾਂ ਵੱਲ ਉਡਾਰੀ ਮਾਰ ਜਾਵੇਗਾ। ਅਮਰੀਕਾ ਵਿਚ ਨਿਵੇਸ਼ ਦਾ ਤੋੜਾ ਆਉਣ ਨਾਲ ਇਹ ਹੋਰ ਨਿਵਾਣਾਂ ਵੱਲ ਚਲੀ ਜਾਵੇਗੀ। ਅਮਰੀਕੀ ਸਰਕਾਰ ਮੰਦਵਾੜੇ/ਸੰਕਟ ਤੋਂ ਇਨਕਾਰ ਕਰਦੀ ਰਹੀ ਹੈ।

ਅਮਰੀਕੀ ਪ੍ਰਸ਼ਾਸਨ ਦੇ ਆਸ ਬੰਨ੍ਹਾਊ ਅਤੇ ਦਮਗਜੇ ਭਰਪੂਰ ਦਾਅਵਿਆਂ ਦੇ ਬਾਵਜੂਦ ਤੱਥ ਅਤੇ ਹਕੀਕਤਾਂ ਮੂੰਹ ਚੜ੍ਹ ਕੇ ਬੋਲ ਰਹੀਆਂ ਹਨ। ਅਮਰੀਕੀ ਸੰਕਟ ਬਾਰੇ ਅੰਦਰੋਂ ਅਤੇ ਬਾਹਰੋਂ ਉਠ ਰਹੀਆਂ ਆਵਾਜ਼ਾਂ ਤੋਂ ਬਿਨਾ ਪ੍ਰਸ਼ਾਸਨ ਨੇ ਖੁਦ ਵੀ ਸੰਕਟ ਦੀ ਹਕੀਕਤ ਨੂੰ ਸਵੀਕਾਰ ਕਰ ਲਿਆ ਹੈ। ਵਾਪਰਿਆ ਕੁਝ ਇਸ ਤਰ੍ਹਾਂ ਹੈ ਕਿ ਰੂਸ ਦੇ ਦੋ ਸ਼ਖਸ ਜੋ ਵਿਸ਼ੇਸ਼ ਆਵਾਜ਼ ਬਣਾ ਕੇ ਜਾਂ ਆਪ ਬਣ ਕੇ ਦੁਨੀਆ ਦੇ ਵੱਡੇ ਲੀਡਰਾਂ ਨਾਲ ਗੱਲਬਾਤ ਕਰਦੇ ਹਨ। ਉਹਨਾਂ ਨੇ ਆਪਣਾ ਨਾਮ ਵੋਵਨ ਤੇ ਲੈਕਸਸ ਰੱਖਿਆ ਹੈ ਅਤੇ ਇਸੇ ਨਾਮ ਦੀ ਉਹਨਾਂ ਦੀ ਵੈੱਬਸਾਈਟ ਹੈ। ਜੋ ਗੱਲਬਾਤ ਹੁੰਦੀ ਹੈ, ਉਸ ਸਾਈਟ 'ਤੇ ਪਾ ਦਿੰਦੇ ਹਨ। ਉਹ ਫਰਾਂਸ ਦੇ ਰਾਸ਼ਟਰਪਤੀ ਮੈਕਰੋਂ ਬਣ ਕੇ ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਗੱਲਾਂ ਕਰਦੇ ਰਹੇ। ਉਹਨਾਂ ਯੂਕਰੇਨ ਦਾ ਪ੍ਰਧਾਨ ਮੰਤਰੀ ਡੈਨੀਅਸ ਸਰਮੀਲ ਬਣ ਕੇ ਇੰਗਲੈਂਡ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਅਤੇ ਰੱਖਿਆ ਮੰਤਰੀ ਨਾਲ ਗੱਲਬਾਤ ਕੀਤੀ। ਇਹਨਾਂ ਕਾਰਨ ਨਾਟੋ ਧਿਰਾਂ ਵਿਚਕਾਰ ਚਿੰਤਾ ਦੀ ਲਹਿਰ ਹੈ। ਇਸ ਜੋੜੀ ਨੇ ਅਮਰੀਕਾ ਦੀ ਕੇਂਦਰੀ ਬੈਂਕ ਫੈਡਰਲ ਰਿਜ਼ਰਵ ਦੇ ਚੇਅਰਮੈਨ ਨਾਲ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਬਣ ਕੇ ਗੱਲਬਾਤ ਕੀਤੀ ਜਿਸ ਵਿਚ ਹੋਰ ਵਧੇਰੇ ਸਹਾਇਤਾ ਦੀ ਮੰਗ ਦੇ ਉੱਤਰ ਵਜੋਂ ਫੈਡਰਲ ਰਿਜ਼ਰਵ ਚੇਅਰਮੈਨ ਜੀਰੋਮ ਪਾਵੇਲ ਕਹਿੰਦੇ ਹਨ ਕਿ ਦੇਖੋ ਜੀ, ਅਸੀਂ ਦਿਲੋਂ ਤੁਹਾਡੀ ਹੋਰ ਵਧੇਰੇ ਸਹਾਇਤਾ ਕਰਨੀ ਚਾਹੁੰਦੇ ਹਾਂ ਪਰ ਕੀ ਕਰੀਏ, ਸਾਡੀ ਆਪਣੀ ਮਜਬੂਰੀ ਹੈ ਕਿਉਂਕਿ ਸਾਡੀ ਆਰਥਿਕਤਾ ਖੁਦ ਮੰਦਵਾੜੇ ਦੀ ਗ੍ਰਿਫਤ ਵਿਚ ਹੈ। ਇਹ ਸਾਰੀ ਗੱਲਬਾਤ ਉਹਨਾਂ ਨੇ ਆਪਣੀ ਸਾਈਟ 'ਤੇ ਪਾ ਦਿੱਤੀ। ਇਉਂ ਆਰਥਿਕਤਾ ਦੇ ਸੰਕਟ ਦਾ ਇਕਬਾਲੀਆ ਬਿਆਨ ਜੱਗ ਜ਼ਾਹਿਰ ਹੋ ਗਿਆ।

ਇਹ ਸੰਕਟ ਸਿਰਫ ਅਮਰੀਕਾ ਦਾ ਹੀ ਨਹੀਂ ਕਿਉਂਕਿ ਪੂੰਜੀਵਾਦ ਇੱਕ ਸੰਸਾਰ ਪ੍ਰਬੰਧ ਹੈ ਅਤੇ ਸਾਮਰਾਜ ਦੇ ਦੌਰ ਵਿਚ ਇਹ ਇਸ ਗ੍ਰਹਿ ਦੇ ਹਰ ਕੋਨੇ ਤੱਕ ਪਹੁੰਚ ਗਿਆ ਹੈ। ਇਸ ਕਰ ਕੇ ਇਹ ਸੰਕਟ ਪੂਰੇ ਪ੍ਰਬੰਧ ਦਾ ਸੰਕਟ ਹੈ। ਅਮਰੀਕਾ ਕਿਉਂਕਿ ਇਸ ਪ੍ਰਬੰਧ ਦੇ ਉਪਰਲੇ ਖਾਨੇ ਵਿਚ ਹੈ, ਇਹ ਪੂਰੀ ਦੁਨੀਆ ਨੂੰ ਦਿਖਦਾ ਹੈ ਅਤੇ ਇਹ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰਦਾ ਹੈ। ਜੇਕਰ ਸੰਸਾਰ ਕਰਜ਼ੇ ਦੀ ਗੱਲ ਕਰੀਏ ਤਾਂ ਕੌਮਾਂਤਰੀ ਮੁਦਰਾ ਕੋਸ਼ ਅਨੁਸਾਰ ਇਹ ਕਰਜ਼ਾ ਰਿਕਾਰਡ 305 ਖਰਬ (ਟ੍ਰਿਲੀਅਨ) ਡਾਲਰ ਤੱਕ ਪਹੁੰਚ ਗਿਆ ਹੈ। ਮਾਲੀ ਸਾਲ 2023 ਦੀ ਪਹਿਲੀ ਤਿਮਾਹੀ ਵਿਚ ਸੰਸਾਰ ਕਰਜ਼ੇ ਵਿਚ ਰਿਕਾਰਡ 8.3 ਖਰਬ ਡਾਲਰ ਦਾ ਵਾਧਾ ਹੋਇਆ ਹੈ। ਉਹ ਦੇਸ਼ ਜਿਨ੍ਹਾਂ ਨੂੰ ਉੱਭਰ ਰਹੀਆਂ ਆਰਥਿਕਤਾਵਾਂ ਕਿਹਾ ਜਾਂਦਾ ਹੈ ਅਤੇ ਜਿਨ੍ਹਾਂ ਵਿਚ ਭਾਰਤ ਨੂੰ ਵੀ ਗਿਣਿਆ ਜਾਂਦਾ ਹੈ, ਇਹਨਾਂ ਵਿਚ ਰਿਕਾਰਡ ਪੱਧਰ 'ਤੇ ਕਰਜ਼ਾ 100 ਖਰਬ ਹੋ ਗਿਆ ਹੈ ਜੋ 2019 ਵਿਚ 25 ਖਰਬ ਡਾਲਰ ਸੀ। ਇਸ ਅਰਸੇ ਦੌਰਾਨ 75 ਖਰਬ ਡਾਲਰ ਕਰਜ਼ੇ ਦਾ ਵਾਧਾ ਹੋਇਆ ਹੈ। ਇਸ ਵਿਚ ਵਧੇਰੇ ਹਿੱਸਾ ਚੀਨ, ਭਾਰਤ, ਮੈਕਸਿਕੋ ਅਤੇ ਤੁਰਕੀ ਦਾ ਹੈ। ਇਹ ਕਰਜ਼ਾ ਇਹਨਾਂ ਉੱਭਰ ਰਹੀਆਂ ਆਰਥਿਕਤਾਵਾਂ ਦੀ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਦਾ 250% ਹੈ: ਭਾਵ, ਇਹਨਾਂ ਦੀ ਕੁੱਲ ਘਰੇਲੂ ਪੈਦਾਵਾਰ ਨਾਲੋਂ ਢਾਈ ਗੁਣਾ ਵਧੇਰੇ ਹੈ। ਜੇਕਰ ਯੂਰੋ ਜ਼ੋਨ ਦੀ ਗੱਲ ਕਰੀਏ ਤਾਂ ਕਰਜ਼ਈ ਤਾਂ ਸਾਰੇ ਹਨ ਪਰ ਇਹਨਾਂ ਵਿਚੋਂ ਸਭ ਤੋਂ ਵਧੇਰੇ ਕਰਜ਼ਈ ਇਟਲੀ ਹੈ। ਇਹ ਦੁਨੀਆ ਵਿਚ ਦੂਸਰਾ ਸਭ ਤੋਂ ਵਧੇਰੇ ਕਰਜ਼ਈ ਦੇਸ਼ ਹੈ। ਇਸ ਦੇ ਸਿਰ 2.79 ਖਰਬ ਡਾਲਰ ਦਾ ਕਰਜ਼ਾ ਹੈ। ਇਸ ਸਾਲ ਇਕੱਲੇ ਮਾਰਚ ਮਹੀਨੇ ਵਿਚ ਇਟਲੀ ਦੇ ਕਰਜ਼ੇ ਵਿਚ 17.8 ਅਰਬ ਯੂਰੋ ਦਾ ਵਾਧਾ ਹੋਇਆ। ਕਰਜ਼ੇ ਦੀ ਇਹ ਰਕਮ ਭਾਵੇਂ ਬਹੁਤ ਜ਼ਿਆਦਾ ਵੱਡੀ ਨਾ ਜਾਪੇ ਪਰ ਇਟਲੀ ਵਿਚ ਇਹ ਪ੍ਰਤੀ ਵਿਅਕਤੀ ਕਰਜ਼ਾ ਵਧੇਰੇ ਹੈ। ਹਰ ਇਟਲੀ ਵਾਸੀ ਸਿਰ 47,500 ਯੂਰੋ ਕਰਜ਼ਾ ਹੈ ਅਤੇ ਹਰ ਪਰਿਵਾਰ 'ਤੇ 1,06,446 ਯੂਰੋ ਕਰਜ਼ਾ ਹੈ। ਅਕਤੂਬਰ-ਦਸੰਬਰ 2022 ਵਿਚ ਇਟਲੀ ਦਾ ਕਰਜ਼ਾ ਉਸ ਦੀ ਕੁੱਲ ਘਰੇਲੂ ਪੈਦਾਵਾਰ ਦਾ 144% ਭਾਵ, ਪੈਦਾਵਾਰ ਨਾਲੋਂ ਲਗਭਗ ਡੇਢ ਗੁਣਾ ਵਧੇਰੇ ਹੈ। ਸੰਸਾਰ ਬੈਂਕ ਅਨੁਸਾਰ ਘੱਟ ਆਮਦਨ ਵਾਲੇ ਦੇਸ਼ਾਂ ਵਿਚੋਂ 60% ਕਰਜ਼ਾ ਕੁੜਿੱਕੀ ਵਿਚ ਫਸੇ ਹੋਏ ਹਨ। ਸੰਸਾਰ ਕਰਜ਼ੇ ਨੂੰ ਜੇਕਰ ਧਿਆਨ ਨਾਲ ਦੇਖੀਏ ਤਾਂ ਕਰੋਨਾ ਕਾਲ ਵਿਚ ਵਧੇਰੇ ਵਧਿਆ ਹੈ। ਸਾਲ 2020 ਵਿਚ ਸੰਸਾਰ ਕਰਜ਼ਾ 226 ਖਰਬ ਡਾਲਰ ਸੀ। 2021 ਵਿਚ ਇਹ ਛਾਲ ਮਾਰ ਕੇ ਵਧਿਆ ਅਤੇ ਇਹ 303 ਖਰਬ ਡਾਲਰ ਹੋ ਗਿਆ। ਅਗਲੇ ਸਾਲ 2022 ਵਿਚ ਥੋੜ੍ਹਾ ਵਧਿਆ ਅਤੇ 305 ਖਰਬ ਡਾਲਰ ਹੋ ਗਿਆ। 2023 ਦੇ ਅੰਕੜੇ ਅਜੇ ਆਉਣੇ ਬਾਕੀ ਹਨ। 305 ਖਰਬ ਡਾਲਰ 2022 ਤੱਕ ਦਾ ਕਰਜ਼ਾ ਹੈ।

ਦੂਸਰਾ ਮਹੱਤਵਪੂਰਨ ਮੈਕਰੋਂ-ਸੰਕੇਤ ਹੈ- ਸਿੱਕਾ ਪਸਾਰ ਜਿਸ ਨੂੰ ਆਮ ਭਾਸ਼ਾ ਵਿਚ ਮਹਿੰਗਾਈ ਦਰ ਵੀ ਕਹਿ ਲਿਆ ਜਾਂਦਾ ਹੈ। ਯੂਰਪ ਵਿਚ ਸਭ ਤੋਂ ਘੱਟ ਮਹਿੰਗਾਈ ਦਰ ਰੂਸ ਦੀ ਹੈ ਜੋ ਅਪਰੈਲ ਮਹੀਨੇ ਵਿਚ 2.3% ਸੀ, ਇਸ ਤੋਂ ਦੂਸਰੇ ਨੰਬਰ 'ਤੇ ਸਵਿਟਜ਼ਰਲੈਂਡ ਆਉਂਦਾ ਹੈ ਜਿੱਥੇ ਮਹਿੰਗਾਈ ਦਰ 2.6% ਹੈ। ਬਾਕੀ ਸਾਰੇ ਮੁਲਕਾਂ ਵਿਚ ਸਿੱਕਾ ਪਸਾਰ ਦਰ ਵਧੇਰੇ ਉਚੇਰੀ ਹੈ। ਪੂਰੇ ਯੂਰੋ ਜ਼ੋਨ ਦੀ ਗੱਲ ਕਰੀਏ ਤਾਂ ਉਸ ਦੀ ਮਹਿੰਗਾਈ ਦਰ 7% ਹੈ। ਫਰਾਂਸ ਦੀ ਮਹਿੰਗਾਈ ਦਰ 5.2% ਅਤੇ ਜਰਮਨੀ ਦੀ 7.2% ਹੈ। ਇਟਲੀ ਦੀ ਸਭ ਤੋਂ ਵੱਧ 8.2% ਹੈ। ਯੂਰਪ ਤੋਂ ਬਾਹਰ ਅਮਰੀਕਾ ਦੀ ਸਿੱਕਾ ਪਸਾਰ ਦਰ 7.5% ਹੈ।

ਆਰਥਿਕਤਾ ਨੂੰ ਜੋਹਣ-ਜਾਚਣ ਲਈ ਤੀਸਰਾ ਮਹੱਤਵਪੂਰਨ ਮੈਕਰੋਂ-ਸੰਕੇਤ ਕੁੱਲ ਘਰੇਲੂ ਪੈਦਾਵਰ ਦਾ ਹੈ। ਕੌਮਾਂਤਰੀ ਮੁਦਰਾ ਕੋਸ਼ ਦੀ ਡਾਇਰੈਕਟਰ ਕ੍ਰਿਸਟਾਲੀਨਾ ਚਿਤਰਜੀਵਾ ਅਨੁਸਾਰ 1990 ਤੋਂ ਬਾਅਦ ਹੁਣ ਸੰਸਾਰ ਕੁੱਲ ਘਰੇਲੂ ਪੈਦਾਵਾਰ ਦੇ ਪੱਖੋਂ ਸਭ ਤੋਂ ਹੇਠਲੇ ਪੱਧਰ 'ਤੇ ਹੈ। ਕੁੱਲ ਘਰੇਲੂ ਪੈਦਾਵਾਰ ਦੀ ਸੰਸਾਰ ਦੀ ਪਿਛਲੇ 20 ਸਾਲਾਂ ਦੀ ਔਸਤਨ ਪੈਦਾਵਾਰ 3.8% ਸੀ ਪਰ ਇਸ ਸਾਲ ਸੰਸਾਰ ਕੁੱਲ ਘਰੇਲੂ ਪੈਦਾਵਾਰ ਵਾਧਾ ਦਰ 3% ਹੈ। 2021 ਵਿਚ ਇਹ ਵਾਧਾ ਦਰ 6.1% ਸੀ ਪਰ ਸਾਲ 2022 ਵਿਚ ਪੈਦਾਵਾਰ ਵਾਧਾ ਦਰ 3.4% ਰਹਿ ਗਈ। 2023 ਵਿਚ ਇਹ ਵਾਧਾ ਦਰ 3% ਰਹਿਣ ਦੀ ਪੇਸ਼ੀਨਗੋਈ ਹੈ। ਕੌਮਾਂਤਰੀ ਮੁਦਰਾ ਕੋਸ਼ ਦੇ ਅਨੁਮਾਨ ਅਨੁਸਾਰ ਵਿਕਸਤ ਦੇਸ਼ਾਂ ਵਿਚ 60% ਦੇਸ਼ਾਂ ਵਿਚ ਕੁੱਲ ਘਰੇਲੂ ਪੈਦਾਵਾਰ ਦਰ ਘਟੇਗੀ। ਜਰਮਨੀ ਯੂਰਪ ਦੀ ਸਭ ਤੋਂ ਵੱਡੀ ਆਰਥਿਕਤਾ ਹੈ। ਜਰਮਨੀ ਵਿਚ ਡੀਆਈਐੱਚਕੇ ਨੇ 21000 ਕੰਪਨੀਆਂ ਦਾ ਸਰਵੇ ਕਰਵਾਇਆ ਹੈ। ਸਰਵੇ ਦੇ ਨਤੀਜੇ ਸਾਂਝੇ ਕਰਦਿਆਂ ਉਹਨਾਂ ਨੇ ਕਿਹਾ ਕਿ ਮਾਲੀ ਸਾਲ 2023-24 ਵਿਚ ਜਰਮਨੀ ਦੀ ਕੁੱਲ ਘਰੇਲੂ ਪੈਦਾਵਾਰ ਵਾਧਾ ਦਰ ਜ਼ੀਰੋ ਰਹੇਗੀ।

ਇਸ ਸਾਰੀ ਚਰਚਾ ਤੋਂ ਦੋ ਗੱਲਾਂ ਸਪੱਸ਼ਟ ਹਨ ਕਿ ਇੱਕ ਤਾਂ ਅਮਰੀਕਾ ਵਿਚ ਮੁੱਦਾ ਸਿਰਫ ਕਰਜ਼ਾ ਸੀਮਾ ਦਾ ਨਹੀਂ ਬਲਕਿ ਇਹ ਆਪਣੇ ਆਪ ਵਿਚ ਆਰਥਿਕ ਸੰਕਟ ਦਾ ਪ੍ਰਗਟਾਵਾ ਹੈ। ਦੂਸਰੀ, ਇਹ ਸੰਕਟ ਸਿਰਫ ਅਮਰੀਕਾ ਦਾ ਨਹੀਂ ਬਲਕਿ ਪੂਰੇ ਸੰਸਾਰ ਸਾਮਰਾਜੀ/ਸਰਮਾਏਦਾਰੀ ਪ੍ਰਬੰਧ ਦਾ ਸੰਕਟ ਹੈ। ਹੁਣ ਜੇ ਇਸ ਸੰਕਟ ਦੀ ਜੜ੍ਹ ਦੀ ਗੱਲ ਕਰੀਏ ਤਾਂ ਇਹ ਪੂੰਜੀਵਾਦੀ ਪ੍ਰਬੰਧ ਦੇ ਤਨ-ਸਮੋਏ ਅੰਤਰ-ਵਿਰੋਧ ਹਨ ਜਿਹਨਾਂ ਵਿਚੋਂ ਬੁਨਿਆਦੀ ਪੈਦਾਵਾਰ ਦਾ ਸਮਾਜਿਕ ਖਾਸਾ ਅਤੇ ਮਾਲਕੀ ਵਿਅਕਤੀਗਤ ਹੈ। ਇਸ ਬੁਨਿਆਦੀ ਅੰਦਰੂਨੀ ਅੰਤਰ-ਵਿਰੋਧ ਦਾ ਤਿੱਖਾਪਣ ਬਾਹਰੀ ਫੈਕਟਰਾਂ ਕਾਰਨ ਵਧਦਾ-ਘਟਦਾ ਹੈ। ਯੂਰੋ ਦੇ ਆਉਣ ਅਤੇ ਯੂਰੋ ਜ਼ੋਨ ਤੋਂ ਬਾਹਰ ਵੀ ਯੂਰੋ ਵਿਚ ਵਪਾਰ ਕਰਨ ਨਾਲ ਡਾਲਰ ਦੀ ਸਰਦਾਰੀ ਟੁੱਟੀ ਹੈ। ਹੁਣ ਰੂਸ-ਨਾਟੋ ਜੰਗ ਉਪਰੰਤ ਏਸ਼ੀਆ, ਅਫਰੀਕਾ ਅਤੇ ਲਤੀਨੀ ਅਮਰੀਕਾ ਦੇ ਕਈ ਦੇਸ਼ਾਂ ਨੇ ਆਪਣੀਆਂ ਸਥਾਨਕ ਕਰੰਸੀਆਂ ਵਿਚ ਵਪਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਡਾਲਰ ਦੀ ਪਕੜ ਹੋਰ ਘਟੀ ਹੈ ਅਤੇ ਕਰੰਸੀ ਛਾਪ ਕੇ ਸੰਕਟ 'ਤੇ ਕਾਬੂ ਪਾਉਣ ਦੀ ਅਮਰੀਕਾ ਦੀ ਸਮਰੱਥਾ ਬਹੁਤ ਕਮਜ਼ੋਰ ਹੋ ਗਈ। ਪ੍ਰਬੰਧ ਦੇ ਕੇਂਦਰ 'ਚ ਭੁਚਾਲ ਪੂਰੇ ਪ੍ਰਬੰਧ ਨੂੰ ਝਟਕੇ ਦਿੰਦਾ ਹੈ।

ਇਸ ਤੋਂ ਬਿਨਾ ਨਾਟੋ ਦੀ ਯੂਕਰੇਨ ਵਿਚ ਰੂਸ ਨਾਲ ਜੰਗ ਵੀ ਇੱਕ ਕਾਰਨ ਬਣੀ ਹੈ। ਰੂਸ 'ਤੇ ਪਾਬੰਦੀਆਂ ਲਾਉਣ ਨਾਲ ਯੂਰਪ ਨੂੰ ਰੂਸ ਦੀ ਗੈਸ/ਤੇਲ ਦੀ ਸਪਲਾਈ 40 ਤੋਂ 70% ਤੱਕ ਘਟ ਗਈ ਹੈ। ਇਸ ਨਾਲ ਖਾਸ ਕਰ ਕੇ ਯੂਰਪ ਵਿਚ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਤੇਜ਼ ਵਾਧਾ ਹੋਇਆ। ਇਸ ਕਮੀ ਨੂੰ ਪੂਰਾ ਕਰਨ ਲਈ ਅਮਰੀਕਾ ਨੇ ਤੇਲ ਉਤਪਾਦਕ ਦੇਸ਼ਾਂ ਦੇ ਸੰਗਠਨ ਓਪੇਕ ਨੂੰ ਤੇਲ ਦੀ ਪੈਦਾਵਾਰ ਵਧਾਉਣ ਲਈ ਕਿਹਾ ਪਰ ਉਹਨਾਂ ਨੇ ਅਮਰੀਕਾ ਦੇ ਆਖੇ ਲੱਗਣੋਂ ਇਨਕਾਰ ਕਰ ਦਿੱਤਾ ਤੇ ਕੀਮਤਾਂ ਵਧਦੀਆਂ ਰਹੀਆਂ। ਇਸ ਤੋਂ ਬਿਨਾ ਰੂਸ ਅਤੇ ਯੂਕਰੇਨ ਅਨਾਜ ਅਤੇ ਰਸਾਇਣਕ ਖਾਦ ਦੇ ਨਿਰਯਾਤਕ ਸਨ। ਇਸ ਜੰਗ ਕਾਰਨ ਇਹ ਨਿਰਯਾਤ ਬੰਦ ਹੋ ਗਿਆ। ਤੁਰਕੀ ਦੇ ਰਾਸ਼ਟਰਪਤੀ ਅਰਦੋਗਾਂ ਦੇ ਯਤਨਾਂ ਨਾਲ ਸੀਮਤ ਜਿਹਾ ਨਿਰਯਾਤ ਖੁੱਲ੍ਹਿਆ ਸੀ ਪਰ ਬਹੁਤ ਜਲਦੀ ਬੰਦ ਹੋ ਗਿਆ। ਸਿੱਟਾ ਹੈ ਕਿ ਆਲਮੀ ਕੀਮਤਾਂ ਵਿਚ ਪਿਛਲੇ ਸਾਲ ਨਾਲੋਂ ਖਾਦ ਪਦਾਰਥਾਂ ਦੀਆਂ ਕੀਮਤਾਂ ਵਿਚ 200 ਪ੍ਰਤੀਸ਼ਤ ਵਾਧਾ ਹੋਇਆ। ਅਨਾਜ ਦੀਆਂ ਕੀਮਤਾਂ ਵਿਚ 21% ਵਾਧਾ ਹੋਇਆ। ਰਸਾਇਣਕ ਖਾਦ ਦੀਆਂ ਕੀਮਤਾਂ ਵਿਚ 15 ਤੋਂ 19% ਵਾਧਾ ਹੋਇਆ। ਸੰਸਾਰ ਵਪਾਰ ਸੰਸਥਾ ਅਨੁਸਾਰ ਕਣਕ ਦੇ ਵਪਾਰ ਵਿਚ 2021 ਦੇ ਮੁਕਾਬਲੇ 7.5% ਕਮੀ ਆਈ ਹੈ। ਇਸ ਤਰ੍ਹਾਂ ਇਸ ਜੰਗ ਦਾ ਵੀ ਸੰਕਟ ਦੇ ਤਿੱਖੇ ਕਰਨ ਵਿਚ ਰੋਲ ਹੈ।

ਹੁਣ ਜਿੱਥੋਂ ਗੱਲ ਸ਼ੁਰੂ ਕੀਤੀ ਸੀ, ਅਮਰੀਕਾ ਦੀ ਕਰਜ਼ ਸੀਮਾ ਦੀ। ਇਹ ਜੋ ਇਸ ਬਾਰੇ ਚਰਚਾ ਚੱਲ ਰਹੀ ਹੈ, ਇਹ ਨਾਟਕ ਹੈ। ਵਿਰੋਧੀ ਪਾਰਟੀ ਰਿਪਬਲਿਕਨ ਪਾਰਟੀ ਸਰਕਾਰ ਦੇ 'ਸਮਾਜ ਭਲਾਈ' ਖਰਚੇ ਸਿਹਤ, ਪੈਨਸ਼ਨ, ਸਮਾਜਿਕ ਸੁਰੱਖਿਆ ਆਦਿ ਵਿਚ ਵੱਡੀ ਕਟੌਤੀ ਲਾਉ

ਣ ਦੀ ਸ਼ਰਤ ਰੱਖ ਰਹੀ ਹੈ। ਡੈਮੋਕਰੇਟ ਕਟੌਤੀ ਦੀ ਮਾਤਰਾ ਘੱਟ ਰੱਖਣ ਦੀ ਗੱਲ ਕਰ ਰਹੇ ਹਨ। ਇਸ ਲਈ ਲੈਣ-ਦੇਣ ਕਰਨ ਦੀ ਵਾਰਤਾ ਚੱਲ ਰਹੀ ਹੈ। ਅੱਗੇ ਇਹਨਾਂ ਪਾਰਟੀਆਂ ਵਿਚ ਵੀ ਲਾਬੀਆਂ ਹਨ। ਰਿਪਬਲਿਕਨ ਸਪੀਕਰ ਕੇਵਿਨ ਮੈਕਾਰਥੀ ਸਮਝੌਤਾ ਕਰਨਾ ਚਾਹੁੰਦਾ ਹੈ ਜਦਕਿ ਵਿਰੋਧੀ ਲਾਬੀ ਇਸ ਨੂੰ ਅੰਤ ਤੱਕ ਖਿਚਣਾ ਚਾਹੁੰਦੀ ਹੈ। ਇਸ ਸਭ ਦਾ ਉਦੇਸ਼ ਸੰਕਟ ਦਾ ਬੋਝ ਅਮਰੀਕੀ ਜਨਤਾ 'ਤੇ ਪਾਉਣਾ ਹੈ। ਦੋਵੇਂ ਪਾਰਟੀਆਂ ਅਮਰੀਕਾ ਨੂੰ ਡਿਫਾਲਟਰ ਨਹੀਂ ਹੋਣ ਦੇਣਗੀਆਂ। ਦੇਰ-ਸਵੇਰ ਸਮਝੌਤਾ ਹੋ ਜਾਵੇਗਾ ਕਿਉਂਕਿ ਅਮਰੀਕਾ ਦੀਆਂ ਹਾਕਮ ਜਮਾਤਾਂ ਦਾ ਹਿੱਤ ਇਸੇ ਵਿਚ ਹੈ। ਅੰਤ ਸੰਕਟ ਦਾ ਬੋਝ ਜਨਤਾ 'ਤੇ ਲੱਦ ਦਿੱਤਾ ਜਾਵੇਗਾ ਅਤੇ ਦੋਵੇਂ ਪਾਰਟੀਆਂ ਇਸ ਖਿੱਚ-ਧੂਹ ਨੂੰ ਆਪਣੇ ਆਪਣੇ ਢੰਗ ਨਾਲ ਆਪਣੇ ਸਿਆਸੀ ਹਿੱਤਾਂ ਲਈ ਵਰਤਣਗੀਆਂ।

# ਪੰਜਾਬ ਦੀ ਆਰਥਿਕਤਾ: ਪਿਛੋਕੜ, ਵਰਤਮਾਨ ਤੇ ਭਵਿੱਖ

ਪੰਜਾਬ ਦੀ ਆਰਥਿਕਤਾ ਲੰਮੇ ਸਮੇਂ ਤੋਂ ਆਪਣੇ ਵਿਕਾਸ ਕਰਨ ਦੀ ਸਮਰੱਥਾ ਤੋਂ ਹੌਲੀ ਰਫ਼ਤਾਰ ਨਾਲ ਵਿਕਾਸ ਕਰ ਰਹੀ ਹੈ। ਵੀਹਵੀਂ ਸਦੀ ਦੇ ਅੰਤ (2000) ਵਿਚ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿਚ ਦੇਸ਼ ਵਿਚ ਪਹਿਲੇ ਨੰਬਰ 'ਤੇ ਸੀ। ਪਿਛਲੇ ਦੋ ਦਹਾਕਿਆਂ ਦੇ ਆਰਥਿਕ ਵਿਕਾਸ ਤੋਂ ਬਾਅਦ ਹੁਣ ਪ੍ਰਮੁੱਖ ਸੂਬਿਆਂ ਵਿਚੋਂ ਪੰਜਾਬ ਦਸਵੇਂ ਸਥਾਨ ਨਾਲ ਪਿੱਛੇ ਰਹਿ ਗਿਆ ਹੈ। ਮਨੁੱਖੀ ਵਿਕਾਸ ਸੂਚਕ ਅੰਕ ਅਤੇ ਬਹੁ-ਪਰਤੀ ਗ਼ਰੀਬੀ ਸੂਚਕ ਅੰਕ ਦੇ ਤਾਜ਼ਾ ਅਨੁਮਾਨਾਂ ਅਨੁਸਾਰ ਵੀ ਪੰਜਾਬ ਪ੍ਰਮੁੱਖ ਸੂਬਿਆਂ ਵਿਚੋਂ ਕ੍ਰਮਵਾਰ ਤੀਜੇ ਅਤੇ ਪੰਜਵੇਂ ਸਥਾਨ 'ਤੇ ਹੈ। ਪੰਜਾਬ ਦੀ ਆਰਥਿਕਤਾ ਨੇ 2015-16 ਤੋਂ 2022-23 ਦੇ ਸਮੇਂ ਦਰਮਿਆਨ, ਸਥਿਰ ਕੀਮਤਾਂ ਅਨੁਸਾਰ ਕੁੱਲ ਰਾਜ ਘਰੇਲੂ ਉਤਪਾਦ (ਜੀਐਸਡੀਪੀ- ਘਰੋਸਸ ਟਅਟਣ ਧੋਮਇਸਟਿਚ ਫਰੋਦੁਚਟ- ਕਿਸੇ ਰਾਜ ਅੰਦਰ ਆਮ ਕਰ ਕੇ ਇਕ ਸਾਲ ਅੰਦਰ ਉਤਪਾਦਤ ਵਸਤਾਂ ਤੇ ਸੇਵਾਵਾਂ ਦੀ ਕੁੱਲ ਮਾਤਰਾ) ਦੀ 4.7 ਫ਼ੀਸਦੀ ਵਿਕਾਸ ਦਰ ਹਾਸਿਲ ਕੀਤੀ ਹੈ। ਇਸ ਦਾ ਮਤਲਬ ਹੈ ਕਿ ਪੰਜਾਬ ਦੀ ਆਰਥਿਕਤਾ ਤਾਂ ਵਧ ਰਹੀ ਹੈ ਪਰ ਰਫ਼ਤਾਰ ਧੀਮੀ ਹੈ; ਸਿੱਟੇ ਵਜੋਂ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਕੌਮੀ ਔਸਤ ਨਾਲੋਂ ਘੱਟ ਦਰ 'ਤੇ ਵਧ ਰਹੀ ਹੈ।

*ਪ੍ਰੋ. ਲਖਵਿੰਦਰ ਸਿੰਘ
ਫੋਨ: 98887-55642
*ਪ੍ਰੋ. ਸੁਖਵਿੰਦਰ ਸਿੰਘ
ਫੋਨ: 98722-20571
*ਪ੍ਰੋ. ਕੇਸਰ ਸਿੰਘ ਭੰਗੂ
ਫੋਨ: 98154-27127


ਪੰਜਾਬ ਸਰਕਾਰ ਦੇ ਅਨੁਮਾਨਾਂ ਅਨੁਸਾਰ, 2022 ਵਿਚ ਸੂਬੇ ਵਿਚ 2,23,207 ਨੌਜਵਾਨ ਬੇਰੁਜ਼ਗਾਰ ਸਨ ਜਿਨ੍ਹਾਂ ਵਿਚੋਂ 31 ਫ਼ੀਸਦੀ ਪੜ੍ਹੇ-ਲਿਖੇ ਹੁਨਰਮੰਦ ਅਤੇ ਬਾਕੀ ਪੜ੍ਹੇ-ਲਿਖੇ ਪਰ ਗ਼ੈਰ-ਹੁਨਰਮੰਦ ਸਨ। ਸੂਬੇ ਦੇ ਨੌਜਵਾਨਾਂ ਨੂੰ ਸੂਬੇ ਤੋਂ ਬਾਹਰ ਰੁਜ਼ਗਾਰ ਦੇ ਮੌਕੇ ਲੱਭਣੇ ਪੈ ਰਹੇ ਹਨ। ਇਸ ਦਾ ਕਾਰਨ, ਪੰਜਾਬ ਵਿਚ ਪੜ੍ਹੇ-ਲਿਖਿਆਂ ਵਿਚ ਬੇਰੁਜ਼ਗਾਰੀ ਦੀ ਦਰ ਬਹੁਤ ਉੱਚੀ ਹੋਣਾ ਅਤੇ ਨੌਕਰੀਆਂ ਕਰ ਰਹੇ ਨੌਜਵਾਨਾਂ ਵਿਚ ਨੌਕਰੀਆਂ ਦੀ ਮਾੜੀ ਕੁਆਲਿਟੀ/ਗੁਣਵੱਤਾ ਹੋਣ ਕਾਰਨ ਭਾਰੀ ਅਸੰਤੁਸ਼ਟੀ ਹੋਣਾ ਹੈ।

ਆਜ਼ਾਦੀ ਤੋਂ ਬਾਅਦ ਪੰਜਾਬ ਦੀ ਵੰਡ ਹੋਣ ਕਰ ਕੇ ਪੰਜਾਬ ਸਰਕਾਰ ਨੇ ਪੱਛਮੀ ਪੰਜਾਬ ਤੋਂ ਉਜੜ ਕੇ ਆਏ ਪੰਜਾਬੀਆਂ ਦੇ ਮੁੜ ਵਸੇਬੇ ਲਈ ਕਈ ਕਦਮ ਚੁੱਕੇ। ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿਚ ਖੇਤੀਬਾੜੀ ਲਈ ਜ਼ਮੀਨ ਦੀ ਤੇਜ਼ੀ ਨਾਲ ਵੰਡ ਅਤੇ ਮਕਾਨਾਂ ਦੀ ਉਸਾਰੀ ਲਈ ਉੱਦਮ ਕੀਤੇ। ਸਰਕਾਰ ਨੇ ਭੂਮੀ ਸੁਧਾਰਾਂ ਤਹਿਤ ਕਈ ਨਵੀਆਂ ਪਹਿਲਕਦਮੀਆਂ ਵੀ ਕੀਤੀਆਂ ਜਿਵੇਂ ਰਾਜ ਅਤੇ ਅਸਲ ਕਾਸ਼ਤਕਾਰਾਂ ਵਿਚਕਾਰ ਵਿਚੋਲਗੀ ਖਤਮ ਕਰਨਾ, ਬਹੁਤ ਛੋਟੀਆਂ ਜ਼ਮੀਨੀ ਜੋਤਾਂ ਨੂੰ ਇਕੱਠਾ ਕਰਨਾ, ਜੋਤਾਂ 'ਤੇ ਹੱਦਬੰਦੀ ਲਗਾਉਣਾ, ਜ਼ਮੀਨ ਦਾ ਕਿਰਾਇਆ ਤੈਅ ਤੇ ਨਿਯਮਤ ਕਰਨਾ, ਕਿਰਾਏਦਾਰਾਂ ਨੂੰ ਸੁਰੱਖਿਆ ਮੁਹੱਈਆ ਕਰਨਾ, ਕਬਜ਼ਾਧਾਰੀ ਕਿਰਾਏਦਾਰਾਂ ਨੂੰ ਜਾਇਦਾਦ ਦੇ ਅਧਿਕਾਰ ਦੇਣਾ ਆਦਿ। ਇਨ੍ਹਾਂ ਸਾਰੇ ਨੀਤੀਗਤ ਫ਼ੈਸਲਿਆਂ ਨੇ ਖੇਤੀਬਾੜੀ ਖੇਤਰ ਦੇ ਉਤਪਾਦਨ ਵਿਚ ਵਾਧੇ ਲਈ ਲੋੜੀਂਦੀ ਸਮਰੱਥਾ ਪੈਦਾ ਕੀਤੀ। ਇਸੇ ਤਰ੍ਹਾਂ ਸਿੰਜਾਈ ਲਈ ਨਹਿਰਾਂ ਦਾ ਜਾਲ, ਪੇਂਡੂ ਬਿਜਲੀਕਰਨ, ਖੇਤੀਬਾੜੀ ਕਰਜ਼ਾ, ਨਿਯੰਤ੍ਰਿਤ ਅਨਾਜ ਮੰਡੀ ਪ੍ਰਣਾਲੀ, ਖੇਤੀਬਾੜੀ ਖੋਜ ਤੇ ਪਸਾਰ ਪ੍ਰਣਾਲੀ ਅਤੇ ਪੇਂਡੂ ਖੇਤਰਾਂ ਵਿਚ ਸੜਕੀ ਜਾਲ ਵਿਕਸਤ ਕਰਨ ਵਿਚ ਭਾਰੀ ਨਿਵੇਸ਼ ਕੀਤਾ ਗਿਆ। ਪੰਜਾਬ ਦੀ ਇਸ ਨੀਤੀ ਨੇ 1950 ਅਤੇ 1960 ਦੇ ਦਹਾਕਿਆਂ ਵਿਚ ਇਨ੍ਹਾਂ ਸੰਸਥਾਈ ਪ੍ਰਬੰਧਾਂ ਨੂੰ ਲਾਗੂ ਅਤੇ ਵਿਕਸਤ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਜਿਸ ਨੇ ਆਧੁਨਿਕ ਖੇਤੀਬਾੜੀ ਵਿਕਾਸ ਦੀ ਸਥਾਪਨਾ ਅਤੇ ਪ੍ਰਫੁੱਲਤ ਕਰਨ ਲਈ ਸਮਰੱਥ ਵਾਤਾਵਰਨ ਮੁਹੱਈਆ ਕਰਨ ਵਿਚ ਕੇਂਦਰੀ ਭੂਮਿਕਾ ਨਿਭਾਈ ਸੀ। ਇਸ ਤਰ੍ਹਾਂ ਪੰਜਾਬ ਦੀ ਆਰਥਿਕਤਾ ਦੇ ਸੰਤੁਲਿਤ ਵਿਕਾਸ ਲਈ ਸਰਕਾਰ ਨੇ ਉਦਯੋਗਿਕ ਟਾਊਨਸ਼ਿਪਾਂ ਦੀ ਸਥਾਪਨਾ ਵੀ ਕੀਤੀ ਅਤੇ ਉਦਯੋਗਿਕ ਅਦਾਰਿਆਂ ਨੂੰ ਲੋੜੀਂਦੇ ਹੁਨਰਮੰਦ ਕਰਮਚਾਰੀਆਂ ਦੀ ਸਪਲਾਈ ਕਰਨ ਲਈ ਲੋੜੀਂਦੇ ਸਿਖਲਾਈ ਸੰਸਥਾਵਾਂ ਦਾ ਨਿਰਮਾਣ ਵੀ ਕੀਤਾ। ਸੂਬੇ ਵਿਚ ਸਮਾਜਿਕ ਸੇਵਾਵਾਂ ਦੀ ਪੂਰਤੀ ਅਤੇ ਹਰ ਲੋੜਬੰਦ ਸ਼ਹਿਰੀ ਤੱਕ ਪਹੁੰਚਾਉਣ ਨੂੰ ਵੀ ਯਕੀਨੀ ਬਣਾਇਆ। ਕਿਰਤੀਆਂ ਵਿਚ ਵਧਦੀ ਗਤੀਸ਼ੀਲਤਾ ਨੂੰ ਪ੍ਰਾਪਤ ਕਰਨ ਲਈ ਵਿਦਿਅਕ ਅਤੇ ਸਿਹਤ ਸੰਭਾਲ ਪ੍ਰਣਾਲੀਆਂ ਵੀ ਸਥਾਪਿਤ ਕੀਤੀਆਂ।

1966 ਵਿਚ ਜਦੋਂ ਪੰਜਾਬ ਦਾ ਭਾਸ਼ਾ ਦੇ ਆਧਾਰ 'ਤੇ ਪੁਨਰ-ਗਠਨ ਕੀਤਾ ਗਿਆ ਤਾਂ ਉਸ ਵਕਤ ਭਾਰਤ ਅਨਾਜ ਦੇ ਸੰਕਟ ਨਾਲ ਜੂਝ ਰਿਹਾ ਸੀ। ਪੰਜਾਬ ਨੇ ਇਸ ਚੁਣੌਤੀ ਨੂੰ ਸਹਿਜੇ ਹੀ ਸਵੀਕਾਰ ਕਰ ਲਿਆ ਅਤੇ ਬਹੁਤ ਹੀ ਥੋੜ੍ਹੇ ਸਮੇਂ ਵਿਚ ਦੇਸ਼ ਨੂੰ ਅਨਾਜ ਵਿਚ ਆਤਮ-ਨਿਰਭਰ ਬਣਾ ਦਿੱਤਾ। ਹਰੀ ਕ੍ਰਾਂਤੀ ਨੇ ਨਾ ਸਿਰਫ ਦੇਸ਼ ਨੂੰ ਭੋਜਨ ਸੁਰੱਖਿਆ ਦਿੱਤੀ ਬਲਕਿ ਸੂਬੇ ਵਿਚ ਕਈ ਆਰਥਿਕ, ਸਮਾਜਿਕ ਅਤੇ ਰਾਜਨੀਤਕ ਬਦਲਾਅ ਵੀ ਕੀਤੇ। ਦੋ ਫ਼ਸਲਾਂ, ਭਾਵ ਕਣਕ ਤੇ ਚੌਲਾਂ ਵਿਚ ਵਧ ਰਹੀ ਖੇਤੀ ਉਤਪਾਦਕਤਾ ਨੇ ਇਕ ਪਾਸੇ ਰੁਜ਼ਗਾਰ, ਆਮਦਨ ਤੇ ਬੱਚਤ ਵਿਚ ਵਾਧਾ ਕੀਤਾ; ਦੂਜੇ ਪਾਸੇ ਖੇਤੀ ਨੂੰ ਵੰਨ-ਸਵੰਨਤਾ ਤੋਂ ਦੋ ਫ਼ਸਲੀ ਖੇਤੀ ਵਿਚ ਬਦਲ ਦਿੱਤਾ। ਇਹ ਵਿਸ਼ੇਸ਼ਤਾ ਲੰਮੇ ਸਮੇਂ ਤੱਕ ਕਾਇਮ ਰਹੀ ਅਤੇ ਸੂਬਾ ਕੇਂਦਰੀ ਪੂਲ ਲਈ ਕਣਕ ਅਤੇ ਚੌਲਾਂ ਦਾ ਥੋਕ ਉਤਪਾਦਕ ਬਣ ਗਿਆ। ਹਾਲਾਂਕਿ, ਖੇਤੀਬਾੜੀ ਦੇ ਵਿਕਾਸ ਨੇ ਆਰਥਿਕਤਾ ਦੇ ਹੋਰ ਖੇਤਰਾਂ ਨੂੰ ਪ੍ਰਭਾਵਿਤ ਕੀਤਾ ਅਤੇ ਉਦਯੋਗਿਕ ਵਿਕਾਸ ਅਤੇ ਸੇਵਾ ਖੇਤਰ, ਦੋਵਾਂ ਨੂੰ ਹੁਲਾਰਾ ਦਿੱਤਾ ਹੈ। ਇਸ ਨੇ ਸੂਬੇ ਵਿਚ ਗ਼ਰੀਬੀ ਨੂੰ ਹੋਰ ਭਾਰਤੀ ਸੂਬਿਆਂ ਦੇ ਮੁਕਾਬਲੇ ਬਹੁਤ ਘਟ ਗਈ। ਆਮਦਨੀ ਦੇ ਪੱਧਰ ਦੇ ਵਧਣ ਅਤੇ ਸਿੱਖਿਆ ਦੇ ਪ੍ਰਸਾਰ ਨੇ ਨਾ ਸਿਰਫ਼ ਖੇਤੀਬਾੜੀ ਤੋਂ ਬਾਹਰ ਦੇ ਮੌਕੇ ਖੋਲ੍ਹੇ ਹਨ ਸਗੋਂ ਉੱਪਰ ਵੱਲ ਗਤੀਸ਼ੀਲਤਾ (upward mobility) ਨੂੰ ਵੀ ਉਤਪੰਨ ਕੀਤਾ।

ਹਰੀ ਕ੍ਰਾਂਤੀ ਦੇ ਪਹਿਲੇ ਪੜਾਅ ਨੇ ਪੰਜਾਬ ਦੀ ਆਰਥਿਕਤਾ ਵਿਚ ਢਾਂਚਾਗਤ ਤਬਦੀਲੀਆਂ ਵੀ ਕੀਤੀਆਂ। ਪੰਜਾਬ ਦੇ ਵਿਚ ਖੇਤੀਬਾੜੀ ਦਾ ਹਿੱਸਾ 1966-67 ਵਿਚ 52.85 ਫ਼ੀਸਦੀ ਤੋਂ ਵਧ ਕੇ 1970-71 ਵਿਚ 54.27 ਫ਼ੀਸਦੀ ਹੋ ਗਿਆ। 1970 ਦੇ ਦਹਾਕੇ ਦੇ ਅੰਤ ਤੱਕ ਖੇਤੀਬਾੜੀ ਖੇਤਰ ਦੀ ਉਤਪਾਦਕਤਾ ਸਿਖ਼ਰ 'ਤੇ ਪਹੁੰਚ ਕੇ, 1980 ਤੋਂ ਬਾਅਦ ਖੇਤੀਬਾੜੀ ਦਾ ਸੂਬੇ ਦੀ ਆਰਥਿਕਤਾ ਵਿਚ ਹਿੱਸਾ ਘਟਣਾ ਸ਼ੁਰੂ ਹੋ ਗਿਆ; ਉਦਾਹਰਨ ਦੇ ਤੌਰ 'ਤੇ (1980-81 ਵਿਚ 49.45 ਪ੍ਰਤੀਸ਼ਤ) ਅਤੇ ਰੁਜ਼ਗਾਰ (1981 ਵਿਚ 58 ਪ੍ਰਤੀਸ਼ਤ)। ਸੂਬੇ ਦੀ ਆਰਥਿਕਤਾ ਦੇ ਵੱਖ ਵੱਖ ਖੇਤਰਾਂ ਦਰਮਿਆਨ ਆਪਸੀ ਸੰਬੰਧਾਂ ਦੀ ਘਾਟ, ਆਰਥਿਕਤਾ ਦੀ ਘਟਦੀ ਵਿਕਾਸ ਦਰ, ਖੇਤੀ ਉਤਪਾਦਕਿਤਾ ਵਿਚ ਖੜੋਤ ਅਤੇ ਖੇਤੀ ਤੋਂ ਬਾਹਰ ਵਧੀਆ ਰੁਜ਼ਗਾਰ ਦੀ ਅਣਹੋਂਦ ਨੂੰ ਧਨੀ/ਵੱਡੀ ਕਿਸਾਨੀ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਪੰਜਾਬ ਵਿਚ ਬਹੁਤੀਆਂ ਸਮਾਜਿਕ ਲਹਿਰਾਂ ਖੱਬੇ ਪੱਖੀ ਝੁਕਾਅ ਨਾਲ ਉੱਭਰ ਰਹੀਆਂ ਸਨ ਜਿਨ੍ਹਾਂ ਨੇ ਪ੍ਰਮੁੱਖ ਰਾਜਨੀਤਕ ਪਾਰਟੀਆਂ ਨੂੰ ਖ਼ਤਰੇ ਦੇ ਘੰਟੀ ਦਾ ਅਹਿਸਾਸ ਕਰਵਾਇਆ। ਸਿਆਸੀ ਪਾਰਟੀਆਂ ਅਤੇ ਨੇਤਾਵਾਂ ਨੇ ਆਰਥਿਕ ਵਿਕਾਸ ਦੇ ਮਾਡਲ ਤੋਂ ਉਭਰਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਇ, ਉਨ੍ਹਾਂ ਨੇ ਆਰਥਿਕ ਮੁੱਦਿਆਂ ਨੂੰ ਧਾਰਮਿਕ ਮੁੱਦਿਆਂ ਵਿਚ ਬਦਲਣ ਲਈ ਜੋੜ-ਤੋੜ ਸ਼ੁਰੂ ਕਰ ਦਿੱਤੇ। ਇਹ ਮੁੱਦੇ ਖੇਤਰੀ ਅਤੇ ਕੌਮੀ, ਦੋਵਾਂ ਤਰ੍ਹਾਂ ਦੀਆਂ ਪ੍ਰਮੁੱਖ ਰਾਜਨੀਤਕ ਪਾਰਟੀਆਂ ਦੀ ਸੋਚ ਅਤੇ ਸਿਆਸਤ 'ਤੇ ਭਾਰੂ ਹੋ ਗਏ। ਸਿੱਟੇ ਵਜੋਂ, 1980 ਦੇ ਦਹਾਕੇ ਨੇ ਚੰਗੀ ਤਰ੍ਹਾਂ ਕੰਮ ਕਰਨ ਵਾਲੀਆਂ ਸਰਕਾਰੀ ਸੰਸਥਾਵਾਂ ਨੂੰ ਤਬਾਹ ਹੀ ਨਹੀਂ ਕੀਤਾ ਸਗੋਂ ਪੰਜਾਬ ਦੇ ਸਮੁੱਚੇ ਵਿਕਾਸ ਦੇ ਏਜੰਡੇ ਨੂੰ ਪਟੜੀ ਤੋਂ ਲਾਹ ਦਿੱਤਾ।

ਜਦੋਂ ਭਾਰਤ ਸਰਕਾਰ ਨੇ 1991 ਵਿਚ ਨਵੀਆਂ ਆਰਥਿਕ ਨੀਤੀਆਂ ਅਪਣਾਈਆਂ ਤਾਂ ਪੰਜਾਬ ਸ਼ਾਂਤੀ ਬਹਾਲੀ ਲਈ ਸੰਘਰਸ਼ ਕਰ ਰਿਹਾ ਸੀ। 1990 ਦੇ ਦਹਾਕੇ ਵਿਚ ਰਾਜਨੀਤਕ ਲੀਡਰਸ਼ਿਪ ਦੇ ਨਵੇਂ ਤਜਰਬੇ ਅਤੇ ਢੰਗ ਦੇ ਨਾਲ ਸ਼ਾਂਤੀ ਅਤੇ ਜਮਹੂਰੀ ਪ੍ਰਕਿਰਿਆਵਾਂ ਨੂੰ ਬਹਾਲ ਕੀਤਾ ਗਿਆ ਸੀ ਤਾਂ ਜੋ ਰਾਸ਼ਟਰ ਨਾਲ ਆਪਣੀਆਂ ਨੀਤੀਆਂ ਨੂੰ ਇਕਸੁਰ ਕੀਤਾ ਜਾ ਸਕੇ। ਪੰਜਾਬ ਦੀ ਰਾਜਨੀਤਕ ਲੀਡਰਸ਼ਿਪ ਨੇ ਕਾਫ਼ੀ ਚਲਾਕੀ ਨਾਲ ਨੌਕਰਸ਼ਾਹੀ ਦੇ ਨਾਲ ਸਾਂਝ-ਭਿਆਲੀ ਬਣਾ ਕੇ ਅਤੇ 'ਆਮ ਵਾਂਗ ਕਾਰੋਬਾਰ' ਤੇ 'ਚਲਦਾ ਹੈ' ਦੀ ਨੀਤੀ 'ਤੇ ਚੱਲਣ ਲੱਗ ਪਈ। ਰਾਜ ਯੋਜਨਾ ਬੋਰਡ ਤੋਂ ਲੈ ਕੇ ਸਥਾਨਕ ਪੱਧਰ ਤੱਕ ਸੰਸਥਾਈ ਢਾਂਚੇ ਦੀ ਕਾਰਜਕੁਸ਼ਲਤਾ ਬਹਾਲ ਕਰਨ ਦੀ ਬਜਾਇ, ਉਨ੍ਹਾਂ ਨੇ ਸਿਹਤ ਅਤੇ ਸਿੱਖਿਆ 'ਤੇ ਖਰਚੇ ਨੂੰ ਘਟਾਉਣਾ ਸ਼ੁਰੂ ਕਰ ਦਿੱਤਾ ਹੈ ਜਿਸ ਨੇ ਨੌਜਵਾਨ ਪੀੜ੍ਹੀ ਦੀ ਸਮਰੱਥਾ ਅਤੇ ਕਾਬਲੀਅਤ ਵਧਾਉਣ ਦੀ ਬਜਾਇ ਹੋਰ ਕਮਜ਼ੋਰ ਕਰ ਦਿੱਤਾ। ਰਾਜਨੀਤਕ ਲੀਡਰਸ਼ਿਪ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਮਾੜੀ ਸ਼ਾਸਨ ਪ੍ਰਣਾਲੀ ਕਾਫ਼ੀ ਮਦਦਗਾਰ ਸਾਬਤ ਹੋਈ। ਇਸ ਸਮੇਂ ਦੌਰਾਨ ਰਾਜਨੀਤਕ ਲੀਡਰਸ਼ਿਪ ਲੋਕ ਹਿੱਤਾਂ ਤੇ ਸੇਵਾ ਕਰਨ ਵਾਲੇ ਨੇਤਾਵਾਂ ਤੋਂ 'ਵਪਾਰਕ ਉੱਦਮੀਆਂ' ਵਾਲੇ ਨੇਤਾਵਾਂ ਵਿਚ ਬਦਲ ਗਈ। ਨਤੀਜੇ ਵਜੋਂ ਆਮ ਜਨਤਾ ਦੀ ਆਮਦਨ ਘਟਣ ਲੱਗੀ ਜਾਂ ਹੌਲੀ ਰਫ਼ਤਾਰ ਨਾਲ ਵਧਣ ਲੱਗੀ, ਰਾਜਨੀਤਕ ਨੇਤਾਵਾਂ ਦੀ ਦੌਲਤ ਅਤੇ ਆਮਦਨ ਅਸਮਾਨ ਨੂੰ ਛੂਹ ਗਈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਨਵੀਆਂ ਆਰਥਿਕ ਨੀਤੀਆਂ ਅਫਸਰਸ਼ਾਹੀ ਅਤੇ ਸਿਆਸੀ ਲੀਡਰਸ਼ਿਪ ਲਈ ਵਰਦਾਨ ਸਾਬਿਤ ਹੋਈਆ ਪਰ ਇਸ ਨਾਲ ਪੰਜਾਬ ਦੀ ਆਰਥਿਕਤਾ ਅਤੇ ਲੋਕਾਂ ਦੀ ਆਰਥਿਕਤਾ ਦੋਵਾਂ ਦੀ ਤਬਾਹੀ ਹੋਈ।




ਸੂਬੇ ਅੰਦਰ ਪ੍ਰਸ਼ਾਸਨ ਦੇ ਵਪਾਰੀਆਂ ਅਤੇ ਸਨਅਤਕਾਰਾਂ ਤੋਂ ਰਿਸ਼ਵਤ ਮੰਗਣ ਵਾਲੇ ਵਤੀਰੇ ਨੇ ਪੰਜਾਬ ਵਿਚ ਬਹੁ-ਪਰਤੀ ਸੰਕਟ ਪੈਦਾ ਕਰ ਦਿੱਤਾ। ਇਸ ਨਾਲ ਸਨਅਤੀ ਪੂੰਜੀ ਦਾ ਪੰਜਾਬ ਤੋਂ ਨਿਕਲਣਾ/ਪਰਵਾਸ ਹੋਣਾ ਸ਼ੁਰੂ ਹੋ ਗਿਆ ਅਤੇ ਪੰਜਾਬ ਵਿਚੋਂ ਜ਼ਿਆਦਾਤਰ ਨਵਾਂ ਉਦਯੋਗਿਕ ਨਿਵੇਸ਼ ਦੇਸ਼ ਦੇ ਹੋਰ ਹਿੱਸਿਆਂ ਵਿਚ ਹੋਇਆ ਹੈ। ਕਾਰਪੋਰੇਟ ਉਦਯੋਗਕ ਨਿਵੇਸ਼ ਦੇ ਨਾਲ ਨਾਲ ਸਿੱਧੇ ਵਿਦੇਸ਼ੀ ਨਿਵੇਸ਼ ਨੇ ਵੀ ਪੰਜਾਬ ਨੂੰ ਆਪਣੇ ਨਿਵੇਸ਼ ਲਈ ਮੰਜ਼ਿਲ ਵਜੋਂ ਤਰਜੀਹ ਨਹੀਂ ਦਿੱਤੀ। ਇਸ ਦੇ ਨਾਲ ਹੀ ਮਾਲ ਭਾੜਾ ਬਰਾਬਰੀ ਦੀ ਨੀਤੀ ਨੂੰ ਖ਼ਤਮ ਕਰਨ ਨਾਲ ਪੰਜਾਬ ਦੇ ਦੋ ਸਨਅਤੀ ਸ਼ਹਿਰਾਂ (ਮੰਡੀ ਗੋਬਿੰਦਗੜ੍ਹ ਤੇ ਬਟਾਲਾ) ਵਿਚ ਸਟੀਲ ਅਤੇ ਫਾਊਂਡਰੀ ਉਦਯੋਗ ਲਗਭਗ ਬੰਦ ਹੋ ਗਿਆ। ਸਨਅਤੀ ਮੁਕਾਬਲੇ ਕਾਰਨ ਜਲੰਧਰ ਅਤੇ ਅੰਮ੍ਰਿਤਸਰ ਸਨਅਤੀ ਟਾਊਨਸ਼ਿਪ ਵੀ ਸੁੰਗੜ ਗਏ ਅਤੇ ਉਦਯੋਗ ਨੂੰ ਬਚਾਉਣ ਲਈ ਲੋੜੀਂਦਾ ਸਰਕਾਰੀ ਸਹਿਯੋਗ ਨਹੀਂ ਮਿਲ ਸਕਿਆ।

ਸਮੇਂ ਦੇ ਚੱਲਦੇ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਦੇ ਵਿਰੁੱਧ ਹੋ ਗਈਆਂ ਅਤੇ ਛੋਟੀ ਕਿਸਾਨੀ ਆਧਾਰਿਤ ਖੇਤੀ ਕਾਫ਼ੀ ਸੰਕਟ ਵਿਚ ਆ ਗਈ। ਵਧਦੀਆਂ ਇਨਪੁਟਸ ਲਾਗਤਾਂ ਅਤੇ ਇਨਪੁਟਸ ਦੀ ਘਟਦੀ ਪ੍ਰਭਾਵਸ਼ੀਲਤਾ ਕਾਰਨ ਕਿਸਾਨਾਂ ਦੀ ਆਮਦਨ ਵਿਚ ਗਿਰਾਵਟ ਆ ਗਈ ਅਤੇ ਕਿਸਾਨੀ ਨੂੰ ਕਰਜ਼ੇ ਚੁੱਕ ਕੇ ਗੁਜ਼ਾਰਾ ਕਰਨਾ ਪਿਆ। ਨਤੀਜੇ ਵਜੋਂ ਸੂਬੇ ਦੀ ਕਿਸਾਨੀ ਦਾ ਵੱਡਾ ਹਿੱਸਾ ਕਰਜ਼ਈ ਹੋ ਗਿਆ ਅਤੇ ਬਹੁਤ ਮਜ਼ਬੂਤ ਭਾਈਚਾਰਾ ਖੇਰੂੰ ਖੇਰੂੰ ਹੋ ਗਿਆ ਅਤੇ ਖੁਦਕੁਸ਼ੀ ਕਰਨ ਦੇ ਰਾਹ ਪੈ ਗਿਆ।

ਇਸ ਦੇ ਨਾਲ, ਸੂਚਨਾ ਤਕਨਾਲੋਜੀ ਕ੍ਰਾਂਤੀ ਅਧੀਨ ਪੈਦਾ ਹੋਣ ਵਾਲੇ ਨਵੇਂ ਮੌਕੇ ਵੀ ਪੰਜਾਬ ਨੂੰ ਬਾਈਪਾਸ ਕਰ ਗਏ। ਇਹ ਮੁੱਖ ਤੌਰ 'ਤੇ ਪੰਜਾਬ ਵਿਚ ਹੁਨਰਮੰਦ ਮਨੁੱਖੀ ਸ਼ਕਤੀ ਦੀ ਗ਼ੈਰ-ਉਪਲਬਧਤਾ, ਉੱਦਮੀਆਂ/ਵਪਾਰੀਆਂ ਨੂੰ ਘੱਟ ਸਹੂਲਤਾਂ ਅਤੇ ਅਨੁਕੂਲ ਵਪਾਰਕ ਮਾਹੌਲ ਦੀ ਘਾਟ ਦੇ ਕਾਰਨ ਹੀ ਹੋਇਆ। ਇਸੇ ਤਰ੍ਹਾਂ ਪੰਜਾਬ ਦਾ ਸੇਵਾ ਖੇਤਰ ਕਾਫ਼ੀ ਰਵਾਇਤੀ ਰਿਹਾ ਹੈ ਅਤੇ ਵਪਾਰਕ ਆਧੁਨਿਕ ਸੇਵਾਵਾਂ ਦੀ ਅਣਹੋਂਦ ਜਾਰੀ ਹੈ। ਰਸਮੀ ਸੇਵਾਵਾਂ ਦੇ ਖੇਤਰ ਵਿਚ ਆਪਣੇ ਮੁਫ਼ਾਦਾਂ ਲਈ ਰਿਸ਼ਵਤ ਦੀ ਮੰਗ ਕਰਨ ਵਾਲੇ ਵਿਹਾਰ ਨੇ ਆਰਥਿਕਤਾ ਵਿਚ ਤਰੇੜ ਪੈਦਾ ਕੀਤੀ ਜਿਸ ਨੇ ਪੰਜਾਬ ਦੀ ਸਮੁੱਚੀ ਆਰਥਿਕਤਾ ਦੇ 'ਜ਼ਰੂਰੀ ਸਰਪਲੱਸ' ਨੂੰ ਚੂਸ ਲਿਆ ਅਤੇ ਪੰਜਾਬ ਵਿਚ ਸਮੁੱਚੇ ਨਿਵੇਸ਼ ਦ੍ਰਿਸ਼ ਨੂੰ ਨਿਰਾਸ਼ ਕੀਤਾ। ਸਿੱਟੇ ਵਜੋਂ, ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੀ ਆਰਥਿਕਤਾ ਵਿਚ ਨਿਵੇਸ਼ ਦੀ ਘਾਟ ਪੈਦਾ ਹੋਈ ਹੈ। ਪੰਜਾਬ ਦੇ 2022-23 ਦੇ ਆਰਥਿਕ ਸਰਵੇਖਣ ਵਿਚ ਰਿਪੋਰਟ ਕੀਤੇ 14 ਫ਼ੀਸਦੀ ਕੁੱਲ ਸਥਿਰ ਪੂੰਜੀ ਨਿਰਮਾਣ (ਜੀਐਫਸੀਐਫ-ਘਰੋਸਸ ਣਿਣਦ ਛਅਪਿਟਅਲ ਾੋਰਮਅਟਿਨ-ਅਚੱਲ ਜਾਇਦਾਦਾਂ ਵਿਚ ਮੁਕਾਮੀ ਉੱਦਮੀਆਂ ਦਾ ਨਿਵੇਸ਼) ਦੇ ਸਬੂਤ ਇਹ ਦਰਸਾਉਂਦੇ ਹਨ ਕਿ ਪੰਜਾਬ ਦੀ ਆਰਥਿਕਤਾ ਵਿਕਾਸ ਪ੍ਰਕਿਰਿਆ ਤੋਂ ਕਿਉਂ ਪਛੜ ਰਹੀ ਹੈ ਜਦੋਂਕਿ ਕੁੱਲ ਭਾਰਤ ਦਾ ਕੁੱਲ ਸਥਿਰ ਪੂੰਜੀ ਨਿਰਮਾਣ ਲਗਭਗ 29 ਫ਼ੀਸਦੀ ਹੈ ਅਤੇ ਤੇਜ਼ੀ ਨਾਲ ਵਿਕਾਸ ਕਰ ਰਹੇ ਸੂਬਿਆਂ ਦਾ ਕੁੱਲ ਸਥਿਰ ਪੂੰਜੀ ਨਿਰਮਾਣ ਹੋਰ ਵੀ ਵਧੇਰੇ ਹੈ। ਸੂਬੇ ਵਿਚੋਂ ਪੂੰਜੀ ਅਤੇ ਮਨੁੱਖੀ ਪੂੰਜੀ, ਦੋਹਾਂ ਦੇ ਪਰਵਾਸ ਨੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਕਮਜ਼ੋਰ ਕੀਤਾ ਹੈ। ਪੰਜਾਬ ਹੌਲੀ ਵਿਕਾਸ-ਘੱਟ ਨਿਵੇਸ਼-ਵੱਧ ਕਰਜ਼ੇ ਦੀ ਸਮੱਸਿਆ ਦਾ ਸ਼ਿਕਾਰ ਹੈ।

ਹੁਣ ਸਵਾਲ ਹੈ: ਕੀ ਅਸੀਂ ਪੰਜਾਬ ਦੀ ਆਰਥਿਕਤਾ ਨੂੰ ਮੁੜ ਜ਼ਿੰਦਾ/ਸੁਰਜੀਤ/ਉਸਾਰੀ ਕਰ ਸਕਦੇ ਹਾਂ? ਜਵਾਬ ਹੈ: ਬਿਲਕੁਲ ਕੀਤਾ ਜਾ ਸਕਦਾ ਹੈ। ਅਜਿਹਾ ਕਰਨ ਲਈ ਪੰਜਾਬ ਦੀ ਆਰਥਿਕਤਾ ਨੂੰ ਦਰਪੇਸ਼ ਵੱਡੀਆਂ ਰੁਕਾਵਟਾਂ ਅਤੇ ਉਨ੍ਹਾਂ ਰੁਕਾਵਟਾਂ ਦੇ ਸੋਮਿਆਂ ਅਤੇ ਕਾਰਨਾਂ ਦੀ ਪਛਾਣ ਕਰਨੀ ਪਵੇਗੀ।

ਸਭ ਤੋਂ ਪਹਿਲੀ ਅਤੇ ਸਭ ਤੋਂ ਵੱਡੀ ਰੁਕਾਵਟ ਸੂਬੇ ਸਿਰ ਚੜ੍ਹੇ ਮਣਾਂ-ਮੂੰਹੀਂ ਕਰਜ਼ੇ ਦੀ ਪੰਡ ਦੀ ਹੈ। ਮਾਰਚ 2023 ਦੇ ਅੰਤ ਵਿਚ ਸੂਬੇ ਸਿਰ 3.13 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਜਦੋਂ ਮਾਰਚ 2022 ਵਿਚ 2.82 ਲੱਖ ਕਰੋੜ ਰੁਪਏ ਸੀ। ਪਿਛਲੀ ਸਰਕਾਰ ਨੇ ਵੀ ਆਪਣੇ ਪਿਛਲੇ ਤਿੰਨ ਸਾਲਾਂ ਵਿਚ ਹਰ ਸਾਲ ਸੂਬੇ ਸਿਰ 35201.87 ਕਰੋੜ ਰੁਪਏ ਦਾ ਕਰਜ਼ਾ ਚੜ੍ਹਾਇਆ ਹੈ। ਇਸੇ ਸਮੇਂ ਦੌਰਾਨ ਲਏ ਕਰਜ਼ੇ ਨੂੰ ਵਾਪਸ ਕਰਨ ਲਈ ਹਰ ਸਾਲ 18209.8 ਕਰੋੜ ਰੁਪਏ ਵਿਆਜ ਅਤੇ 14257.98 ਕਰੋੜ ਰੁਪਏ ਮੂਲ, ਭਾਵ ਕੁੱਲ 32467.78 ਕਰੋੜ ਰੁਪਏ ਖ਼ਰਚ ਕੀਤੇ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਹਰ ਸਾਲ ਸਰਕਾਰ ਨੂੰ ਸ਼ੁੱਧ ਕਰਜ਼ੇ ਦੇ ਰੂਪ ਵਿਚ ਕੇਵਲ 2734.09 ਕਰੋੜ ਰੁਪਏ ਹੀ ਪ੍ਰਾਪਤ ਹੋਏ ਜੋ ਸਾਲ ਵਿਚ ਲਏ ਕੁੱਲ ਕਰਜ਼ੇ ਦਾ 7.8 ਫ਼ੀਸਦੀ ਹੀ ਹੈ ਅਤੇ ਬਾਕੀ 92.2 ਫ਼ੀਸਦੀ ਪਿਛਲਾ ਕਰਜ਼ਾ ਉਤਾਰਨ ਲਈ ਖ਼ਰਚ ਕੀਤਾ ਗਿਆ।

ਕੀ ਪੰਜਾਬ ਕਰਜ਼ੇ ਦੀ ਪੰਡ ਤੋਂ ਛੁਟਕਾਰਾ ਪਾ ਸਕਦਾ ਹੈ? ਜਦੋਂ ਅਸੀਂ ਸੂਬੇ ਦੁਆਰਾ ਮਾਲੀਆ ਵਧਾਉਣ ਦੀ ਸਮਰੱਥਾ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਅਨੁਭਵੀ ਸਬੂਤ ਦਰਸਾਉਂਦੇ ਹਨ ਕਿ ਪੰਜਾਬ ਲਗਾਤਾਰ ਕੁੱਲ ਰਾਜ ਘਰੇਲੂ ਉਤਪਾਦ (ਜੀਐਸਡੀਪੀ- ਘਰੋਸਸ ਟਅਟਣ ਧੋਮਇਸਟਿਚ ਫਰੋਦੁਚਟ- ਕਿਸੇ ਰਾਜ ਅੰਦਰ ਆਮ ਕਰ ਕੇ ਇਕ ਸਾਲ ਅੰਦਰ ਉਤਪਾਦਤ ਵਸਤਾਂ ਤੇ ਸੇਵਾਵਾਂ ਦੀ ਕੁੱਲ ਮਾਤਰਾ) ਦੇ ਦੋ ਫ਼ੀਸਦੀ ਤੋਂ ਵੱਧ ਮਾਲੀਆ ਘਾਟਾ ਝੱਲ ਰਹੀ ਹੈ। ਮਾਲੀਆ ਘਾਟਾ-ਜੀਐਸਡੀਪੀ ਅਨੁਪਾਤ 2018-19 ਵਿਚ 2.56 ਫ਼ੀਸਦੀ ਸੀ ਅਤੇ 2020-21 ਵਿਚ ਵਧ ਕੇ 3.16 ਫ਼ੀਸਦੀ ਹੋ ਗਿਆ। ਚਾਲੂ ਸਾਲ (2022-23) ਵਿਚ ਮਾਲੀਆ ਘਾਟਾ 3.74 ਫ਼ੀਸਦੀ ਹੋ ਗਿਆ। ਇਹ ਸਬੂਤ ਸਪੱਸ਼ਟ ਕਰਦੇ ਹਨ ਕਿ ਪੰਜਾਬ ਰਾਜ ਦਾ ਮਾਲੀਆ ਘਾਟਾ-ਜੀਐਸਡੀਪੀ ਅਨੁਪਾਤ ਲਗਾਤਾਰ ਵਧ ਰਿਹਾ ਹੈ ਅਤੇ ਕਰਜ਼ੇ ਦੇ ਭੰਡਾਰ ਵਿਚ ਹੋਰ ਵਾਧਾ ਹੋਵੇਗਾ। ਰਾਜ ਦੀ ਵਿੱਤੀ ਨੀਤੀ ਚੌਰਾਹੇ 'ਤੇ ਖੜ੍ਹੀ ਹੈ ਅਤੇ ਇਸ ਨੂੰ ਦਰੁਸਤ ਕਰਨ ਨਾਲ ਹੀ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਦੀ ਆਸ ਬੱਝਦੀ ਹੈ। ਭਾਰਤ ਦੇ ਦੂਜੇ ਸੂਬਿਆਂ 'ਤੇ ਮੁਦਰਾ ਨੀਤੀ ਦੇ ਪ੍ਰਭਾਵਾਂ ਬਾਰੇ ਕੀਤੇ ਕਈ ਅਧਿਐਨਾਂ ਤੋਂ ਸਪੱਸ਼ਟ ਤੌਰ 'ਤੇ ਇਹ ਤੱਥ ਸਾਹਮਣੇ ਆਉਂਦੇ ਹਨ ਕਿ ਆਰਥਿਕਤਾ ਦੇ ਛੋਟੇ ਪੈਮਾਨੇ ਦੇ ਉਤਪਾਦਨ ਢਾਂਚੇ ਦੀ ਪ੍ਰਮੁੱਖਤਾ ਕਾਰਨ ਪੰਜਾਬ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਹ ਰਿਜ਼ਰਵ ਬੈਂਕ ਦੇ ਕ੍ਰੈਡਿਟ-ਡਿਪਾਜ਼ਿਟ ਅਨੁਪਾਤ ਦੇ ਅੰਕੜਿਆਂ ਤੋਂ ਵੀ ਝਲਕਦਾ ਹੈ ਜੋ ਲੰਮੇ ਸਮੇਂ ਤੋਂ ਕਾਨੂੰਨੀ ਘੱਟੋ-ਘੱਟ ਅਨੁਪਾਤ ਨੂੰ ਪੂਰਾ ਨਹੀਂ ਕਰ ਸਕਿਆ ਅਤੇ ਵਰਤਮਾਨ ਵਿਚ ਇਹ ਅਨੁਪਾਤ ਸਾਲ 2021-22 ਵਿਚ 55 ਫ਼ੀਸਦੀ ਹੈ। ਇਹ ਦੇਸ਼ ਦੀ ਇਕਸਾਰ ਬੈਂਕਿੰਗ ਪ੍ਰਣਾਲੀ ਕਾਰਨ ਹੈ। ਨਤੀਜੇ ਵਜੋਂ ਬੱਚਤ ਦੀ ਉੱਚ ਦਰ ਦੇ ਬਾਵਜੂਦ ਪੰਜਾਬ ਇਸ ਨੂੰ ਉਤਪਾਦਕ ਨਿਵੇਸ਼ ਵਿਚ ਤਬਦੀਲ ਨਹੀਂ ਕਰ ਸਕਿਆ। ਇਸ ਲਈ ਇਸ ਨਾਲ ਪੰਜਾਬ ਦੀ ਆਰਥਿਕਤਾ ਵਿਚ ਨਿਵੇਸ਼ ਦੀ ਕਮੀ ਆਈ ਹੈ।

ਮੁਦਰਾ ਅਤੇ ਵਿੱਤੀ ਦੋਵਾਂ ਨੀਤੀਆਂ ਦੇ ਵਧਦੇ ਕੇਂਦਰੀਕਰਨ ਨੇ ਪੰਜਾਬ ਵਿਚੋਂ ਨਿਵੇਸ਼ ਨੂੰ ਬਾਹਰ ਕੱਢਣ ਦੀ ਪ੍ਰਕਿਰਿਆ ਨੂੰ ਵਧਾਇਆ ਹੈ।

ਦੂਸਰਾ ਮਹੱਤਵਪੂਰਨ ਪਹਿਲੂ ਸੂਬੇ ਦਾ ਉਤਪਾਦਨ ਅਤੇ ਰੁਜ਼ਗਾਰ ਢਾਂਚਾ ਹੈ ਜੋ ਪੰਜਾਬ ਦੀ ਆਰਥਿਕਤਾ ਦੀ ਤੇਜ਼ੀ ਨਾਲ ਪ੍ਰਗਤੀ ਦੀ ਰੋਕ ਨੂੰ ਦਰਸਾਉਂਦਾ ਹੈ। ਸਪੱਸ਼ਟ ਤੌਰ 'ਤੇ ਪੰਜਾਬ ਦੇ ਖੇਤੀਬਾੜੀ ਖੇਤਰ ਵਿਚ ਖੜੋਤ ਆ ਗਈ ਹੈ ਅਤੇ ਉਦਯੋਗਿਕ ਖੇਤਰ ਦਾ ਵੱਡਾ ਹਿੱਸਾ ਘੱਟ ਉਤਪਾਦਕਿਤਾ-ਘੱਟ ਉਜਰਤ ਦੀ ਘੁੰਮਣਘੇਰੀ ਵਿਚ ਫਸ ਕੇ ਰਹਿ ਗਿਆ ਹੈ। ਉਦਯੋਗਿਕ ਖੇਤਰ ਵਿਚ ਰੁਜ਼ਗਾਰ ਸਥਾਨਕ ਮਜ਼ਦੂਰਾਂ ਦੀਆਂ ਇੱਛਾਵਾਂ ਨੂੰ ਪੂਰਾ ਨਹੀਂ ਕਰ ਸਕਦਾ। ਪੰਜਾਬ ਦੀ ਆਰਥਿਕਤਾ ਨੂੰ ਹੁਣ ਮੁੱਖ ਤੌਰ 'ਤੇ ਖੇਤੀ ਪ੍ਰਧਾਨ ਤੋਂ ਉਦਯੋਗੀਕਰਨ ਵਿਚ ਤਬਦੀਲ ਕਰਨ ਦੀ ਲੋੜ ਹੈ। ਇੱਕੀਵੀਂ ਸਦੀ ਨੂੰ ਗਿਆਨ ਦੀ ਆਰਥਿਕਤਾ ਕਿਹਾ ਜਾਂਦਾ ਹੈ ਅਤੇ ਚੌਥੀ ਉਦਯੋਗਿਕ ਕ੍ਰਾਂਤੀ ਇਸ ਦੀ ਗਵਾਹ ਹੈ। ਪੰਜਾਬ ਨੂੰ ਤੁਰੰਤ ਨਵੀਆਂ ਤਕਨੀਕਾਂ ਦੀ ਵਰਤੋਂ ਕਰਨ ਦੀ ਲੋੜ ਹੈ। ਇਸ ਲਈ ਉਦਯੋਗ ਨੂੰ ਰਵਾਇਤੀ ਤੋਂ ਆਧੁਨਿਕ ਅਤੇ ਹਰਿਆਵਲ ਵਾਲਾ ਉਦਯੋਗੀਕਰਨ ਵੱਲ ਬਦਲਣ ਲਈ ਨਵੀਂ ਰਣਨੀਤੀ ਦੀ ਲੋੜ ਹੈ। ਪੰਜਾਬ ਨੂੰ ਹਰੀ ਉਦਯੋਗਿਕ ਤਰੱਕੀ ਲਈ ਰਿਸਰਚ ਐਂਡ ਡਿਵੈਲਪਮੈਂਟ ਨਵੀਂ ਬਜਟ ਮੱਦ ਸਥਾਪਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਇਕੱਲੇ ਇਕੱਲੇ ਸੈਕਟਰ ਲਈ ਅਲੱਗ ਅਲੱਗ ਨੀਤੀਆਂ ਬਣਾ ਕੇ ਆਰਥਿਕਤਾ ਦੀ ਧੀਮੀ ਗਤੀ ਨੂੰ ਵਧਾਇਆ ਜਾ ਸਕਦਾ ਹੈ। ਨਵੀਂ ਪਹਿਲਕਦਮੀ ਨੂੰ ਆਰਥਿਕਤਾ ਦੀ ਅੰਤਰ-ਨਿਰਭਰਤਾ ਦਾ ਧਿਆਨ ਰੱਖਣਾ ਚਾਹੀਦਾ ਹੈ। ਪੰਜਾਬ ਦੀ ਆਰਥਿਕਤਾ ਦੇ ਉਤਪਾਦਕ ਖੇਤਰਾਂ ਦੀ ਸੇਵਾ ਕਰਨ ਲਈ ਸੇਵਾ ਖੇਤਰ ਨੂੰ ਇਸ ਤਰੀਕੇ ਨਾਲ ਪੁਨਰਗਠਿਤ ਕੀਤਾ ਜਾਣਾ ਚਾਹੀਦਾ ਹੈ।

ਤੀਜੀ ਰੁਕਾਵਟ ਕਰਮਚਾਰੀਆਂ ਦਾ ਹੁਨਰ ਆਧਾਰ ਹੈ। ਇਹ ਸਭ ਜਾਣਦੇ ਹਨ ਕਿ ਪੰਜਾਬੀਆਂ ਨੂੰ ਉੱਦਮੀ ਅਤੇ ਲੀਡਰਸ਼ਿਪ ਦੇ ਗੁਣਾਂ ਵਿਚ ਉੱਤਮ ਮੰਨਿਆ ਜਾਂਦਾ ਹੈ। ਇਸ ਲਾਭ ਨੂੰ ਆਰਥਿਕਤਾ ਦੀ ਲੰਬੇ ਸਮੇਂ ਦੀ ਹੌਲੀ ਪ੍ਰਗਤੀ ਅਤੇ ਵਿਦਿਅਕ ਤੇ ਸਿਹਤ ਸੰਸਥਾਵਾਂ ਵਿਚ ਘਟਾਏ ਨਿਵੇਸ਼ ਨੇ ਕਮਜ਼ੋਰ ਕੀਤਾ ਹੈ। ਸਿੱਖਿਆ ਅਤੇ ਸਿਹਤ ਦੇ ਨਿੱਜੀਕਰਨ ਨੇ ਕਰਮਚਾਰੀਆਂ ਵਿਚ ਉੱਚ ਯੋਗਤਾਵਾਂ ਪੈਦਾ ਕਰਨ ਦਾ ਟੀਚਾ ਪ੍ਰਾਪਤ ਨਹੀਂ ਕੀਤਾ ਹੈ। ਇਸ ਲਈ ਵਿਦਿਅਕ ਅਤੇ ਸਿਹਤ ਢਾਂਚੇ ਦਾ ਸੁਧਾਰ ਕਰਨਾ ਸਮੇਂ ਦੀ ਮੁੱਖ ਲੋੜ ਹੈ।

ਚੌਥਾ, ਜਨਤਕ ਨੀਤੀ ਲਾਗੂ ਕਰਨ ਅਤੇ ਮੁਲਾਂਕਣ ਕਰਨ ਵਾਲੀਆਂ ਸੰਸਥਾਵਾਂ ਨੇ ਪੰਜਾਬ ਦੇ ਆਰਥਿਕ ਵਿਕਾਸ ਦੇ ਸ਼ੁਰੂਆਤੀ ਦੌਰ ਵਿਚ ਵਿਕਾਸ

*(ਬਾਕੀ ਅਗਲੇ ਸਫੇ 'ਤੇ)*

# ਮੁਖੌਟੇ ਪਰਵਾਸੀਆਂ ਦੇ

ਵਿਆਹ ਤੋਂ ਸਾਲ ਬਾਅਦ ਸਾਡੇ ਘਰ ਧੀ ਦੀ ਆਮਦ ਹੋਈ। ਸਮਾਂ ਲੰਘਣ 'ਤੇ ਸਕੂਲੇ ਪੜ੍ਹਨ ਪਾਇਆ, ਨਰਸਰੀ ਤੋਂ 10+2 ਤੱਕ ਹਰ ਸਾਲ ਟਾਪ ਕੀਤਾ, ਜਿਵੇਂ ਦੂਜੇ ਨੰਬਰ 'ਤੇ ਆਉਣਾ ਉਸਨੂੰ ਗਵਾਰਾ ਨਹੀਂ ਸੀ। 10+2 ਨਾਨ-ਮੈਡੀਕਲ 'ਚ 90 ਫੀਸਦੀ ਅੰਕਾਂ ਨਾਲ ਪਾਸ ਕੀਤੀ। ਜਦੋਂ ਬੇਟੀ ਨੌਵੀਂ ਦਸਵੀਂ 'ਚ ਪੜ੍ਹਦੀ ਸੀ ਤੇ ਉਸ ਨੂੰ ਅਗਲੇਰੀ ਪੜ੍ਹਾਈ ਲਈ ਵਿਦੇਸ਼ ਭੇਜਣ ਜਾਂ ਇਧਰ ਹੀ ਪੜ੍ਹਾਈ ਜਾਰੀ ਰੱਖਣ ਦੀਆਂ ਸਲਾਹਾਂ ਚੱਲ ਰਹੀਆਂ ਸਨ। ਮੇਰਾ ਕੈਨੇਡਾ ਰਹਿੰਦਾ ਮੂੰਹ ਬੋਲਿਆ ਮਾਮਾ ਜਦੋਂ ਵੀ ਇਧਰ ਆਉਂਦਾ ਹਮੇਸ਼ਾ ਹੀ ਕਹਿੰਦਾ ਕਿ ਬੇਫਕਿਰ ਤੇ ਨਿਸ਼ਚਿੰਤ ਹੋ ਕੇ ਤੁਸੀਂ ਬੇਟੀ ਨੂੰ ਕੈਨੇਡਾ ਭੇਜੋ, ਅਸੀਂ ਉੱਥੇ ਬੈਠੇ ਹਾਂ। ਪਹਿਲਾਂ ਘਰਵਾਲੀ ਦਾ ਮਨ ਨਾ ਮੰਨੇ ਕਿ 'ਕੱਲੀ-'ਕੱਲੀ ਤਾਂ ਕੁੜੀ ਐ, ਉਸਨੂੰ ਵੀ ਬਾਹਰ ਭੇਜ ਕੇ ਆਪਾਂ ਇਥੇ ਕੀ ਕਰਾਂਗੇ। 3-4 ਮਹੀਨਿਆਂ ਦੀ ਕਸ਼ਮਕਸ਼ 'ਚ ਉਸਨੂੰ ਮਨਾਇਆ, ਕਿਉਂਕਿ ਇਧਰ ਸਰਕਾਰਾਂ ਕੋਲ ਰੁਜ਼ਗਾਰ ਦੀ ਨਾ ਤਾਂ ਕੋਈ ਵਿਵਸਥਾ ਅਤੇ



**ਅਮਰਬੀਰ ਸਿੰਘ ਚੀਮਾ**
**ਫੋਨ: 98889-40211**

ਨਾ ਹੀ ਗਾਰੰਟੀ।

ਆਪਣੇ ਕਾਲਜੇ 'ਤੇ ਪਹਾੜ ਜਿੱਡਾ ਪੱਥਰ ਰੱਖ ਕੇ ਆਪਣੇ ਕਲੇਜੇ ਦੇ ਟੁਕੜੇ ਨੂੰ ਕੈਨੇਡਾ ਭੇਜਣ ਦਾ ਮਨ ਪੱਕਾ ਕਰ ਲਿਆ। ਪਹਿਲੀ ਵਾਰੀ ਹੀ ਆਇਲਟਸ 'ਚੋਂ 7.5 ਬੈਂਡ ਆ ਗਏ। ਕੁਝ ਦਿਨਾਂ ਬਾਅਦ ਕਾਲਜ ਤੋਂ ਆਫਰ ਲੈਟਰ ਵੀ ਆ ਗਿਆ ਤੇ ਅੰਤ ਨੂੰ ਵੀਜ਼ਾ ਵੀ ਲੱਗ ਕੇ ਆ ਗਿਆ, ਫੇਰ ਟਿਕਟ ਵੀ ਲੈ ਲਈ। ਉਸ ਸਮੇਂ ਉਹੀ ਮਾਮਾ ਕਰੋਨਾ ਕਾਰਨ ਪੰਜਾਬ ਹੀ ਆਇਆ ਹੋਇਆ ਸੀ। ਸਭ ਕੁਝ ਫਾਈਨਲ ਹੋਣ 'ਤੇ ਇਸ ਸੰਬੰਧੀ ਉਸ ਨਾਲ ਗੱਲ ਕੀਤੀ ਤਾਂ ਉਸ ਅਖੌਤੀ ਮਾਮੇ ਦੇ ਹੂਬਹੂ ਸ਼ਬਦ ਸਨ-ਅਸੀਂ ਤਾਂ ਆਪ ਇੱਥੇ ਬੈਠੇ ਹਾਂ, ਅਸੀਂ ਇਸ ਮਾਮਲੇ ਵਿਚ ਤੁਹਾਡੀ ਕੀ ਮਦਦ ਕਰ ਸਕਦੇ ਹਾਂ? ਇਹ ਪਹਿਲਾ ਝਟਕਾ ਸੀ।

ਧੀ ਨੂੰ ਬਾਹਰ ਭੇਜਣ ਦੀ ਜਿੱਥੇ ਖੁਸ਼ੀ ਸੀ ਉਥੇ ਹੀ ਕਿਤੇ ਨਾ ਕਿਤੇ ਇੱਕ ਟੀਸ ਵੀ ਸੀ। ਮੱਧ ਵਰਗੀ ਪੜ੍ਹੇ-ਲਿਖੇ ਕਿਸਾਨੀ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਰੋਟੀ ਤਾਂ ਵਧੀਆ ਖਾ ਹੀ ਰਹੇ ਸੀ ਪਰ ਆਰਥਿਕ ਪੱਧਰ 'ਤੇ ਆਪਣੇ ਸਮਕਾਲੀ ਤੇ ਆਪਣੇ ਤੋਂ ਉੱਚਿਆਂ ਦੇ ਬੱਚਿਆਂ ਨੂੰ ਧੜਾਧੜ ਬਾਹਰ ਜਾਂਦੇ ਦੇਖ ਅਤੇ ਇਧਰਲੀਆਂ ਸਰਕਾਰਾਂ ਦੀਆਂ ਮਾਰੂ ਨੀਤੀਆਂ ਕਾਰਨ ਹੀ ਸ਼ਾਇਦ ਇਹ ਫੈਸਲਾ ਲਿਆ ਸੀ। ਕਈ ਵਾਰ ਜ਼ਿੰਦਗੀ



ਬਹੁਤ ਖ਼ੂਬਸੂਰਤੀ ਭਰੀ ਰਵਾਨਗੀ 'ਚ ਆਪਣਾ ਸਫਰ ਤੈਅ ਕਰ ਰਹੀ ਹੁੰਦੀ ਹੈ। ਹਰ ਸਵੇਰ ਇੱਕ ਸੱਜਰੀ ਸਵੇਰ ਮਹਿਕਾਂ ਖਿੜਾਉਂਦੀ ਨਵੀਂ ਸ਼ੁਰੂਆਤ ਕਰਦੀ ਹੈ। ਇਸ ਦੌਰਾਨ ਜ਼ਿੰਦਗੀ ਦੇ ਉਤਰਾਅ ਚੜ੍ਹਾਅ, ਗੁੱਸੇ ਗਿਲੇ, ਸ਼ਿਕਵੇ-ਸ਼ਿਕਾਇਤਾਂ, ਬਿਗਾਨਿਆਂ ਤੇ ਆਪਣਿਆਂ ਨਾਲ ਨਾਲੋ-ਨਾਲ ਚੱਲਦੇ ਰਹਿੰਦੇ ਹਨ। ਗ਼ੈਰਾਂ ਜਾਂ ਬੇਗਾਨਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਮੱਤਭੇਦ ਜ਼ਿੰਦਗੀ ਦਾ ਇੱਕ ਆਮ ਵਰਤਾਰਾ ਹੈ ਪਰ ਆਪਣੇ ਪਰਛਾਵੇਂ ਤੋਂ ਵੀ ਵੱਧ ਨੇੜਲੇ ਆਪਣੇ ਜਦੋਂ ਕਈ ਵਾਰ ਕਿਸੇ ਤਰ੍ਹਾਂ ਦਿਲ ਨੂੰ ਜ਼ਖ਼ਮ ਦਿੰਦੇ ਹਨ, ਉਹ ਅਤਿ-ਦੁਖਦਾਇਕ ਹੁੰਦੇ ਹਨ। ਹਮੇਸ਼ਾਂ ਇਹੀ ਕੋਸ਼ਿਸ਼ ਹੁੰਦੀ ਹੈ ਕਿ ਜਾਣੇ ਅਣਜਾਣੇ 'ਚ ਕਿਸੇ ਦਾ ਦਿਲ ਦੁਖਾਇਆ ਨਾ ਜਾਵੇ ਪਰ ਕਈ ਵਾਰ ਸਾਹਮਣੇ ਵਾਲਾ ਇਸ ਕਦਰ ਹਮਲਾਵਰ ਹੋ ਕੇ ਆਉਂਦਾ ਹੈ ਕਿ ਬਰਦਾਸ਼ਤ ਕਰਨਾ ਮੁਸ਼ਕਲ ਹੀ ਨਹੀਂ ਅਸੰਭਵ ਹੋ ਜਾਂਦਾ ਹੈ। ਇੱਕ ਹੁੰਦੇ ਹਨ ਖਾਸ ਰਿਸ਼ਤੇ ਤੇ ਦੂਜੇ ਆਮ ਜਾਂ ਦੂਰ ਦੇ ਰਿਸ਼ਤੇ ਪਰ ਰਿਸ਼ਤਿਆਂ ਤੋਂ ਵੱਧ ਪਿਅਰੇ ਤੇ ਪਿਅਰਿਆਂ ਤੋਂ ਵੱਧ ਰਿਸ਼ਤੇ ਵੀ ਕਈ ਵਾਰ ਬੇਮਾਇਨੇ ਜਿਹੇ ਹੋ ਜਾਂਦੇ ਹਨ।

ਉਹ ਕਹਿੰਦੇ ਅਸੀਂ ਵੀ ਜਾਣੈ ਕੈਨੇਡਾ ਆਪਣੇ ਬੇਟੇ ਕੋਲ। ਤੁਸੀਂ ਚਿੰਤਾ ਨਾ ਕਰੋ ਮੈਂ ਤੁਹਾਡੀ ਬੇਟੀ ਨੂੰ ਆਪਣੇ ਨਾਲ ਲੈ ਕੇ ਜਾਵਾਂਗੀ, ਇਕੱਠੇ ਟਿਕਟਾਂ ਕਰਾਵਾਂਗੇ। ਬੇਟੀ ਤਾਂ ਕਦੇ ਆਟੋ 'ਤੇ ਬਹਿ ਕੇ ਬਾਜ਼ਾਰ ਤੱਕ ਵੀ ਇਕੱਲੀ ਨਹੀਂ ਸੀ ਗਈ। ਅਸੀਂ ਬੇਫਿਕਰ ਹੋ ਗਏ ਕਿ ਚਲੋ ਉਨ੍ਹਾਂ ਦਾ ਸਾਥ ਨਾਲ ਹੈ ਤੇ ਬੇਟੀ ਵੀ ਉਹਦੇ ਨਾਲ ਹੀ ਆਪਣੀ ਮੰਜ਼ਿਲ 'ਤੇ ਪਹੁੰਚ ਜਾਵੇਗੀ, ਜਿਸ ਦੇ ਚੱਲਦਿਆਂ ਬੇਟੀ ਨੇ ਆਪਣੀ ਕਿਸੇ ਸਹੇਲੀ ਨਾਲ ਵੀ ਜਾਣ ਦਾ ਪ੍ਰੋਗਰਾਮ ਨਾ ਬਣਾਇਆ। ਪਰ ਅਚਾਨਕ ਇੱਕ ਦਿਨ ਪਤਾ ਲੱਗਦੈ ਕਿ ਉਨ੍ਹਾਂ ਨੇ ਤਾਂ ਆਪਣੀਆਂ ਟਿਕਟਾਂ ਪਹਿਲਾਂ ਹੀ ਲੈ ਰੱਖੀਆਂ ਹਨ। ਇਹ ਦੂਜਾ ਝਟਕਾ ਸੀ।

ਅਸੀਂ ਬੇਟੀ ਦੇ ਸਕੂਲ 'ਚ ਨਾਲ ਪੜ੍ਹਦੀ ਸਹੇਲੀ ਨਾਲ ਪ੍ਰੋਗਰਾਮ ਬਣਾ ਕੇ ਟਿਕਟ ਲੈ ਦਿੱਤੀ ਤੇ ਮਿੱਥੇ ਦਿਨ ਉਹ ਦੋਵੇਂ ਕੈਨੇਡਾ ਪਹੁੰਚ ਗਈਆਂ, ਜਿੱਥੇ ਕਰੋਨਾ ਦੇ ਚੱਲਦਿਆਂ ਉਨ੍ਹਾਂ ਦੋਵਾਂ ਨੇ 14 ਦਿਨਾਂ ਦਾ ਇਕਾਂਤਵਾਸ ਵੀ ਉਸ ਸਹੇਲੀ ਦੀ ਭੈਣ ਦੇ ਘਰ ਹੀ ਕੱਟਿਆ। 14 ਦਿਨਾਂ ਉਪਰੰਤ ਉਹੀ ਰਿਸ਼ਤੇਦਾਰ ਬੇਟੀ ਨੂੰ ਆਪਣੇ ਘਰ ਲੈ ਆਏ। ਮਹੀਨੇ ਕੁ ਬਾਅਦ ਹੀ ਉਨ੍ਹਾਂ ਦੇ ਫੋਨ ਆਉਣੇ ਸ਼ੁਰੂ ਹੋ ਗਏ ਕਿ ਆਪਣੀ ਬੇਟੀ ਨੂੰ ਕਹੋ ਕਿ ਉਹ ਹੁਣ ਆਪਣਾ ਰਹਿਣ ਦਾ ਇੰਤਜ਼ਾਮ ਕਰ ਲਵੇ। ਇਹ ਸਾਡੇ ਲਈ ਤੀਜਾ ਝਟਕਾ ਨਹੀਂ, ਬਲਕਿ ਕਿਸੇ ਵੱਡੇ ਸਦਮੇ ਵਾਂਗ ਸੀ ਕਿ ਕੋਈ ਏਦਾਂ ਵੀ ਕਿਸੇ ਆਪਣੇ ਨੂੰ ਘਰੋਂ ਜਾਣ ਲਈ ਕਹਿ ਸਕਦਾ ਹੈ। ਜੇਕਰ ਸਾਨੂੰ ਅਜਿਹੇ ਸਬਜ਼ਬਾਗ ਨਾ ਦਿਖਾਏ ਹੁੰਦੇ ਤਾਂ ਸ਼ਾਇਦ ਅਸੀਂ ਬੇਟੀ ਨੂੰ ਬਾਹਰ ਭੇਜਣ ਬਾਰੇ ਨਾ ਹੀ ਸੋਚਦੇ। ਖੈਰ ਬੇਟੀ ਨੇ ਅਗਲੇ ਮਹੀਨੇ ਤੋਂ ਆਪਣੀ ਉਸੇ ਸਹੇਲੀ ਨਾਲ ਕਿਰਾਏ 'ਤੇ ਕਮਰਾ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ। ਇਸ ਉਪਰੰਤ ਬੇਟੀ ਦੀ ਪੜ੍ਹਾਈ ਪੂਰੀ ਹੋਣ ਉਪਰੰਤ ਕਾਨਵੋਕੇਸ਼ਨ ਮੌਕੇ ਉਹ ਸਮੂਹ ਪਰਿਵਾਰ ਬੇਟੀ ਦੇ ਨਾਲ ਉਸ ਦੇ ਕਾਲਜ ਗਏ ਸਨ।

ਇਸ ਤੋਂ ਸਾਲ-ਦੋ ਪਹਿਲਾਂ ਉਨ੍ਹਾਂ ਦੀ ਦੋਹਤੀ ਵੀ ਉੱਥੇ ਉਨ੍ਹਾਂ ਦੇ ਘਰ ਗਈ ਸੀ ਜਿਸ ਨੂੰ ਉਨ੍ਹਾਂ ਨੇ ਕਿਸੇ ਬਹਾਨੇ ਅਗਲੇ ਹੀ ਦਿਨ ਜਾਣ ਲਈ ਕਹਿ ਦਿੱਤਾ ਸੀ। ਉਸਦਾ ਭਰਾ ਪਹਿਲਾਂ ਹੀ ਕੈਨੇਡਾ ਸੀ, ਜੋ ਆਪਣੀ ਭੈਣ ਨੂੰ ਉਸੇ ਦਿਨ ਆਪਣੇ ਨਾਲ ਲੈ ਗਿਆ ਤੇ ਮੁੜ ਕਦੇ ਉਹ ਦੋਵੇਂ ਪਰਤ ਕੇ ਉਨ੍ਹਾਂ ਕੋਲ ਨਹੀਂ ਆਏ। ਮੈਂ ਆਪਣੇ ਘਰ ਇਸ ਗੱਲ ਦਾ ਕਈ ਵਾਰ ਜ਼ਿਕਰ ਵੀ ਕੀਤਾ ਕਿ ਜਿਹੜੇ ਆਪਣੀ ਦੋਹਤੀ ਨੂੰ, ਆਪਣੀ ਭੂਆ ਦੀ ਲੜਕੀ ਨੂੰ ਨਹੀਂ ਰੱਖ ਸਕੇ, ਉਹ ਆਪਣੀ ਕੁੜੀ ਨੂੰ ਕਿਥੇ ਰੱਖ ਲੈਣਗੇ, ਪਰ ਮੇਰੀ ਮਾਂ ਕਹਿੰਦੀ ਨਹੀਂ, ਮੈਨੂੰ ਉਨ੍ਹਾਂ 'ਤੇ ਪੂਰਾ ਭਰੋਸਾ ਹੈ। ਇਸ ਸਭ ਦੇ ਬਾਵਜੂਦ ਸਭ ਕੁਝ ਆਮ ਵਾਂਗ ਚੱਲਦਾ ਰਿਹਾ। ਹਾਲੇ ਕੁਝ ਕੁ ਦਿਨ ਪਹਿਲਾਂ ਹੀ ਉਨ੍ਹਾਂ ਦੇ ਇੱਧਰ ਰਹਿੰਦੇ ਵੱਡੇ ਬੇਟੇ ਦੇ ਘਰ ਦੂਜੀ ਬੇਟੀ ਨੇ ਜਨਮ ਲਿਆ, ਜਿੱਥੇ ਚੰਡੀਗੜ੍ਹ ਦੇ ਹਸਪਤਾਲ 'ਚ ਮੇਰੀ ਪਤਨੀ ਇਸ ਜ਼ਰੂਰਤ ਸਮੇਂ ਉਨ੍ਹਾਂ ਦੀ ਰਾਤ ਕਟਵਾ ਕੇ ਆਈ ਸੀ।

ਕੁਝ ਦਿਨਾਂ ਉਪਰੰਤ ਹੀ ਉਨ੍ਹਾਂ ਦੇ ਉਧਰਲੇ ਕੈਨੇਡਾ ਰਹਿੰਦੇ ਬੇਟੇ ਦੇ ਬੇਟੇ ਦਾ ਜਨਮ ਦਿਨ ਸੀ, ਜਿੱਥੇ ਮੇਰੀ ਬੇਟੀ ਕੰਮ ਤੋਂ ਛੁੱਟੀ ਨਾ ਮਿਲਣ ਕਾਰਨ ਪਹੁੰਚ ਨਾ ਸਕੀ। ਜਿਸ ਦੇ ਖਮਿਆਜ਼ੇ ਵਜੋਂ ਤੜਕੇ, ਠੰਢੀ ਮਿੱਠੀ ਸਵੇਰ ਨੂੰ ਸਾਨੂੰ ਫੋਨ 'ਤੇ ਉਨ੍ਹਾਂ ਦੇ ਕੌੜੇ ਬੋਲ ਕੁਬੋਲ ਸੁਣਨੇ ਪਏ। ਜਦੋਂ ਅਸੀਂ ਉਸ ਦਾ ਜੁਆਬ ਦੇਣਾ ਚਾਹਿਆ ਤਾਂ ਫੋਨ ਕੱਟ ਦਿੱਤਾ ਤੇ ਉਸ ਉਪਰੰਤ ਸਾਡੇ ਸਾਰਿਆਂ ਵੱਲੋਂ ਵਾਰ-ਵਾਰ ਫੋਨ ਕਰਨ 'ਤੇ ਵੀ ਉਨ੍ਹਾਂ ਫੋਨ ਨਹੀਂ ਚੁੱਕਿਆ। ਹਾਲਾਂਕਿ ਮੇਰੀ ਬੇਟੀ ਨੇ ਉਸ ਬੱਚੇ ਲਈ ਗਿਫਟ ਲੈ ਕੇ ਰੱਖਿਆ ਹੋਇਆ ਹੈ ਤੇ ਉਸ ਨੇ ਉਨ੍ਹਾਂ ਦੇ ਫ਼ੋਨ ਤੋਂ ਪਹਿਲਾਂ ਹੀ ਸਵੇਰੇ ਫੋਨ 'ਤੇ ਦੱਸਿਆ ਸੀ ਕਿ ਉਹ ਕਿਸੇ ਛੁੱਟੀ ਵਾਲੇ ਦਿਨ ਜਾ ਕੇ ਉਨ੍ਹਾਂ ਨੂੰ ਗਿਫਟ ਦੇ ਆਵੇਗੀ।

ਸਮਾਂ ਲੰਘਦਾ ਗਿਆ। ਚਾਰ ਕੁ ਮਹੀਨਿਆਂ ਬਾਅਦ ਬੇਟੀ ਦੇ ਵਰਕ ਪਰਮਿਟ ਦੀ ਮੇਲ ਆ ਗਈ ਕਿ ਤੁਹਾਡੇ ਵੱਲੋਂ ਦਿੱਤੇ ਪਤੇ 'ਤੇ ਤੁਹਾਡੇ ਵਰਕ ਪਰਮਿਟ ਦੀ ਹਾਰਡ ਕਾਪੀ ਭੇਜ ਦਿੱਤੀ ਗਈ ਹੈ। ਕਿਉਂਕਿ ਬੇਟੀ ਦੇ ਕਾਲਜ ਵਾਲਿਆਂ ਕੋਲ ਉਸ ਦੇ ਰਹਿਣ ਦਾ ਪੱਕਾ ਪਤਾ ਉਕਤ ਰਿਸ਼ਤੇਦਾਰਾਂ ਦੇ ਘਰ ਦਾ ਸੀ, ਇਸ ਲਈ ਬੇਟੀ ਨੇ ਉਨ੍ਹਾਂ ਨੂੰ ਮੈਸੇਜ ਕਰ ਦਿੱਤਾ ਕਿ ਮੇਰਾ ਵਰਕ ਪਰਮਿਟ ਆਵੇਗਾ, ਤੁਸੀਂ ਸੰਭਾਲ ਕੇ ਰੱਖ ਲੈਣਾ, ਮੈਂ ਆਪੇ ਕਿਸੇ ਦਿਨ ਆ ਕੇ ਲੈ ਜਾਵਾਂਗੀ। ਪਰ ਸ਼ਾਇਦ ਉਨ੍ਹਾਂ ਦੇ ਵੱਡੇ ਘਰ ਵਿਚ ਉਹ ਛੋਟਾ ਜਿਹਾ ਪਰ ਅਤਿ ਜ਼ਰੂਰੀ ਕਾਗਜ਼ ਰੱਖਣ ਲਈ ਵੀ ਜਗ੍ਹਾ ਨਹੀਂ ਸੀ। ਉਹ ਰਿਸ਼ਤੇਦਾਰ ਬੇਟੀ ਦਾ ਵਰਕ ਪਰਮਿਟ ਉਸ ਘਰ ਦੇ ਬਾਹਰ ਰੱਖ ਕੇ ਆ ਗਏ, ਜਿੱਥੇ ਉਹ ਰਹਿੰਦੀ ਸੀ ਤੇ ਬੇਟੀ ਨੂੰ ਮੈਸੇਜ ਕਰ ਦਿੱਤਾ ਕਿ ਉਹ ਬਾਹਰੋਂ ਆਪਣਾ ਲੈਟਰ ਚੁੱਕ ਲਵੇ। ਪਰ ਬੇਟੀ ਇਸ ਤੋਂ ਇਕ-ਦੋ ਮਹੀਨੇ ਪਹਿਲਾਂ ਹੀ ਕਿਸੇ ਦੂਜੇ ਘਰ ਵਿਚ ਸ਼ਿਫਟ ਕਰ ਚੁੱਕੀ ਸੀ। ਬੇਟੀ ਨੂੰ ਪਤਾ ਲੱਗਣ 'ਤੇ ਟੈਨਸ਼ਨ ਹੋਣੀ ਸੁਭਾਵਕ ਹੀ ਸੀ, ਸੋ ਉਸਨੇ ਰਾਤੀਂ 12-1 ਵਜੇ ਆਪਣੀ ਪੁਰਾਣੀ ਮਾਲਕਣ ਨੂੰ ਫੋਨ ਕਰਕੇ ਪੁੱਛਿਆ ਕਿ ਕੀ ਬਾਹਰ ਕੋਈ ਕਾਗਜ਼ ਪਿਆ ਹੈ? ਉਸ ਵੱਲੋਂ ਹਾਂ ਕਰਨ ਉਪਰੰਤ ਉਸ ਨੇ ਰਾਤ ਨੂੰ ਹੀ ਆਪਣੀ ਕਿਸੇ ਸਹੇਲੀ ਨੂੰ ਫੋਨ ਕਰ ਕੇ ਬੁਲਾਇਆ ਤੇ ਉਸ ਦੀ ਕਾਰ ਵਿਚ ਦੋਵਾਂ ਜਣੀਆਂ ਨੇ ਰਾਤੀਂ 1 ਵਜੇ ਉਸ ਘਰ ਦੇ ਬਾਹਰ ਪਿਆ ਉਹ ਜ਼ਰੂਰੀ ਕਾਗਜ਼ ਭਾਵ ਬੇਟੀ ਦਾ ਵਰਕ ਪਰਮਿਟ ਚੁੱਕ ਕੇ ਲਿਆਂਦਾ ਤੇ ਉਸ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਕੀਤਾ।

ਖੈਰ, ਸੱਚ ਲਿਖਣ ਦਾ ਮੈਨੂੰ ਨੁਕਸਾਨ ਹੀ ਹੋਣੈ ਪਰ ਜਿਹੜੀ ਕਲਮ ਸੱਚ ਲਿਖਣ ਤੋਂ ਝਿਜਕੇ, ਉਹ ਕਲਮ ਤਾਂ ਫਿਰ ਕਲਮ ਨਾ ਹੋਈ।

## .ਗ਼ਜ਼ਲ



**ਅਜੈ ਤਨਵੀਰ**

ਨਗਰ ਵਿੱਚ ਚਰਚਾ ਬੜਾ ਅਜੇ ਵੀ ਇਸ ਕਿਆਮਤ ਦਾ,
ਨਦੀ ਨੂੰ ਵਹਿਮ ਲੈ ਡੁੱਬਾ ਸਮੁੰਦਰ ਦੀ ਮੁਹੱਬਤ ਦਾ।

ਕਲਮ ਸੀ ਹੱਥ ਵਿੱਚ ਕਿਸ ਦੇ ਤੇ ਕਿਸ ਦੇ ਹੱਥ ਖ਼ੰਜਰ,
ਨਿਤਾਰਾ ਕਰਨਗੇ ਲੋਕੀਂ ਕਦੇ ਸਾਡੀ ਇਬਾਰਤ ਦਾ।

ਤੁਸੀ ਇਤਰਾਜ਼ ਕਰਦੇ ਹੋ ਹਵਾ ਕਿਉਂ ਬਣ ਗਈ ਨ੍ਹੇਰੀ,
ਅਸਰ ਆਖਿਰ ਤਾਂ ਹੋਣਾ ਸੀ ਇਹ ਰੁੱਖਾਂ ਦੀ ਸ਼ਹਾਦਤ ਦਾ।

ਬਨੇਰੇ ਦੱਸ ਦਿੰਦੇ ਨੇ ਘਰਾਂ ਦੀ ਦਾਸਤਾਂ ਸਾਰੀ,
ਤੁਹਾਨੂੰ ਕੀ ਦਿਆਂ ਪਰਮਾਣ ਮੈ ਆਪਣੀ ਸ਼ਨਾਖ਼ਤ ਦਾ।

ਦਰਾਂ ਨੂੰ ਹੈ ਅਜੇ ਵੀ ਆਸ ਇਕ ਦਿਨ ਦੇਣਗੇ ਦਸਤਕ,
ਉਨ੍ਹਾਂ ਨੂੰ ਫਿਕਰ ਜੇ ਹੋਇਆ ਕਦੇ ਆਪਣੀ ਵਿਰਾਸਤ ਦਾ।

ਹਨੇਰਾ ਚੀਰਨੇ ਦਾ ਵਲ ਅਸੀਂ ਸਿੱਖਿਆ ਟਟਹਿਣੇ ਤੋਂ।
ਤੁਸੀਂ ਕਿਉ ਫਿਕਰ ਕਰਦੇ ਹੋ ਭਲਾ ਸਾਡੀ ਹਿਫ਼ਾਜ਼ਤ ਦਾ।

ਉਪੇਂਦਰ ਨਾਥ, ਮੰਟੋ, ਕਾਸਮੀ, ਦੁਸ਼ਮਣ ਰਹੇ ਭਾਵੇਂ,
ਅਜੇ ਵੀ ਝੂਲਦਾ ਪਰਚਮ ਹੈ ਤਿੰਨਾਂ ਦੀ ਮੁਹੱਬਤ ਦਾ।

ਦਿਲਾਂ 'ਤੇ ਰਾਜ ਕਰਦਾ ਹੈ ਅਜੇ ਵੀ ਇਸ ਲਈ ਪੋਰਸ,
ਜ਼ਮਾਨੇ ਨੂੰ ਪਤਾ ਸਾਰਾ ਸਿਕੰਦਰ ਦੀ ਸਿਆਸਤ ਦਾ।

ਬੋਦੇ ਖੱਦਰ ਦੀਆਂ ਲੀਰਾਂ 'ਚ ਠਰਦੇ ਬਾਲ ਸੜਕਾਂ 'ਤੇ,
ਦੁਸ਼ਾਲੇ ਮੰਦਰਾਂ ਵਿੱਚ ਵੰਡਦਾ ਮਾਲਕ ਰਿਆਸਤ ਦਾ।

## ਪੰਜਾਬ ਦੀ ਆਰਥਿਕਤਾ: ਪਿਛੋਕੜ, ਵਰਤਮਾਨ ਤੇ ਭਵਿੱਖ

***(ਪਿਛਲੇ ਸਫੇ ਦਾ ਬਾਕੀ)***

ਦੀ ਪ੍ਰਕਿਰਿਆ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਪਰ 1980 ਦੇ ਦਹਾਕੇ ਤੋਂ ਬਾਅਦ ਇਹ ਸੰਸਥਾਵਾਂ ਬੇਅਸਰ ਹੋ ਗਈਆਂ ਅਤੇ ਇਹ ਪ੍ਰਕਿਰਿਆ ਨੌਕਰਸ਼ਾਹੀ ਦੇ ਕਬਜ਼ੇ ਤੇ ਦਬਾਅ ਹੇਠ ਆ ਗਈ। ਅਜਿਹੇ ਵਰਤਾਰੇ ਨੇ ਜਨਤਕ ਨੀਤੀ ਬਣਾਉਣ ਵਿਚ ਸੰਬੰਧਿਤ ਧਿਰਾਂ ਨੂੰ ਸ਼ਾਮਿਲ ਕਰਨ ਦੀ ਪ੍ਰਣਾਲੀ ਨੂੰ ਅਸਫਲ ਬਣਾ ਦਿੱਤਾ। ਜਦੋਂ ਤੱਕ ਨੀਤੀ ਬਣਾਉਣ, ਨੀਤੀ ਲਾਗੂ ਕਰਨ ਅਤੇ ਨੀਤੀ ਮੁਲਾਂਕਣ ਦੇ ਤਿੰਨ ਵਿੰਗਾਂ ਨੂੰ ਸੁਤੰਤਰ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਜਨਤਕ ਨੀਤੀ ਪ੍ਰਕਿਰਿਆ ਚੰਗੇ ਅਤੇ ਲੋੜੀਂਦੇ ਨਤੀਜੇ ਨਹੀਂ ਦੇਵੇਗੀ। ਪੰਜਾਬ ਦੀ ਆਰਥਿਕਤਾ ਨੂੰ ਗਤੀਸ਼ੀਲ ਬਣਾਉਣ ਲਈ ਜਨਤਕ ਨੀਤੀ ਸੰਸਥਾਵਾਂ ਦੀ ਕਾਰਜਸ਼ੀਲਤਾ ਦੇ ਇਸ ਕਦਮ ਨੂੰ ਸਰਗਰਮ ਕਰਨ ਦੀ ਲੋੜ ਹੈ।

ਪੰਜਵਾਂ, ਪੰਜਾਬ ਹਾਲੇ ਵੀ ਖੇਤੀ ਸੱਭਿਆਚਾਰ ਦੀ ਪ੍ਰਮੁੱਖਤਾ ਦੇ ਅਧੀਨ ਸਹਿਕ ਰਿਹਾ ਹੈ। ਗਰਮਖਿਆਲੀ ਸੱਭਿਆਚਾਰਕ, ਸੁਭਾਅ ਅਤੇ ਰਾਜਨੀਤਕ ਉਦੇਸ਼ਾਂ ਲਈ ਧਰਮ ਦੀ ਵਰਤੋਂ ਫ਼ਿਰਕੂ ਤਣਾਅ ਪੈਦਾ ਕਰਦੀ ਹੈ। ਬਹੁਤ ਸਮੇਂ ਤੋਂ ਰਾਜਨੀਤਕ ਲੀਡਰਸ਼ਿਪ ਅਤੇ ਨੌਕਰਸ਼ਾਹੀ ਦੋਵਾਂ ਦੁਆਰਾ ਰਿਸ਼ਵਤ ਦੀ ਮੰਗ ਦੇ ਸੱਭਿਆਚਾਰ ਨੇ ਪੰਜਾਬ ਨੂੰ ਪਰਵਾਸੀ ਅਤੇ ਪ੍ਰਾਈਵੇਟ ਕਾਰਪੋਰੇਟ ਸੈਕਟਰ ਦੇ ਉਦਯੋਗਿਕ ਨਿਵੇਸ਼ ਲਈ ਗ਼ੈਰ-ਦੋਸਤਾਨਾ ਬਣਾ ਦਿੱਤਾ।

ਇਨ੍ਹਾਂ ਕਾਰਕਾਂ ਨੇ ਮਿਲ ਕੇ ਪੰਜਾਬ ਵਿਚ ਉਦਯੋਗੀਕਰਨ ਨੂੰ ਨਿਰਾਸ਼ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਉੱਚ ਉਤਪਾਦਕਤਾ ਦੇ ਆਧਾਰ 'ਤੇ ਹਰ ਸੰਭਵ ਅਨੁਕੂਲ ਹਾਲਾਤ ਪੈਦਾ ਕਰਨ ਦੇ ਬਾਵਜੂਦ ਖੇਤੀਬਾੜੀ ਨੇ ਕਾਫ਼ੀ ਨਿਵੇਸ਼ਯੋਗ ਵਾਧੂ ਧਨ ਪੈਦਾ ਕੀਤਾ। ਇਸ ਦੇ ਨਾਲ ਹੀ ਹੁਣ ਜੇਕਰ ਕੌਮਾਂਤਰੀ ਸਰਹੱਦ ਉੱਤੇ ਤਣਾਅ ਘਟਾਇਆ ਜਾਂਦਾ ਹੈ ਤਾਂ ਯਕੀਨਨ ਸਮੁੱਚੇ ਤੌਰ ਤੇ, ਪੰਜਾਬ ਅਤੇ ਇੱਥੋਂ ਤੱਕ ਕਿ ਗੁਆਂਢੀ ਸੂਬਿਆਂ (ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਜੰਮੂ ਕਸ਼ਮੀਰ) ਨੂੰ ਵੀ ਲਾਭ ਹੋਵੇਗਾ। ਨਾਲ ਹੀ ਜੇਕਰ ਪਾਕਿਸਤਾਨ ਅਤੇ ਹੋਰ ਦੇਸ਼ਾਂ ਲਈ ਜ਼ਮੀਨੀ ਮਾਰਗ ਵਪਾਰ ਲਈ ਖੋਲ੍ਹਿਆ ਜਾਂਦਾ ਹੈ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ।

ਸਾਰੀਆਂ ਸੰਬੰਧਿਤ ਧਿਰਾਂ ਨੂੰ ਸ਼ਾਮਿਲ ਕਰ ਕੇ ਅਤੇ ਚਿਰ-ਟਿਕਾਊ ਵਿਕਾਸ ਲਈ, ਪੰਜਾਬ ਸਰਕਾਰ ਵੱਲੋਂ ਮੌਕੇ ਤਲਾਸ਼ਣ ਤੇ ਉਭਾਰਨ ਅਤੇ ਆਰਥਿਕਤਾ ਤੇ ਲੰਮੇ ਸਮੇਂ ਤੋਂ ਲਟਕ ਰਹੀਆਂ ਰੁਕਾਵਟਾਂ ਦੂਰ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ। ਪੰਜਾਬ ਦੀ ਆਰਥਿਕਤਾ ਨੂੰ ਨਾ ਸਿਰਫ਼ ਰੁਕਾਵਟਾਂ ਅਤੇ ਸਮੱਸਿਆਵਾਂ ਨੂੰ ਪਾਸੇ ਕਰਨ ਲਈ ਸਗੋਂ ਪੰਜਾਬ ਨੂੰ ਵਿਕਾਸ ਪੱਖੋਂ 21ਵੀਂ ਸਦੀ ਦਾ ਆਰਥਿਕ ਮਾਡਲ ਬਣਾਉਣ ਲਈ ਸਮੂਹਿਕ ਕਾਰਵਾਈ ਵਾਲੀ ਰਣਨੀਤੀ ਨੂੰ ਕੰਮ ਵਿਚ ਲਿਆਉਣਾ ਚਾਹੀਦਾ ਹੈ। ਨਿਵੇਸ਼ਕਾਂ ਅਤੇ ਆਮ ਪੰਜਾਬੀਆਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਨੂੰ ਆਪ ਨਿਵੇਸ਼ ਕਰਨਾ ਚਾਹੀਦਾ ਹੈ। ਸੂਬੇ ਨਾਲ ਸੰਬੰਧਿਤ ਉੱਦਮੀ ਸਰਕਾਰ ਦੀ ਅਜਿਹੀ ਪਹਿਲਕਦਮੀ ਦਾ ਨਿਸ਼ਚੇ ਹੀ ਸਵਾਗਤ ਕਰਨਗੇ।

## ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਦੇ 10 ਜੂਨ ਦੇ ਅੰਕ ਵਿਚ ਜਸਪ੍ਰੀਤ ਦਾ ਸ਼ਰਧਾਂਜਲੀ ਲੇਖ 'ਜੱਗਾ ਭਾਅ ਵੀ ਹਾਰ ਗਿਆ' ਬੜਾ ਦਿਲ ਹਲੂਣਵਾਂ ਸੀ। ਇਹ ਮੈਨੂੰ ਏਸ ਕਰਕੇ ਵੀ ਇਵੇਂ ਲੱਗਾ ਕਿਉਂਕਿ ਮੈਂ ਵੀ ਓਹਨੂੰ (ਜੱਗੇ ਨੂੰ) ਜਾਣਦਾ ਸੀ। ਸ਼ਾਇਦ ਇਹ 1982-83 ਦੀ ਗੱਲ ਹੈ, ਮੇਰਾ ਇਕ ਜਾਣੂ ਕੈਨੇਡਾ ਤੋਂ ਪੰਜਾਬ ਆਇਆ ਹੋਇਆ ਸੀ ਤੇ ਉਸ ਨੇ ਆਪਣੀ ਲੜਕੀ ਦੇ ਰਿਸ਼ਤੇ ਬਾਰੇ ਕਿਸੇ ਜਾਣ-ਪਛਾਣ ਵਾਲ਼ੇ ਲੜਕੇ ਬਾਰੇ ਪੁੱਛਿਆ। ਮੈਂ ਭਾਬੀ ਕੁਲਵੰਤ ਕੌਰ ਵਿਰਕ (ਕਮਲਜੀਤ ਵਿਰਕ ਦੇ ਵੱਡੇ ਭਰਾ ਪ੍ਰੋ: ਹਰਬੰਸ ਸਿੰਘ ਵਿਰਕ ਦੀ ਸਾਥਣ) ਨਾਲ ਗੱਲ ਕੀਤੀ ਤਾਂ ਉਨ੍ਹਾਂ ਜੱਗੇ ਬਾਰੇ ਦੱਸ ਪਾਈ। ਜੱਗੇ ਦੇ ਪਿਤਾ ਜੀ ਨਹਿਰੀ ਵਿਭਾਗ ਵਿਚ ਐਸ.ਡੀ.ਓ. ਸਨ ਤੇ ਜੱਗੇ ਨੇ ਵੀ ਐਲ ਐਲ ਬੀ ਕਰ ਲਈ ਸੀ ਜਾਂ ਤਿਆਰੀ ਕਰ ਰਿਹਾ ਸੀ। ਅਸੀਂ ਸਾਰੇ ਉਸਦੇ ਪਿੰਡ (ਜ਼ਿਲ੍ਹਾ ਅੰਮ੍ਰਿਤਸਰ) ਗਏ। ਲੜਕੀ ਦੇ ਬਾਪ ਨੂੰ ਉਹ ਪਸੰਦ ਸੀ।

ਕੁਝ ਮਹੀਨੇ ਦੀ ਉਡੀਕ ਤੋਂ ਬਾਅਦ ਲੜਕੀ ਦੀ ਆਨਾ-ਕਾਨੀ (ਬਹਾਨੇਬਾਜ਼ੀ) ਕਾਰਨ ਗੱਲ ਸਿਰੇ ਨਾ ਚੜ੍ਹ ਸਕੀ। ਮੈਨੂੰ ਬੜੀ ਨਮੋਸ਼ੀ ਜਿਹੀ ਮਹਿਸੂਸ ਹੋਈ ਤੇ ਮੁੜ ਉਸਦਾ ਸਾਹਮਣਾ ਕਰਨ ਦੀ ਹਿੰਮਤ ਨਾ ਪਈ। ਫਿਰ ਮੈਂ ਅਮਰੀਕਾ ਆ ਗਿਆ ਤੇ ਉਹ ਵੀ...ਸਾਡਾ ਮੇਲ 17-18 ਸਾਲ ਪਿੱਛੋਂ ਕਮਲਜੀਤ ਦੇ ਘਰ ਇੰਡੀਆਨਾ ਵਿਚ ਹੋਇਆ। ਮੈਨੂੰ ਲੱਗਦਾ ਸੀ ਕਿ ਉਹ ਨਾਰਾਜ਼ ਹੋਵੇਗਾ...ਪਰ ਨਹੀਂ ਉਹ ਉਸੇ ਤਰ੍ਹਾਂ ਬੜੇ ਖਾਲੂਸ ਨਾਲ ਮਿਲਿਆ। ਇਸ ਦਾ ਇਕ ਕਾਰਨ ਸ਼ਾਇਦ ਇਹ ਵੀ ਸੀ ਕਿ ਅਸੀਂ ਦੋਵੇਂ ਪੰਜਾਬ ਰਹਿੰਦਿਆਂ ਵਿਦਿਆਰਥੀ ਜਥੇਬੰਦੀਆਂ ਵਿਚ ਕੰਮ ਕਰਦੇ ਰਹੇ ਸੀ। ਜ਼ਿੰਦਗੀ ਪ੍ਰਤੀ ਸਾਡੀ ਸਮਝ ਆਮ ਲੋਕਾਂ ਤੋਂ ਥੋੜ੍ਹੀ ਹਟਵੀਂ ਬਣ ਚੁੱਕੀ ਸੀ ਪਰ ਹੁਣ ਅਚਾਨਕ ਉਸ ਦਾ ਏਸ ਤਰ੍ਹਾਂ ਤੁਰ ਜਾਣਾ ਉਦਾਸ ਵੀ ਕਰ ਗਿਆ ਤੇ ਜ਼ਿਹਨ 'ਚ ਸਵਾਲ ਵੀ ਖੜ੍ਹੇ ਕਰ ਗਿਆ ਕਿ ਜੇ ਏਨਾ ਯਥਾਰਥਵਾਦੀ ਆਦਮੀ ਅਜੇਹਾ ਕਦਮ ਚੁੱਕ ਸਕਦਾ ਹੈ ਤਾਂ ਸਾਧਾਰਨ ਆਦਮੀ ਦਾ ਕੀ ਬਣੇਗਾ...? ਅਲਵਿਦਾ ...ਅਟਵਾਲ ਜੁਗਰਾਜ ਸਿੰਹਾਂ...!

***ਰਵਿੰਦਰ ਸਹਿਰਾਅ***
***ਚੈਸਟਰਟਨ (ਇੰਡੀਅਨਾ)***
***ਫੋਨ: 717-575-7529***

# ਸ਼ਬਦ-ਸਾਧਨਾ ਦਾ ਸਫ਼ਰ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਅਕਸਰ ਹੀ ਪਾਠਕ ਮੈਨੂੰ ਪੁੱਛਦੇ ਕਿ ਤੂੰ ਤਾਂ ਸਾਇੰਸ ਦਾ ਵਿਦਿਆਰਥੀ ਏਂ। ਸਾਰੀ ਉਮਰ ਹੀ ਅੰਗਰੇਜ਼ੀ ਮੀਡੀਅਮ ਵਿਚ ਸਾਇੰਸ ਹੀ ਪੜ੍ਹੀ ਤੇ ਪੜ੍ਹਾਈ। ਫਿਰ ਪੰਜਾਬੀ ਵਿਚ ਲਿਖਣ ਦਾ ਸ਼ੌਕ ਕਿਵੇਂ ਪਿਆ ਅਤੇ ਇਸ ਸ਼ੌਕ ਦੀ ਪੂਰਤੀ ਲਈ ਇੰਨੇ ਰੁਝੇਵਿਆਂ ਦੇ ਬਾਵਜੂਦ, ਸਮਾਂ ਕਿਵੇਂ ਕੱਢਦੇ ਹੋ? ਤੁਹਾਡੀ ਕਵਿਤਾ ਜਾਂ ਵਾਰਤਕ ਪੜ੍ਹਦਿਆਂ ਅੰਤਰੀਵ ਵਿਚ ਉਤਰ ਕੇ ਖ਼ੁਦ ਨਾਲ ਜੁੜਨਾ ਪੈਂਦਾ। ਵਿਲੱਖਣ ਮੁਹਾਵਰੇ ਵਾਲੀ ਸ਼ਬਦ-ਸਾਧਨਾ ਅਤੇ ਸ਼ਬਦ ਸਫ਼ਰ ਦਾ ਰਾਜ਼ ਕੀ ਏ? ਕੀ ਅਜੇਹੀ ਲਿਖਤ ਲਈ ਕੋਈ ਉਚੇਚ ਕਰਨਾ ਪੈਂਦਾ ਜਾਂ ਖ਼ਿਆਲਾਂ ਤੇ ਸ਼ਬਦਾਂ ਦਾ ਆਪ-ਮੁਹਾਰਾ ਵਹਾਅ ਹੁੰਦਾ? ਅਵਚੇਤਨ ਵਿਚਲੇ ਵਿਚਾਰ ਕਿਵੇਂ ਕਿਸੇ ਕਿਰਤ ਦਾ ਰੂਪ ਧਾਰਦੇ ਨੇ? ਸੱਚੀ ਗੱਲ ਤਾਂ ਇਹ ਹੈ ਕਿ ਮੇਰਾ ਸ਼ਬਦ-ਸੰਵਾਦ ਮੇਰੇ ਅੰਤਰੀਵ ਨੂੰ ਉਲਥਾਉਂਦਾ ਹੈ। ਖ਼ੁਦ ਨੂੰ ਕੀਤੇ ਸਵਾਲ ਅਤੇ ਇਨ੍ਹਾਂ ਦੇ ਜਵਾਬਾਂ ਨੂੰ ਹਰਫ਼ਾਂ ਦੇ ਹਵਾਲੇ ਕਰਦਾ ਹਾਂ। ਮੇਰੇ ਆਲੇ-ਦੁਆਲੇ ਬਹੁਤ ਕੁਝ ਵਾਪਰਦਾ ਹੈ ਅਤੇ ਮੈਂ ਇਸਨੂੰ ਕਿਸ ਰੂਪ ਲੈਣਾ ਤੇ ਕਿਸ ਅੰਦਾਜ਼ ਵਿਚ ਕਿਹੜੀਆਂ ਪਰਤਾਂ ਨੂੰ ਫਰੋਲਣਾ ਹੈ, ਇਸਦੇ ਸਰੋਕਾਰਾਂ ਵਿਚੋਂ ਕਿਹੜੇ ਅਰਥ ਕਲਮ-ਕਿਰਤ ਦੇ ਨਾਮ ਕਰਨੇ, ਇਹ ਸੰਵੇਦਨਾ ਅਤੇ ਸੁਚੇਤਨਾ 'ਤੇ ਨਿਰਭਰ।

ਦਰਅਸਲ ਮੇਰੀਆਂ ਲਿਖਤਾਂ, ਮੇਰਾ ਹੀ ਪਰਤੌਅ। ਮੇਰੇ ਚੌਗਿਰਦੇ ਵਿਚ ਵਾਪਰਦੇ ਵਰਤਾਰਿਆਂ ਦਾ ਵਰਣਨ, ਹੱਡ ਬੀਤੀਆਂ ਰਾਹੀਂ ਝਾਕਦੇ ਜ਼ਿੰਦਗੀ ਦੇ ਨਕਸ਼। ਬਹੁਤੀ ਵਾਰ ਇਹ ਨਕਸ਼ ਮੇਰੇ ਪਾਠਕਾਂ ਨਾਲ ਅਪਣੱਤ ਪਾਲਦੇ ਕਿਉਂਕਿ ਅਕਸਰ ਹੀ ਕਈ ਵਾਰ ਨਕਸ਼ ਇਕਸਾਰ ਹੀ ਹੁੰਦੇ ਅਤੇ ਇਨ੍ਹਾਂ ਵਿਚੋਂ ਹਰੇਕ ਨੇ ਜ਼ਿੰਦਗੀ ਨੂੰ ਆਪਣੀ ਮਰਜ਼ੀ ਅਨੁਸਾਰ ਤਸ਼ਬੀਹ ਅਤੇ ਤਰਜੀਹ ਦੇਣੀ ਹੁੰਦੀ।

ਮੇਰਾ ਪੇਂਡੂ ਪਿਛੋਕੜ ਹੀ ਮੇਰਾ ਸਭ ਤੋਂ ਵੱਡਾ ਸ਼ਬਦ-ਸਰਮਾਇਆ। ਇਸ ਨੇ ਮੇਰੇ ਅਚੇਤ ਵਿਚ ਪੰਜਾਬੀ ਰਹਿਤਲ ਦੇ ਉਨ੍ਹਾਂ ਸ਼ਬਦਾਂ ਨੂੰ ਸੰਭਾਲਿਆ ਹੋਇਆ ਹੈ ਜਿਹੜੇ ਅੱਜ-ਕੱਲ੍ਹ ਸਾਡੀ ਬੋਲਚਾਲ ਵਿਚੋਂ ਮਨਫ਼ੀ ਹੋ ਰਹੇ ਹਨ। ਮੇਰੀਆਂ ਲਿਖਤਾਂ ਵਿਚ ਜ਼ਿਆਦਾਤਰ ਅਜੇਹਾ ਸ਼ਬਦ-ਮੁਹਾਵਰਾ ਹੁੰਦਾ ਜਿਹੜਾ ਮੈਨੂੰ ਮੇਰੇ ਪਿੰਡ ਦੀਆਂ ਗਲੀਆਂ, ਫਿਰਨੀ, ਖੇਤਾਂ, ਖੂਹਾਂ, ਬਜ਼ੁਰਗਾਂ, ਮਾਪਿਆਂ ਜਾਂ ਯਾਰਾਂ-ਬੇਲੀਆਂ ਦੀ ਆਪਸੀ ਬੋਲਚਾਲ 'ਚੋਂ ਮਿਲਿਆ ਹੁੰਦਾ। ਇਹ ਸ਼ਬਦ ਅਜੋਕੀ ਬੋਲਚਾਲ ਵਿਚ ਨਜ਼ਰ ਨਹੀਂ ਆਉਂਦੇ। ਇਸੇ ਕਰਕੇ ਕਈ ਵਾਰ ਕੁਝ ਪਾਠਕਾਂ ਦਾ ਇਹ ਉਲਾਂਭਾ ਹੁੰਦਾ ਕਿ ਤੁਹਾਡੇ ਕੁਝ ਸ਼ਬਦ ਸਾਡੀ ਸਮਝ ਤੋਂ ਪਰੇ ਹਨ। ਦਰਅਸਲ ਇਹ ਸ਼ਬਦ ਅਸੀਂ ਵਿਸਾਰ ਚੁੱਕੇ ਹਾਂ। ਮੈਂ ਪੰਜਾਬੀ ਦਾ ਵਿਦਵਾਨ ਤਾਂ ਨਹੀਂ ਅਤੇ ਨਾ ਹੀ ਵੱਖ-ਵੱਖ ਭਾਸ਼ਾਵਾਂ ਦਾ ਗੁਣੀ-ਗਿਆਨੀ ਹਾਂ। ਹਾਂ! ਮੈਨੂੰ ਵੱਖ-ਵੱਖ ਭਾਸ਼ਾਵਾਂ ਦੀਆਂ ਉਤਮ ਸਾਹਿਤਕ ਕਿਰਤਾਂ ਅਤੇ ਸਾਇੰਸ ਨਾਲ ਜੁੜੀਆਂ ਲਿਖਤਾਂ ਨੂੰ ਪੜ੍ਹਨ ਦਾ ਬਹੁਤ ਸ਼ੌਕ ਹੈ ਅਤੇ ਇਨ੍ਹਾਂ ਵਿਚੋਂ ਵੀ ਕੁਝ ਸ਼ਬਦ ਅਚੇਤ ਰੂਪ ਵਿਚ ਹੀ ਮੇਰੀਆਂ ਲਿਖਤਾਂ ਵਿਚ ਆ ਜਾਂਦੇ ਹਨ।

ਮੇਰੀ ਮੁੱਢਲੀ ਸ਼ਬਦ-ਸਿਰਜਣਾ ਕੋਈ ਨਿਸ਼ਚਿਤ ਜਾਂ ਯੋਜਨਾਬੱਧ ਨਹੀਂ ਸੀ ਅਤੇ ਨਾ ਹੀ ਹੁਣ ਹੈ। ਇਹ ਤਾਂ ਮਨ ਦਾ ਆਵੇਸ਼ ਹੈ ਕਿ ਕਦੋਂ ਕਿਸੇ ਲਿਖਤ ਨੇ ਨਾਜ਼ਲ ਹੋਣਾ ਹੈ, ਕਿਸ ਰੰਗ ਵਿਚ ਮਨ-ਦਰ 'ਤੇ ਦਸਤਕ ਦੇਣੀ ਹੈ ਅਤੇ ਕਿਹੜਾ ਰੂਪ ਅਖਤਿਆਰ ਕਰਨਾ ਹੈ?

ਮੈਨੂੰ ਸਕੂਲੀ ਸਮੇਂ ਤੋਂ ਹੀ ਪੁਸਤਕਾਂ ਪੜ੍ਹਨ ਦਾ ਸ਼ੌਕ ਸੀ। ਇਸ ਸ਼ੌਕ ਵਿਚ ਮਿਡਲ ਸਕੂਲ ਦੇ ਪੰਜਾਬੀ ਦੇ ਅਧਿਆਪਕਾਂ ਮਾਸਟਰਨੀ ਹਰਬੰਸ ਕੌਰ, ਮਾਸਟਰ ਚੰਨਣ ਸਿੰਘ ਅਤੇ ਹੈਡ-ਮਾਸਟਰ ਤੇ ਉਘੇ ਸਾਹਿਤਕਾਰ ਸ.ਹਰਭਜਨ ਸਿੰਘ ਹੁੰਦਲ ਜੀ ਦਾ ਅਚੇਤ ਰੂਪ ਵਿਚ ਪ੍ਰਭਾਵ ਹੈ। ਬੀ ਐਸ ਸੀ ਕਰਨ ਤੀਕ ਸਿਰਫ਼ ਪੰਜਾਬੀ ਦੀਆਂ ਕਿਤਾਬਾਂ ਪੜ੍ਹਦਾ ਜ਼ਰੂਰ ਸਾਂ ਜਦ ਵੀ ਮੈਨੂੰ ਸਾਇੰਸ ਦੀ ਪੜ੍ਹਾਈ ਤੋਂ ਵਿਹਲ ਮਿਲਦੀ ਜਾਂ ਆਪਣੇ ਆਪ ਨੂੰ ਤਰੋਤਾਜ਼ਾ ਕਰਨਾ ਹੁੰਦਾ। ਪਰ ਮੈਂ ਕੁਝ ਵੀ ਲਿਖਿਆ ਨਹੀਂ ਸੀ।

ਐਮ ਐਸ ਸੀ (ਫ਼ਿਜ਼ਿਕਸ) ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਇਸ ਦੌਰਾਨ ਮੇਰੇ ਗਰਾਈਂ ਪ੍ਰੋ. ਕੁਲਵੰਤ ਸਿੰਘ ਔਜਲਾ ਅਤੇ ਉਸਦੇ ਸਾਥੀ ਡਾ. ਜਸਵਿੰਦਰ ਸਿੰਘ, ਡਾ. ਮੱਖਣ ਸਿੰਘ, ਡਾ. ਸਤੀਸ਼ ਵਰਮਾ, ਮਰਹੂਮ ਪ੍ਰੋ. ਬਲਵਿੰਦਰ ਸਿੰਘ ਧਾਲੀਵਾਲ ਆਦਿ ਅਕਸਰ ਹੀ ਰਾਤ ਨੂੰ ਮੇਰੇ ਹੋਸਟਲ ਵਿਚ ਆ ਜਾਂਦੇ ਅਤੇ ਪੰਜਾਬੀ ਦੀ ਮਹਿਫ਼ਲ ਸੱਜ ਜਾਂਦੀ ਸੀ। ਇਸ ਅਦਬੀ ਸੰਗਤ ਦਾ ਰੰਗ ਕੁਝ ਕੁਝ ਮੇਰੇ 'ਤੇ ਵੀ ਚੜ੍ਹਨਾ ਸ਼ੁਰੂ ਹੋ ਗਿਆ ਅਤੇ ਕਦੇ ਕਦਾਈਂ ਕਵਿਤਾ-ਨੁਮਾ ਕੁਝ ਲਿਖ ਲੈਂਦਾ ਸਾਂ। ਐਮ ਐਸ ਸੀ ਫਾਈਨਲ ਦੀ ਫੇਅਰਵੈੱਲ ਪਾਰਟੀ ਵਿਚ ਮੈਂ ਪਹਿਲੀ ਵਾਰ ਹੇਠ ਲਿਖੀ ਕਵਿਤਾ ਸੁਣਾਈ;

ਹਵਾ ਬੰਦ ਹੈ
ਦਰਖਤਾਂ ਦੇ ਪੱਤੇ ਨਹੀਂ ਹਿਲਦੇ
ਪਹਿਆਂ ਵਿਚੋਂ ਘੱਟਾ ਨਹੀਂ ਉਡਦਾ
ਇਸਦਾ ਇਹ ਮਤਲਬ ਨਹੀਂ
ਕਿ
ਹਵਾ ਮਰ ਚੁੱਕੀ ਹੈ
ਇਹ ਤਾਂ
ਸਗੋਂ ਸਮੋ-ਸੂਚਕ ਹੈ
ਆਉਣ ਵਾਲੇ
ਕਿਸੇ ਭਾਰੀ ਤੂਫ਼ਾਨ ਦੀ।

ਇਸ ਕਵਿਤਾ ਦਾ ਮੇਰੇ ਅਧਿਆਪਕਾਂ 'ਤੇ ਅਜੇਹਾ ਅਸਰ ਹੋਇਆ ਕਿ ਯੂਨੀਵਰਸਿਟੀ ਵਿਚੋਂ ਐਮਐਸਸੀ ਵਿਚ ਪਹਿਲੇ ਨੰਬਰ 'ਤੇ ਆਉਂਦਾ ਆਉਂਦਾ, ਮੈਨੂੰ ਦੂਸਰੇ ਸਥਾਨ 'ਤੇ ਸਰਕਾ ਦਿੱਤਾ ਗਿਆ ਕਿਉਂਕਿ ਉਹ ਐਮਰਜੈਂਸੀ ਦੇ ਦਿਨ ਸਨ। ਐਮ ਐਸ ਸੀ ਕਰਨ ਤੋਂ ਬਾਅਦ ਰੁਜ਼ਗਾਰ ਦੀ ਤਲਾਸ਼ ਵਿਚ ਸਧਾਰਨ ਘਰਾਂ ਦੇ ਬੱਚਿਆਂ ਨੂੰ ਭਟਕਣ ਦਾ ਸ਼ਿਕਾਰ ਤਾਂ ਹੋਣਾ ਹੀ ਪੈਂਦਾ। ਲਾਇਲਪੁਰ ਖਾਲਸਾ ਕਾਲਜ ਜਲੰਧਰ, ਖਾਲਸਾ ਕਾਲਜ ਸੁਧਾਰ ਤੇ ਡੀ ਏ ਵੀ ਕਾਲਜ ਹੁਸ਼ਿਆਰਪੁਰ ਵਿਚ ਮੈਨੇਜਮੈਂਟ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੋ ਕੇ, ਖੁਦ ਨੂੰ ਸੰਭਾਲਣ ਵਿਚ ਅਤੇ ਪਰਿਵਾਰਕ ਜ਼ਿੰਦਗੀ ਦੇ ਝਮੇਲਿਆਂ ਤੇ ਜ਼ਿੰਮੇਵਾਰੀਆਂ ਵਿਚ ਅਜੇਹਾ ਉਲਝਿਆ ਕਿ ਕਵਿਤਾ ਮਨ ਦੀ ਕਿਸੇ ਨੁੱਕਰੇ ਦੁੱਬਕ ਗਈ। ਪਰ ਜਦ ਮੈਂ ਗੁਰੁ ਕਾਸ਼ੀ ਕਾਲਜ ਤਲਵੰਡੀ ਸਾਬੋ ਵਿਚ ਰੈਗੂਲਰ ਭਰਤੀ ਹੋ ਗਿਆ ਤਾਂ ਮਨ ਨੂੰ ਕੁਝ ਸਕੂਨ ਮਿਲਿਆ। ਪੰਜਾਬੀ ਅਦਬ ਨਾਲ ਮੋਹ-ਪੁੰਗਾਰਾ ਰੂਹ ਦੀ ਧਰਾਤਲ 'ਤੇ ਪੁੰਗਰਨ ਲੱਗਾ। ਇਸ ਕਾਲਜ ਵਿਚ ਤਿੰਨ ਸਾਲ ਰਿਹਾ ਅਤੇ ਇੱਥੇ ਰਹਿੰਦਿਆਂ ਹੀ ਕੁਝ ਗੀਤ-ਨੁਮਾ ਕਵਿਤਾਵਾਂ ਦਿੱਲੀ ਤੋਂ ਛਪਦੇ ਪੰਜਾਬੀ ਮੈਗਜ਼ੀਨ ਪ੍ਰੋਫੈਸਰ ਲਖਬੀਰ ਸਿੰਘ ਦੇ ਵਿਦਿਆਰਥੀ ਕਮਲਜੀਤ ਥਿੰਦ ਨੇ 1991 ਵਿਚ ਛਾਪੀ ਸੀ ਜਿਸਦਾ ਮੁੱਖ-ਬੰਧ ਮੇਰੇ ਅਧਿਆਪਕ ਸ. ਹਰਭਜਨ ਸਿੰਘ ਹੁੰਦਲ ਸਾਹਿਬ ਨੇ ਲਿਖਿਆ ਸੀ। ਇਸ ਵਿਚ ਮੇਰੀ ਕਵਿਤਾ ਦੀ ਚੰਗੀ ਚੀਰ-ਫਾੜ ਕਰਦਿਆਂ, ਹਰ ਪੱਖ ਤੋਂ ਆਲੋਚਨਾ ਕੀਤੀ ਗਈ ਸੀ। ਹੁੰਦਲ ਸਾਹਿਬ ਨੂੰ ਆਸ ਸੀ ਕਿ ਅਜੇਹਾ ਮੁੱਖਬੰਦ ਛਾਪਣ ਦਾ ਕੋਈ ਨਵਾਂ ਲੇਖਕ ਜੁਅਰਤ ਨਹੀਂ ਕਰ ਸਕਦਾ। ਪਰ ਮੈਂ ਇਸਨੂੰ ਮੂਲ ਰੂਪ ਵਿਚ ਹੀ ਛਾਪ ਦਿੱਤਾ। ਮੇਰੀ ਧਾਰਨਾ ਸੀ ਕਿ ਜੋ ਕੁਝ ਉਨ੍ਹਾਂ ਲਿਖਿਆ ਸੱਚ ਹੀ ਹੋਵੇਗਾ ਜਿਸਨੇ ਮੈਨੂੰ ਸ਼ੀਸ਼ਾ ਦਿਖਾਇਆ ਹੈ। ਹੁਣ ਮੇਰੇ 'ਤੇ ਨਿਰਭਰ ਕਰਦਾ ਕਿ ਇਸ ਵਿਚੋਂ ਆਪਣੇ ਆਪ ਨੂੰ ਕਿੰਝ ਦੇਖਣਾ ਅਤੇ ਪਤਾ ਕਰਨਾ ਕਿ ਮੈਂ ਖੁਦ ਨਾਲ ਕਿੰਨਾ ਕੁ ਪ੍ਰਤੀਬੱਧ ਹਾਂ? ਕਿੰਨਾ ਕੁ ਸੁਧਾਰ ਲਿਆਉਂਦਾ ਹਾਂ ਅਤੇ ਸਾਹਿਤਕ ਪਛਾਣ ਬਣਾਉਣ ਵਿਚ ਕਿੰਨਾ ਕੁ ਕਾਮਯਾਬ ਹੋਵਾਂਗਾ? ਮੇਰੀ ਸਾਹਿਤਕ ਸਮਰੱਥਾ ਕਿਵੇਂ ਨਿਖਰਦੀ ਹੈ? ਮੌਲਿਕਤਾ, ਨਰੋਆਪਣ ਅਤੇ ਵਿਲੱਖਣਤਾ, ਮੇਰੀ ਸਾਹਿਤਕ ਕਿਰਤ ਦਾ ਕਿਵੇਂ ਹਿੱਸਾ ਬਣਨਗੀਆਂ?

ਮੇਰੇ ਲਈ ਸ਼ਬਦਾਂ ਦੀ ਦਰਗਾਹ ਵਿਚ ਜਾਣਾ, ਇਨ੍ਹਾਂ ਨੂੰ ਦੁੱਖ ਸੁਣਾਉਣਾ, ਇਨ੍ਹਾਂ ਦੀ ਪਨਾਹ ਵਿਚ ਜਾਣਾ, ਦੁਆਵਾਂ ਲੈਣੀਆਂ ਅਤੇ ਸ਼ਬਦ-ਜੋਤ ਜਗਾਣਾ, ਮੇਰਾ ਨਿੱਤ ਦਾ ਕਰਮ ਅਤੇ ਧਰਮ। ਇਹ ਮੇਰਾ ਜੀਵਨ-ਅਧਾਰ, ਮੇਰਾ ਪਿਆਰ ਅਤੇ ਇਸ ਰਾਹੀਂ ਹੀ ਕਰਦਾ ਹਾਂ ਮੈਂ ਖ਼ੁਦ ਵਿਚੋਂ ਖ਼ੁਦ ਦਾ ਦੀਦਾਰ। ਸ਼ਬਦਾਂ ਰਾਹੀਂ ਆਰ-ਪਾਰ ਦੇਖਣਾ ਅਤੇ ਰੂਹ ਦੀਆਂ ਪਰਤਾਂ ਫਰੋਲਣਾ ਬਹੁਤ ਚੰਗਾ ਲੱਗਦਾ ਕਿਉਂਕਿ; ਮੇਰੇ ਲਈ ਸ਼ਬਦ ਫੱਕਰ ਦੀ ਰੂਹ ਵਰਗਾ, ਮੇਰੇ ਪਿੰਡ ਦੀ ਸੁੱਚੀ ਜੂਹ ਵਰਗਾ, ਸਾਂਝਰੇ ਵਗਦੇ ਖੂਹ ਵਰਗਾ ਤੇ ਸੱਜਣਾਂ ਦੀ ਆਉਂਦੀ ਸੂਹ ਵਰਗਾ। ਮੇਰੇ ਸ਼ਬਦ, ਸਫ਼ਿਆਂ 'ਤੇ ਸਰਦਾਰੀ, ਅਰਥਾਂ ਨੂੰ ਚੜ੍ਹੀ ਰਹੇ ਖੁਮਾਰੀ, ਪਰ ਕਦੇ ਨਾ ਸਹਿਣ ਲਚਾਰੀ ਤੇ ਮਾਨਣ ਸੱਜਣਾਂ ਦੀ ਦਿਲਦਾਰੀ। ਮੈਂ ਸ਼ਬਦ-ਸੁੱਖਨ ਦਾ ਵਾਸੀ ਹਾਂ, ਸੱਜਰੇ ਅਰਥਾਂ ਦਾ ਧਰਵਾਸੀ ਹਾਂ, ਖ਼ੁਦ ਦਾ ਹੀ ਵਿਸ਼ਵਾਸੀ ਹਾਂ ਤੇ ਹੁਣ ਬਹੁਤ ਉਦਾਸ ਨੇ।

ਸ਼ਬਦਾਂ ਦੇ ਭਰ ਵਗਦੇ ਦਰਿਆ ਦਾ ਸਦਾ ਰਿਣੀ ਹਾਂ ਜਿਹੜੇ ਮੇਰੇ ਸਾਹਾਂ ਵਰਗੇ, ਪੈਰਾਂ ਨੂੰ ਮਿਲਦੀਆਂ ਰਾਹਾਂ ਵਰਗੇ ਅਤੇ ਫੱਕਰਾਂ ਦੀਆਂ ਦੁਆਵਾਂ ਵਰਗੇ ਸਿਰਫ਼ ਮੇਰੇ ਹੀ ਹਿੱਸੇ ਆਏ। ਮੇਰੇ ਲਈ ਵਰਸੋਏ ਇਹ ਸ਼ਬਦ ਹੀ ਹਨ ਜਿਨ੍ਹਾਂ ਦੀ ਛਤਰ-ਛਾਇਆ ਹੇਠ ਮੇਰੀ ਲਿਖਤ ਨੂੰ ਵੱਖਰਤਾ ਨਸੀਬ ਹੁੰਦੀ ਹੈ।

1993 ਵਿਚ ਕੈਨੇਡਾ ਵਿਚ ਫ਼ਿਜ਼ਿਕਸ ਦੀ ਇੰਟਰਨੈਸ਼ਨਲ ਕਾਨਫਰੰਸ ਵਿਚ ਸ਼ਾਮਲ ਹੋਇਆ।



ਮਿਟਾਉਂਦਾ ਸਦਾ ਉਦਾਸੀ ਹਾਂ। ਮੇਰੇ ਸ਼ਬਦ, ਪੀਰ ਦੀ ਦੁਆ ਵਰਗੇ, ਅੰਤਰੀਵ 'ਚ ਵੱਸਦੇ ਖ਼ੁਦਾ ਵਰਗਾ, ਮਿੱਤਰ ਨੂੰ ਮਿਲਣ ਦੇ ਚਾਅ ਵਰਗਾ ਤੇ ਵਕਤ ਦੀ ਸੰਦਲੀ ਭਾਅ ਵਰਗਾ। ਮੈਂ ਸ਼ਬਦ-ਸੋਚਾਂ 'ਚ ਲਾਈਆਂ ਤਾਰੀਆਂ, ਮਨ-ਅੰਬਰ 'ਚ ਭਰੀਆਂ ਉਡਾਰੀਆਂ, ਰੂਹ-ਵਹਿਣ 'ਤੇ ਕੀਤੀਆਂ ਅਸਵਾਰੀਆਂ, ਅਤੇ ਸਫ਼ਿਆਂ 'ਤੇ ਕੀਤੀਆਂ ਸਰਦਾਰੀਆਂ। ਮੇਰਾ ਸ਼ਬਦ-ਕੋਸ਼, ਸੱਚ ਦਾ ਵਾਰਸ, ਡਿੱਗਦਿਆਂ ਨੂੰ ਮਿਲਦੀ ਢਾਰਸ, ਲੋਹੇ ਨੂੰ ਬਣਾਉਂਦਾ ਪਾਰਸ ਤੇ ਔੜਾਂ ਮਾਰਿਆਂ ਲਈ ਬਾਰਸ਼। ਮੇਰੀ ਲਿਖਤ, ਸ਼ਬਦਾਂ ਦਾ ਖਟੋਲਾ, ਮੌਜ ਵਿਚ ਆਇਆ ਮੌਲਾ, ਡਿੱਗਦੀ ਛੱਤ ਹੇਠ ਦਿੱਤਾ ਕੌਲਾ ਤੇ ਚਾਨਣ ਦਾ ਪੈਂਦਾ ਝਾਉਲਾ। ਮੇਰੇ ਸ਼ਬਦ, ਸਮੇਂ ਨੂੰ ਉਲਥਾਉਣਾ, ਖ਼ੁਦ ਨੂੰ ਸੂਲਾਂ 'ਚ ਪਰੋਣਾ, ਅੱਖਰਾਂ 'ਚ ਬਹਿ ਕੇ ਰੋਣਾ ਅਤੇ ਮਨ ਦੇ ਦਾਗ ਨੂੰ ਧੋਣਾ। ਰੇ ਸ਼ਬਦ, ਸ਼ਬਦਾਂ ਦੀ ਸਾਰ ਲੈਂਦੇ, ਅਰਥਾਂ ਦੀ ਛਾਵੇਂ ਬਹਿੰਦੇ, ਕੁਝ ਸੁਣਦੇ ਤੇ ਕੁਝ ਕਹਿੰਦੇ ਤੇ ਵਕਤ ਨੂੰ ਖ਼ੁਦ 'ਚ ਸਮਾਅ ਲੈਂਦੇ। ਅਕਸਰ ਹੀ ਜਦ ਮੇਰੇ 'ਤੇ ਚੁੱਪ ਹਾਵੀ ਹੋ ਜਾਵੇ ਤਾਂ ਮੈਂ ਸ਼ਬਦਾਂ ਨੂੰ ਹਾਕ ਮਾਰਦਾਂ ਹਾਂ ਕਿ;

ਸ਼ਬਦੋ ਵੇ!
ਮੇਰੇ ਵਿਹੜੇ ਆਵੋ,
ਅੰਦਰ ਦੀ ਚੁੱਪ ਨੂੰ ਵਰਾਵੋ,
ਮੇਰੇ ਭਾਵਾਂ ਨੂੰ ਉਲਥਾਵੋ
ਹਿੱਕ 'ਚ ਸੂਰਜ ਉਗਾਓ।
ਸ਼ਬਦੋ ਆਓ!
ਸੂਰਜ ਦੀਆਂ ਕਲਮਾਂ ਲਾਓ
ਅਤੇ ਬਸਤੀ ਦੇ ਹਰ ਘਰ ਨੂੰ
ਪਾੜ੍ਹਿਆਂ ਦਾ ਘਰ ਬਣਾਓ
ਕਿਉਂਕਿ
ਬਿਨ-ਅੱਖਰੇ ਘਰ

ਕੈਨੇਡਾ ਵਿਚਲੇ ਅਨੁਭਵਾਂ ਨੂੰ ਕਲਮਬੰਦ ਕਰ ਕੇ ਸਫ਼ਰਨਾਮਾ, 'ਸੁਪਨਿਆਂ ਦੀ ਜੂਹ-ਕੈਨੇਡਾ' ਲਿਖਿਆ ਜਿਹੜਾ ਅਜੀਤ ਅਖਬਾਰ ਵਿਚ ਹਫ਼ਤਾਵਰੀ ਛਪਿਆ ਅਤੇ ਫਿਰ ਇਹ ਕਿਤਾਬੀ ਰੂਪ ਵਿਚ ਛਪਿਆ। ਇਸ ਸਫ਼ਰਨਾਮੇ ਪ੍ਰਤੀ ਪਾਠਕਾਂ ਦਾ ਹੁੰਗਾਰਾ ਉਤਸ਼ਾਹਜਨਕ ਸੀ। ਕੁਝ ਅਦਬੀ ਮਿੱਤਰਾਂ ਨੇ ਕਿਹਾ ਕਿ ਤੁਹਾਡੀ ਵਾਰਤਕ ਵਿਚ ਕੁਝ ਵੱਖਰਤਾ ਹੈ ਅਤੇ ਚੰਗਾ ਹੋਵੇਗਾ ਜੇਕਰ ਤੂੰ ਵਾਰਤਕ ਵੰਨੀਂ ਮੋੜਾ ਕੱਟ ਲਵੇਂ। ਮੈਂ ਕਦੇ ਕਦਾਈਂ ਆਰਟੀਕਲ ਤਾਂ ਲਿਖਦਾ ਸਾਂ ਪਰ ਮੇਰੀ ਪਹਿਲੀ ਪਸੰਦ ਕਵਿਤਾ ਹੀ ਸੀ।

ਜ਼ਿੰਦਗੀ ਦੇ ਰੰਗ ਨਿਆਰੇ। ਪਤਾ ਹੀ ਨਹੀਂ ਲੱਗਦਾ ਕਿ ਕਿਸ ਮੋੜ ਅਤੇ ਵਕਤ ਦੀ ਕਿਹੜੀ ਦਹਿਲੀਜ਼ 'ਤੇ ਤੁਹਾਡੀ ਕਿਸਮਤ ਵਿਚ ਕੀ-ਕੁਝ ਅਜੇਹਾ ਉਕਰਿਆ ਹੁੰਦਾ ਜਿਸਨੇ ਤੁਹਾਡੀ ਕਲਮ ਨੂੰ ਮੌਲਕਤਾ ਦੇ ਅੱਡਰੇ ਰਾਹੀਂ ਤੋਰਨਾ ਹੁੰਦਾ। ਅਜੇਹਾ ਹੀ ਮੇਰੀ ਕਲਮ ਦੇ ਹਿੱਸੇ ਆਇਆ। 1998 ਵਿਚ ਮੇਰੀ ਵੱਡੀ ਬੇਟੀ ਨੂੰ ਬੀਡੀਐਸ ਵਿਚ ਦਾਖਲਾ ਮਿਲਿਆ। ਉਹ ਪਹਿਲੀ ਵਾਰ ਘਰੋਂ ਬਾਹਰ ਜਾ ਹੋਸਟਲ ਰਹਿਣ ਲੱਗੀ ਤਾਂ ਮੈਂ ਉਸਨੂੰ ਨਸੀਹਤਾਂ ਅਤੇ ਸਿਆਣਪਾਂ ਵਾਲੀਆਂ ਚਿੱਠੀਆਂ ਲਿਖਦਾ ਸਾਂ ਕਿ ਘਰੋਂ ਬਾਹਰ ਜਾ ਕੇ ਕਿਵੇਂ ਜ਼ਿੰਦਗੀ ਨੂੰ ਸੁਚਾਰੂ ਸੇਧ ਦੇਣੀ ਹੈ? ਕੁਝ ਸਮੇਂ ਬਾਅਦ ਪਤਾ ਲੱਗਾ ਕਿ ਮੇਰੀਆਂ ਚਿੱਠੀਆਂ ਮੇਰੀ ਬੇਟੀ ਤੋਂ ਪਹਿਲਾਂ ਉਸ ਦੀਆਂ ਸਹੇਲੀਆਂ ਪੜ੍ਹਦੀਆਂ ਸਨ। ਉਨ੍ਹਾਂ ਨੂੰ ਚੰਗਾ ਲੱਗਦਾ ਸੀ ਕਿ ਜੀਵਨ ਵਿਚ ਕੰਮ ਆਉਣ ਵਾਲੀਆਂ ਗੱਲਾਂ ਨੂੰ ਸਮਝਣ ਅਤੇ ਅਮਲ ਕਰਨ ਦੀ ਮੱਤ ਚਿੱਠੀਆਂ ਤੋਂ ਮਿਲਦੀ ਸੀ। ਇਹ ਜਾਣ ਕੇ ਮੈਨੂੰ ਅਹਿਸਾਸ ਹੋਇਆ ਕਿ ਅਜੇਹਾ ਕੁਝ ਅਖਬਾਰ ਵਿਚ ਲਿਖਿਆ ਜਾਵੇ ਤਾਂ ਜ਼ਿਆਦਾ ਪਾਠਕ ਇਨ੍ਹਾਂ ਗੱਲਾਂ ਬਾਰੇ ਜਾਣ ਕੇ, ਆਪਣੇ ਜੀਵਨ ਨੂੰ ਵਧੀਆ ਤਰੀਕੇ ਨਾਲ ਵਿਊਂਤ ਸਕਣਗੇ।

ਬੇਟੀ ਨੂੰ ਲਿਖੀਆਂ ਚਿੱਠੀਆਂ ਨੂੰ ਆਧਾਰ ਬਣਾ ਕੇ ਮੈਂ ਕੁਝ ਛੋਟੇ ਛੋਟੇ ਲੇਖ ਲਿਖੇ ਜੋ ਅਜੀਤ ਅਖਬਾਰ ਵਿਚ ਲਗਾਤਾਰ ਛਪਣ ਲੱਗੇ ਅਤੇ ਇਨ੍ਹਾਂ ਪ੍ਰਤੀ ਪਾਠਕਾਂ ਦਾ ਹੁੰਗਾਰਾ ਬਹੁਤ ਉਤਸ਼ਾਹਪੂਰਨ ਸੀ। ਇਨ੍ਹਾਂ ਲੇਖਾਂ ਦੀ ਪਹਿਲੀ ਨਿਬੰਧ ਪੁਸਤਕ 'ਰੰਗਾਂ ਦਾ ਦਰਿਆ' ਛਪਵਾਈ ਜਿਸਨੂੰ ਪੰਜਾਬੀ ਦੇ ਪਾਠਕਾਂ ਨੇ ਸਲਾਹਿਆ। ਪੰਜਾਬੀ ਅਕਾਦਮੀ ਦਿੱਲੀ ਨੇ ਮੇਰੇ ਕੋਲੋਂ ਇਸ ਦੀਆਂ ਉਚੇਚੇ ਤੌਰ 'ਤੇ 200 ਕਾਪੀਆਂ ਮੰਗਵਾ ਕੇ ਦਿੱਲੀ ਦੇ ਸਕੂਲਾਂ ਵਿਚ ਵੰਡੀਆਂ। ਬੇਟੀ ਨੂੰ ਲਿਖੀਆਂ ਚਿੱਠੀਆਂ ਨੇ ਮੇਰੀ ਕਲਮ ਨੂੰ ਨਵਾਂ ਮੋੜ ਦਿੱਤਾ ਅਤੇ ਇਸ ਵਿਚੋਂ ਅਜੇਹੀ ਵਾਰਤਕ ਨੇ ਜਨਮ ਲਿਆ ਜੋ ਅਸਲੋਂ ਕੁਝ ਨਿਵੇਕਲੀ ਅਤੇ ਸੁਚਾਰੂ ਤੇ ਉਸਾਰੂ ਪੱਖਾਂ ਕਦਰਾਂ ਕੀਮਤਾਂ ਨਾਲ ਜੀਵਨ ਨੂੰ ਸੁਚਿਆਰਾ ਬਣਾਉਣ ਲਈ ਛੋਟਾ ਜਿਹਾ ਉਦਮ ਸੀ।

ਬਾਅਦ ਵਿਚ ਛਪੀ ਵਾਰਤਕ ਪੁਸਤਕ 'ਅਸੀਸ ਤੇ ਆਸਥਾ' ਅਤੇ ਕਾਵਿ ਪੁਸਤਕ 'ਧੁੱਪ ਦੀ ਤਲਾਸ਼' ਦਰਅਸਲ ਚੌਗਿਰਦੇ ਵਿਚੋਂ ਆਪਣੇ ਨਕਸ਼ ਪਛਾਨਣ ਦੀ ਨਿਮਾਣੀ ਜਹੀ ਕੋਸ਼ਿਸ ਸੀ ਜੋ ਹਰਫ਼ਾਂ ਥੀਂ ਪਰੋਈ ਗਈ। ਆਲੇ-ਦੁਆਲੇ ਦੇ ਵਰਤਾਰਿਆਂ ਵਿਚੋਂ ਮਨੁੱਖੀ ਹੋਂਦ ਨੂੰ ਪਰਿਭਾਸ਼ਤ ਕਰਨ ਅਤੇ ਮਾਨਵਤਾ ਦੀ ਤਲਾਸ਼ ਕਾਰਨ, ਇਹ ਪੁਸਤਕਾਂ ਮੇਰੀ ਅੰਤਰੀਵ ਦੀ ਯਾਤਰਾ ਦਾ ਆਰੰਭ ਵੀ ਹਨ। ਅਜੇਹੇ ਸਮੇਂ ਹੀ ਡਾ. ਕੁਲਵੰਤ ਸਿੰਘ ਥਿੰਦ ਨਾਲ ਸਾਂਝੇ ਤੌਰ 'ਤੇ ਦੋ ਪੁਸਤਕਾਂ 'ਵਿਗਿਆਨ ਦੇ ਪਸਾਰ' ਅਤੇ 'ਵਿਗਿਆਨ ਦੇ ਪਾਂਧੀ' ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਛਾਪੀਆਂ ਗਈਆਂ। ਸਾਇੰਸ ਦਾ ਕਰਜ਼ ਉਤਾਰਨਾ ਵੀ ਜ਼ਰੂਰੀ ਸੀ ਜਿਸਨੇ ਮੇਰੀ ਸੋਚ ਦੇ ਨਾਵੇਂ ਤਰਕਸੰਗਤਾ ਅਤੇ ਪੜ੍ਹਾਉਣ ਦੇ ਕਿੱਤੇ ਨੂੰ ਪਹਿਲੀ ਪਸੰਦ ਬਣਾਉਣ ਵਿਚ ਮਦਦ ਕੀਤੀ। ਸਾਇੰਸ ਸਦਕਾ ਹੀ ਮੈਂ ਆਪਣੇ ਬਾਪ ਦੀ ਅੱਖ ਵਿਚ ਉਸ ਹੰਝੂ ਨੂੰ ਪੂੰਝ ਸਕਿਆ ਜਿਸਨੇ ਸਾਰੀ ਉਮਰ ਹੀ ਮੈਨੂੰ ਕੋਂਹਦੇ ਰਹਿਣਾ ਸੀ। ਮੈਂ ਸਾਰੀ ਉਮਰ ਲਈ ਹੀ ਸਿਖਾਂਦਰੂ ਹਾਂ। ਹਰ ਵਕਤ ਹੀ ਹਰ ਵਰਤਾਰੇ ਤੇ ਵਿਅਕਤੀ ਨੂੰ ਪੜ੍ਹਦਾ ਹਾਂ, ਸਮਝਦਾ ਹਾਂ ਅਤੇ ਬਹੁਤ ਕੁਝ ਸਿੱਖਦਾ ਹਾਂ। ਇਹ ਸਭ ਕੁਝ ਮੇਰੇ ਅਚੇਤ ਵਿਚ ਪਿਆ ਹੁੰਦਾ ਹੈ ਜੋ ਲਿਖਣ ਵਕਤ ਸਫ਼ਿਆਂ 'ਤੇ ਫੈਲ, ਲਿਖਤ ਦਾ ਰੂਪ ਧਾਰਦਾ ਹੈ। ਇਹ ਤੁਹਾਡੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ 'ਤੇ ਨਿਰਭਰ ਕਰਦਾ ਕਿ ਤੁਸੀਂ ਕਿਸੇ ਚੀਜ਼ ਨੂੰ ਕਿਸ ਕੋਣ 'ਤੇ ਕਿਸ ਨਜ਼ਰੀਏ ਤੋਂ ਦੇਖ ਕੇ, ਕਿਹੜੀ ਧਾਰਨਾ ਮਨ ਵਿਚ ਪੈਦਾ ਕਰਦੇ ਹੋ। ਇਹੀ ਧਾਰਨਾ ਤੁਹਾਡਾ ਵਿਸ਼ਵਾਸ ਬਣ ਕੇ ਤੁਹਾਡੀ ਕੀਰਤੀ ਨੂੰ ਵਿਭਿੰਨ ਪਸਾਰ ਦਿੰਦੀ ਹੈ ਜਿਨ੍ਹਾਂ ਦਾ ਕੇਂਦਰੀ ਭਾਵ ਇਕ ਹੀ ਹੁੰਦਾ। ਮੇਰੀ ਲਿਖਤ ਨੇ ਕਿਹੜੀ ਵੱਖਰਤਾ ਰਾਹੀਂ ਉਦੈ ਹੋਣਾ, ਇਹ ਸੰਵੇਦਨਾ ਵਿਚੋਂ ਪਨਪਦਾ ਹੈ। ਸੰਵੇਦਨਸ਼ੀਲਤਾ ਵਿਚਲੀ ਸੂਖ਼ਮਤਾ ਅਤੇ ਸੂਹਜ ਨੇ ਮੇਰੀ ਕਲਮ ਨੂੰ ਵਸੀਹਤਾ ਪ੍ਰਦਾਨ ਕੀਤੀ। ਉਨ੍ਹਾਂ ਵਿਸ਼ਿਆਂ ਬਾਰੇ ਲਿਖਣ ਲਈ ਪ੍ਰੇਰਿਤ ਕੀਤਾ ਜਿਨ੍ਹਾਂ ਬਾਰੇ ਪੰਜਾਬੀ ਵਿਚ ਘੱਟ ਲਿਖਿਆ ਗਿਆ ਹੈ।

ਅਗਸਤ 2003 ਵਿਚ ਮੈਂ ਕੈਨੇਡਾ ਦੀ ਇੰਟੀਗਰੇਸ਼ਨ ਲੈ ਕੇ ਪਰਿਵਾਰ ਸਮੇਤ ਕੈਨੇਡਾ ਪ੍ਰਵਾਸ ਕੀਤਾ। ਇਸ ਪ੍ਰਵਾਸ ਕਾਰਨ ਦੇਖੇ ਦ੍ਰਿਸ਼ ਨੇ ਮੇਰੀ ਚੇਤਨਾ ਤੇ ਚਿੰਤਨਸ਼ੀਲਤਾ ਨੂੰ ਬਹੁਤ ਹੀ ਅਸਰ-ਅੰਦਾਜ਼ ਕੀਤਾ। ਜਦ ਮੈਂ ਤਿੰਨ ਮਹੀਨੇ ਬਾਅਦ ਕੈਨੇਡਾ ਤੋਂ ਵਾਪਸ ਘਰ ਆਇਆ ਤਾਂ ਘਰ ਦੇ ਗੇਟ ਵਿਚ ਫਸੀਆਂ ਅਖਬਾਰਾਂ, ਮੁਰਝਾਏ ਫੁੱਲਾਂ ਦੀਆਂ ਕਿਆਰੀਆਂ ਅਤੇ ਲਾਅਨ ਵਿਚ ਛਾਈ ਵੈਰਾਨੀ ਦੇਖੀ ਤਾਂ ਮਨ ਬਹੁਤ ਉਦਾਸ ਹੋਇਆ। ਜਾਪਿਆ ਜਿਵੇਂ ਘਰ ਬਹੁਤ ਉਦਾਸ ਹੋ ਗਿਆ ਸੀ ਘਰ ਵਾਲਿਆਂ ਤੋਂ ਬਗੈਰ। ਇਸ ਉਦਾਸੀ ਵਿਚੋਂ ਹੀ 'ਘਰ ਅਰਦਾਸ ਕਰਦਾ ਹੈ' ਲੇਖ ਲਿਖਿਆ ਗਿਆ ਜੋ ਅਜੀਤ ਅਖਬਾਰ ਵਿਚ ਛਪਿਆ। ਪਾਠਕਾਂ ਦਾ ਹੁੰਗਾਰਾ ਬੇਮਿਸਾਲ ਸੀ।

(ਬਾਕੀ ਅਗਲੇ ਸਫੇ 'ਤੇ)

ਵਿਅੰਗ

# 'ਲੋਗੋਂ ਨੇ ਪੂਛ ਪੂਛ ਕੇ ਬਿਮਾਰ ਕਰ ਦੀਆ'

ਮਸ਼ਹੂਰ ਉਰਦੂ ਸ਼ਾਇਰ ਰਾਹਤ ਇੰਦੌਰੀ ਦੀ ਇਕ ਗਜ਼ਲ ਦਾ ਸ਼ੇਅਰ ਹੈ-

"ਅਫਵਾਹ ਥੀ ਕਿ ਮੇਰੀ ਤਬੀਅਤ ਖਰਾਬ ਹੈ,
ਲੋਗੋਂ ਨੇ ਪੂਛ ਪੂਛ ਕੇ ਬੀਮਾਰ ਕਰ ਦੀਆ"।

ਸਾਡੇ ਸਮਾਜ ਵਿਚ ਜੇ ਕੋਈ ਬੀਮਾਰ-ਠਮਾਰ ਹੋ ਜਾਏ ਤਾਂ ਉਸ ਦਾ ਹਾਲ-ਚਾਲ ਪੁੱਛਣਾ ਸਲੀਕੇਦਾਰ ਵਰਤਾਰੇ ਦਾ ਸੂਚਕ ਸਮਝਿਆ ਜਾਂਦੈ। ਜੇ ਕੋਈ ਖਬਰ ਨਾ ਲੈਣ ਆਵੇ ਤਾਂ ਬੀਮਾਰ ਪਿਆ ਬੰਦਾ ਆਪਣੇ ਆਪ ਨੂੰ ਲਾਹਨਤੀ ਜਿਹਾ ਸਮਝਦੈ। ਠੀਕ ਉਸੇ ਤਰ੍ਹਾਂ ਜਿਵੇਂ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਕਿਸੇ ਮਰੇ ਹੋਏ ਬੰਦੇ ਦੇ ਜਨਾਜ਼ੇ ਮਗਰ ਕੋਈ ਮਰਦ/ਇਸਤਰੀ ਹੋਵੇ ਈ ਨਾ ਤੇ ਜਾਂ ਫਿਰ ਦੋ-ਚਾਰ ਹੀ ਹੋਵਣ। ਸਾਡੇ ਤਾਂ ਇਧਰ ਮਰਨ ਉਪਰ ਵੀ 'ਰੌਣਕਾਂ' ਲਗਣੀਆਂ ਚਾਹੀਦੀਆਂ ਹਨ! ਖਾਸ ਕਰਕੇ ਕਿਸੇ ਬਜ਼ੁਰਗ ਦੇ ਮਰਨ ਉਪਰ। ਬੁੜ੍ਹੇ ਨੂੰ 'ਵਡਾ' ਕਰਨ ਦਾ ਰਿਵਾਜ ਹਾਲੇ ਵੀ ਹੈ, ਭੋਗ ਉਪਰੰਤ ਲੱਡੂ-ਜਲੇਬੀਆਂ ਵੰਡੀਆਂ ਜਾਂਦੀਆਂ ਹਨ, ਬੇਸ਼ਕ ਜੀਊਂਦੇ ਜੀਅ ਬੁੜ੍ਹਾ ਵਿਚਾਰਾ ਚਾਹ ਦੇ ਕੱਪ ਨੂੰ ਤਰਸਦਾ ਮਰ ਗਿਆ ਹੋਵੇ-"ਬਾਤ ਕਯਾ ਹੈ ਕਿ ਮਸ਼ਹੂਰ ਲੋਗੋਂ ਕੇ ਘਰ,/ਮੌਤ ਕਾ ਸੋਗ ਹੋਤਾ ਹੈ ਤਿਉਹਾਰ ਸਾ"(ਡਾ.ਬਸ਼ੀਰ ਬਦਰ)।

ਸੋ, ਸਾਡਾ ਬੀਮਾਰ ਹੋਣਾ ਅਫਵਾਹ ਤਾਂ ਨਹੀਂ ਸੀ, ਪਰ ਐਡਾ ਜ਼ਿਆਦਾ ਵੀ ਅਸੀਂ ਬੀਮਾਰ ਨਹੀਂ ਸਾਂ ਹੋਏ ਕਿ ਖਬਰ ਲੈਣ ਵਾਲਿਆਂ ਦਾ ਘਰ ਮੇਲਾ ਹੀ ਲਗ ਜਾਏ! ਉਂਜ ਅਸੀਂ ਫੂਲੇ ਨਹੀਂ ਸਾਂ ਸਮਾ ਰਹੇ ਕਿ ਅਸੀਂ ਐਨੇ ਮਸ਼ਹੂਰ ਹਾਂ ਕਿ 'ਵੀ.ਆਈ.ਪੀ.' ਦੀ ਸ਼੍ਰੇਣੀ ਵਿਚ ਸਹਿਜੇ ਹੀ ਸ਼ਾਮਲ ਕੀਤੇ ਜਾ ਸਕਦੇ ਸਾਂ। ਅਸੀਂ ਤਾਂ ਇਹ ਸੁਪਨੇ ਵੀ ਦੇਖਣ ਲਗ ਪਏ ਸਾਂ ਕਿ ਹੋ ਸਕਦੈ ਸਾਡੀ ਇਸ ਮਸ਼ਹੂਰੀ ਕਾਰਨ ਸਾਨੂੰ ਸਰਕਾਰੀ ਗੱਡੀ ਅਤੇ ਗੰਨਮੈਨ ਹੀ ਮਿਲ ਜਾਣ!

ਦਰਅਸਲ ਗੱਡੀ ਵਜਣ ਨਾਲ ਸਾਡੇ ਥੋੜੀ ਜਿਹੀ ਸੱਟ ਲਗ ਗਈ ਸੀ। ਇਸ ਗੱਲ ਦੀ ਖਬਰ ਸਾਡੇ ਲੱਖ ਲੁਕਾਉਣ ਦੇ ਯਤਨਾਂ ਬਾਅਦ ਵੀ 'ਲੀਕ' ਹੋ ਗਈ, ਜਿਦਾਂ ਚੰਦਰੀਆਂ ਖਬਰਾਂ ਚੈਨਲਾਂ ਤੇ ਲੀਕ ਹੋ ਜਾਂਦੀਆਂ ਹਨ। ਅੱਜ ਕੱਲ੍ਹ ਤਾਂ ਹਰ ਘਰ ਯੂ-ਟਿਊਬ ਚੈਨਲ ਹੈ ਅਤੇ ਹਰ ਜਣਾ ਨਾਮਾਨਿਗਾਰ! ਪਰ ਸਾਡੇ ਇਕ ਔਰਤ ਤਾਂ ਇਕੱਲੀ ਹੀ ਰਾਸ਼ਟਰੀ ਚੈਨਲਾਂ ਨੂੰ ਮਾਤ ਪਾਉਣ ਵਾਲੀ ਹੈ। ਜੇ ਕਿਸੇ ਨੇ ਖੰਭਾਂ ਦੀਆਂ ਡਾਰਾਂ ਬਣਦੀਆਂ, ਬਾਤ ਦਾ ਬਤੰਗੜ ਜਾਂ ਗਲ ਦਾ ਗਲੈਣ ਬਣਦਾ ਦੇਖਣਾ ਹੋਵੇ ਤਾਂ ਸਾਡੀ ਤਾਈ 'ਤੂਫਾਨੀ' ਨੂੰ ਮਿਲੇ। ਜੇ ਕਿਸੇ ਦੇ ਮਾੜੀ ਮੋਟੀ ਝਰੀਟ ਵੀ ਆ ਜਾਏ ਤੇ ਬਦਕਿਸਮਤੀ ਨਾਲ ਉਸ ਦੇ ਭੋਰਾ ਖੂਨ ਵਗਣ ਲਗ ਪਏ ਤਾਂ ਸਾਰੇ ਪਿੰਡ 'ਚ ਰੌਲਾ ਪਾ ਦਊ-"ਹੈ ਹਾ! ਫਲਾਣੇ ਦੇ ਮੁੰਡੇ ਦਾ ਹੱਥ ਵਡਿਆ ਗਿਆ, ਖੂਨ ਨਾਲ ਲੱਥ ਪੱਥ ਹੋਏ ਨੂੰ ਹਸਪਤਾਲ ਲੈ ਗਏ, ਭਲਾ ਹੁਣ ਕਿਤੇ ਬਚਣਾ, ਭੈਣੇ ਖਬਰ-ਸਾਰ ਲੈ ਆਉ"। ਬਾਅਦ 'ਚ ਪਤਾ ਲਗੂ ਕਿ ਮੁੰਡੇ ਦੀ ਚੀਚੀ ਉਪਰ ਮਾੜੀ ਜਿਹੀ ਖਰੋਚ ਆਈ ਸੀ, ਜੋ ਘਰੇਲੂ ਓਹੜ-ਪੋਹੜ ਨਾਲ ਠੀਕ ਹੋ ਗਈ ਸੀ। ਤਾਈ ਤੂਫਾਨੀ ਰਾਈ ਦਾ ਪਹਾੜ ਅਤੇ ਤਿਲ ਦਾ ਤਾੜ ਬਣਾਉਣ 'ਚ ਗੋਦੀ ਮੀਡੀਆ ਨੂੰ ਵੀ ਮਾਤ ਪਾਉਂਦੀ ਹੈ! ਜੌਨ ਏਲੀਆ ਦਾ ਸ਼ੇਅਰ ਯਾਦ ਕਰਾ ਦਿੰਦੀ ਐ-

"ਉਸਕੀ ਗਲੀ ਸੇ ਉਠ ਕੇ ਮੈਂ ਆਨ ਪੜਾ ਥਾ ਅਪਨੇ ਘਰ,
ਏਕ ਗਲੀ ਕੀ ਬਾਤ ਥੀ ਔਰ ਗਲੀ ਗਲੀ ਗਈ"।



ਚਾਚਾ ਚਤਰੂ ਬੀਮਾਰ ਪੁਰਸੀ ਲਈ ਆਇਆ ਤਾਂ ਗਿੱਲਾ ਪੀਹਣ ਹੀ ਪਾ ਬੈਠਾ। ਸਾਡੀ ਮਮੂਲੀ ਜਿਹੀ ਝਰੀਟ ਉਸ ਨੂੰ ਵਡਾ ਜ਼ਖਮ ਬਣਦੀ ਲਗੀ। ਉਸ ਨੇ ਇਕ ਲੰਮਾ ਭਾਸ਼ਨ ਦੇ ਮਾਰਿਆ। ਸਾਡੇ ਇਸ 'ਸ਼ੁਭਚਿੰਤਕ' ਦਾ ਖਬਰ ਲੈਣ ਦਾ ਹੌਸਲਾ-ਵਰਧਕ ਢੰਗ ਤਾਂ ਦੇਖੋ-"ਨਾਂ, ਤੂੰ ਸਿਆਣਾ-ਬਿਆਣਾ ਬੰਦਾ, ਨਾ ਸ਼ਰਾਬ ਪੀਨੈ, ਨਾ ਗੱਡੀ ਤੇਜ਼ ਚਲਾਉਨੈ, ਫਿਰ ਤੈਥੋਂ ਗਲਤੀ ਕਿਦਾਂ ਹੋ ਗਈ ਐਕਸੀਡੈਂਟ ਕਰਨ ਦੀ? ਆਹ ਜਿਹੜੀ ਤੇਰੀ ਬਾਂਹ ਟੁੱਟੀ ਐ ਨਾਂ ਇਹ ਤਾਂ ਹੁਣ ਠੀਕ ਨਹੀਂ ਹੋਣੀ, ਡਾਕਟਰਾਂ ਦਾ ਕੀ ਐ, ਪੈਸੇ ਬਟੋਰਨ ਦੇ ਮਾਰੇ ਲਾਰੇ ਲਾਉਂਦੇ ਰਹਿੰਦੇ ਐ। ਮੇਰੇ ਇਕ ਰਿਸ਼ਤੇਦਾਰ ਦੀ ਬਾਂਹ ਵੀ ਇਸ ਤਰ੍ਹਾਂ ਹੀ ਟੁੱਟ ਗਈ ਸੀ, ਤਿੰਨ ਤਿੰਨ ਵਾਰ ਓਪਰੇਸ਼ਨ ਕਰਵਾਉਣ ਤੋਂ ਬਾਅਦ ਵੀ ਵਿੰਗੀ ਦੀ ਵਿੰਗੀ ਰਹੀ, ਤੇਰੇ ਨਾਲ ਵੀ ਏਦਾਂ ਈ ਹੋਣੈ।" ਸਾਡੀ ਬਾਰ-ਬਾਰ ਕੀਤੀ ਬੇਨਤੀ ਕਿ ਸਾਡੀ ਕੂਹਣੀ ਤੇ ਮਾੜੀ ਜਿਹੀ ਸੱਟ ਲਗੀ ਹੈ, ਬਾਂਹ ਨਹੀਂ ਟੁੱਟੀ, ਬੀਮਾਰਪੁਰਸੀ ਵਾਲੇ ਚਾਚਾ ਚਤਰੂ ਨੇ ਅਣਸੁਣੀ ਕਰ ਦਿਤੀ।

ਅਸੀਂ ਤਾਂ ਪ੍ਰੇਸ਼ਾਨ ਸਾਂ ਹੀ, ਸਾਡੀ ਅਰਧਾਂਗਣੀ, ਜਾਣੀ ਸਾਡੀ 'ਬਿਟਰ ਹਾਫ' (ਕੌੜਾ ਅੱਧ), 'ਸੌਰੀ' (ਮੁਆਫ ਕਰਨਾ),'ਬੈਟਰ ਹਾਫ' (ਬਿਹਤਰ ਅੱਧ), ਬਹੁਤ ਹੀ ਪ੍ਰੇਸ਼ਾਨ ਸੀ। ਹਰ ਆਏ ਗਏ ਨੂੰ ਚਾਹ-ਪਾਣੀ ਪਿਲਾ-ਪਿਲਾ ਕੇ ਉਸ ਦਾ ਹਾਲ ਮੁਰਝਾਈ ਮਾਲਣ ਵਾਂਗ ਹੋਇਆ ਪਿਆ ਸੀ। ਖਬਰ ਲੈਣ ਵਾਲੇ ਦੇ ਜਾਣ ਉਪਰੰਤ ਉਹ ਸਾਰੀ ਭੜਾਸ ਸਾਡੇ ਉਪਰ ਕਢਦੀ। ਅਖੇ 'ਇਸ ਨਾਲੋਂ ਤਾਂ ਚੰਗਾ ਸੀ ਕਿ ਤੇਰੀ ਸੱਚੀਂ-ਮੁੱਚੀਂ ਬਾਂਹ ਟੁੱਟ ਜਾਂਦੀ, ਕਮ-ਜ਼-ਕਮ ਤੂੰ ਹਸਪਤਾਲ ਤਾਂ ਦਾਖਲ ਹੁੰਦਾ ਤੇ ਮੈਂ ਇਸ ਸਾਰੇ ਸਿਤੀ-ਸਿਆਪੇ ਤੋਂ ਬਚ ਜਾਂਦੀ।" ਅਸੀਂ ਆਪਣੀ ਪਤੀ-ਬ੍ਰਤਾ ਪਤਨੀ ਦਾ ਸਾਡੇ ਪ੍ਰਤੀ ਅਥਾਹ ਪ੍ਰੇਮ ਅਤੇ ਸ਼ੁਭ ਭਾਵਨਾਵਾਂ ਤੋਂ ਸਦਕੇ-ਬਲਿਹਾਰੇ ਜਾਣੋ ਰਹਿ ਨਾ ਸਕੇ।

ਅਸੀਂ ਬੜੀ ਨਿਮਰਤਾ ਨਾਲ, ਬੜੀ ਆਜਿਜ਼ੀ ਨਾਲ ਹੱਥ-ਬੰਨ੍ਹ ਕੇ ਆਪਣੀ ਸ਼ਰੀਕ-ਏ-ਹਯਾਤ, ਜੋ ਹੁਣ ਇਕ ਕਿਸਮ ਦੀ ਸ਼ਰੀਕ-ਏ-ਸ਼ੀਹਣੀ ਬਣੀ ਬੈਠੀ ਸੀ, ਨੂੰ 'ਠੰਡਾ ਠੰਡਾ ਕੂਲ' ਕਰਨ ਲਈ ਕਹਿੰਦੇ-"ਭਾਗਵਾਨੇ! ਕੌਣ ਕਿਸੇ ਦੇ ਆਉਂਦੈ? ਕਿਸ ਕੋਲ ਟਾਈਮ ਐਂ? ਜੇ ਕੋਈ ਸਮਾਂ ਕਢ ਕੇ ਸਾਡਾ ਹਾਲ ਚਾਲ ਪੁੱਛਣ ਆ ਜਾਂਦੈ ਤਾਂ ਤੇਰਾਂ ਕੀ ਲੈ ਜਾਂਦੈ? ਬਸ ਚਾਹ-ਪਾਣੀ ਹੀ ਪੀ ਜਾਂਦੈ। ਓਏ-ਗਏ ਦੀ ਆਉ-ਭਗਤ ਕਰਨਾ ਤਾਂ ਵੈਸੇ ਵੀ ਸਲੀਕੇ ਅਤੇ ਸ਼ਿਸ਼ਟਾਚਾਰ ਦਾ ਸੂਚਕ ਹੈ।" ਉਹ ਸਾਨੂੰ ਖੁਰ ਚੁਕ ਕੇ ਪੈਂਦੀ ਤੇ ਕਹਿੰਦੀ-"ਪਤਾ ਲਗ ਜਾਏ ਜੇ ਤੈਨੂੰ ਬਾਰ-ਬਾਰ ਚਾਹ ਧਰਨੀ ਪਵੇ, ਬਿਸਕੁਟ ਜਾਂ ਲੂਣੀ ਸ਼ੈਅ ਤਾਂ ਚਾਹ ਨਾਲ ਐਦਾਂ ਮੰਗਣਗੇ ਜਿਵੇਂ ਮੇਰੇ ਮੁੰਡੇ ਦੇ 'ਰੋਕੇ' ਤੇ ਆਏ ਹੋਣ।" ਪਤਨੀ ਜੀ ਦਾ ਐਨਾ 'ਪਿਆਰ-ਭਰਿਆ' ਮੂਡ ਦੇਖ ਕੇ ਅਸੀਂ 1961 ਦੀ ਪੰਜਾਬੀ ਫਿਲਮ 'ਗੁੱਡੀ' 'ਚ ਮੁਹੰਮਦ ਰਫੀ ਦਾ ਗਾਇਆ ਗੀਤ 'ਦਾਣਾ ਪਾਣੀ ਖਿਚ ਕੇ ਲਿਆਉਂਦਾ ਕੌਣ ਕਿਸੇ ਦਾ ਖਾਂਦਾ ਹੋ' ਗਾਉਣ 'ਤੇ ਆਪਣੀ 'ਲਾਡੋ ਰਾਣੀ' ਨੂੰ ਸੁਨਾਉਣ ਦਾ ਆਪਣਾ ਇਰਾਦਾ ਤੁਰੰਤ ਤਿਆਗ ਦਿਤਾ।

ਪਰ ਇਥੇ ਸਾਨੂੰ ਸਵਰਗਵਾਸੀ ਪ੍ਰਕਾਸ਼ ਸਿੰਘ ਬਾਦਲ ਦੀ ਇਕ ਗੱਲ ਚੇਤੇ ਆ ਗਈ। ਬਜ਼ੁਰਗ ਅਕਾਲੀ ਆਗੂ ਅਤੇ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਵਡੇ ਬਾਦਲ ਆਪਣੇ ਪੇਂਡੂ ਮੁਹਾਵਰੇ, 'ਵਿਟ'(ਹਾਜ਼ਰਜਵਾਬੀ) ਅਤੇ 'ਰਸਟਿਕ ਹਿਊਮਰ' (ਪੇਂਡੂ ਲਹਿਜੇ ਵਾਲਾ ਹਾਸ-ਰਸ) ਲਈ ਜਾਣੇ ਜਾਂਦੇ ਸਨ। ਉਨ੍ਹਾਂ ਇਕ ਵਾਰ ਕਿਸੇ ਪ੍ਰਸੰਗ ਵਿਚ ਆਪਣੀ ਇਕ ਚੋਣ-ਪ੍ਰਚਾਰ ਰੈਲੀ ਵਿਚ ਇਕ ਮਜ਼ਾਕੀਆ ਟੋਟਕਾ ਸੁਣਾਇਆ-"ਮਾਲਵੇ ਦੀ ਇਕ ਡਰਾਈ ਫਰੂਟ ਦੀ ਵਡੀ ਦੁਕਾਨ ਵਿਚ ਚੋਰੀ ਹੋ ਗਈ। ਲੋਕ ਹਮਦਰਦੀ ਕਰਨ ਜਾਣ ਤੇ ਦੁਕਾਨ ਵਿਚ ਪਏ ਕਿਸ਼ਮਿਸ਼-ਕਾਜੂ-ਬਦਾਮ ਆਦਿ ਆਪ-ਮੁਹਾਰੇ ਚੁਕ ਕੇ ਖਾ ਲੈਣ। ਮੈਂ ਵੀ ਚੋਰੀ ਸਬੰਧੀ ਪਤਾ ਲੈਣ ਗਿਆ। ਆਮ ਲੋਕਾਂ ਵਾਂਗ ਮੈਂ ਵੀ ਗੱਲਾਂ-ਗੱਲਾਂ ਵਿਚ ਬੇਧਿਆਨੀ ਵਿਚ ਹੀ ਇਕ ਮੁੱਠ ਡਰਾਈ ਫਰੂਟ ਦੀ ਚੁਕ ਲਈ ਅਤੇ ਖਾਣ ਲਗ ਪਿਆ। ਦੁਕਾਨਦਾਰ ਜਾਣੂੰ-ਪਛਾਣੂੰ ਸੀ। ਉਹ ਮਜ਼ਾਕੀਆ ਲਹਿਜੇ 'ਚ ਕਹਿਣ ਲਗਾ, 'ਬਾਦਲ ਸਾਹਿਬ! ਉਨਾ ਨੁਕਸਾਨ ਮੇਰਾ ਚੋਰਾਂ ਨੇ ਨਹੀਂ ਕੀਤਾ, ਜਿੰਨਾ ਹਾਲ ਪੁੱਛਣ ਤੇ ਹਮਦਰਦੀ ਜਤਾਉਣ ਵਾਲਿਆਂ ਨੇ ਕਰ ਦਿਤਾ!'

ਇਹੀ ਹਾਲ ਸਾਡਾ ਸੀ, ਘਟੋ-ਘਟ ਮੇਰੇ ਘਰ ਦੀ ਮਾਲਕਿਣ ਤਾਂ ਇਹੀ ਸਮਝਦੀ ਸੀ!

ਰਾਹਤ ਇੰਦੌਰੀ ਦੀ ਉਪਰੋਕਤ ਗਜ਼ਲ ਦਾ ਹੀ ਇਕ ਹੋਰ ਸ਼ੇਅਰ ਹੈ-

"ਰੁਕ ਰੁਕ ਕੇ ਲੋਗ ਦੇਖ ਰਹੇ ਹੈਂ ਮੇਰੀ ਤਰਫ,
ਤੁਮ ਨੇ ਜ਼ਰਾ ਸੀ ਬਾਤ ਕੋ ਅਖਬਾਰ ਕਰ ਦੀਆ"

## ਸ਼ਬਦ-ਸਾਧਨਾ ਦਾ ਸਫ਼ਰ

(ਪਿਛਲੇ ਸਫੇ ਦਾ ਬਾਕੀ)

ਇਸ ਵਿਚ ਦੱਸਿਆ ਗਿਆ ਸੀ ਕਿ ਘਰ ਕਿਵੇਂ ਘਰ ਵਾਲਿਆਂ ਤੋਂ ਬਗੈਰ ਕਿਵੇਂ ਉਦਰ ਜਾਂਦਾ ਹੈ, ਘਰ ਵਾਲਿਆਂ ਨੂੰ ਕਿੰਨਾ ਚਾਹੁੰਦਾ ਹੈ, ਕਿੰਨੀਆਂ ਦੁਆਵਾਂ ਮੰਗਦਾ ਹੈ ਅਤੇ ਘਰ ਵਾਲੇ ਘਰ ਨੂੰ ਘਰ ਦੇ ਅਰਥ ਕਿੰਝ ਦਿੰਦੇ ਨੇ? ਘਰ ਨਾਲ ਜੁੜੇ ਸਰੋਕਾਰਾਂ ਦੀ ਲੇਖ ਲੜੀ ਨੇ 'ਘਰ ਅਰਦਾਸ ਕਰੇ' ਪੁਸਤਕ ਨੂੰ ਜਨਮ ਦਿੱਤਾ ਜਿਸ ਬਾਰੇ ਡਾ. ਦਲੀਪ ਕੌਰ ਟਿਵਾਣਾ ਜੀ ਦਾ ਕਹਿਣਾ ਸੀ ਕਿ ਗੁਰਬਖ਼ਸ਼ ਤੈਨੂੰ ਕੁਦਰਤ ਨੇ ਬਾਕਮਾਲ ਸੁਹਜਮਈ ਵਾਰਤਕ ਨਾਲ ਨਿਵਾਜ਼ਿਆ ਹੈ ਇਸਨੂੰ ਗੁਆਚਣ ਨਾ ਦੇਵੀਂ। ਡਾ. ਕਰਨੈਲ ਸਿੰਘ ਥਿੰਦ ਹੁਰਾਂ ਦਾ ਕਹਿਣਾ ਸੀ ਘਰ ਅਤੇ ਘਰ ਦੇ ਸਰੋਕਾਰਾਂ ਬਾਰੇ ਅਜੇਹੀ ਲਿਖਤ ਮੈਂ ਹੋਰ ਭਾਸ਼ਾਵਾਂ ਵਿਚ ਕਦੇ ਨਹੀਂ ਪੜ੍ਹੀ। ਇਸ ਮੌਲਿਕ ਤੇ ਵਿਲੱਖਣ ਵਾਰਤਕ ਲਈ ਪੰਜਾਬੀ ਪਿਆਰੇ ਤੈਨੂੰ ਸਦਾ ਯਾਦ ਕਰਨਗੇ। ਦਰਅਸਲ 'ਘਰ ਅਰਦਾਸ ਕਰੇ', 'ਕਾਇਆ ਦੀ ਕੈਨਵਸ', 'ਦੀਵਿਆਂ ਦੀ ਡਾਰ' ਅਤੇ 'ਧੁੱਪ ਦੀਆਂ ਕਣੀਆਂ' ਪੁਸਤਕਾਂ ਦੀ ਲੜੀ, ਮਨੁੱਖ ਦੇ ਬਾਹਰਲੇ ਘਰ, ਉਸਦੇ ਅੰਦਰਲੇ ਘਰ (ਸਰੀਰ), ਮਨੁੱਖੀ ਕਿਰਿਆਵਾਂ ਅਤੇ ਕੁਦਰਤ ਰੂਪੀ ਘਰ (ਬ੍ਰਹਿਮੰਡੀ ਪਾਸਾਰਾ) ਦੀਆਂ ਤਹਿਆਂ ਫਰੋਲਦੀਆਂ ਹਨ। ਇਹ ਚਾਰ-ਚੁਫੇਰੇ ਦੀ ਸਮਝ ਨੂੰ ਕੋਰੇ ਵਰਕਿਆਂ ਤੇ ਸ਼ਬਦਾਂ ਥੀਂ ਉਲਥਾਉਣ ਦੀ ਕੋਸ਼ਿਸ਼ ਹੈ। ਇਹ ਮਨੁੱਖ ਦੇ ਅੰਤਰੀਵ ਤੋਂ ਕਾਇਨਾਤ ਦੀਆਂ ਵਸੀਹ ਨਿਆਮਤਾਂ ਦਾ ਬਿਰਤਾਂਤ ਹੈ। ਕਿਵੇਂ ਇਹ ਨਿਆਮਤਾਂ ਅਕੀਦਤ ਬਣ, ਜੀਵਨ ਦੀ ਸਦੀਵਤਾ ਦਾ ਗੁਣਗਾਣ ਕਰਦੀਆਂ ਨੇ।

ਇਨ੍ਹਾਂ ਵਿਚ ਵਿਭਿੰਨ ਮਨੁੱਖੀ ਅੰਗਾਂ, ਵੱਖੋ-ਵੱਖਰੇ ਮਨੁੱਖੀ ਗੁਣਾਂ ਅਤੇ ਕਿਰਿਆਵਾਂ ਦੀ ਅਹਿਮੀਅਤ ਬਾਰੇ ਨਿਮਾਣੀ ਜਿਹੀ ਕੋਸ਼ਿਸ਼ ਹੈ। ਇਨ੍ਹਾਂ ਥੀਂ ਹੀ ਅਸੀਂ ਕਿਸੇ ਵਿਅਕਤੀ ਦੇ ਵੱਖ-ਵੱਖ ਪੱਖਾਂ ਨੂੰ ਦੇਖ ਅਤੇ ਸਮਝ ਸਕਦੇ ਹਾਂ। ਲੰਮੀ ਨਜ਼ਮ 'ਜ਼ਿੰਦਗੀ' ਮੇਰੇ ਪੰਜ ਕੁ ਸਾਲਾਂ ਦੀ ਕਾਵਿ-ਯਾਤਰਾ ਦਾ ਹਾਸਲ ਹੈ ਜਿਸ ਵਿਚ ਮੈਂ ਜ਼ਿੰਦਗੀ ਦੀਆਂ ਵੱਖੋ-ਵੱਖਰੀਆਂ ਪਰਤਾਂ ਨੂੰ ਫਰੋਲਣ ਅਤੇ ਇਸ ਰਾਹੀਂ ਇਹ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਜ਼ਿੰਦਗੀ ਕੀ ਹੈ, ਜ਼ਿੰਦਗੀ ਸਾਥੋਂ ਕੀ ਮੰਗਦੀ ਹੈ, ਅਸੀਂ ਕੀ ਰਹੇ ਹਾਂ ਅਤੇ ਸਾਨੂੰ ਕੀ ਦੇਣਾ ਚਾਹੀਦਾ ਹੈ? ਜ਼ਿੰਦਗੀ ਬਹੁਤ ਹੀ ਖ਼ੂਬਸੂਰਤ ਹੈ ਅਤੇ ਇਸਨੂੰ ਹੋਰ ਖੂਬਸੂਰਤ ਬਣਾਉਣ ਲਈ ਮਨੁੱਖ ਨੂੰ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਕ ਵਿਚਾਰ ਬਾਰੇ ਲੰਮੀ ਨਜ਼ਮ ਲਿਖਣਾ, ਇਕ ਵੱਖਰੀ ਕਿਸਮ ਦੇ ਅਹਿਸਾਸ ਵਿਚੋਂ ਗੁਜ਼ਰਦਿਆਂ, ਵੱਖ-ਵੱਖ ਕਾਵਿ ਰੂਪਾਂ ਦੀ ਨਿਸ਼ਾਨਦੇਹੀ ਕਰਨਾ ਸੀ।

ਮੇਰੇ ਸਾਹਿਤਕ ਸਫ਼ਰ ਵਿਚ ਕੈਨੇਡਾ ਦੀਆਂ ਅਖ਼ਬਾਰਾਂ ਪ੍ਰਵਾਸੀ ਵੀਕਲੀ ਅਤੇ ਰੋਜ਼ਾਨਾ ਕੈਨੇਡੀਅਨ ਪੰਜਾਬੀ ਪੋਸਟ ਦਾ ਮੇਰਾ ਤਜਰਬਾ, ਮੇਰੀ ਸੋਚ-ਦਾਇਰੇ ਨੂੰ ਵਿਸਥਾਰਨ ਵਿਚ ਅਹਿਮ ਹੈ। ਪਰਵਾਸੀ ਜੀਵਨ ਨੂੰ ਸਮਝਣਾ, ਰਿਸ਼ਤਿਆਂ ਦੇ ਖੋਖਲੇਪਣ ਨੂੰ ਦੇਖਣਾ ਅਤੇ ਨਿੱਤ ਨਵੀਆਂ ਦੁਸ਼ਵਾਰੀਆਂ ਥੀਂ ਆਪਣਾ ਰਾਹ ਬਣਾਉਣ, ਸੋਚ-ਸਮਝ ਨੂੰ ਪਰਪੱਕ ਕਰ ਗਿਆ। ਅਖ਼ਬਾਰ ਲਈ ਨਿਰੰਤਰ ਲਿਖਣਾ ਅਤੇ ਹਫ਼ਤਾਵਰੀ ਅੰਕ ਤਿਆਰ ਕਰਨਾ, ਮੇਰੇ ਸਾਹਿਤਕ ਸਫ਼ਰ ਵਿਚ ਗੁਣਕਾਰੀ ਸਿੱਧ ਹੋਇਆ। ਵਧੀਆ ਗੱਲ ਇਹ ਹੋਈ ਕਿ ਪ੍ਰਦੇਸ ਆ ਕੇ ਇਉਂ ਲੱਗਿਆ ਜਿਵੇਂ ਮੈਂ ਆਪਣੀਆਂ ਲਿਖਤਾਂ ਰਾਹੀਂ ਆਪਣਿਆਂ ਵਿਚ ਵਿਚਰ ਰਿਹਾ ਹੋਵਾਂ।

2014 ਵਿਚ ਕੈਨੇਡਾ ਤੋਂ ਅਮਰੀਕਾ ਆ ਗਿਆ ਤਾਂ ਮੇਰਾ ਰਾਬਤਾ ਪੰਜਾਬ ਟਾਈਮਜ਼ ਅਖ਼ਬਾਰ ਦੇ ਸੰਪਾਦਕ ਮਰਹੂਮ ਸ. ਅਮੋਲਕ ਸਿੰਘ ਜੰਮੂ ਜੀ ਨਾਲ ਹੋਇਆ। ਉਨ੍ਹਾਂ ਦਾ ਮੁਹੱਬਤੀ ਹੁਕਮ ਸੀ ਕਿ ਪੰਜਾਬ ਟਾਈਮਜ਼ ਲਈ ਕੁਝ ਲਿਖਦੇ ਰਿਹਾ ਕਰੋ। ਜਨਵਰੀ 2015 ਤੋਂ ਅੱਜ ਤੀਕ ਪੰਜਾਬ ਟਾਈਮਜ਼ ਵਿਚ ਹਰ ਹਫ਼ਤੇ ਲੇਖ ਛਪ ਰਹੇ ਹਨ। ਇਸ ਨਾਲ ਉਤਰੀ ਅਮਰੀਕਾ ਵਿਚ ਬਹੁਤ ਹੀ ਪਿਆਰੇ ਪਾਠਕ ਹਨ ਜੋ ਮੇਰੀਆਂ ਲਿਖਤਾਂ ਰਾਹੀਂ ਮੇਰੀ ਕਲਮ ਨੂੰ ਬਹੁਤ ਅਦਬ ਦਿੰਦੇ ਤੇ ਮੋਹ ਕਰਦੇ ਹਨ। ਇਨ੍ਹਾਂ ਲਿਖਤਾਂ ਦੀਆਂ ਬਹੁਤ ਸਾਰੀਆਂ ਪਰਤਾਂ ਅਤੇ ਵਿਸ਼ੇ ਹਨ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਵਿਸ਼ਿਆਂ ਨੂੰ ਛੋਹਿਆ ਜਾਵੇ ਜੋ ਸਮਾਂ ਸੀਮਾ ਤੋਂ ਪਾਰ ਹੋਣ ਅਤੇ ਜਿਨ੍ਹਾਂ ਦੀ ਅਹਿਮੀਅਤ ਹਰ ਵਕਤ ਵਿਚ ਬਣੀ ਰਹੇ। ਮੈਂ ਹਰ ਹਫ਼ਤੇ ਲੇਖ ਨਹੀਂ ਭੇਜਦਾ। ਸਗੋਂ ਦੋ ਕੇ ਮਹੀਨੇ ਬਾਅਦ ਕੁਝ ਆਰਟੀਕਲ ਭੇਜ ਦਿੰਦਾ ਹਾਂ ਜੋ ਨਿਯਮਤ ਛਪਦੇ ਰਹਿੰਦੇ ਹਨ ਕਿਉਂਕਿ ਹਰ ਹਫ਼ਤੇ ਆਰਟੀਕਲ ਲਿਖਣ ਦੀ ਬੰਦਸ਼ ਮੈਨੂੰ ਮਨਜ਼ੂਰ ਨਹੀਂ। ਸੱਚ ਤਾਂ ਇਹ ਹੈ ਕਿ ਕਦੇ ਕਦੇ ਕਈ ਹਫ਼ਤੇ ਕੁਝ ਨਹੀਂ ਲਿਖਦਾ, ਪਰ ਕਈ ਵਾਰ ਇਕ ਹਫ਼ਤੇ ਵਿਚ ਹੀ ਦੋ-ਤਿੰਨ ਆਰਟੀਕਲ ਲਿਖੇ ਜਾਂਦੇ।

ਮੇਰੇ ਮੁਹੱਬਤੀ ਪਾਠਕਾਂ ਅਤੇ ਮਿੱਤਰ-ਪਿਆਰਿਆਂ ਦਾ ਅਕਸਰ ਹੀ ਪ੍ਰਸ਼ਨ ਹੁੰਦਾ ਕਿ ਤੂੰ ਇੰਨਾ ਕਿਵੇਂ ਲਿਖ ਲੈਂਦਾ ਏਂ? ਦਰਅਸਲ ਮੈਂ ਕੁਝ ਨਹੀਂ ਲਿਖਦਾ, ਲਿਖਿਆ ਜਾਂਦਾ ਹੈ। ਕੋਈ ਵੀ ਕਿਰਿਆ, ਗੱਲ, ਦ੍ਰਿਸ਼, ਵਰਤਾਰਾ, ਸ਼ਬਦ, ਖਿਆਲ, ਖ਼ੁਆਬ ਜਾਂ ਵਿਚਾਰ ਮਨ ਵਿਚ ਪੈਦਾ ਹੁੰਦਾ ਤਾਂ ਅਚੇਤ ਮਨ ਇਸਨੂੰ ਰਿੜਕਦਾ ਰਹਿੰਦਾ ਹੈ ਅਤੇ ਇਸਦੀ ਰਿੜਕਣੀ ਵਿਚੋਂ ਹੀ ਵਿਚਾਰਾਂ ਅਤੇ ਸ਼ਬਦਾਂ ਦਾ ਇਕ ਅਥਾਹ ਅਤੇ ਨਿਰੰਤਰ ਪ੍ਰਵਾਹ ਬੇਕਾਬੂ ਹੋ ਜਾਂਦਾ ਤਾਂ ਮੇਰੇ ਪੋਟੇ ਲੈਪਟਾਪ ਦੇ ਕੀ-ਬੋਰਡ 'ਤੇ ਹੁੰਦੇ ਅਤੇ ਸਕਰੀਨ 'ਤੇ ਪਲ ਪਲ ਸਾਹਿਤਕ ਕਿਰਤ ਉਦੈ ਹੁੰਦੀ ਜਾਂਦੀ। ਮੈਂ ਕੋਈ ਵੀ ਲਿਖਤ ਸਿਰਫ਼ ਇਕ ਹੀ ਸਿਟਿੰਗ ਵਿਚ ਹੀ ਲਿਖ ਸਕਦਾ ਹਾਂ ਜਦ ਆਵੇਸ਼ ਵਿਚ ਹੋਵਾਂ। ਇਹ ਕਿਰਤ ਕਦੇ ਕਵਿਤਾ ਹੁੰਦੀ ਅਤੇ ਕਦੇ ਇਹ ਕਵਿਤਾ-ਨੁਮਾ ਵਾਰਤਕ ਹੁੰਦੀ। ਤਾਂ ਹੀ ਡਾ. ਨਬੀਲਾ ਰਹਿਮਾਨ ਜੀ ਦਾ ਮੰਨਣਾ ਹੈ ਕਿ ਤੁਸੀਂ ਨਸਰੀ ਨਜ਼ਮ ਲਿਖਦੇ ਹੋ। ਦਰਅਸਲ ਹਰ ਕਿਰਤ ਆਪਣਾ ਰੂਪ ਆਪਣੇ ਆਪ ਲੈ ਕੇ ਆਉਂਦੀ ਹੈ। ਇਸ ਵਿਚ ਮੇਰਾ ਤਾਂ ਕੁਝ ਨਹੀਂ ਹੁੰਦਾ। ਇਹ ਤਾਂ ਕੁਦਰਤ ਦੀ ਇਨਾਇਤ ਹੈ। ਹਾਂ ਮੈਨੂੰ ਪੜ੍ਹਨ ਦਾ ਸ਼ੌਕ ਹੈ। ਮੈਂ ਚਾਹੁੰਦਾ ਹਾਂ ਕਿ ਕੁਝ ਲਿਖਦਿਆਂ, 'ਕੇਰਾਂ ਜੁੜੀ ਸੁਰਤੀ ਵਿਚ ਕਿਸੇ ਕਿਸਮ ਦਾ ਵਿਘਨ ਨਾ ਪਵੇ। ਅਗਰ ਰੁਕਾਵਟ ਪੈ ਜਾਵੇ ਤਾਂ ਆਰਟੀਕਲ ਜਾਂ ਕਵਿਤਾ ਅਧੂਰੀ ਹੀ ਰਹਿ ਜਾਂਦੀ ਹੈ। ਖ਼ੂਬਸੂਰਤ ਗੱਲ ਇਹ ਹੈ ਕਿ ਕਈ ਵਾਰ ਕਵਿਤਾ ਦਾ ਆਵੇਸ਼ ਅਜੇਹਾ ਹੁੰਦਾ ਕਿ ਸੈਰ ਕਰਦਿਆਂ ਪੂਰੀ ਕਵਿਤਾ ਨਾਲ ਹੀ ਤੁਰਦੀ ਹੈ ਜਿਵੇਂ ਮੇਰੀਆਂ ਦੋ ਲੰਮੀਆਂ ਨਜ਼ਮਾਂ 'ਲਾਸ਼ਾਂ' ਅਤੇ 'ਖਾਮੋਸ਼ੀ' ਜਿਹੜੀਆਂ ਨਵਾਂ ਜ਼ਮਾਨਾ ਦੇ ਐਤਵਾਰਤਾ ਅੰਕ ਵਿਚ ਪਿਛਲੇ ਸਮੇਂ ਵਿਚ ਛਪ ਚੁੱਕੀਆਂ ਹਨ। ਇਨ੍ਹਾਂ ਵਿਚੋਂ 'ਲਾਸ਼ਾਂ' ਨਜ਼ਮ ਸੈਰ ਕਰਦਿਆਂ ਉਤਰੀ ਅਤੇ ਮੈਂ ਫੋਨ ਵਿਚ ਰਿਕਾਰਡ ਕਰ ਲਈ। 'ਖਾਮੋਸ਼ੀ' ਨਜ਼ਮ ਦਾ ਨਾਜ਼ਲ ਹੋਣਾ ਵੀ ਕਮਾਲ ਸੀ। ਮੈਂ ਆਪਣੀ ਬੇਟੀ ਦੇ ਘਰ ਨੂੰ ਕਾਰ ਵਿਚ ਜਾ ਰਿਹਾ ਸਾਂ ਜੋ 20 ਕੁ ਮਿੰਟ ਦੂਰ ਸੀ। ਘਰੋਂ ਨਿਕਲਦੇ ਸਾਰ ਹੀ ਇਸ ਕਵਿਤਾ ਨੇ ਮੈਨੂੰ ਘੇਰ ਲਿਆ ਅਤੇ ਕਾਰ ਵਿਚ ਜਾਂਦੇ-ਜਾਂਦੇ 20 ਕੁ ਮਿੰਟਾਂ ਵਿਚ ਇਹ ਸਾਰੀ ਕਵਿਤਾ ਫੋਨ ਵਿਚ ਰਿਕਾਰਡ ਹੋ ਗਈ। ਅੱਜ ਕੱਲ੍ਹ ਕਈ ਵਾਰ ਨਿੱਕੇ ਨਿੱਕੇ ਕਾਵਿ-ਟੋਟੇ ਮੇਰੇ ਮਸਤਕ ਬਰੂਹੀਂ ਦਸਤਕ ਦਿੰਦੇ ਨੇ। ਪਤਾ ਹੀ ਨਹੀਂ ਲੱਗਦਾ ਕਦੋਂ ਇਨ੍ਹਾਂ ਦੀ ਗਿਣਤੀ 25-30 ਤੀਕ ਪਹੁੰਚ ਜਾਂਦੀ ਹੈ। ਮੈਂ ਇਹ ਮੰਨਦਾ ਹਾਂ ਕਿ ਕਵਿਤਾ ਜਾਂ ਵਾਰਤਕ ਜੋ ਮੇਰੀ ਰਾਹੀਂ ਵਰਕਿਆਂ 'ਤੇ ਫੈਲਦੀ ਹੈ, ਮੇਰੀ ਨਹੀਂ ਹੁੰਦੀ ਸਗੋਂ ਕੁਦਰਤ ਵਲੋਂ ਵਰਸੋਈ ਅਜੇਹੀ ਦਾਤ ਹੈ ਜੋ ਮੇਰੇ ਰਾਹੀਂ ਪੰਜਾਬੀ ਪਾਠਕਾਂ ਨੂੰ ਪਰੋਸੀ ਜਾਂਦੀ ਹੈ। ਪਤਾ ਨਹੀਂ ਕਿਉਂ ਕੁਦਰਤ ਨੇ ਮੈਨੂੰ ਹੀ ਸਾਧਨ ਬਣਾਇਆ? ਸ਼ਾਇਦ ਮੇਰੇ ਪੁਰਖਿਆਂ, ਮੇਰੀ ਜਨਮ ਭੌਂ, ਮੇਰੇ ਮਾਪਿਆਂ ਅਤੇ ਮੇਰੇ ਪਿੰਡ ਦੀ ਹੀ ਰਹਿਮਤ ਹੈ ਕਿ ਮੈਂ ਸ਼ਬਦਾਂ ਨਾਲ ਜੁੜਿਆ ਅਤੇ ਸ਼ਬਦਾਂ ਰਾਹੀਂ ਮੈਂ ਉਹ ਕੁਝ ਹੀ ਅਰਪਿਤ ਕਰ ਰਿਹਾ ਹਾਂ ਜਿਹੜਾ ਮੇਰੇ ਆਲੇ-ਦੁਆਲੇ ਨੇ ਮੇਰੀ ਝੋਲੀ ਵਿਚ ਪਾਇਆ ਸੀ।

ਅਕਤੂਬਰ 2015 ਦੀ ਇਕ ਮੁਬਾਰਕ ਸਵੇਰ। ਪੰਜਾਬ ਤੋਂ ਮਿੱਤਰ ਦਾ ਫ਼ੋਨ ਆਉਂਦਾ ਹੈ ਕਿ ਭਾਸ਼ਾ ਵਿਭਾਗ, ਪੰਜਾਬ ਵਲੋਂ ਤੈਨੂੰ ਸ਼੍ਰੋਮਣੀ ਪੰਜਾਬੀ ਪਰਵਾਸੀ ਸਾਹਿਤਕਾਰ ਦੇ ਸਨਮਾਨ ਲਈ ਚੁਣਿਆ ਗਿਆ ਹੈ। ਮਨ ਨੂੰ ਬਹੁਤ ਖੁਸ਼ੀ ਹੋਈ। ਦਰਅਸਲ ਇਹ ਸਨਮਾਨ ਮੇਰਾ ਨਹੀਂ ਸਗੋਂ ਮੇਰੀ ਮਾਂ ਬੋਲੀ ਪੰਜਾਬੀ, ਮੇਰੇ ਪਿੰਡ ਦੀ ਫ਼ਿਜ਼ਾ ਅਤੇ ਮੇਰੇ ਮਾਪਿਆਂ ਦੀਆਂ ਰਹਿਮਤਾਂ ਸਦਕਾ ਹੀ ਹੈ। ਮੈਂ ਦਾਅਵਾ ਤਾਂ ਨਹੀਂ ਕਰਦਾ ਪਰ ਕੋਸ਼ਿਸ਼ ਜ਼ਰੂਰ ਕਰਦਾ ਰਹਾਂਗਾ ਕਿ ਮੇਰੀਆਂ ਲਿਖਤਾਂ ਇਸ ਸਨਮਾਨ ਦੀ ਮਾਣ-ਮਰਿਆਦਾ ਦੇ ਹਾਣ ਦੀਆਂ ਹੋ ਸਕਣ।

ਮੈਂ ਪੰਜਾਬੀ ਪਿਆਰਿਆਂ ਸਾਹਵੇਂ ਇਹ ਤਸਲੀਮ ਕਰਦਾ ਹਾਂ ਕਿ ਮੈਂ ਕੋਈ ਲੇਖਕ ਨਹੀਂ। ਸਿਰਫ਼ ਸ਼ਬਦਾਂ ਦੀ ਸੰਗਤ ਵਿਚੋਂ ਵਰਕਿਆਂ 'ਤੇ ਕੁਝ ਉਕਰਨ ਦੀ ਕੋਸ਼ਿਸ਼ ਵਿਚ ਲਿਖਣਾ ਹੀ ਸਿੱਖ ਰਿਹਾ ਹਾਂ। ਇਹ ਸਿੱਖਣਾ ਹੀ ਮੇਰੀ ਰੂਹ ਨੂੰ ਸੁਖਨ ਦਿੰਦਾ ਹੈ। ਇਸ ਸੁਖਨ ਵਿਚ ਮੇਰੇ ਪੰਜਾਬੀ ਪਾਠਕਾਂ ਦਾ ਮੋਹ-ਭਿੱਜਾ ਹੁੰਗਾਰਾ ਮੇਰਾ ਸਭ ਤੋਂ ਵੱਡਾ ਹਾਸਲ ਹੈ। ਕੋਸ਼ਿਸ਼ ਕਰਾਂਗਾ ਕਿ ਲਿਖਣਾ ਸਿੱਖ ਕੇ, ਕੁਝ ਚੰਗੇਰਾ ਲਿਖ ਸਕਾਂ। ਸਾਹਿਤਕ ਕਿਰਤ ਜੋ ਮੇਰੇ ਪਾਠਕਾਂ ਦੇ ਹਾਣ ਦੀ ਹੋਵੇ ਅਤੇ ਵਕਤ ਨਾਲ ਬਰ ਮੇਚ ਸਕੇ। ਅਦਬੀ ਸਫ਼ਰ 'ਤੇ ਮੈਂ ਫਿਰ ਤੁਰਨ ਗੋਚਰਾ ਹੋ ਸਕਾਂਗੇ। ਅਜੇਹੇ ਸਮੇਂ ਤੀਕ ਮੇਰੀਆਂ ਝੱਲ-ਵਲੱਲੀਆਂ ਕਿਰਤਾਂ ਨੂੰ ਮਾਣ ਬਖ਼ਸ਼ਦੇ ਰਹਿਣਾ, ਪਿਆਰੇ ਪੰਜਾਬੀਓ।

ਨਿਰਵਿਘਨ ਪ੍ਰਕਾਸ਼ਨ ਦੇ 24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

## ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

**8 ਜੁਲਾਈ 2023 ਸਨਿਚਰਵਾਰ ਸ਼ਾਮੀ 6:30 ਵਜੇ**


**Atlantis Banquets**
1273 N. Rand Road,
Arlington Heights, IL 60004




ਪ੍ਰੋ. ਜੋਗਿੰਦਰ ਸਿੰਘ ਰਮਦੇਵ



ਸ. ਅਮੋਲਕ ਸਿੰਘ ਜੰਮੂ



ਅਯੁਧਿਆ ਸਲਵਾਨ



ਸਵਰਨਜੀਤ ਸਿੰਘ ਢਿਲੋਂ



ਗੁਰਿੰਦਰ ਸਿੰਘ ਗਿੱਲ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਅਮੋਲਕ ਸਿੰਘ ਗਾਖਲ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ | ਜਸਕਰਨ ਸਿੰਘ ਧਾਲੀਵਾਲ

ਪੰਜਾਬ ਟਾਈਮਜ਼
Ph: 847-359-0746
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
*e-mail: punjabtimes1@gmail.com, website: www.punjabtimesusa.com*

# PUNJAB TIMES NIGHT 2023

## ਵਿਸ਼ੇਸ਼ ਮਹਿਮਾਨ


ਮੇਜਰ ਗੁਰਚਰਨ ਸਿੰਘ ਝੱਜ
(ਗੈਸਟ ਆਫ ਆਨਰ )


ਵਰਿਆਮ ਸਿੰਘ ਸੰਧੂ
(ਮੁੱਖ ਬੁਲਾਰਾ)


ਦਰਸ਼ਨ ਸਿੰਘ ਧਾਲੀਵਾਲ
(ਚੀਫ਼ ਗੈਸਟ)

## ਪਹੁੰਚ ਰਹੀਆਂ ਮੁੱਖ ਸ਼ਖਸੀਅਤਾਂ



ਲਾਜ ਨੀਲਮ ਸੈਣੀ
(ਸ਼ਾਇਰਾ)


ਜਗਜੀਤ ਨੌਸ਼ਹਿਰਵੀ
(ਸਾਹਿਤਕਾਰ)


ਸੁਖਦੇਵ ਸਾਹਿਲ
(ਕਲਾਸੀਕਲ ਗਾਇਕ)


ਓਂਕਾਰਪ੍ਰੀਤ ਸਿੰਘ
(ਸ਼ਇਰ)


ਕੁਲਵਿੰਦਰ
(ਸ਼ਾਇਰ)


ਕੁਲਵਿੰਦਰ ਖਹਿਰਾ
(ਸ਼ਇਰ)


ਰਵਿੰਦਰ ਸਹਿਰਾਅ
(ਸ਼ਇਰ)


ਅਸ਼ੋਕ ਭੌਰਾ
(ਲੇਖਕ)


ਗੁਰਲੀਨ ਕੌਰ

## ਵਿਸ਼ੇਸ਼ ਸਹਿਯੋਗੀ


ਡਾ. ਹਰਜਿੰਦਰ ਸਿੰਘ ਖਹਿਰਾ


ਜੈਰਾਮ ਸਿੰਘ (ਨੀਟੂ) ਕਾਹਲੋਂ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਸੁਖਪਾਲ ਗਿੱਲ

## ਪੰਜਾਬ ਟਾਈਮਜ਼ ਦੀ 24ਵੀਂ ਵਰ੍ਹੇਗੰਢ ਮੌਕੇ 8 ਜੁਲਾਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ, ਰੇਡੀਓ ਚੰਨ ਪ੍ਰਦੇਸੀ।

ਕਹਾਣੀ

# ਚੀਸ

**ਲਾਜ ਨੀਲਮ ਸੈਣੀ ਦੀ ਕਹਾਣੀ 'ਚੀਸ' ਅਸਲ ਵਿਚ ਜ਼ਿੰਦਗੀ ਦੇ ਧਰਮ ਸੰਕਟ ਦੀ ਕਹਾਣੀ ਹੈ। ਇਸ ਅੰਦਰ ਸਾਧਾਰਨ ਜਿਊੜਿਆਂ ਦੇ ਉਨ੍ਹਾਂ ਪਲਾਂ ਦੀ ਪੀੜ ਪਰੋਈ ਹੋਈ ਹੈ ਜਿਸ ਦੀਆਂ ਤੰਦਾਂ ਨੂੰ ਖਿੱਚਾਂ ਕਿਸੇ ਹੋਰ ਥਾਂ ਤੋਂ ਪੈਂਦੀਆਂ ਹਨ। ਜਦੋਂ ਇਸ ਬਾਰੇ ਅਹਿਸਾਸ ਉਜਾਗਰ ਹੁੰਦਾ ਹੈ ਤਾਂ ਇਹ ਪੀੜ ਪਹਿਲਾਂ ਨਾਲੋਂ ਹੋਰ ਡੂੰਘੀ ਹੋ ਜਾਂਦੀ ਹੈ ਅਤੇ ਦਿਲਾਂ ਨੂੰ ਪੱਛਦੀ ਚਲੀ ਜਾਂਦੀ ਹੈ।**



**ਲਾਜ ਨੀਲਮ ਸੈਣੀ**
**ਫੋਨ: 510-502-0051**

ਮੈਂ ਪਿਛਲੇ ਹਫ਼ਤੇ ਹੀ ਇੰਡੀਆ ਤੋਂ ਵਾਪਸ ਆਇਆ ਹਾਂ। ਅਜੇ ਤੱਕ *'ਜੈੱਟ ਲੈਗ' 'ਚੋਂ ਬਾਹਰ ਨਹੀਂ ਨਿਕਲਿਆ। ਸੂਰਜ ਦੀਆਂ ਕਿਰਨਾਂ ਲਿਵਿੰਗ ਰੂਮ ਦੇ ਪਰਦੇ ਨੂੰ ਚੀਰਦੀਆਂ ਹੋਈਆਂ, ਦਿਨ ਚੜ੍ਹਨ ਦਾ ਸੰਕੇਤ ਦੇ ਰਹੀਆਂ। ਅੱਧ-ਸੁੱਤਾ ਅੱਖਾਂ ਖੋਲ੍ਹਣ ਦੀ ਕੋਸ਼ਿਸ਼ ਕਰ ਰਿਹਾਂ। ਮਨ ਅੰਦਰ ਇਕ ਕਸ਼ਮਕਸ਼ ਚੱਲ ਰਹੀ ਏ, 'ਤੀਹ ਸਾਲ ਪਹਿਲਾਂ ਜ਼ਿੰਦਗੀ ਨੇ ਊਠ ਵਾਂਗ ਕਰਵਟ ਲਈ...ਮੈਂ ਅਮਰੀਕਾ ਪਹੁੰਚ ਗਿਆ। ਇੱਥੇ ਪਹੁੰਚਦੇ ਹੀ ਬੋਲ-ਚਾਲ, ਰਹਿਣ-ਸਹਿਣ ਤੇ ਖਾਣ-ਪੀਣ ਸਭ ਬਦਲ ਗਿਆ...। ਸਰਦਾਰਨੀ ਕੁਲਦੀਪ ਕੌਰ ਗੈਸ ਸਟੇਸ਼ਨ 'ਤੇ ਮੈਨੇਜਰ ਹੈ। ਬੇਟੀ ਸੁਖਮਨ ਕੌਰ 'ਕਾਈਜ਼ਰ ਹਸਪਤਾਲ' ਵਿਚ ਨਰਸ ਤੇ ਬੇਟਾ ਓਂਕਾਰਪ੍ਰੀਤ ਸਿੰਘ ਵਕੀਲ ਬਣ ਰਿਹਾ। ਆਪ ਵੀ ਪਿਛਲੇ ਦਸ ਸਾਲਾਂ ਤੋਂ 'ਯੂ ਪੀ ਐਸ' ਕੰਪਨੀ 'ਚ 'ਡਲਿਵਰੀ' ਦਾ ਕੰਮ ਕਰ ਰਿਹਾਂ। ਕਿਸੇ ਚੀਜ਼ ਦੀ ਕਮੀ ਨਹੀਂ ਰਹਿਣ ਦਿੱਤੀ ਵਾਹਿਗੁਰੂ ਨੇ। ਇਸ ਦੇ ਬਾਵਜੂਦ ਇੰਡੀਆ ਤੋਂ ਵਾਪਸ ਆ ਕੇ ਮੇਰਾ ਦਿਲ ਧੁਆਂਖਿਆ ਜਿਹਾ ਰਹਿੰਦਾ...।' ਧੁਆਂਖੇ ਮਨ ਨਾਲ ਹੀ ਕੌਫ਼ੀ ਦਾ ਕੱਪ ਬਣਾ ਕੇ ਸੋਫ਼ੇ 'ਤੇ ਬੈਠ ਗਿਆ ਹਾਂ-

'ਵਕਤ ਗੁਜ਼ਰਦੇ ਤੇ ਬਦਲਦੇ ਪਤਾ ਹੀ ਨਹੀਂ ਲੱਗਾ। ਕਿਸੇ ਨੇ ਕਿੰਨਾ ਸੱਚ ਕਿਹਾ ਕਿ ਹਰ ਕੰਮ ਦਾ ਸਮਾਂ ਤੇ ਸਥਾਨ ਕੁਦਰਤ ਨੇ ਨਿਸ਼ਚਿਤ ਕੀਤੇ ਹੋਏ ਨੇ। ਮੇਰਾ ਅਮਰੀਕਾ ਆਉਣਾ ਵੀ ਕੁਦਰਤ ਵਲੋਂ ਹੀ ਨਿਸ਼ਚਿਤ ਹੋਵੇਗਾ।' ਮਨ ਹੀ ਮਨ ਗਿਣਤੀਆਂ ਕਰਦੇ, 'ਜੈੱਟ ਲੈਗ' 'ਚੋਂ ਬਾਹਰ ਨਿਕਲਣ ਲਈ ਟੀ ਵੀ 'ਤੇ 'ਜੱਸ ਪੰਜਾਬੀ' ਚੈਨਲ ਲਾ ਲਿਐ।

"ਅੱਜ ਦੇਸ਼-ਵਿਦੇਸ਼ ਵਿਚ 'ਤੀਜਾ ਘੱਲੂਘਾਰਾ ਦਿਵਸ' ਮਨਾਇਆ ਜਾ ਰਿਹੈ। ਇਸ ਮੌਕੇ ਅਸੀਂ ਪੇਸ਼ ਕਰ ਰਹੇ ਆਂ ਧਾਰਮਿਕ ਕਵੀ ਦਰਬਾਰ!"

'ਘੱਲੂਘਾਰਾ' ਸ਼ਬਦ ਸੁਣਦੇ ਹੀ, ਮੇਰੇ ਮਨ ਵਿਚ ਇਕ ਖਲਬਲੀ ਜਿਹੀ ਮਚ ਗਈ ਹੈ। ਸਰੀਰ ਝੂਠਾ ਪੈ ਰਿਹਾ। ਮੈਂ ਆਪਣੇ ਖ਼ੂਨ ਦੀ ਹਰਕਤ ਤੇਜ਼ ਕਰਨ ਲਈ ਜਲਦੀ ਨਾਲ ਕੌਫ਼ੀ ਦਾ ਘੁੱਟ ਭਰਦੇ ਹੋਏ ਸੋਚ ਰਿਹਾਂ, 'ਜ਼ਿੰਦਗੀ ਮੈਨੂੰ ਕਿੱਥੋਂ, ਕਿੱਥੇ ਲੈ ਆਈ...?'

ਕਿੰਨੇ ਭਾਗਾਂ-ਭਰੇ ਦਿਨ ਸਨ...! ਜਦ ਹਾਇਰ ਸੈਕੰਡਰੀ ਦਾ ਨਤੀਜਾ ਆਇਆ। ਮੇਰਾ ਨਾਂ ਮੈਰਿਟ 'ਚ ਸੀ। ਬੀਜੀ ਨੇ ਸਾਰੇ ਪਿੰਡ 'ਚ ਲੱਡੂ ਵੰਡੇ। ਭਾਪਾ ਜੀ ਪਿੰਡ ਦੇ ਸਰਪੰਚ ਹੋਣ ਕਾਰਨ, ਸਾਰਾ ਪਿੰਡ ਵਧਾਈਆਂ ਦੇਣ ਢੁੱਕਿਆ। ਮੈਂ ਖ਼ੁਸ਼ੀ ਨਾਲ ਖੀਵੇ ਹੋਏ ਨੇ ਡੀ ਏ ਵੀ ਕਾਲਜ ਦਸੂਹੇ ਦਾਖ਼ਲਾ ਲੈ ਲਿਆ...। ਹਰ ਰੋਜ਼ ਆਪਣੇ ਪਿੰਡ 'ਕੈਥਾਂ' ਤੋਂ ਸਾਈਕਲ ਚਲਾ ਕੇ ਕਾਲਜ ਪਹੁੰਚਦਾ।

ਮੇਰਾ ਪਹਿਲਾ ਪੀਰੀਅਡ ਅੰਗਰੇਜ਼ੀ ਦਾ ਲੱਗਦਾ ਅਤੇ ਦੂਜਾ ਵਿਹਲਾ ਹੁੰਦਾ। ਮੈਂ ਆਪਣੇ ਦੋਸਤਾਂ ਰਣਜੀਤ ਸਿੰਘ ਅਤੇ ਸਰਬਜੀਤ ਸਿੰਘ ਨਾਲ ਗਰਾਊਂਡ ਵਿਚ ਬੈਂਚ ਉੱਪਰ ਜਾ ਬੈਠਦਾ। ਮੈਨੂੰ ਕਵਿਤਾਵਾਂ ਪੜ੍ਹਨ ਅਤੇ ਸੁਣਾਉਣ ਦਾ ਬਹੁਤ ਸ਼ੌਕ ਸੀ। ਦੋਸਤ ਮੇਰੇ ਦੁਆਲੇ ਘੇਰਾ ਘੱਤ ਕੇ ਖੜ੍ਹ ਜਾਂਦੇ। ਮੈਂ ਆਪਣੀ ਤੁਕਬੰਦੀ ਨਾਲ ਉਨ੍ਹਾਂ ਨੂੰ ਹਸਾਉਂਦਾ। "ਇਕ ਹੋਰ-ਇਕ ਹੋਰ! ਆਉਣ ਦੇ ਯਾਰ!" ਉਹ ਤਾੜੀਆਂ ਵਜਾਉਂਦੇ ਹੋਏ ਅਸਮਾਨ ਸਿਰ 'ਤੇ ਚੁੱਕ ਲੈਂਦੇ। ਅਗਲੇ ਪੀਰੀਅਡ ਦੀ ਘੰਟੀ ਵੱਜਣ 'ਤੇ ਮੁੜ ਕਲਾਸ ਲਾਉਣ ਚਲੇ ਜਾਂਦੇ...।

ਟੀ ਵੀ ਵਲੋਂ ਬੇਧਿਆਨੇ ਹੋ, ਕੌਫ਼ੀ ਦਾ ਇਕ ਹੋਰ ਘੁੱਟ ਭਰਦੇ ਹੋਏ ਯਾਦਾਂ ਦੇ ਖੰਭਾਂ 'ਤੇ ਚੜ੍ਹ ਇਕ ਲੰਮੀ ਉਡਾਣ ਭਰੀ ਹੈ-

ਸੱਜੇ ਹੱਥ ਵਿਚ ਕਿਤਾਬਾਂ ਫੜੀ ਦਸੂਹੇ ਕਾਲਜ ਦੇ ਮੇਨ ਗੇਟ ਕੋਲ ਪਹੁੰਚ ਗਿਆਂ। ਉਸ ਦਿਨ ਅਸੀਂ ਇੱਥੇ ਹੀ ਖੜ੍ਹੇ ਆਉਂਦੀਆਂ-ਜਾਂਦੀਆਂ ਕੁੜੀਆਂ ਨੂੰ ਦੇਖ-ਦੇਖ ਕੇ ਖ਼ੁਸ਼ ਹੋ ਰਹੇ ਸੀ। ਮੈਂ ਦੋਸਤਾਂ ਦੇ ਘੇਰੇ ਵਿਚ ਖੜ੍ਹਾ, ਖੱਬਾ ਹੱਥ ਕੰਨ 'ਤੇ ਰੱਖ ਅਤੇ ਸੱਜੀ ਬਾਂਹ ਉੱਪਰ ਚੁੱਕ ਲੰਮੀ ਹੇਕ ਨਾਲ ਗਾ ਰਿਹਾ ਸੀ-

ਮੇਰੀ ਜੁਗਨੀ ਦੇ ਧਾਗੇ ਬੱਗੇ
ਜੁਗਨੀ ਉਹਦੇ ਮੂੰਹੋਂ ਫੱਬੇ
ਜੀਹਨੂੰ ਸੱਟ ਇਸ਼ਕ ਦੀ ਲੱਗੇ
ਅੱਲਾ ਬਿਸਮਿਲਾ ਤੇਰੀ ਜੁਗਨੀ

ਅਚਾਨਕ ਸਿੱਖ ਵਿਦਿਆਰਥੀ ਜਥੇਬੰਦੀ ਦੇ ਪ੍ਰਧਾਨ ਹਰਨਾਮ ਸਿੰਘ ਖਾਲਸਾ ਨੇ ਆ ਕੇ ਕਿਹਾ, "ਯਾਰ ਆਹ ਕੀ 'ਜੁਗਨੀਆਂ' ਦੇ ਚੱਕਰਾਂ 'ਚ ਪਏ ਰਹਿੰਨੇ ਆਂ। ਸਾਡੇ ਸਾਹਮਣੇ ਕਿੱਡਾ ਵੱਡਾ ਮਸਲਾ ਪਿਆ। ਸਾਡੀ ਕੌਮ ਦੇਸ਼ ਲਈ ਕੁਰਬਾਨੀਆਂ ਕਰਦੀ ਮਰ ਗਈ।ਅਸੀਂ ਰਹੇ ਗ਼ੁਲਾਮ ਦੇ ਗ਼ੁਲਾਮ। ਹਿੰਦ ਸਰਕਾਰ ਸਾਡੇ 'ਨਾ ਮਤ੍ਰੇਈ ਮਾਂ ਵਾਲਾ ਸਲੂਕ ਕਰਦੀ ਆ। ਸਾਨੂੰ ਅੱਜ ਤੱਕ ਦਿੱਤਾ ਈ ਕੀ? ਪੜ੍ਹੇ-ਲਿਖੇ ਸਭ ਬੇਰੁਜ਼ਗਾਰ ਤੁਰੇ-ਫਿਰਦੇ...। ਹੱਦ ਹੋ ਗਈ ਯਾਰ! ਹੁਣ ਤਾਂ ਪੰਥ ਨੂੰ ਵੀ ਹਰ ਤਰ੍ਹਾਂ ਖ਼ਤਰਾ। ਧਰਮਾਂ ਤੋਂ ਨਿਰਪੱਖ ਰਹਿਣ ਦੀਆਂ ਨੀਤੀਆਂ ਦਾ ਢੰਡੋਰਾ ਪਿੱਟਣ ਆਲੀ ਕੇਂਦਰ ਸਰਕਾਰ ਕੋਲ ਸਾਡੇ ਲਈ ਹੈ ਈ ਕੁਛ ਨ੍ਹੀਂ? ਸਾਡੀ ਵਾਰੀ ਖਾਲੀ ਪਤੀਲਾ ਖੜਕਦਾ। ਬੱਸ ਬੋਤ੍ਹ ਹੋ ਗਿਆ। ਲੱਗਦਾ ਵੱਖਰਾ ਰਾਜ-ਭਾਗ ਬਣਾਉਣਾ ਈ ਪੈਣਾਂ। ਜਨਤਾ ਨੂੰ ਜਾਗ੍ਰਿਤ ਕਰਨਾ, ਸਾਡਾ ਨੈਤਿਕ ਫ਼ਰਜ਼ ਬਣਦਾ ਯਾਰੋ!"

ਪ੍ਰਧਾਨ ਦੀਆਂ ਗੱਲਾਂ ਮੇਰੀ ਰੂਹ ਨੂੰ ਝੰਜੋੜ ਗਈਆਂ। ਮੈਂ ਖੜ੍ਹੇ ਹੋ ਕੇ ਹੱਥ ਜੋੜੇ, "ਪ੍ਰਧਾਨ ਜੀ! ਹੁਕਮ ਕਰੋ! ਸੇਵਾ 'ਚ ਹਾਜ਼ਰ ਆਂ।"

"...ਤਾਂ ਫਿਰ ਗੁਰਜੋਤ ਸਿੰਘ ਜੀ ਲਿਖੋ ਇਕ ਵਧੀਆ ਜਿਹੀ ਸਿੱਖੀ ਦੀ ਮਹਿਮਾ ਗਾਉਂਦੀ ਕਵਿਤਾ। ਸਭ ਤੋਂ ਪਹਿਲੀ ਗੱਲ ਅੰਮ੍ਰਿਤ ਛਕੋ! ਸਿੰਘ ਸਜੋ! ਆਪਾਂ ਚੱਲਾਂਗੇ ਸ਼ਨੀਵਾਰ ਹਰਿਮੰਦਰ ਸਾਹਿਬ। ਦੀਵਾਨ 'ਚ ਸੰਤਾਂ ਦੇ ਵਿਚਾਰ ਸੁਣਾਂਗੇ। ਤੁਆਨੂੰ ਵੀ ਕਵਿਤਾ ਜਾਂ ਗੀਤ ਸੁਣਾਉਣ ਦਾ ਮੌਕਾ ਦਿੱਤਾ ਜਾਊਗਾ।"

"ਮੈਂ ਤੀਜੇ ਘੱਲੂਘਾਰੇ ਵਿਚ ਸ਼ਹੀਦ ਹੋਏ ਜਵਾਨਾਂ ਨੂੰ ਸਮਰਪਤਿ ਕਵਿਤਾ 'ਸਿੱਖੀ ਦਾ ਬੂਟਾ' ਪੇਸ਼ ਕਰ ਰਿਹਾਂ।" ਅਚਾਨਕ ਟੀ ਵੀ 'ਤੇ ਬੋਲ ਰਹੇ ਕਵੀ ਨੇ ਮੇਰਾ ਧਿਆਨ ਖਿੱਚਿਐ-

'ਭਲਾ ਮੈਂ ਅੱਜ ਇਸ ਕਵੀ ਦਰਬਾਰ 'ਚ ਸ਼ਾਮਿਲ ਕਿਉਂ ਨ੍ਹੀਂ ਹੋ ਸਕਿਆ? ਮਨ ਦੇ ਸ਼ੀਸ਼ੇ ਦੇ ਸਨਮੁਖ ਹੁੰਦੇ ਹੀ ਮੈਨੂੰ ਯਾਦ ਆ ਰਿਹਾ, ਕਿੰਨੇ ਚਾਅ ਨਾਲ ਊਸ਼ਾ ਦੀ ਚੜ੍ਹਦੀ ਟਿੱਕੀ ਦਾ ਨਿੱਘ ਮਾਣਦੇ ਹੋਏ, ਅਸੀਂ ਕੇਸਰੀ ਦਸਤਾਰਾਂ ਸਜਾ ਕੇ ਦੀਵਾਨ ਵਿਚ ਪਹੁੰਚੇ ਸੀ। ਮੇਰਾ ਦਿਲ ਸੰਤਾਂ ਦੇ ਦਰਸ਼ਨ ਕਰਨ ਲਈ ਬੇਚੈਨ ਸੀ। ਉਹ ਤਾਂ ਉਸ ਦਿਨ ਆਏ ਹੀ ਨਹੀਂ। ਪ੍ਰਧਾਨ ਹਰਨਾਮ ਸਿੰਘ ਖਾਲਸਾ ਨੇ ਸਾਨੂੰ ਦੱਬਵੀਂ ਜ਼ੁਬਾਨ ਵਿਚ ਦੱਸਿਆ ਕਿ ਸਰਕਾਰ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਦੀ ਤਿਆਰੀ ਵਿਚ ਆ। ਮੇਰੇ ਮਨ ਵਿਚ ਰੋਸ ਦੇ ਨਾਲ ਰੋਹ ਜਾਗਿਆ। ਲੰਗਰ ਹਾਲ ਵਿਚ ਪ੍ਰਧਾਨ ਨੇ ਮੇਰੀ ਮੁਲਾਕਾਤ ਭਾਈ ਹਰਦੇਵ ਸਿੰਘ ਨਾਲ ਕਰਵਾਈ। ਕੇਸਰੀ ਦਸਤਾਰ, ਚਿੱਟੀ ਕਮੀਜ਼ ਤੇ ਪ੍ਰਭਾਵਸ਼ਾਲੀ ਆਵਾਜ਼ ਵਾਲੀ ਛਬੀ ਮੇਰੇ ਦਿਲ ਵਿਚ ਵਸ ਗਈ। ਅਸੀਂ ਲੰਗਰ ਹਾਲ ਵਿਚ ਇਕ ਕੋਨਾ ਮੱਲ ਕੇ ਬੈਠ ਗਏ। ਸਿੱਖ ਸੰਘਰਸ਼ ਬਾਰੇ ਚੱਲ ਰਹੀ ਗੱਲਬਾਤ ਦਾ ਸਿਲਸਿਲਾ ਇੰਨਾ ਗੰਭੀਰ ਤੇ ਲੰਮਾ ਹੋ ਗਿਆ ਕਿ ਦਿਨ ਢਲਦੇ ਦਾ ਪਤਾ ਹੀ ਨਾ ਲੱਗਾ। ਸਾਡਾ ਸਾਰਾ ਧਿਆਨ ਇਸ ਨਵੇਂ ਮਸਲੇ ਨੇ ਖਿੱਚ ਲਿਆ। ਉਫ਼! ਮੇਰੀ ਅੰਮ੍ਰਿਤ ਛਕਣ ਦੀ ਚਾਹ ਵੀ ਉਸ ਦਿਨ ਅਧੂਰੀ ਰਹਿ ਗਈ...।'

ਅਸੀਂ ਕਾਲਜ ਪਹੁੰਚ ਕੇ ਰੋਸ ਮਾਰਚ ਕੀਤਾ। ਮੈਂ ਸਭ ਤੋਂ ਅੱਗੇ ਬਾਂਹ ਉਲਾਰ ਕੇ ਨਾਰ੍ਹੇ ਲਾ ਰਿਹਾ ਸੀ-

"ਗੁਰੂ ਘਰ ਵਿਚ ਪੁਲਿਸ ਜੇ ਵਾੜੀ, ਫ਼ੂਕ ਦਿਆਂਗੇ ਦਿੱਲੀ ਸਾਰੀ...।"

ਪਿੰਡ ਵਿਚੋਂ ਲੱਗਦੇ ਤਾਏ ਗੁਰਨਾਮ ਦੀ ਕੁੜੀ ਹਰਦੀਸ਼ ਨੇ ਘਰ ਜਾ ਕੇ ਭਾਪਾ ਜੀ ਤੇ ਬੀਬੀ ਜੀ ਨੂੰ ਮੇਰੇ ਨਾਰ੍ਹੇ ਲਾਉਣ ਦੀ ਖ਼ਬਰ ਦੇ ਦਿੱਤੀ। ਮੈਂ ਘਰ ਪਹੁੰਚਿਆ ਤਾਂ ਸਾਡੇ ਘਰ ਵਿਚ ਸੋਗ ਪਿਆ ਹੋਇਆ ਸੀ।

"ਕਾਕਾ ਗੁਰਜੋਤ ਸਿੰਘ! ਅਸੀਂ ਤਾਂ ਕਾਲਜ ਤੈਨੂੰ ਪੜ੍ਹਨ ਭੇਜਦੇ ਆਂ।" ਬੀਬੀ ਦੀਆਂ ਅੱਖਾਂ ਨਮ ਹੋ ਗਈਆਂ ਸੀ।

ਭਾਪਾ ਜੀ ਗੁੱਸੇ 'ਚ ਕਦੇ ਬੀਬੀ ਵੱਲ ਤੇ ਕਦੇ ਮੇਰੇ ਵੱਲ ਦੇਖ ਰਹੇ ਸਨ।

"ਬੀਬੀ! ਮੇਰੀ ਗ਼ਲਤੀ ਆ ਕਿ ਮੈਂ ਤੁਆਨੂੰ ਦੱਸਿਆ ਨ੍ਹੀਂ ਪਰ ਮੈਂ ਕੋਈ ਗ਼ਲਤ ਕੰਮ ਥੋੜ੍ਹੇ ਕਰ ਰਿਆਂ। ਅਸੀਂ ਆਪਣਾ ਹੱਕ ਈ ਮੰਗਦੇ ਆਂ। ਨਾਲੇ ਹੁਣੇ ਦੱਸ ਦਾਂ, ਮੈਂ ਤਾਂ ਹੁਣ ਅੰਮ੍ਰਿਤ ਵੀ ਛਕਣਾ!"

ਭਾਪਾ ਜੀ ਉੱਚੀ ਆਵਾਜ਼ 'ਚ ਬੋਲੇ, "ਅੰਮ੍ਰਿਤ ਛਕਣਾ ਤਾਂ ਬੋਤ੍ਹ ਚੰਗੀ ਗੱਲ ਆ ਪੁੱਤਰਾ ਪਰ ਰਹਿਤ ਮਰਿਯਾਦਾ ਨਿਭਾਉਣੀ ਬੋਤ੍ਹ ਮੁਸ਼ਕਿਲ। ਚੰਗੀ ਤਰ੍ਹਾਂ ਸੋਚ ਲਾ। ਨਿਭਾਅ ਲਏਂਗਾ?"

"ਪੂਰਾ ਨਿਭਾਊਂਗਾ ਭਾਪਾ ਜੀ! ਤੁਸੀਂ ਚਿੰਤਾ ਨਾ ਕਰੋ...।"

ਅਸੀਂ ਪਿੰਡਾਂ ਵਿਚ ਜਲਸੇ ਕਰਨੇ ਸ਼ੁਰੂ ਕਰ



ਦਿੱਤੇ। ਗੁਰੂ ਘਰਾਂ 'ਚ ਜਾ ਕੇ ਦੀਵਾਨ ਸਜਾ ਕੇ ਸੰਗਤ ਨੂੰ ਆਪਣੇ ਮਿਸ਼ਨ ਅਤੇ ਫ਼ਲਸਫ਼ੇ ਬਾਰੇ ਜਾਣਕਾਰੀ ਦੇਣੀ ਸ਼ੁਰੂ ਕੀਤੀ। ਇਕ ਦਿਨ ਮੈਂ ਪਿੰਡ 'ਤਲਵੰਡੀ ਸੱਲਾਂ' ਦੇ ਇੱਕਠ ਨੂੰ ਆਪਣੀ ਕਵਿਤਾ ਰਾਹੀਂ ਜਾਗ੍ਰਿਤ ਕਰ ਰਿਹਾ ਸੀ-

ਮੁਆਫ਼ ਕਰਨਾ!
ਅੱਜ ਅਸੀਂ ਸਿੱਧੇ ਮੁਖ਼ਾਤਿਬ ਹਾਂ ਹਜ਼ੂਰ
ਜਨ-ਗਣ-ਮਨ ਅਸੀਂ ਨਹੀਂ ਗਾ ਸਕਦੇ
ਮਤਾਂ 'ਗਣ' ਨੂੰ ਤੁਸੀਂ 'ਗਨ'
ਸਮਝ ਬੈਠੋ
ਜਿਸਦਾ ਅਰਥ ਬੰਦੂਕ ਹੈ
ਤੁਹਾਡੇ ਸ਼ਬਦ ਕੋਸ਼ ਵਿਚ
ਤੇ ਡਰ ਹੈ ਕਿਧਰੇ
ਅਸੀਂ ਫਸ ਨਾ ਜਾਈਏ
ਕਤਲ ਕੇਸ ਦੇ ਦੋਸ਼ ਵਿਚ...।

ਮੈਂ ਸਾਹਮਣੇ ਦੇਖਿਐ। ਟੀ ਵੀ 'ਤੇ ਅਗਲਾ ਕਵੀ 'ਸ਼ਹਾਦਤ' ਕਵਿਤਾ ਪੇਸ਼ ਕਰਨ ਲੱਗ ਪਿਆ। ਮੇਰੀ ਉਹ ਕਵਿਤਾ ਵੀ ਅਜੇ ਤੱਕ ਮੇਰੇ ਨਾਲ-ਨਾਲ ਚੱਲ ਰਹੀ ਆ। ਉਸ ਦਿਨ ਅਜੇ, ਕਵਿਤਾ ਬੋਲ ਹੀ ਰਿਹਾ ਸੀ ਕਿ ਪੁਲਿਸ ਦੀ ਦਗੜ-ਦਗੜ ਦੀ ਆਵਾਜ਼ ਆਈ। ਜਲਸਾ ਖਿੰਡ ਗਿਆ। ਪੁਲਿਸ ਹੱਥ ਕੜੀ ਲਾ ਕੇ ਥਾਣੇ ਲੈ ਗਈ...।

ਮੈਨੂੰ ਹੁਸ਼ਿਆਰਪੁਰ ਦੇ ਥਾਣੇ ਲਿਜਾ ਕੇ ਸੀਖਾਂ ਵਾਲੀ ਕੋਠੜੀ 'ਚ ਸੁੱਟ ਦਿੱਤਾ। ਭਾਪਾ ਜੀ ਆਪਣਾ ਰਸੂਖ਼ ਵਰਤ ਕੇ ਮੈਨੂੰ ਦੋ ਦਿਨਾਂ ਬਾਅਦ ਹੀ ਘਰ ਲੈ ਆਏ। ਬੀਬੀ ਨੇ ਮੰਜਾ ਮੱਲ ਲਿਆ। ਭਾਪਾ ਜੀ ਹਰ ਵਕਤ ਮੇਰੀ ਰਾਖੀ ਕਰਨ ਲੱਗੇ। ਘਰੋਂ ਬਾਹਰ ਨਿਕਲਣਾ ਔਖਾ ਹੋ ਗਿਆ। ਪੰਜਾਬ ਦੇ ਹਾਲਾਤ ਦਿਨੋਂ-ਦਿਨ ਖ਼ਰਾਬ ਹੋਣ ਲੱਗੇ। ਲੋਕ ਮੂੰਹ-ਨੇਰ੍ਹੇ ਬਾਹਰ ਨਿਕਲਣੋਂ ਘਬਰਾਉਣ ਲੱਗ ਪਏ। ਘਰ ਦਾ ਕੋਈ ਜੀਅ ਸਵੇਰ ਦਾ ਗਿਆ ਜ਼ਰਾ ਕੁਵੇਲਾ ਕਰ ਦਿੰਦਾ ਤਾਂ ਸਾਰੇ ਟੱਬਰ ਦੇ ਸਾਹ ਸੁੱਕ ਜਾਂਦੇ...। ਚੁੱਲ੍ਹੇ ਅੱਗ ਨਾ ਬਲਦੀ। ਹਰ ਰੋਜ਼ ਅਖ਼ਬਾਰਾਂ ਦੰਗੇ-ਫ਼ਸਾਦਾਂ ਦੀਆਂ ਸੁਰਖ਼ੀਆਂ ਨਾਲ ਭਰਨ ਲੱਗੀਆਂ...।

ਕੇਂਦਰ ਸਰਕਾਰ ਨੇ ਸਿੱਖ ਕੌਮ ਤੇ ਪੰਜਾਬ ਦੀਆਂ ਹੱਕੀ ਮੰਗਾਂ ਤਾਂ ਕੀ ਮੰਨਣੀਆਂ ਸੀ, ਉਲਟਾ ਹਿੰਦੁਸਤਾਨੀ ਫ਼ੌਜਾਂ ਨੇ ਪੰਜਾਬ ਅਤੇ ਦਰਬਾਰ ਸਾਹਿਬ ਸਮੂਹ ਉੱਤੇ ਜੂਨ 1984 ਨੂੰ ਮਸ਼ੀਨ ਗਨਾਂ, ਟੈਂਕਾਂ, ਅਗਨੀ ਬੰਬਾਂ ਆਦਿ ਨਾਲ ਹਮਲਾ ਕਰ ਦਿੱਤਾ। ਪੂਰੇ ਪੰਜਾਬ ਵਿਚ ਕਰਫ਼ਿਊ ਲੱਗ ਗਿਆ। ਅਸਲ ਵਿਚ ਇਹ ਹਮਲਾ ਮੇਰੇ ਵਰਗੇ ਹਰ ਸਿੱਖ ਦੇ ਮਨ ਮੰਦਿਰ 'ਤੇ ਹੋਇਆ...।

ਉਸ ਦਿਨ ਅਸੀਂ ਟੀ ਵੀ ਤੋਂ ਸਾਢੇ ਸੱਤ ਵਾਲੀਆਂ ਖ਼ਬਰਾਂ ਦੇਖ ਰਹੇ ਸੀ। ਸਰੋਵਰ ਵਿਚ ਮਿਲ ਰਹੇ ਸ਼ਹੀਦਾਂ ਦੇ ਖ਼ੂਨ ਨੇ ਮੇਰਾ ਖ਼ੂਨ ਖੋਲਣ ਲਾ ਦਿੱਤਾ। ਦਰਸ਼ਨ ਕਰਨ ਆਈ ਸ਼ਰਧਾਲੂ ਸੰਗਤ: ਬੱਚੇ, ਜਵਾਨ, ਧੀਆਂ-ਭੈਣਾਂ ਅਤੇ ਬਜ਼ੁਰਗਾਂ 'ਤੇ ਵਰ੍ਹ ਰਿਹਾ ਗੋਲੀਆਂ ਦਾ ਮੀਂਹ ਮੇਰਾ ਸਿਰ ਪਾੜ ਗਿਆ। ਅਸਮਾਨ ਨੂੰ ਛੋਂਹਦਾ ਬਰੂਦ ਦਾ ਧੂੰਆਂ ਫੇਫੜਿਆਂ ਵਿਚ ਵੜ ਕੇ ਦਮ ਘੁੱਟ ਗਿਆ। ਪਵਿੱਤਰ ਗਰੰਥਾਂ 'ਤੇ ਚੱਲ ਰਹੀਆਂ ਗੋਲੀਆਂ ਕਾਲਜੇ ਵਿਚ ਠਾਹ-ਠਾਹ ਛੇਕ ਕਰ ਗਈਆਂ। ਅਕਾਲ ਤਖ਼ਤ ਦੀ ਢਹਿ ਢੇਰੀ ਹੋ ਰਹੀ ਇਮਾਰਤ ਦਾ ਮਲਬਾ ਦਿਲ ਉੱਤੇ ਕਬਰ ਬਣਾ ਗਿਆ। ਮੇਰੀਆਂ ਅੱਖਾਂ ਵਿਚੋਂ ਗੰਧਕ ਦੇ ਚਸ਼ਮੇ ਫੁੱਟ ਪਏ। ਇਹ ਖ਼ਬਰਾਂ ਮੈਨੂੰ ਸਿਰ 'ਤੇ ਕੱਫ਼ਣ ਬੰਨ੍ਹਣ ਲਈ ਮਜਬੂਰ ਕਰ ਗਈਆਂ। ਮੈਂ ਪ੍ਰਧਾਨ ਹਰਨਾਮ ਸਿੰਘ ਖਾਲਸਾ ਨੂੰ ਮਿਲਣ ਦੀਆਂ ਤਰਕੀਬਾਂ ਘੜੀਆਂ...।

ਪੰਜਾਬ ਵਿਚੋਂ ਕਰਫ਼ਿਊ ਤਾਂ ਹਟਾ ਲਿਆ ਗਿਆ ਪਰ ਸਿੱਖਾਂ ਦੇ ਦਿਲਾਂ ਵਿਚ ਦਹਿਸ਼ਤ ਫੈਲਾਉਣ ਲਈ ਪੁਲਿਸ ਨੇ ਖਾੜਕੂਆਂ ਦੇ ਟਿਕਾਣਿਆਂ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਮੇਰੇ ਘਰ ਦੇ ਮੇਰਾ ਵਸਾਹ ਨਹੀਂ ਸੀ ਖਾਂਦੇ। ਉਹ ਮੈਨੂੰ ਇਕੱਲਾ ਹੋਣ ਦਾ ਮੌਕਾ ਨਾ ਦਿੰਦੇ। ਜਿਵੇਂ-ਕਿਵੇਂ, ਮੈਂ ਉਨ੍ਹਾਂ ਨੂੰ ਚਕਮਾ ਦੇ ਕੇ ਦੋ ਵਾਰੀ ਭਾਈ ਹਰਦੇਵ ਸਿੰਘ ਨੂੰ ਮਿਲ ਆਇਆ। ਭਾਈ ਸਾਹਿਬ ਦੇ ਪਿੱਛੇ ਪੁਲਿਸ ਹੱਥ ਧੋ ਕੇ ਪਈ ਹੋਈ ਸੀ। ਇਕ ਰਾਤ ਮੈਂ ਆਪਣੇ ਚੁਬਾਰੇ ਉੱਤੋਂ ਛਾਲ ਮਾਰ ਕੇ ਉਨ੍ਹਾਂ ਨੂੰ ਮਿਲਣ ਗਿਆ। ਉਨ੍ਹਾਂ ਮੇਰੇ ਨਾਲ ਇਕ ਵੱਡੀ ਵਾਰਦਾਤ ਕਰਨ ਦੀ ਸਕੀਮ ਬਣਾਈ। ਉਸ ਰਾਤ ਉਹ ਮੈਨੂੰ ਦਸੂਹੇ ਵੱਲ ਲੈ ਗਏ। ਰਸਤੇ ਵਿਚ ਦੱਸਣ ਲੱਗੇ, "ਅੱਜ ਰਾਤ ਮੈਂ ਸਿੰਘਣੀ ਸਤਵੀਰ ਕੌਰ ਕੋਲ ਠਹਿਰਨਾ। ਉਹਦੀ ਕੋਈ ਡਿਊਟੀ ਲਾਉਣ ਜਾਣਾਂ। ਉਹਦੇ ਮਾਂ-ਬਾਪ 'ਖਾਨ ਪੁਰ ਸਹੋਤੇ' ਵਿਆਹ ਗਏ ਹੋਏ ਆ। ਉਹ ਤੇ ਉਹਦੀ ਛੋਟੀ ਭੈਣ ਈ ਘਰ ਹੋਣਗੀਆਂ।"

"ਭਾਈ ਸਾਹਿਬ ਜੀ! ਗੁੱਸਾ ਨਾ ਕਰਿਓ। ਉਹਦੇ ਕੋਲ ਘੱਟ ਜਾਇਆ ਕਰੋ। ਮੈਨੂੰ ਠੀਕ ਨ੍ਹੀਂ ਲੱਗਦਾ।"

"ਹਾ-ਹਾ-ਹਾ! ਬਈ ਉਹ ਤਾਂ ਆਪਣੀ ਸਿੰਘਣੀ ਭੈਣ ਆਂ। ਪੰਥ ਦੀ ਰੂਹ। ਔਰਤ ਹੋ ਕੇ ਵੀ ਸੰਘਰਸ਼ ਕਰ ਰਹੀ ਆ। ਮੈਂ ਉਹਨੂੰ ਇਕ ਵਾਰੀ ਕਿਆ ਸੀ ਕਿ ਕਿਸੇ ਸਿੱਖ ਨਾਲ ਅਨੰਦ ਕਰਵਾ ਲਾ। ਕਹਿੰਦੀ ਹੁਣ ਤਾਂ ਖਾਲਸੇ ਦੀ ਜਿੱਤ ਤੋਂ ਬਾਅਦ ਈ ਕਰਵਾਊਂਗੀ।"

ਮੈਂ ਚੁੱਪ ਕਰ ਗਿਆ ਪਰ ਭਾਈ ਸਾਹਿਬ ਮੁੜ ਬੋਲੇ, "ਚੱਲ ਹੁਣ ਤੂੰ ਵਾਪਸ ਜਾ। ਧਿਆਨ 'ਨਾ ਜਾਈਂ ਸਿੰਘਾ...।"

ਉਸ ਰਾਤ ਪਿੰਡ ਪਹੁੰਚ ਕੇ ਘਰ ਦੀ ਕੰਧ ਟੱਪ ਕੇ ਦੱਬੇ ਪੈਰੀਂ ਚੁਬਾਰੇ ਵਿਚ ਜਾ ਕੇ ਸੌਂ ਗਿਆ ਸੀ। ਤੜਕੇ ਕੁੱਕੜ ਦੀ ਬਾਂਗ ਨਾਲ ਅੱਖ ਖੁੱਲ੍ਹੀ...।

ਮੈਂ ਸੱਚਮੁਚ ਅੱਖ ਝਪਕੀ ਏ। ਬੈਂਕ ਆਫ ਅਮਰੀਕਾ ਤੋਂ ਫੋਨ ਆ ਰਿਹਾ ਪਰ ਮੇਰੀ ਸੁਰਤਾ ਤਾਂ ਕਿਤੇ ਹੋਰ ਈ ਲੱਗੀ ਹੋਈ ਹੈ। ਮੈਂ ਫੋਨ ਵਲੋਂ ਬੇਧਿਆਨਾ ਹੋ ਕੇ ਮੁੜ ਟੀ ਵੀ ਵੱਲ ਦੇਖਦਾ ਹਾਂ। ਕਵੀ ਦਰਬਾਰ ਦਾ ਪ੍ਰਸਾਰਣ ਅੰਤਿਮ ਚਰਨ 'ਤੇ ਵੀ ਪਹੁੰਚ ਗਿਆ। ਇਕ ਹੋਰ ਕਵੀ ਵਲੋਂ ਕਵਿਤਾ ਪੇਸ਼ ਕੀਤੀ ਜਾ ਰਹੀ ਏ 'ਹਾਦਸਿਆਂ ਦਾ ਮੌਸਮ'। ਮੇਰਾ ਦਿਮਾਗ ਵੀ ਤਾਂ ਅਜੇ ਤੱਕ ਉਸ ਹਾਦਸੇ ਵਿਚੋਂ ਬਾਹਰ ਨਹੀਂ ਨਿਕਲ ਰਿਹਾ। ਉਹ ਹੀ ਹਾਦਸਾ ਜਿਸ ਨੇ ਮੇਰੀ ਰੂਹ ਵਿੰਨ੍ਹ ਕੇ ਰੱਖ ਦਿੱਤੀ। ਇਹ ਕੀ ਹੋਇਆ? ਕਿਉਂ ਹੋਇਆ? ਕਿਵੇਂ ਹੋਇਆ? ਕੌਣ ਜ਼ਿੰਮੇਵਾਰ ਸੀ? ਸਰਕਾਰ ਜਾਂ ਸਿੱਖ ਕੌਮ...?

ਉਹ ਦਿਨ ਸੱਚਮੁਚ ਹੀ ਮਨਹੂਸ ਸੀ। ਅਜੇ ਚਾਹ ਦਾ ਕੱਪ ਪੀ ਕੇ ਬੀਬੀ ਨੂੰ ਧੋਣ ਲਈ ਫੜਾਇਆ ਹੀ ਸੀ ਕਿ ਬਾਹਰੋਂ ਪਟਵਾਰੀ ਚਾਚਾ ਹਫ਼ਿਆ ਹੋਇਆ ਆਇਆ, "ਗੁਰਜੋਤ! ਆਹ ਹੋਰ ਭਾਣਾ ਵਰਤ ਗਿਆ ਓਏ! ਭਾਈ ਹਰਦੇਵ ਸਿੰਘ ਨੂੰ ਪੁਲਿਸ ਨੇ ਮੁਕਾਬਲਾ ਬਣਾ ਕੇ ਸ਼ਹੀਦ ਕਰ 'ਤਾ...।"

"ਕੀ?" ਮੇਰਾ ਮੂੰਹ ਅੱਡਿਆ ਹੀ ਰਹਿ ਗਿਆ।

"ਕਾਕਾ ਗੁਰਜੋਤਿਆ ਇਹ ਖ਼ਬਰ ਤਾਂ ਪਿੰਡ 'ਚ ਜੰਗਲ ਦੀ ਅੱਗ ਆਂਗ ਫੈਲੀ ਹੋਈ ਆ?"

ਬੀਬੀ ਖ਼ਬਰ ਸੁਣਦੇ ਹੀ ਬਹੁਤ ਗੁੱਸੇ 'ਚ ਆ ਗਈ। ਉਸ ਦੀਆਂ ਅੱਖਾਂ 'ਚ ਡੋਰੇ ਉੱਤਰ ਆਏ। ਚਾਚਾ ਮਿਹਰ ਸਿੰਘ ਵਿਹੜੇ 'ਚ ਖੜ੍ਹਾ ਕਹਿ ਰਿਹਾ ਸੀ,"ਪੁਲਿਸ ਮੁਕਾਬਲਾ ਝੂਠੀ ਕਹਾਣੀ ਆਂ...।"

ਇਹ ਸੁਣਦੇ ਹੀ ਮੈਂ ਵੀ ਚੁੱਪ-ਚਾਪ ਕੰਬਲ ਦੀ ਝੁੰਬ ਮਾਰ ਕੇ ਬੀਬੀ ਦੇ ਪਿੱਛੇ-ਪਿੱਛੇ ਜਾ ਕੇ ਮੁਕਾਬਲੇ ਵਾਲੀ ਥਾਂ ਦੇਖੀ। ਸੜਕ ਤੋਂ ਦੂਰ ਲਹਿੰਦੇ ਪਾਸੇ ਇਕ ਖੇਤ ਦੀ ਵੱਟ 'ਤੇ ਖਿੱਲਰੇ ਕੇਸੀਂ ਕੜੀ ਵਰਗਾ ਜਵਾਨ ਅਡੋਲ-ਸ਼ਾਂਤ ਪਿਆ ਸੀ। ਸੱਜੀ ਪੁੜਪੁੜੀ ਵਿਚੋਂ ਖ਼ੂਨ ਵਗਿਆ ਹੋਇਆ। ਇਕ ਗੁੱਟ 'ਤੇ ਘੜੀ ਅਤੇ ਦੂਜੇ 'ਚ ਲਿਸ਼ਕਾਂ ਮਾਰਦਾ ਸਟੀਲ ਦਾ ਕੜਾ...। ਆਸੇ-ਪਾਸੇ ਖੜ੍ਹੇ ਲੋਕ ਕਾਨਾਫੂਸੀ ਕਰ ਰਹੇ ਸਨ-

"ਸਿੰਘਣੀ ਸਤਵੀਰ ਕੌਰ ਦੇ ਚੁਬਾਰੇ 'ਚੋਂ ਚੁੱਕਿਆ। ਉਨ੍ਹੇ ਦੁੱਧ 'ਚ ਨਸ਼ਾ ਘੋਲ ਕੇ ਪਲਾਇਆ...।"

"ਆਹੋ! ਆਹੋ!! ਉਹਦੀ ਮੁਖ਼ਬਰੀ 'ਤੇ ਈ ਪੁਲਿਸ ਪਿਛਲੇ ਪਾਸਿਓਂ ਕੰਧਾਂ ਟੱਪ ਕੇ ਚੁਬਾਰੇ 'ਚ ਜਾ ਵੜੀ ...।"

"...ਪਰ ਯਾਰ ਉਹ ਮੁਖ਼ਬਰੀ ਕਰਨ ਵਾਲੀ ਲੱਗਦੀ ਤਾਂ ਨ੍ਹੀਂ, ਬੜੀ ਬਹਾਦਰ ਆ?"

"ਵਿਕ ਗਈ ਹੋਊ ਜਾਂ ਪੁਲਿਸ ਨੇ ਧਮਕਾ ਲਈ ਹੋਊ...?"

"ਕੋਈ ਪਤਾ ਨ੍ਹੀਂ ਕਿਸੇ ਦਾ ਕੇੜ੍ਹੇ ਵੇਲੇ ਬਦਲ ਜਾਵੇ...?"

ਉਪਰੋਕਤ ਕਾਨਾਫੂਸੀ ਮੇਰੇ ਦਿਮਾਗ ਵਿਚ ਨਫ਼ਰਤ ਦੇ ਗੋਲੇ ਭਰ ਰਹੀ ਸੀ। ਲੋਕਾਂ ਕੋਲ ਇਹ ਸਾਰੀ ਅਸਲੀਅਤ ਕਿੱਥੋਂ ਪਹੁੰਚੀ...? ਇਸ ਲਹਿਰ ਵਿਚ ਨਵਾਂ ਹੋਣ ਕਰਕੇ ਮੈਨੂੰ ਕੁਝ ਸਮਝ ਨਹੀਂ ਸੀ ਆ ਰਿਹਾ...। ਭਾਈ ਸਾਹਿਬ ਦੀ ਸ਼ਹੀਦੀ ਨੇ ਮੇਰੇ ਦਿਲ ਦੇ ਸਮੁੰਦਰ ਵਿਚ ਸੁਨਾਮੀ ਲੈ ਆਂਦੀ। ਮੈਂ ਡੌਰ-ਭੌਰ ਹੋਇਆ, ਬੀਬੀ ਦੇ ਪਿੱਛੇ-ਪਿੱਛੇ ਤੁਰ ਪਿਆ। ਬੀਬੀ ਨੇ ਹੌਲੀ ਦੇ ਕੇ ਕਿਹਾ, "ਸਕੂਟਰ ਚੁੱਕ ਕੇ ਆਪਣੀ ਚਾਚੀ ਦੀ ਭੈਣ ਦੀ ਨਣਾਨ ਦੇ ਸਹੁਰੀਂ ਚਲਾ ਜਾ। ਪਤਾ ਕੋਈ ਨ੍ਹੀਂ ਬੁੱਚੜ ਕਸਾਈ ਕੇੜ੍ਹੇ ਵੇਲੇ ਤੈਨੂੰ ਫੜਨ ਆ ਜਾਣ।"

ਮੈਂ ਛੋਹਲੇ ਕਦਮੀਂ ਅਜੇ ਘਰ ਵੜਨ ਹੀ ਲੱਗਾ ਸੀ ਕਿ ਦੂਰੋਂ ਪੁਲਿਸ ਦੀਆਂ ਗੱਡੀਆਂ ਆਉਂਦੀਆਂ ਦਿਸ ਪਈਆਂ। ਮੇਰਾ ਮੱਥਾ ਠਣਕਿਆ। ਮੈਂ ਪੁੱਠੇ ਪੈਰੀਂ ਦੌੜ ਪਿਆ। ਵਾਹੋ-ਦਾਹੀ ਦੌੜਦਾ, ਕੰਧਾਂ-ਕੌਲੇ ਟੱਪਦਾ, ਪਿੰਡ ਦੇ ਪਿਛਲੇ ਪਾਸੇ ਇਕ ਤੂੜੀ ਦੇ ਕੁੱਪ ਵਿਚ ਲੁਕ ਕੇ ਬੈਠਾ ਰਿਹਾ।

(ਬਾਕੀ ਅਗਲੇ ਸਫ਼ੇ 'ਤੇ)

# ਸੁਖਦੇਵ ਮਾਦਪੁਰੀ ਨੂੰ ਯਾਦ ਕਰਦਿਆਂ...

ਸੁਖਦੇਵ ਮਾਦਪੁਰੀ ਦਾ ਜਨਮ 12 ਜੂਨ 1935 ਨੂੰ ਪਿੰਡ ਮਾਦਪੁਰ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ. ਦਿਆ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਹੋਇਆ। ਆਪਣੇ ਪਿੰਡ ਤੋਂ ਪ੍ਰਾਇਮਰੀ ਦੀ ਪੜ੍ਹਾਈ ਕੀਤੀ, ਮੈਟ੍ਰਿਕ ਜਸਪਾਲੋਂ ਤੋਂ ਅਤੇ ਜੇ.ਬੀ.ਟੀ ਕੁਰਾਲੀ ਤੋਂ ਕਰ ਕੇ ਮਾਦਪੁਰੀ ਪਿੰਡ ਢਿੱਲਵਾਂ, ਜ਼ਿਲ੍ਹਾ ਲੁਧਿਆਣਾ 'ਚ ਪ੍ਰਾਇਮਰੀ ਸਕੂਲ 'ਚ 19 ਮਈ 1954 ਨੂੰ ਅਧਿਆਪਕ ਲੱਗ ਗਏ ਤੇ 1978 ਤੱਕ ਆਪਣੀ ਡਿਊਟੀ ਨਿਭਾਉਂਦੇ ਰਹੇ। ਇਸ ਸਮੇਂ

**ਸੁਖਚੈਨ ਸਿੰਘ ਕੁਰੜ**

ਦੌਰਾਨ ਹੀ ਉਨ੍ਹਾਂ ਦਾ ਸਾਹਿਤਕ ਸਫ਼ਰ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਇਸ ਦੌਰਾਨ ਨਾਲ਼-ਨਾਲ਼ ਹੀ ਉਨ੍ਹਾਂ ਨੇ ਪ੍ਰਾਈਵੇਟ ਤੌਰ 'ਤੇ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਪੰਜਾਬੀ ਦੀ ਐੱਮ.ਏ. ਕਰ ਲਈ।

1978 ਤੋਂ 80 ਤਕ 'ਪੰਜਾਬ ਸਕੂਲ ਸਿੱਖਿਆ ਬੋਰਡ' ਵਿਚ ਬਤੌਰ ਵਿਸ਼ਾ ਮਾਹਿਰ ਸੇਵਾ ਨਿਭਾਈ। 1980 ਤੋਂ 1993 ਤਕ ਸਿੱਖਿਆ ਬੋਰਡ ਦੇ ਬੱਚਿਆਂ ਲਈ ਨਿਕਲਦੇ ਪਰਚਿਆਂ 'ਪੰਖੜੀਆਂ' ਅਤੇ 'ਪ੍ਰਾਇਮਰੀ ਸਿੱਖਿਆ' ਦਾ ਸੰਪਾਦਨ ਕੀਤਾ। 'ਪੰਜਾਬ ਸਕੂਲ ਸਿੱਖਿਆ ਬੋਰਡ' ਮੋਹਾਲੀ ਤੋਂ ਹੀ ਉਹ ਬਤੌਰ ਸਹਾਇਕ ਡਾਇਰੈਕਟਰ ਸੇਵਾ ਮੁਕਤ ਹੋਏ ਅਤੇ 1993 ਤੋਂ 1996 ਤਕ 'ਪੰਜਾਬੀ ਬਾਲ ਸਾਹਿਤ ਪ੍ਰਾਜੈਕਟ' ਦੇ ਸੰਚਾਲਕ ਵਜੋਂ ਕਾਰਜ ਕੀਤਾ। ਉਹ ਬਹੁਪੱਖੀ ਸਾਹਿਤਕਾਰ, ਕਵੀ, ਕਹਾਣੀਕਾਰ, ਵਾਰਤਕਕਾਰ, ਸੰਪਾਦਕ, ਅਨੁਵਾਦਕ ਅਤੇ ਖੋਜਾਰਥੀ ਸਨ। ਕਲਮ ਦੀ ਮਿਹਰਬਾਨੀ ਸਦਕਾ ਉਹ ਸੁਭਾਅ ਪੱਖੋਂ ਨੇਕ, ਨਿੱਘੇ ਤੇ ਮਿਲਾਪੜੇ ਵੀ ਸਨ।

ਉਨ੍ਹਾਂ ਨੇ ਆਪਣੇ ਮੁੱਢਲੇ ਸ਼ੌਕ, ਲੋਕ ਸੱਭਿਆਚਾਰ ਦੀ ਸਾਂਭ ਸੰਭਾਲ ਨੂੰ ਲੈ ਕੇ ਆਪਣੀ ਜ਼ਿੰਦਗੀ ਵਿਚ ਲੋਕ ਖੇਡਾਂ, ਲੋਕ ਗੀਤ, ਲੋਕ ਕਹਾਣੀਆਂ, ਲੋਕ ਬੁਝਾਰਤਾਂ, ਪੰਜਾਬੀ ਸਭਿਆਚਾਰ, ਬਾਲ ਸਾਹਿਤ ਬਾਰੇ ਤੀਹ ਦੇ ਕਰੀਬ ਕਿਤਾਬਾਂ ਲਿਖੀਆਂ। ਮਾਦਪੁਰੀ ਖੁਦ ਦੱਸਦੇ ਹਨ ਕਿ ਲੋਕ ਗੀਤਾਂ ਨੂੰ ਇਕੱਠੇ ਕਰਨ ਦਾ ਫੁਰਨਾ ਉਨ੍ਹਾਂ ਦੇ ਮਨ 'ਚ 1954 'ਚ ਅਚਾਨਕ ਹੀ ਆਇਆ। ਸੋਚਿਆ 'ਮਨਾਂ ਬਾਪੂ, ਬੇਬੇ ਤੇ ਤਾਈ ਨੇ ਆਖ਼ਰ ਮਰ ਜਾਣੈਂ ਨਾਲ ਹੀ ਇਹ ਗੀਤ ਵੀ ਮੁੱਕ ਜਾਣਗੇ। ਕਿਉਂ ਨਾ ਇਨ੍ਹਾਂ ਨੂੰ ਕਿਸੇ ਕਾਪੀ 'ਤੇ ਲਿਖ ਲਵਾਂ।' ਉਸ ਵੇਲੇ ਦੀ ਮਨ ਦੀ ਆਵਾਜ਼ ਨੇ ਕਾਪੀ ਤੇ ਕਲਮ ਨਾਲ਼ ਸਾਂਝ ਬਣਾ ਦਿੱਤੀ। ਮਾਦਪੁਰੀ ਨੇ ਇੱਕ ਸਾਲ ਵਿਚ ਵੱਡੇ ਅਕਾਰ ਦੀ ਕਾਪੀ ਉੱਤੇ 1231 ਲੋਕ-ਗੀਤ ਉਤਾਰ ਲਏ। ਸਫ਼ਰ ਫਿਰ ਵੀ ਜਾਰੀ, ਅਗਲੀ ਕਾਪੀ ਸ਼ੁਰੂ ਹੋਈ, ਭਰ ਗਈ, ਸਫ਼ਰ ਫਿਰ ਵੀ ਜਾਰੀ।

ਉਹ ਕਹਿੰਦੇ ਇਹ ਗੌਣ ਸਦੀਆਂ ਪੁਰਾਣੇ ਪੰਜਾਬ ਦੇ ਸਮਾਜਿਕ ਇਤਿਹਾਸ ਦੀਆਂ ਬਾਤਾਂ ਪਾਉਂਦੇ ਨੇ। ਜਿਹੜੀ ਦੁੱਖਾਂ ਭਰੀ ਤੇ ਔੜਾਂ ਮਾਰੀ ਜ਼ਿੰਦਗੀ ਪੰਜਾਬ ਦੀ ਔਰਤ ਨੇ ਭੋਗੀ ਹੈ, ਇਹ ਉਸ ਦਾ



ਇਤਿਹਾਸਕ ਦਸਤਾਵੇਜ਼ ਹਨ। ਆਪਣੀ ਵੇਦਨਾ ਨੂੰ ਬਿਆਨ ਕਰਦੇ ਇਨ੍ਹਾਂ ਗੀਤਾਂ ਨੂੰ ਔਰਤ ਨੇ ਖ਼ੁਦ ਸਿਰਜਿਆ ਹੈ। ਜਦੋਂ ਉਹ ਇਨ੍ਹਾਂ ਨੂੰ ਸੁਰ ਵਿਚ ਗਾਉਂਦੀਆਂ ਹਨ ਤਾਂ ਚਾਰੇ ਬੰਨੇ ਸਿਸਕੀਆਂ ਤੇ ਹਉਕੇ ਸੁਣਾਈ ਦਿੰਦੇ ਹਨ।

ਮਾਦਪੁਰੀ ਦਾ ਪਹਿਲਾ ਲੇਖ ਨਵੰਬਰ-ਦਸੰਬਰ 1954 ਦੇ 'ਪੰਜਾਬੀ ਦੁਨੀਆਂ' ਵਿਚ ਛਪਿਆ। ਪਿਆਰਾ ਸਿੰਘ ਪਦਮ ਦਾ ਪਹਿਲਾ ਥਾਪੜਾ ਕੰਧੇ 'ਤੇ ਆਣ ਟਿਕਿਆ। ਉਦੋਂ ਇਸ ਸਿਰੜੀ ਦੀ ਉਮਰ ਮਸਾਂ 20 ਸਾਲ ਦੀ ਸੀ। ਫਿਰ ਇਕ ਗੀਤ ਬਾਰੇ ਤਬਸਰਾ 'ਜਾਗ੍ਰਿਤੀ' ਵਿਚ ਛਪਿਆ। ਦੂਜਾ ਥਾਪੜਾ ਕੁਲਵੰਤ ਸਿੰਘ ਵਿਰਕ ਨੇ ਜਨਵਰੀ 1955 ਵਿਚ ਦਿੱਤਾ। ਇਹੋ ਜਿਹੇ ਥਾਪੜਿਆਂ ਦੀ ਹੱਲਾਸ਼ੇਰੀ ਸਦਕਾ ਤਾਂ ਮਾਦਪੁਰੀ ਫਿਰ ਬਸ ਵਗਦੇ ਪਾਣੀ ਵਾਂਗ ਅੱਗੇ ਹੀ ਅੱਗੇ ਵਧਦਾ ਲੋਕ ਧਾਰਾ ਦਾ ਆਪ ਇੱਕ ਵੱਡਾ ਦਰਿਆ ਹੋ ਨਿੱਬੜਿਆ। ਮਾਦਪੁਰੀ ਨੇ ਪੰਜਾਬ ਦੀਆਂ ਲੋਕ ਕਹਾਣੀਆਂ, ਲੋਕ ਬੁਝਾਰਤਾਂ, ਅਖੌਤਾਂ ਅਤੇ ਲੋਕ ਬੋਲੀਆਂ ਨੂੰ ਪਿੰਡ-ਪਿੰਡ ਜਾ ਕੇ ਇਕੱਤਰ ਕੀਤਾ। ਗਾਉਂਦਾ ਪੰਜਾਬ, ਫੁੱਲਾਂ ਭਰੀ ਚੰਗੇਰ-1979, ਖੰਡ ਮਿਸ਼ਰੀ ਦੀਆਂ ਡਲੀਆਂ-2003, ਲੋਕ ਗੀਤਾਂ ਦੀ ਸਮਾਜਿਕ ਵਿਆਖਿਆ-2003, ਨੈਣੀ ਨੀਂਦ ਨਾ ਆਵੇ-2004, ਕਿੱਕਲੀ ਕਲੀਰ ਦੀ, ਸ਼ਾਵਾ ਨੀ ਬੰਬੀਹਾ ਬੋਲੇ, ਬੋਲੀਆਂ ਦਾ ਪਾਵਾਂ ਬੰਗਲਾ, ਕੱਲਰ ਦੀਵਾ ਮੱਚਦਾ, ਬੁਝਾਰਤਾਂ, ਜ਼ਰੀ ਦਾ ਟੋਟਾ-1957, ਪਰਾਇਆ ਧਨ (ਨਾਟਕ), ਗਾਉਂਦਾ ਪੰਜਾਬ (ਮਾਲਵੇ ਦੇ ਲੋਕ-ਗੀਤ), ਪੰਜਾਬ ਦੀਆਂ ਵਿਰਾਸਤੀ ਖੇਡਾਂ, ਕਿੱਕਲੀ ਕਲੀਰ ਦੀ, ਫੁੱਲਾਂ ਭਰੀ ਚੰਗੇਰ, ਪੰਜਾਬ ਦੇ ਲੋਕ ਨਾਇਕ, ਪੰਜਾਬ ਦੀਆਂ ਲੋਕ ਖੇਡਾਂ, ਬਾਤਾਂ ਦੇਸ ਪੰਜਾਬ ਦੀਆਂ, ਨੈਣਾਂ ਦੇ ਵਣਜਾਰੇ-1962, ਮਹਿਕ ਪੰਜਾਬ ਦੀ: ਪੰਜਾਬ ਦੇ ਜੱਟਾਂ ਦੀ ਲੋਕਧਾਰਾ, ਖੰਡ ਮਿਸ਼ਰੀ ਦੀਆਂ ਡਲੀਆਂ-2003, ਲੋਕ ਗੀਤਾਂ ਦੀਆਂ ਕੂਲ੍ਹਾਂ: ਸ਼ਗਨਾਂ ਦੇ ਗੀਤ, ਲੋਕ ਦੋਹੇ ਤੇ ਮਾਹੀਆ, ਪੰਜਾਬੀ ਸਭਿਆਚਾਰ ਦੀ ਆਰਸੀ (ਸੋਮੇ ਤੇ ਪਰੰਪਰਾ)-2006 ਆਦਿ ਢੇਰ ਸਾਰੀਆਂ ਕਿਤਾਬਾਂ ਪੰਜਾਬੀ ਸਾਹਿਤ ਤੇ ਲੋਕਧਾਰਾ ਦੀ ਝੋਲੀ ਪਾਈਆਂ। ਬਾਲ ਸਾਹਿਤ ਵਿਚ ਜਾਦੂ ਦਾ ਸ਼ੀਸ਼ਾ-1962, ਕੇਸੂ ਦੇ ਫੁੱਲ-1962, ਸੋਨੇ ਦਾ ਬੱਕਰਾ-1962 ਦੇ ਨਾਂ ਜ਼ਿਕਰਯੋਗ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਤੇ ਸਾਹਿਤ ਅਕਾਦਮੀ ਦਿੱਲੀ ਨੇ ਵੀ ਉਸ ਨੂੰ ਵੱਕਾਰੀ ਐਵਾਰਡ ਸਾਹਿਤ ਅਕਾਦਮੀ ਪੁਰਸਕਾਰ 2015 ਦੇ ਕੇ ਮਾਣ ਦਿੱਤਾ। 26 ਅਪਰੈਲ 2020 ਦਾ ਦਿਨ ਪੰਜਾਬੀ ਸਾਹਿਤ ਦੀ ਦੁਨੀਆਂ ਵਿੱਚ ਸੁਖਦੇਵ ਮਾਦਪੁਰੀ ਦਾ ਸਰੀਰਕ ਤੌਰ 'ਤੇ ਆਖਰੀ ਦਿਨ ਸੀ। ਉਸ ਦੀ ਰੂਹ ਪਰਮਾਤਮਾ ਦੇ ਹੁਕਮ ਅਨੁਸਾਰ ਆਪਣੇ ਹਿੱਸੇ ਦੇ ਕਾਰਜ ਨਿਭਾ ਕੇ ਵਾਪਸ ਚਲੀ ਗਈ। ਸੁਖਦੇਵ ਮਾਦਪੁਰੀ ਦਾ ਨਾਂ ਲੋਕਧਾਰਾ ਦੀ ਇੱਕ ਸੰਸਥਾ ਵਜੋਂ ਪੰਜਾਬੀ ਸਾਹਿਤ ਵਿੱਚ ਹਮੇਸ਼ਾ ਜਿਉਂਦਾ ਰਹੇਗਾ।

# ਚੀਸ

*(ਪਿਛਲੇ ਸਫੇ ਦਾ ਬਾਕੀ)*

ਰਾਹ 'ਚ ਠੋਕਰ ਵੱਜਣ ਨਾਲ ਪੈਰ ਵਿਚੋਂ ਖ਼ੂਨ ਵਗ ਪਿਆ। ਗੁਰੂ ਦੀ ਕਿਰਪਾ ਨਾਲ ਮੈਨੂੰ ਦੌੜੇ ਜਾਂਦੇ ਨੂੰ ਕਿਸੇ ਨੇ ਨਹੀਂ ਦੇਖਿਆ। ਪੁਲਿਸ ਘਰ-ਘਰ ਛਾਪੇ ਮਾਰ ਕੇ ਚਲੀ ਗਈ। ਹੁਣ ਮੇਰਾ ਘਰ ਰਹਿਣਾ ਖਤਰੇ ਤੋਂ ਖਾਲੀ ਨਹੀਂ ਸੀ। ਇਸ ਲਈ ਰਾਤੋ-ਰਾਤ ਇਕ ਦੋਸਤ ਦੇ ਨਾਲ ਪਿੰਡੋਂ ਨਿਕਲ ਗਿਆ...।

ਮੈਂ ਹੁਣ ਹਰ ਵਕਤ ਬਦਲਾ ਲੈਣ ਦੀ ਸੋਚਣ ਲੱਗ ਪਿਆ। ਭਾਈ ਜੀ ਮੇਰਾ ਆਦਰਸ਼ ਸਨ। ਉਨ੍ਹਾਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਸਿੰਘਣੀ ਸਤਵੀਰ ਕੌਰ ਨੂੰ ਸਬਕ ਸਿਖਾਉਣ ਅਤੇ ਪੁਲਿਸ ਦੇ ਪਰਿਵਾਰਾਂ ਨੂੰ ਸੋਧਣ ਦੀ ਵਿਉਂਤ ਬਣਾਉਂਦਾ, ਮੁੜ ਹਰਿਮੰਦਰ ਸਾਹਿਬ ਪੁੱਜ ਗਿਆ। ਉਥੇ ਆਪਣੀ ਜਥੇਬੰਦੀ ਦੇ ਮੈਂਬਰਾਂ ਨਾਲ ਮੇਲ-ਮਿਲਾਪ ਕਰ ਕੇ ਹਥਿਆਰ ਪ੍ਰਾਪਤ ਕਰ ਲਏ। ਦੋ ਸਪਾਟਿਆਂ ਨੂੰ ਸੋਧਾ ਲਾ ਦਿੱਤਾ। ਹੈਰਾਨੀ ਇਸ ਗੱਲ ਦੀ ਹੋਈ ਕਿ ਇਨ੍ਹਾਂ ਸਪਾਟਿਆਂ ਨੂੰ ਮਾਰਨ ਦੀ ਜ਼ਿੰਮੇਵਾਰੀ ਕਿਸੇ ਹੋਰ ਜਥੇਬੰਦੀ ਨੇ ਚੁੱਕ ਲਈ...।

ਸਾਡੇ ਜਥੇ ਵਿਚ ਕੁਝ ਹੋਰ ਸਿੰਘ ਭਰਤੀ ਹੋ ਗਏ। ਹੁਣ ਅਸੀਂ ਤਾਰਿਆਂ ਵਾਂਗ ਦਿਨੇ ਛਿਪਦੇ ਤੇ ਰਾਤੀਂ ਜਾਗਦੇ। ਬਲੈਕ ਕੈਟਾਂ ਨੇ ਇਕ ਨਵੇਂ ਵਿਆਹੇ ਹਿੰਦੂ ਫੌਜੀ ਨੂੰ ਉਹਦੀ ਵਹੁਟੀ ਸਮੇਤ ਬੱਸ 'ਚੋਂ ਲਾਹ ਕੇ ਮਾਰਿਆ। ਅਗਲੇ ਦਿਨ ਅਖ਼ਬਾਰਾਂ ਵਿਚ 'ਬੱਸ ਕਾਂਡ' ਦਾ ਦੋਸ਼ ਇਕ ਹੋਰ ਖਾੜਕੂ ਜਥੇਬੰਦੀ ਨੇ ਆਪਣੇ ਸਿਰ ਲੈ ਲਿਆ...।

ਪੁਲਿਸ ਸਾਡੇ ਪ੍ਰਧਾਨ ਦੇ ਪਰਿਵਾਰ ਨੂੰ ਚੁੱਕ ਕੇ ਲੈ ਗਈ। ਉਹਦੀ ਨਵ-ਜਨਮੀ ਬੱਚੀ ਨੂੰ ਭੁੱਖੀ-ਪਿਆਸੀ ਰੱਖਿਆ। 'ਕੀੜਿਆਂ ਦੇ ਭੌਣ' 'ਤੇ ਸੁੱਟ ਕੇ ਤੜਫ਼ਾਇਆ। ਪ੍ਰਧਾਨ ਦੀ ਸਿੰਘਣੀ ਦੀ ਅਸਮਤ ਲੀਰੋ-ਲੀਰ ਕੀਤੀ। ਇਸਦੇ ਬਦਲੇ ਵਿਚ ਸਾਡੀ ਜਥੇਬੰਦੀ ਨੇ ਸੰਗਰੂਰ ਦਾ ਡੀ.ਐਸ.ਪੀ ਗੱਡੀ ਚਾੜ੍ਹਿਆ। ਉੱਪਰਲੀ ਲੀਡਰਸ਼ਿਪ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਭੋਗਪੁਰ ਦੇ ਥਾਣੇਦਾਰ ਦਾ ਸਾਰਾ ਪਰਿਵਾਰ ਰਾੜ੍ਹ ਦਿੱਤਾ। ਇਕ ਨਵੀਂ ਖੇਡ ਸ਼ੁਰੂ ਹੋ ਗਈ। ਪੁਲਿਸ ਸਾਡਾ ਇਕ ਸ਼ਹੀਦ ਕਰਦੀ ਤੇ ਦੂਜੇ ਦਿਨ ਬਦਲੇ 'ਚ ਅਸੀਂ ਉਨ੍ਹਾਂ ਦੇ ਦੋ ਗੱਡੀ ਚਾੜ੍ਹ ਦਿੰਦੇ...।

ਸਾਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ ਪੁਲਿਸ ਨੇ ਕੁਝ ਬਲੈਕ ਕੈਟਾਂ ਨੂੰ ਸਾਡੀ ਜਥੇਬੰਦੀ ਵਿਚ ਸ਼ਾਮਿਲ ਕਰ ਦਿੱਤਾ। ਸਰਕਾਰੀ ਟੁੱਕਰ ਬੋਚਾਂ ਨੇ ਬੜੀ ਹੁਸ਼ਿਆਰੀ ਨਾਲ ਸਾਡੇ ਸਭ ਟਿਕਾਣਿਆਂ ਦੀ ਸੂਹ ਲਗਾ ਲਈ। ਸਾਨੂੰ ਬਦਨਾਮ ਕਰਨ ਲਈ ਪਿੰਡਾਂ ਵਿਚ ਰਾਤਾਂ ਨੂੰ ਲੋਕਾਂ ਦੇ ਘਰਾਂ ਵਿਚ ਜ਼ਬਰਦਸਤੀ ਡਰਾ-ਧਮਕਾ ਕੇ ਰੋਟੀਆਂ ਖਾਣ ਅਤੇ ਧੀਆਂ ਭੈਣਾਂ ਨਾਲ ਜਬਰ-ਜਨਾਹ ਕਰਨਾ ਸ਼ੁਰੂ ਕੀਤਾ। ਮੈਨੂੰ ਇਸਦਾ ਇਲਮ ਉਦੋਂ ਹੋਇਆ ਜਦ ਇਕ 'ਕਾਲੀ ਭੇਡ' ਵਲੋਂ ਸੂਹ ਦੇਣ 'ਤੇ ਪੁਲਿਸ ਮੈਨੂੰ ਪਿੰਡ ਰਾਜਪੁਰ ਗਹੋਤ ਦੀ ਇਕ ਮੋਟਰ ਤੋਂ ਚੁੱਕਣ ਆ ਗਈ। ਉਸ ਰਾਤ ਮੈਂ ਵਾਹੋ-ਦਾਹ ਖੇਤਾਂ ਵਿਚੀਂ ਦੌੜਦਾ ਪਿੰਡ 'ਕੰਗ ਮਾਈ' ਦੇ ਗੁਰਦਵਾਰੇ ਪਨਾਹ ਲੈ ਕੇ ਬਚਿਆ। ਓਧਰ ਪੁਲਿਸ ਨੇ ਮੇਰੇ ਭੁਲੇਖੇ ਇਕ ਖੇਤ ਵਿਚ ਗੋਲੀਆਂ ਚਲਾ ਕੇ ਰਾਤ ਖੇਤਾਂ ਨੂੰ ਪਾਣੀ ਲਾ ਰਹੇ ਇਕ ਗਰੀਬ ਕਿਸਾਨ ਨੂੰ ਮਾਰ ਮੁਕਾਇਆ। ਉਹ ਤਿੰਨ ਧੀਆਂ ਦਾ ਬਾਪ ਸੀ...।

ਅਗਲੇ ਦਿਨ ਥਾਣੇਦਾਰ ਨੇ ਆਪਣੀ ਫ਼ੀਤੀ ਵੱਡੀ ਕਰਵਾਉਣ ਲਈ ਇਕ ਖਤਰਨਾਕ ਅੱਤਵਾਦੀ 'ਕਿਹਰ ਸਿੰਘ' ਦੇ ਮਾਰੇ ਜਾਣ ਦਾ ਐਲਾਨ ਕਰ ਦਿੱਤਾ। ਆਪਣੀ ਤਰੱਕੀ ਦਾ ਅਗਾਊਂ ਜਸ਼ਨ ਮਨਾਉਂਦੇ ਫੋਕੇ ਫਾਇਰ ਕੀਤੇ। ਇਹ ਚਰਚਾ ਮੈਂ ਗੁਰੂ ਘਰ ਵਿਚ ਹੀ ਸੁਣੀਂ।

ਕਵੀ ਦਰਬਾਰ ਸਮਾਪਤ ਹੋ ਗਿਐ। ਅਮਰੀਕਾ ਵਿਚ ਸੂਰਜ ਸਿਖਰ 'ਤੇ ਆ ਗਿਆ। ਘੜੀ 'ਤੇ ਬਾਰਾਂ ਵਜ ਰਹੇ ਨੇ। ਮੇਰੀ ਸੋਚ ਦੀ ਘੜੀ ਵੀ ਟਿੱਕ-ਟਿੱਕ ਕਰਦੀ ਮੁੜ ਇੰਡੀਆ ਪਹੁੰਚ ਗਈ ਆ। ਓਥੇ ਤਾਂ ਅੱਧੀ ਰਾਤ ਹੋਣ ਵਾਲੀ ਹੋਊ, ਸਭ ਸੁੱਤੇ ਪਏ ਹੋਣਗੇ, ...। ਉਸ ਦਿਨ ਵੀ ਤਾਂ ਅੱਧੀ ਰਾਤ ਨੂੰ ਹੀ ਆਪਣੇ ਇਕ ਸਾਥੀ ਨਾਲ ਦਸੂਹੇ ਪਹੁੰਚ ਕੇ ਸਤਵੀਰ ਕੌਰ ਦਾ ਘੋਗਾ ਚਿੱਤ ਕਰ ਕੇ ਲੋਅ ਲੱਗਣ ਤੋਂ ਪਹਿਲਾਂ ਹਰਮਿੰਦਰ ਸਾਹਿਬ ਪਹੁੰਚ ਗਿਆ ਸੀ...।

ਅਗਲੇ ਦਿਨ 'ਭਾਈ ਹਰਦੇਵ ਸਿੰਘ ਦੀ ਸਾਥਣ ਗਰਭ ਵਿਚ ਪਲ਼ ਰਹੇ ਬੱਚੇ ਸਮੇਤ ਪੁਲਿਸ ਮੁਕਾਬਲੇ ਵਿਚ ਹਲਾਕ' ਖ਼ਬਰ ਪੜ੍ਹਦੇ ਹੀ ਮੇਰੇ ਦਿਮਾਗ ਦਾ ਅਨਾਰ ਚੱਲ ਗਿਆ। ਉਨ੍ਹਾਂ ਦੇ ਦੁੱਧ-ਚਿੱਟੇ ਆਚਰਣ 'ਤੇ ਲੱਗੇ ਧੱਬੇ ਦੀ ਖ਼ਬਰ ਸੀਨੇ 'ਚ ਛੇਕ ਕਰ ਗਈ। ਮੈਂ ਝੁੰਜਲਾ ਕੇ ਭਾਈ ਬਲਦੇਵ ਸਿੰਘ ਨੂੰ ਪੁੱਛਿਆ, "ਭਾਈ ਹਰਦੇਵ ਸਿੰਘ ਤਾਂ ਉਹਨੂੰ ਭੈਣ ਕਹਿੰਦੇ ਸੀ...?"

"ਹਾਂ ਪਰ ਗੱਲ ਤਾਂ ਸੱਚੀ ਆ, ਭਾਈ ਗੁਰਜੋਤ ਸਿਆਂ...।"

"ਹੈਂ! ਪੰਥ ਦੀ ਖਾਤਿਰ ਸਰਕਾਰੀ ਨੌਕਰੀ ਨੂੰ ਲੱਤ ਮਾਰਨ ਆਲਾ ਭਾਈ ਹਰਦੇਵ ਸਿੰਘ ਕੋਈ ਮਰਿਯਾਦਾ ਕਿਮੇ ਭੰਗ ਕਰ ਸਕਦਾ? ਝੂਠ ਕਿੱਦਾਂ ਬੋਲ ਸਕਦਾ...?"

ਮੇਰੀ ਸੁਣਨ ਅਤੇ ਸਹਿਣ ਸ਼ਕਤੀ ਖ਼ਤਮ ਹੋ ਗਈ...।

ਕਈ ਦਿਨਾਂ ਦੀ ਲੁਕਣ-ਮੀਟੀ ਤੋਂ ਬਾਅਦ ਇਕ ਰਾਤ ਆਪਣੇ ਘਰ ਪਹੁੰਚਾ। ਭਾਪਾ ਜੀ ਜਾਨ ਤਲੀ 'ਤੇ ਧਰ ਕੇ ਇਕ ਦੋਸਤ ਦੇ ਟਰੱਕ ਦੇ ਮਾਲ ਵਿਚ ਬਿਠਾ, ਮੈਨੂੰ ਆਪਣੇ ਜਿਗਰੀ ਯਾਰ ਤਰਸੇਮ ਸਿੰਘ ਕੋਲ ਹਿਮਾਚਲ ਦੇ ਪਿੰਡ 'ਡਮਟਾਲ' ਛੱਡ ਕੇ ਆਏ। ਉਸ ਤੋਂ ਬਾਅਦ ਆਪਣੇ ਇਕ ਹੋਰ ਮਿੱਤਰ ਹਜ਼ੂਰਾ ਸਿੰਘ ਰਾਹੀਂ, ਇਕ ਏਜੰਟ ਨਾਲ ਗੰਢ-ਤੁੱਪ ਕੀਤੀ। ਇਸ ਏਜੰਟ ਨੇ ਸਾਡੀ ਲਹਿਰ ਨਾਲ ਜੁੜੇ ਪੰਜ-ਸੱਤ ਮੁੰਡੇ ਅਮਰੀਕਾ ਭੇਜੇ ਸਨ...।

ਅੱਜ ਅਮਰੀਕਾ ਵਿਚ ਹੀ ਟੀ ਵੀ 'ਤੇ ਕਵੀ ਦਰਬਾਰ ਤੋਂ ਬਾਅਦ 'ਸਾਕਾ ਨੀਲਾ ਤਾਰਾ' ਡਾਕੂਮੈਂਟਰੀ ਫਿਲਮ ਦਿਖਾਈ ਜਾ ਰਹੀ ਹੈ। ਸਕਰੀਨ 'ਤੇ ਲੱਥ-ਪੱਥ ਲਾਸ਼ਾਂ ਦੇਖ ਕੇ ਮੇਰੀਆਂ ਅੱਖਾਂ ਉੱਛਲ ਪਈਆਂ ਨੇ। ਮਨ ਢਹਿੰਦਾ ਜਾ ਰਿਹਾ...। ਮੈਨੂੰ ਯਾਦ ਆ ਰਿਹੈ, ਭਾਪਾ ਜੀ ਮੈਨੂੰ ਕੁਝ ਦਿਨਾਂ ਬਾਅਦ ਮੁੰਬਈ ਤੋਂ ਜਹਾਜ਼ ਚੜ੍ਹਾ ਕੇ ਅਮਰੀਕਾ ਭੇਜਣ ਵਿਚ ਕਾਮਯਾਬ ਹੋ ਗਏ। ਰਾਹ ਵਿਚ ਵਾਪਸ ਜਾਂਦਿਆਂ ਨੂੰ ਪੁਲਿਸ ਨੇ ਚੁੱਕ ਲਿਆ। ਉਨ੍ਹਾਂ ਦੇ ਕੇਸ ਕਤਲ ਕੀਤੇ। ਤਸੀਹੇ ਦੇ ਕੇ 'ਅੱਧਮੋਏ' ਕਰ ਦਿੱਤਾ। ਬੀਬੀ ਰੋ-ਰੋ ਕੇ 'ਲਾਸ਼' ਬਣ ਗਈ। ਇਨ੍ਹਾਂ ਦਿਨਾਂ ਵਿਚ ਮੇਰੀ ਹਾਲਤ ਵੀ ਤਾਂ 'ਲਾਸ਼' ਤੋਂ ਘੱਟ ਨਹੀਂ ਸੀ। ਅਮਰੀਕਾ ਆਉਂਦੇ ਹੀ ਮੈਂ ਆਪਣੇ ਫੁੱਫੜ ਦੇ ਚਾਚੇ ਕੋਲ ਰਿਹਾ। ਸਿਰ ਝਟਕਦਾ ਹਾਂ ਪਰ ਸੋਚਾਂ ਪਿੱਛਾ ਨਹੀਂ ਛੱਡ ਰਹੀਆਂ...।

ਸਾਡੀ ਜਥੇਬੰਦੀ ਵਿਚ 'ਅਸਲੀ' ਅਤੇ 'ਨਕਲੀ' ਦੀ ਪਛਾਣ ਕਰਨੀ ਹੀ ਔਖੀ ਹੋ ਗਈ ਸੀ। ਭਾਈ ਹਰਦੇਵ ਸਿੰਘ ਤੇ ਸਿੰਘਣੀ ਸਤਵੀਰ ਕੌਰ ਵਾਲੀ ਖ਼ਬਰ ਨੇ ਮੇਰੇ ਦਿਲ 'ਚ ਬੇਯਕੀਨੀ ਦਾ ਨਸ਼ਤਰ ਚੋਭ ਦਿੱਤਾ ਸੀ...।

ਇਕ ਘਿਨਾਉਣੀ ਸਾਜ਼ਿਸ਼ ਤਹਿਤ ਪੰਜਾਬ ਪੁਲਿਸ ਨੇ ਕੁਝ ਕਾਲੀਆਂ ਭੇਡਾਂ ਸਾਡੀ ਜਥੇਬੰਦੀ 'ਚ ਸ਼ਾਮਿਲ ਕਰ ਦਿੱਤੀਆਂ। ਸਾਡੀ ਜਥੇਬੰਦੀ ਵਿਚੋਂ ਕੁਝ ਮੌਕਾ-ਪ੍ਰਸਤ ਲੋਕ, ਪੁਲਿਸ ਨਾਲ ਜਾ ਮਿਲੇ। 'ਕਾਲੀਆਂ ਭੇਡਾਂ' ਵਾਲੀ ਕੁਹਝੀ ਸਿਆਸਤ ਨਾਲ, ਮੇਰੇ ਉਤਸ਼ਾਹ ਦਾ ਦੀਵਾ ਗੁੱਲ ਹੋਇਆ, ਵਿਸ਼ਵਾਸ ਟੁੱਟਾ, ਜੋਸ਼ ਨੇ ਦਮ ਤੋੜਿਆ ਤੇ ਰੂਹ ਵਲੂੰਧਰੀ ਗਈ। ਇਹੋ ਕਾਰਨ ਏ ਕਿ ਮੈਂ ਅੱਜ ਇਸ ਕਵੀ ਦਰਬਾਰ ਵਿਚ ਸ਼ਾਮਿਲ ਨਹੀਂ। ਸਿਰ ਫੜ ਕੇ ਬਹਿ ਗਿਆ ਹਾਂ...।

ਸਾਹਮਣੇ ਟੀ ਵੀ 'ਤੇ ਖ਼ੂਨ ਨਾਲ ਲਾਲ ਹੋਇਆ ਸਰੋਵਰ ਅਤੇ ਢਹਿ ਢੇਰੀ ਹੋ ਰਿਹਾ ਅਕਾਲ ਤਖ਼ਤ ਦੇਖ ਕੇ ਆਪੇ ਤੋਂ ਬਾਹਰ ਹੁੰਦਾ ਜਾ ਰਿਹਾਂ। ਮੈਂ ਤਾਂ 'ਜੈਂਟ ਲੈਗ' 'ਚੋਂ ਬਾਹਰ ਨਿਕਲਣ ਤੇ ਛੁੱਟੀ ਮਨਾਉਣ ਲਈ ਬੈਠਾ ਸੀ। ਏਥੇ ਤਾਂ ਘਬਰਾਹਟ ਹੋ ਰਹੀ...। ਟੀ ਵੀ ਬੰਦ ਕਰਕੇ 'ਮਰੀਨਾ ਪਾਰਕ' ਵੱਲ ਆ ਗਿਆ ਹਾਂ। ਜਦੋਂ ਵੀ ਮਨ ਉਦਾਸ ਹੁੰਦੈ, ਅਕਸਰ ਹੀ ਇਥੇ ਆ ਜਾਂਦਾ ਹਾਂ। ਝੀਲ ਦੇ ਕਿਨਾਰੇ ਬੈਠ ਆਪਣੀ ਰੂਹ 'ਤੇ ਸ਼ਾਂਤੀ ਦੇ ਫੈਹੇ ਰੱਖਣਾ ਮੇਰੀ ਆਦਤ ਬਣ ਗਈ ਹੈ। ਐਤਵਾਰ ਹੋਣ ਕਰਕੇ ਪਾਰਕ ਵਿਚ ਕਾਫ਼ੀ ਚਹਿਲ-ਪਹਿਲ ਹੈ। ਲੋਕ ਥਾਂ-ਥਾਂ 'ਤੇ ਬਾਰਬਿਕਿਊ ਕਰ ਰਹੇ ਨੇ। ਬੱਚੇ ਪਾਣੀ ਦੀਆਂ ਸਲਾਈਡਾਂ 'ਤੇ ਖੇਡ ਰਹੇ ਨੇ। ਕਿਲਕਾਰੀਆਂ ਵੱਜ ਰਹੀਆਂ। ਬੱਤਖਾਂ ਦੇ ਝੁੰਡ ਤੈਰ ਰਹੇ ਆ। ਮੈਂ ਆਸੇ ਪਾਸੇ ਦੇਖਦਾ ਸਿੱਧਾ ਤੁਰਿਆ ਜਾ ਰਿਹਾਂ।

"ਸਤਿ ਸ੍ਰੀ ਅਕਾਲ ਸਰਦਾਰ ਜੀ! ਕੀ ਹਾਲ ਆ? ਗੁਰੂ ਘਰ ਤਾਂ ਹਰ ਐਤਵਾਰ ਦੂਰੋਂ ਫਤਿਹ ਬੁਲਾ ਕੇ ਚਲੇ ਜਾਂਦੇ ਓ? ਪਿਛਲੇ ਮਹੀਨੇ ਤੋਂ ਦਰਸ਼ਨ ਨ੍ਹੀਂ ਹੋਏ?" ਮੇਰੇ ਵੱਲ ਤੱਕਦੇ ਹੋਏ ਬੈਂਚ 'ਤੇ ਬੈਠੇ ਇਕ ਪੰਜਾਬੀ ਜੋੜੇ ਨੇ ਮੈਨੂੰ ਬੁਲਾਇਆ ਹੈ।

"ਸਤਿ ਸ੍ਰੀ ਅਕਾਲ ਜੀ! ਹਾਂਜੀ-ਹਾਂਜੀ। ਮੈਂ ਇੰਡੀਆ ਗਿਆ ਸੀ। ਹੋਰ ਸੁਣਾਓ? ਕਿਮੇ ਓ, ਛੁੱਟੀ ਮਨਾਈ ਜਾ ਰਹ੍ਹੀ?"

ਅਮਰੀਕਾ 'ਚ ਆਪਣੀ ਬੋਲੀ ਦੀ ਸਾਂਝ ਪੈਂਦੇ ਹੀ ਮੈਂ ਚੜ੍ਹਦੀ ਕਲਾ ਵਿਚ ਆ ਗਿਆ ਹਾਂ।

"ਹਾਂ ਜੀ ਹਾਂ! ਮੈਂ ਹਰਬਖ਼ਸ਼ ਸਿੰਘ ਬੈਂਸ ਤੇ ਇਹ ਮੇਰੀ ਧਰਮ ਪਤਨੀ ਇੰਦਰਜੀਤ ਕੌਰ ਬੈਂਸ। ਸੈਰ ਕਰਦੇ ਥੱਕ ਗਏ ਸੀ, ਘੜੀ ਬਹਿ ਗਏ। ਆ ਜਾਓ ਤੁਸੀਂ ਵੀ ਬੈਠੋ ਥੋੜ੍ਹੀ ਦੇਰ। ਪੰਜਾਬ ਜਾ ਕੇ ਆਏ ਓ। ਸੁਣਾਓ ਪੰਜਾਬ ਦਾ ਹਾਲ-ਚਾਲ?"

"ਜੀ ਮੈਂ ਗੁਰਜੋਤ ਸਿੰਘ!" ਅਦਬ ਨਾਲ ਆਖਦੇ ਹੋਏ, ਬੈਂਚ 'ਤੇ ਬੈਠ ਗਿਆ ਹਾਂ।

"ਅੱਛਾ ਗੁਰਜੋਤ ਸਿੰਘ ਜੀ। ਤੁਆਡੇ ਵੱਲ ਦੇਖ ਕੇ ਮੈਨੂੰ ਏਦਾਂ ਲੱਗਦਾ ਰਹਿੰਦਾ ਪਈ ਤੁਆਨੂੰ ਕਿਤੇ ਦੇਖਿਆ ਹੋਇਆ ਤੇ ਜਾਂ ਤੁਆਡਾ ਮੁਹਾਂਦਰਾ ਮੇਰੇ ਕਿਸੇ ਜਾਣਕਾਰ ਨਾਲ ਮਿਲਦਾ? ਮੈਂ ਹਰ ਵਾਰ ਪੁੱਛਣ-ਪੁੱਛਣ ਕਰਦਾ ਰਿਹਾ ਪਰ ਮੌਕਾ ਅੱਜ ਮਿਲਿਆ। ਪੰਜਾਬ 'ਚ ਕਿੱਥੋਂ?"

"ਜੀ ਹਸ਼ਿਆਰਪੁਰ ਜ਼ਿਲ੍ਹੇ ਤੋਂ ਤੇ ਤੁਸੀਂ?"

"ਹੱਦ ਹੋ ਗਈ ਅਸੀਂ ਵੀ ਹੁਸ਼ਿਆਰਪੁਰੋਂ। ਮੈਂ ਬੈਂਕ ਮੈਨੇਜਰ ਸੀ ਤੇ ਮੈਡਮ ਪਿਛਲੇ ਸਾਲ ਈ ਪ੍ਰਿੰਸੀਪਲ ਸੇਵਾ ਮੁਕਤ ਹੋਏ ਆ। ਹੁਣ ਏਥੇ ਦੋਹਤੇ ਦੀ ਬੇਬੀ ਸਿਟਿੰਗ ਕਰਦੇ ਆਂ ਪਰ ਵੀਕੈਂਡ 'ਤੇ ਸਾਨੂੰ ਛੁੱਟੀ ਮਿਲ ਜਾਂਦੀ। ਹਾ-ਹਾ-ਹਾ...। "

"ਗੁਰਜੋਤ ਸਿੰਘ ਬੇਟਾ! ਏਥੇ ਤੁਸੀਂ ਕਿੱਥੇ ਕੁ ਰਹਿੰਦੇ ਓ?"

"ਆਂਟੀ ਜੀ! ਆਹ ਨਮੇ ਬਣੇ ਘਰਾਂ ਦੇ ਪਿਛਲੇ ਪਾਸੇ ਐਲਮਾ ਸਟਰੀਟ 'ਤੇ ਰਹਿੰਨਾ। ਮੈਨੂੰ ਆਏ ਨੂੰ ਤਾਂ ਵੀਹ ਸਾਲ ਤੋਂ ਵੱਧ ਹੋ ਗਏ। 'ਯੂ ਪੀ ਐਸ' ਕੰਪਨੀ 'ਚ ਡਲਿਵਰੀ ਦਾ ਕੰਮ ਕਰਦਾਂ। ਸਰਦਾਰਨੀ ਗੈਸ ਸਟੇਸ਼ਨ 'ਤੇ ਮੈਨੇਜਰ ਆ। ਮੇਰੀ ਅੱਜ ਛੁੱਟੀ ਸੀ। 'ਜੈਂਟ ਲੈਗ' 'ਚੋਂ ਬਾਹਰ ਨਿਕਲਣਾ ਚਾਹੁੰਦਾ ਸੀ। ਘਰ 'ਕੱਲਾ ਬੈਠਾ ਬੋਰ ਹੁੰਦਾ, ਏਧਰ ਆ ਗਿਆ।"

"ਬਹੁਤ ਚੰਗਾ ਕੀਤਾ। ਅਸੀਂ ਵੀ ਅੱਜ ਗੁਰੂ ਘਰ ਗਏ ਸੀ। 'ਤੀਜਾ ਘੱਲੂਘਾਰਾ ਦਿਵਸ' ਏ ਨਾ। ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਰ੍ਹੇ ਲੱਗ ਰਏ੍ਹ ਸੀ। ਤਕਰੀਰਾਂ ਹੋ ਰਹ੍ਹੀਆਂ ਸੀ। ਤੇਰੀ ਆਂਟੀ ਬਹੁਤ ਉਦਾਸ ਹੋ ਗਈ। ਅਸੀਂ ਲੰਗਰ ਛਕੇ ਬਿਨਾਂ ਈ ਆ ਗਏ...।"

"ਕਿਉਂ ਕੀ ਗੱਲ ਆਂਟੀ ਜੀ? ਤੁਸੀਂ ਕਿਹੜੀ ਗੱਲੋਂ ਉਦਾਸ ਹੋ ਗਏ?"

"ਗੁਰਜੋਤ! ਉਹ ਤਾਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਰ੍ਹੇ ਲਾ ਰਹੇ ਸਨ ਪਰ ਕਿਸੇ ਮੇਰੇ ਵਰਗੇ ਨੂੰ ਪੁੱਛ ਕੇ ਦੇਖਣ ਸੰਨ ਸੰਤਾਲੀ ਵੇਲੇ ਘਰ ਦੇ ਦੋ ਜੀਅ ਗੁਆ ਲਏ। ਸਾਡੀ ਮਾਸੀ ਹੱਲਿਆਂ ਵੇਲੇ ਓਧਰ ਰਹਿ ਗਈ ਤੇ ਅਸੀਂ ਏਧਰ ਆ ਗਏ। ਸਾਡੇ ਵਡੇਰਿਆਂ ਦੀਆਂ ਸਾਰੀ ਉਮਰ ਅੱਖਾਂ ਨਾ ਸੁੱਕੀਆਂ। ਫੇਰ ਚੌਰਾਸੀ ਦੇ ਕਤਲੇਆਮ ਵੇਲੇ ਤਾਂ ਅਤਿਵਾਦ ਦੇ ਟਕੂਏ ਨੇ ਸਾਡੀਆਂ ਆਂਦਰਾਂ ਈ ਵੱਢ ਧਰੀਆਂ। ਦਸ ਸਾਲ ਛੋਟੀ ਮੇਰੀ ਭੈਣ ਭੋਗਪੁਰ ਵਿਆਹੀ ਸੀ...। ਪ੍ਰਾਹੁਣਾ ਪੁਲਿਸ 'ਚ ਨਵਾਂ-ਨਵਾਂ ਥਾਣੇਦਾਰ ਭਰਤੀ ਹੋਇਆ। ਮਸਾਂ ਮਹੀਨਾ ਹੋਇਆ ਸੀ ਵਿਆਹ ਨੂੰ। ਬਾਹਾਂ ਦਾ ਚੂੜਾ ਵੀ ਨ੍ਹੀਂ ਸੀ ਵਧਾਇਆ। ਅਤਿਵਾਦੀਆਂ ਨੇ ਦਿਨੇ-ਦਿਹਾੜੇ ਹਮਲਾ ਕੀਤਾ। ਮੇਰੀ ਭੈਣ, ਉਹਦੇ ਸੱਸ-ਸਹੁਰਾ, ਦੋ ਦਿਓਰ, ਇਕ ਨਣਾਨ ਗੋਲੀਆਂ 'ਨਾ ਭੁੰਨ ਸੁੱਟੇ। ਅਸੀਂ ਇਕੋ ਵੇਲੇ ਏਨ੍ਹਾਂ ਹੱਥਾਂ 'ਨਾ ਏਨੀਆਂ ਅਰਥੀਆਂ ਦਾ ਭਾਰ ਕਿੱਦਾਂ ਢੋਇਆ? ਕੋਈ ਪੁੱਛ ਕੇ ਤਾਂ ਦੇਖੇ...? ਉਨ੍ਹਾਂ ਦੇ ਬਲ਼ਦੇ ਸਿਵੇ ਏਦਾਂ ਲੱਗਦੇ ਸੀ ਜਿੱਦਾਂ ਸਾਰਾ ਪੰਜਾਬ ਸੜ ਰਿਹਾ ਹੋਵੇ। ਕੀ ਕਸੂਰ ਸੀ ਉਨ੍ਹਾਂ ਦਾ? ਇਹੋ ਕਿ ਉਹ ਪੁਲਿਸ ਵਾਲੇ ਦੇ ਰਿਸ਼ਤੇਦਾਰ ਸੀ? ਬੱਸ ਜਦ ਚੇਤੇ ਆਉਂਦਾ ਨਾ, ਰੋ-ਰੋ ਕੇ ਅੱਖਾਂ ਅੰਨ੍ਹੀਆਂ ਕਰ ਲੈਨੀ ਆਂ...ਸਾਨੂੰ ਨ੍ਹੀਂ ਚਾਹ੍ਹੀਦਾ ਮੁੜ ਉਹ ਖ਼ੂਨ-ਖ਼ਰਾਬਾ...ਨਹ੍ਹੀਂ ਚਾਹ੍ਹੀਦਾ ਕੋਈ ਹੋਰ ਬਟਵਾਰਾ... ਕੀ ਕਰਨਾ ਅਸੀਂ ਇਕ ਹੋਰ...?"

ਮੈਂ ਆਂਟੀ ਨੂੰ ਦਿਲਾਸਾ ਦੇਣ ਲਈ ਮੂੰਹ ਖੋਲ੍ਹਿਆ ਪਰ ਮੇਰੀ ਜੀਭ ਟੁੱਕੀ ਗਈ ...। ਮੈਨੂੰ ਯਾਦ ਆਇਆ ਭੋਗਪੁਰ ਵਾਲੇ ਥਾਣੇਦਾਰ ਦੇ ਘਰ ਤਾਂ ਸੱਥਰ ਅਸੀਂ ਹੀ ਵਿਛਾਇਆ ਸੀ। ਪੁਲਿਸ ਦੀ ਇੰਟੈਲੀਜੈਂਸੀ ਦਾ ਅਫ਼ਸਰ ਸਾਡੀ ਉੱਪਰਲੀ ਲੀਡਰਸ਼ਿਪ ਦੇ ਸੰਪਰਕ ਵਿਚ ਸੀ। ਉਹ ਸਾਡੀ ਜਥੇਬੰਦੀ ਨੂੰ ਹਥਿਆਰ ਸਪਲਾਈ ਕਰਦਾ ਸੀ। ਉਹਦੇ ਕਹਿਣ 'ਤੇ ਅਸੀਂ ਇਹ ਟੱਬਰ ਬੇਰਹਿਮੀ ਨਾਲ ਭੁੰਨਿਆਂ। ਇਹ ਹੁਕਮ ਤਾਂ ਉੱਪਰੋਂ ਹੀ ਆਇਆ ਸੀ...।

ਕੈਲੀਫੋਰਨੀਆ ਆ ਕੇ ਪਤਾ ਲੱਗਿਆ ਕਿ ਉਹ ਅਫ਼ਸਰ ਸਰਕਾਰ ਲਈ ਵੀ ਕੰਮ ਕਰ ਰਿਹਾ ਸੀ ਤੇ ਸਾਡੇ ਲਈ ਵੀ...। ਉਸਦੇ ਦੋਵੀਂ ਹੱਥੀਂ ਲੱਡੂ ਸਨ। ਕਈ ਵਾਰੀ ਪੁਲਿਸ ਕੋਲੋਂ ਸਾਡੇ ਸਿੰਘ ਸ਼ਹੀਦ ਕਰਵਾ ਦਿੰਦਾ ਤੇ ਕਈ ਵਾਰੀ ਸਾਡੇ ਕੋਲੋਂ ਪੁਲਿਸ ਵਾਲਿਆਂ ਦੀਆਂ ਲਾਸ਼ਾਂ ਵਿਛਵਾ ਦਿੰਦਾ...।

'ਓਹ ਰੱਬਾ! ਦੁਨੀਆਂ ਕਿੰਨੀ ਬੇਈਮਾਨ ਹੋ ਗਈ। ਦੀਨ-ਧਰਮ ਤਾਂ ਕਿਤੇ ਖੰਭ ਲਾ ਕੇ ਉਡ ਗਿਆ...।' ਮੇਰੇ ਪੈਰ ਧਰਤੀ ਤੋਂ ਚੁੱਕ ਹੋ ਗਏ ਨੇ। ਮੇਰੀਆਂ ਅੱਖਾਂ ਅੱਗੇ ਕਿੰਨਾ ਕੁਝ ਘੁੰਮ ਗਿਐ: ਅਕਾਲ ਤਖਤ ਦੀ ਛਲਣੀ ਹੋਈ ਇਮਾਰਤ, ਖ਼ੂਨ ਨਾਲ ਲਾਲ ਹੋਇਆ ਸਰੋਵਰ, ਭਾਈ ਹਰਦੇਵ ਸਿੰਘ, ਹਿੰਦੂ ਫੌਜੀ ਤੇ ਉਹਦੀ ਵਹੁਟੀ, ਪ੍ਰਧਾਨ ਦੀ ਸਿੰਘਣੀ ਤੇ ਬੱਚੀ, ਬੱਸ ਕਾਂਡ, ਡੀ. ਐਸ.ਪੀ, ਸਿੰਘਣੀ ਸਤਵੀਰ ਕੌਰ, ਭੋਗਪੁਰ ਵਾਲੇ ਥਾਣੇਦਾਰ ਦਾ ਪਰਿਵਾਰ, ਅੱਧਮੋਏ ਭਾਪਾ ਜੀ ਤੇ ਸੁੱਕ ਕੇ ਲਾਸ਼ ਬਣੀ ਬੀਬੀ...। ਬੇਚੈਨੀ ਦੀ ਅਵਸਥਾ ਵਿਚ ਗੁਰੂ ਫਤਿਹ ਬੁਲਾ ਕੇ ਲੱਤਾਂ ਘੜੀਸਦਾ ਘਰ ਵੱਲ ਤੁਰ ਪਿਆ ਹਾਂ। ਇੰਦਰਜੀਤ ਕੌਰ ਬੈਂਸ ਦੇ ਸਵਾਲ ਮੇਰੇ ਦਿਮਾਗ ਵਿਚ ਏ.ਕੇ ਸੰਤਾਲੀ ਦੀਆਂ ਗੋਲੀਆਂ ਵਾਂਗ ਵੱਜ ਰਹੇ ਨੇ, "ਕੀ ਕਸੂਰ ਸੀ ਉਨ੍ਹਾਂ ਦਾ? ਇਹੋ ਕਿ ਪੁਲਿਸ ਵਾਲੇ ਦੇ ਰਿਸ਼ਤੇਦਾਰ ਸੀ? ਸਾਨੂੰ ਨ੍ਹੀਂ ਚਾਹ੍ਹੀਦਾ ਮੁੜ ਉਹ ਖ਼ੂਨ-ਖ਼ਰਾਬਾ...ਨਹ੍ਹੀਂ ਚਾਹ੍ਹੀਦਾ ਕੋਈ ਹੋਰ ਬਟਵਾਰਾ...ਕੀ ਕਰਨਾ ਅਸੀਂ ਇਕ ਹੋਰ ...?"

ਮੇਰੇ ਦਿਲ ਵਿਚ ਜ਼ੋਰ ਦੀ 'ਚੀਸ' ਉੱਠੀ ਏ, "ਸਾਨੂੰ ਨ੍ਹੀਂ ਚਾਹ੍ਹੀਦਾ ਮੁੜ ਉਹ ਖ਼ੂਨ ਖ਼ਰਾਬਾ... ਨਹ੍ਹੀਂ ਚਾਹ੍ਹੀਦਾ ਕੋਈ ਹੋਰ ਬਟਵਾਰਾ...ਕੀ ਕਰਨਾ ਅਸੀਂ ਇਕ ਹੋਰ...?"

"ਇਸ ਗੁਨਾਹ ਵਿਚ ਕਿਤੇ ਮੈਂ ਵੀ ਸ਼ਾਮਿਲ ਸੀ...।"

ਉੱਚੀ-ਉੱਚੀ ਚੀਕਦਾ ਹੋਇਆ, ਆਪਣੇ ਦੋਵੇਂ ਹੱਥ ਕੰਨਾਂ 'ਤੇ ਰੱਖ, ਗੋਡਿਆਂ ਵਿਚ ਸਿਰ ਦੇ ਕੇ ਬੈਠ ਗਿਆ ਹਾਂ। ਮੇਰੀਆਂ ਅੱਖਾਂ ਵਿਚੋਂ ਹੰਝੂ ਤਿੱਪ-ਤਿੱਪ ਡਿਗ ਕੇ ਧਰਤੀ ਮਾਂ ਦੀ ਗੋਦ ਵਿਚ ਸਮਾ ਰਹੇ ਨੇ...।

*******

***ਜੈਂਟ ਲੈਗ: ਹਵਾਈ ਸਫ਼ਰ ਤੋਂ ਬਾਅਦ ਸਮੇਂ ਦਾ ਖੇਤਰ ਤਬਦੀਲ ਹੋਣ ਕਾਰਨ ਹੋਈ ਥਕਾਵਟ।**

# ਉਹ ਚਿੜੀਆਂ ਨਹੀਂ, ਭਲਵਾਨ ਕੁੜੀਆਂ ਨੇ



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਪੰਜਾਬੀ ਦੀ ਬੜੇ ਡੂੰਘੇ ਅਰਥ ਰੱਖਦੀ ਇੱਕ ਕਹਾਵਤ ਹੈ 'ਚਿੜੀਆਂ ਦਾ ਮਰਨ ਗਵਾਰਾਂ ਦਾ ਹਾਸਾ' ਬਿਲਕੁਲ ਕੁੱਝ ਇਸੇ ਤਰ੍ਹਾਂ ਦਾ ਵਰਤਾਰਾ 28 ਮਈ ਨੂੰ ਹਿੰਦੁਸਤਾਨ ਦੀ ਜਨਤਾ ਸਮੇਤ ਕੁੱਲ ਆਲਮ ਨੂੰ ਦੇਖਣ ਲਈ ਮਿਲਿਆ। ਇੱਕ ਪਾਸੇ ਹਿੰਦੁਸਾਤਨ ਦੇ ਧਰਮ-ਨਿਰਪੱਖ ਸੰਵਿਧਾਨ ਦੀਆਂ ਧੱਜੀਆਂ ਉਡਾਉਂਦਿਆਂ ਸੰਸਦ ਦੀ ਨਵੀਂ ਇਮਾਰਤ ਦਾ ਉਦਘਾਟਨ ਸਾਧਾਂ ਦੇ ਟੋਲੇ ਕੋਲੋਂ ਧਾਰਮਿਕ ਰਸਮਾਂ ਕਰਾਉਂਦਿਆਂ, ਲੋਕਤੰਤਰੀ ਕੀਮਤਾਂ ਦੀ ਧਾਰਾਸ਼ਾਹੀ ਕਰਦਿਆਂ, ਰਾਜਦੰਡ ਦੇ ਚਿੰਨ੍ਹ ਸਿੰਗੋਲ ਨੂੰ ਨਵੇਂ ਸੰਸਦ ਭਵਨ ਵਿਚ ਸਥਾਪਤ ਕਰ ਕੇ ਰਜਵਾੜਾਸ਼ਾਹੀ ਪ੍ਰੰਪਰਾ ਦੀ ਪੁਨਰ ਸੁਰਜੀਤੀ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਦੂਸਰੇ ਪਾਸੇ ਇੱਕ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਜੰਤਰ-ਮੰਤਰ 'ਤੇ ਧਰਨਾ ਦੇ ਰਹੀਆਂ ਭਲਵਾਨੀ ਦੇ ਖੇਤਰ ਵਿਚ ਓਲਿੰਪਕ ਵਰਗੇ ਆਲਮੀ ਮੁਕਾਬਲਿਆਂ ਵਿਚ ਮੈਡਲ ਜਿੱਤ ਕੇ ਭਾਰਤ ਦਾ ਨਾਮ ਰੌਸ਼ਨ ਕਰਨ ਵਾਲੀਆਂ ਬੱਚੀਆਂ ਨੂੰ ਦਿੱਲੀ ਦੀ ਪੁਲਿਸ ਘਸੀਟ ਘਸੀਟ ਕੇ ਧਰਨੇ ਵਿਚੋਂ ਉਠਾ ਕੇ ਆਪਣੀਆਂ ਗੱਡੀਆਂ ਵਿਚ ਸੁੱਟ ਰਹੀ ਸੀ। ਇੱਥੇ ਹੀ ਬੱਸ ਨਹੀਂ, ਖਿਡਾਰਨਾਂ ਦੇ ਜਿਨਸੀ-ਸ਼ੋਸ਼ਣ ਦਾ ਅਰੋਪੀ, ਰੈਸਲਰ ਫੈਡਰੇਸ਼ਨ ਦਾ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ, ਜੋ ਉੱਤਰ ਪ੍ਰਦੇਸ਼ ਤੋਂ ਭਾਰਤੀ ਜਨਤਾ ਪਾਰਟੀ ਦਾ ਪੰਜ ਵਾਰ ਦਾ ਸੰਸਦ ਮੈਂਬਰ ਵੀ ਹੈ, ਆਪਣੇ ਮਕਾਰੀ ਭਰੇ ਜੇਤੂ ਹਾਸੇ ਨਾਲ ਉਦਘਾਟਨੀ ਸਮਾਰੋਹ ਦੀ ਸ਼ੋਭਾ ਵਧਾ ਰਿਹਾ ਸੀ। ਪੂਰੇ ਜਾਹੋ-ਜਲਾਲ ਨਾਲ ਆਰ ਐਸ ਐਸ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਧਰਮ-ਨਿਰਪੱਖ ਗਣਤੰਤਰ ਦੀ ਥਾਂ 'ਤੇ ਹਿੰਦੁਸਤਾਨ ਨੂੰ ਵੀ ਪਾਕਿਸਤਾਨ ਦੀ ਤਰਜ਼ 'ਤੇ ਧਰਮ-ਆਧਾਰਤ ਹਿੰਦੂ ਰਾਜ ਬਣਾ ਦਿੱਤਾ ਜਾਵੇ ਅਤੇ ਆਨੇ-ਬਹਾਨੇ ਚੋਰ-ਮੋਰੀਆਂ ਰਾਹੀਂ ਇਸ ਦਾ ਸੰਵਿਧਾਨ ਬਦਲ ਦਿੱਤਾ ਜਾਵੇ। ਇਸੇ ਮਕਸਦ ਨੂੰ ਮੁੱਖ ਰੱਖਦਿਆਂ ਸੰਸਦ ਭਵਨ ਦਾ ਉਦਘਾਟਨੀ ਸਮਾਰੋਹ 28 ਮਈ ਨੂੰ ਸਾਵਰਕਰ ਦਬੋਲਕਰ ਦੇ ਜਨਮ ਦਿਨ 'ਤੇ ਰੱਖਿਆ ਗਿਆ ਅਤੇ ਪ੍ਰਧਾਨ ਮੰਤਰੀ ਨੇ ਲੁਕਵੇਂ ਢੰਗ ਨਾਲ ਉਸ ਦੇ ਜਨਮ ਦਿਨ ਨੂੰ ਅਹਿਮ ਦਿਨ ਮੰਨਦਿਆਂ ਐਲਾਨਿਆ "ਕੁੱਝ ਤਰੀਕਾਂ ਸਮੇਂ ਦੇ ਸਨਮੁਖ ਅਮਰ ਹੋ ਜਾਂਦੀਆਂ ਹਨ" ਅਤੇ ਕਿ "ਨਵੀਂ ਇਮਾਰਤ ਨਵੇਂ ਸਵੈ-ਨਿਰਭਰ ਭਾਰਤ ਦੇ ਉਭਰਨ ਦਾ ਗਵਾਹ ਹੈ।" ਇਹ ਗੱਲ ਹੁਣ ਲਿਖਤੀ ਇਤਿਹਾਸ ਦਾ ਹਿੱਸਾ ਬਣ ਚੁੱਕੀ ਹੈ ਕਿ ਸਾਵਰਕਰ ਨੇ ਉਦੋਂ ਤੱਕ ਅੰਗਰੇਜ਼ ਹਕੂਮਤ ਨੂੰ ਮੁਆਫ਼ੀ ਦੀ ਅਪੀਲ ਪਾਉਣੀ ਜਾਰੀ ਰੱਖੀ ਜਦੋਂ ਤੱਕ ਉਸ ਨੂੰ ਮੁਆਫੀ ਨਹੀਂ ਮਿਲ ਗਈ ਅਤੇ ਇਹ ਵੀ ਕਿ ਉਸ ਨੇ ਮੁਆਫ਼ੀ ਦੇ ਇਵਜ਼ ਵਜੋਂ ਅੰਗਰੇਜ਼ ਹਕੂਮਤ ਨਾਲ ਵਾਅਦਾ ਕੀਤਾ ਸੀ ਕਿ ਉਹ ਹਰ ਤਰ੍ਹਾਂ ਨਾਲ ਹਕੂਮਤ ਦੀ ਮਦਦ ਕਰੇਗਾ।

ਆਰ ਐਸ ਐਸ ਜੋ ਕਿ ਭਾਰਤੀ ਜਨਤਾ ਪਾਰਟੀ ਦੀ ਮਾਂ ਹੈ, ਮੁੱਢ ਤੋਂ ਹੀ ਧਰਮ-ਨਿਰਪੱਖ ਸੰਵਿਧਾਨ ਦੇ ਖ਼ਿਲਾਫ਼ ਹੈ ਅਤੇ ਇਸ ਦੇ ਨੇਤਾ ਬਿਆਨ ਦਿੰਦੇ ਰਹੇ ਹਨ ਕਿ ਜਦੋਂ ਮਨੂਸਿਮ੍ਰਤੀ ਹੈ ਤਾਂ ਹੋਰ ਸੰਵਿਧਾਨ ਬਣਾਉਣ ਦੀ ਕੀ ਜ਼ਰੂਰਤ ਹੈ? ਆਰ ਐਸ ਐਸ ਚਾਹੁੰਦੀ ਹੈ ਕਿ ਮਨੂਸਿਮ੍ਰਤੀ ਦੇ ਵਿਧੀ-ਵਿਧਾਨ ਨੂੰ ਲਾਗੂ ਕਰ ਕੇ ਜਾਤ-ਪਾਤ ਪ੍ਰਬੰਧਨ ਨੂੰ ਮਜ਼ਬੂਤ ਕੀਤਾ ਜਾਵੇ ਤਾਂ ਕਿ ਉਚੀਆਂ ਜਾਤਾਂ ਵੱਲੋਂ ਦਲਿਤਾਂ ਅਤੇ ਔਰਤਾਂ ਨੂੰ ਗੁਲਾਮ ਬਣਾ ਕੇ ਰੱਖਿਆ ਜਾ ਸਕੇ ਅਤੇ ਉਨ੍ਹਾਂ ਦਾ ਸ਼ੋਸ਼ਣ ਬਾਦਸਤੂਰ ਜਾਰੀ ਰੱਖਿਆ ਜਾ ਸਕੇ। ਮਨੂਸਿਮ੍ਰਤੀ ਵਿਚ ਸਪੱਸ਼ਟ ਲਿਖਿਆ ਹੈ ਕਿ ਢੋਰ (ਅਰਥਾਤ ਪਸ਼ੂ) ਇਸਤਰੀ ਅਤੇ ਸੂਦਰ ਤਿੰਨੋਂ ਹੀ ਤਾੜਨ ਦੇ ਅਧਿਕਾਰੀ ਹਨ ਭਾਵ ਤਿੰਨਾਂ ਨੂੰ ਹੀ ਹਰ ਤਰ੍ਹਾਂ ਨਾਲ ਕਾਬੂ ਵਿਚ ਰੱਖਣਾ ਚਾਹੀਦਾ ਹੈ। ਇਸੇ ਏਜੰਡੇ ਨੂੰ ਮੁੱਖ ਰੱਖਦਿਆਂ ਆਰ ਐਸ ਐਸ ਨੇ 11 ਦਸੰਬਰ 1949 ਦੇ ਦਿਨ ਦਿੱਲੀ ਦੇ ਰਾਮ ਲੀਲ੍ਹਾ ਮੈਦਾਨ ਵਿਚ ਇਕੱਠ ਕਰ ਕੇ ਭਾਰਤੀ ਸੰਵਿਧਾਨ ਦਾ ਵਿਰੋਧ ਕੀਤਾ ਸੀ ਅਤੇ ਇਸ ਨੂੰ "ਹਿੰਦੂ ਸਮਾਜ ਉਪਰ ਸੁੱਟਿਆ ਐਟਮ ਬੰਬ" ਕਿਹਾ ਸੀ। 1 ਜਨਵਰੀ 1993 ਨੂੰ ਆਰ ਐਸ ਐਸ ਨੇ ਵ੍ਹਾਈਟ ਪੇਪਰ ਛਾਪਿਆ ਸੀ ਅਤੇ ਸੰਵਿਧਾਨ ਨੂੰ "ਹਿੰਦੂ ਵਿਰੋਧੀ" ਕਰਾਰ ਦਿੱਤਾ ਅਤੇ ਕਿਹਾ ਕਿ "ਸੰਵਿਧਾਨ ਮੁਲਕ ਦੀ ਸੰਸਕ੍ਰਿਤੀ, ਚਰਿੱਤਰ, ਹਾਲਾਤ, ਸਥਿਤੀ ਆਦਿ ਦੇ ਵਿਰੁੱਧ ਹੈ।" 24 ਜਨਵਰੀ 1994 ਨੂੰ ਭਾਜਪਾ ਦੇ ਤਤਕਾਲੀ ਪ੍ਰਧਾਨ ਮੁਰਲੀ ਮਨੋਹਰ ਜੋਸ਼ੀ ਨੇ ਤਾਂ ਹੋਰ ਵੀ ਸਪੱਸ਼ਟ ਰੂਪ ਵਿਚ ਕਿਹਾ ਕਿ "ਸਾਡੇ ਸੰਵਿਧਾਨ ਦੇ ਘਾੜੇ ਪੱਛਮੀ ਰੰਗ 'ਚ ਰੰਗੇ ਹੋਏ ਲੋਕ ਸਨ ਜੋ ਭਾਰਤ ਦੀ ਸੰਸਕ੍ਰਿਤੀ ਅਤੇ ਇਤਿਹਾਸ ਤੋਂ ਅਣਜਾਣ ਸਨ...ਇਸ ਸੰਵਿਧਾਨ ਨੂੰ ਕੂੜੇ ਦਾ ਢੇਰ ਕਿਹਾ ਜਾ ਸਕਦਾ ਹੈ...ਇਹ ਸੰਵਿਧਾਨ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਦਾ ਦੁਸ਼ਮਣ ਹੈ।" ਉਪਰ ਦਿੱਤੀਆਂ ਕੁੱਝ ਟਿੱਪਣੀਆਂ ਤੋਂ ਹੀ ਦੇਖਿਆ ਜਾ ਸਕਦਾ ਹੈ ਕਿ ਵਰਤਮਾਨ ਭਾਜਪਾ ਸਰਕਾਰ, ਜਿਸ ਦਾ ਦਿਮਾਗ ਮਨੂਵਾਦੀ ਸੋਚ ਦੀ ਉਪਜ ਹੈ, ਦਾ ਦੇਸ਼ ਦੀਆਂ ਔਰਤਾਂ ਜੋ ਸਮਾਜ ਦਾ ਤਕਰੀਬਨ 50% ਹਨ, ਦਲਿਤ ਭਾਈਚਾਰੇ ਅਤੇ ਘੱਟ-ਗਿਣਤੀਆਂ ਪ੍ਰਤੀ ਰਵੱਈਆ ਕਿਹੋ ਜਿਹਾ ਹੋ ਸਕਦਾ ਹੈ। ਇਸੇ ਸੋਚ ਦੇ ਤਹਿਤ ਇਸ ਦੇ ਨਵੇਂ ਸ਼ਹਿਰੀ ਕਾਨੂੰਨ ਖ਼ਿਲਾਫ਼ ਲੱਗੇ ਸ਼ਾਹੀਨ ਬਾਗ ਮੋਰਚੇ, ਕਿਸਾਨ ਮੋਰਚੇ ਅਤੇ ਹੁਣ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੀਆਂ ਭਲਵਾਨੀ ਦੇ ਖੇਤਰ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਮੈਡਲ ਜਿੱਤਣ ਵਾਲੀਆਂ ਖਿਡਾਰਨਾਂ ਦੇ ਮੋਰਚੇ ਪ੍ਰਤੀ ਦੇਖਿਆ ਜਾ ਸਕਦਾ ਹੈ।

ਹਿੰਦੁਸਤਾਨ ਬਹੁ-ਭਾਸ਼ਾਈ, ਬਹੁ-ਧਰਮੀ ਮੁਲਕ ਹੈ, ਜਿਸ ਦੇ ਹਰ ਸੂਬੇ ਦੀ ਬੋਲੀ, ਪਹਿਰਾਵਾ, ਸੰਸਕ੍ਰਿਤੀ, ਰਸਮੋਂ-ਰਿਵਾਜ, ਰਹਿਣ-ਸਹਿਣ, ਖੇਡਾਂ ਆਦਿ ਵੱਖਰੀਆਂ ਹਨ। ਮਸਲਨ ਪੰਜਾਬ ਅਤੇ ਹਰਿਆਣਾ 1966 ਵਿਚ ਵੱਖਰੇ ਸੂਬੇ ਬਣ ਗਏ ਜਦਕਿ ਇਸ ਤੋਂ ਪਹਿਲਾਂ ਸਮੇਤ ਹਿਮਾਚਲ ਪ੍ਰਦੇਸ਼ ਦੇ ਇੱਕੋ ਸੂਬਾ ਸੀ। ਪੰਜਾਬ ਦੀਆਂ ਹਰਮਨ ਪਿਆਰੀਆਂ ਖੇਡਾਂ ਹਾਕੀ ਅਤੇ ਕਬੱਡੀ ਰਹੀਆਂ ਹਨ; ਭਾਵੇਂ ਹੋਰ ਖੇਡਾਂ ਵਿਚ ਵੀ ਪੰਜਾਬ ਦੇ ਪੁਰਸ਼ ਅਤੇ ਔਰਤਾਂ ਹਿੱਸਾ ਲੈਂਦੇ ਹਨ ਪ੍ਰੰਤੂ ਸਰਦਾਰੀ ਹਾਕੀ ਅਤੇ ਕਬੱਡੀ ਦੀ ਹੀ ਹੈ। ਇਸੇ ਤਰ੍ਹਾਂ ਭਲਵਾਨੀ ਜਾਂ ਕੁਸ਼ਤੀ ਹਰਿਆਣੇ ਦੇ ਇਸਤਰੀ-ਪੁਰਸ਼ਾਂ ਦੀ ਸਰਦਾਰੀ ਖੇਡ ਹੈ ਜਿਸ ਵਿਚ ਹਰਿਆਣੇ ਨੇ ਹਮੇਸ਼ਾ ਮੱਲਾਂ ਮਾਰੀਆਂ ਹਨ। ਮੈਂ ਆਪਣੀ ਜ਼ਿੰਦਗੀ ਵਿਚ ਰੈਸਲਿੰਗ ਅਤੇ ਮੁੱਕੇ-ਬਾਜ਼ੀ ਦੇ ਇੰਟਰ ਸਟੇਟ ਮੈਚ ਕੁਰੂਕੁਸ਼ੇਤਰ ਯੂਨੀਵਰਸਿਟੀ ਵਿਚ ਪੜ੍ਹਦਿਆਂ ਪਹਿਲੀ ਵਾਰੀ ਦੇਖੇ ਸਨ। ਇਸੇ ਤਰ੍ਹਾਂ ਕੁੜੀਆਂ ਦੇ ਸਰਕਾਰੀ ਕਾਲਜ ਵਿਚ ਪੜ੍ਹਦਿਆਂ ਸਾਨੂੰ ਪੰਜਾਬ ਅਤੇ ਭਾਰਤ ਦੀ ਪੁਰਸ਼ਾਂ ਦਾ ਹਾਕੀ ਟੀਮ ਦਾ ਮੈਚ ਦੇਖਣ ਦਾ ਮੌਕਾ ਮਿਲਿਆ ਤਾਂ ਦੋਵਾਂ ਟੀਮਾਂ ਦੇ ਬਹੁਤੇ ਖਿਡਾਰੀ ਸਰਦਾਰ ਸਨ ਅਤੇ ਸਿਰਫ ਉਨ੍ਹਾਂ ਦੀ ਵਰਦੀ ਦੇ ਰੰਗ ਤੋਂ ਪਤਾ ਲੱਗਦਾ ਸੀ ਕਿ ਕਿਹੜੀ ਟੀਮ ਪੰਜਾਬ ਦੀ ਹੈ ਅਤੇ ਕਿਹੜੀ ਭਾਰਤ ਵੱਲੋਂ ਖੇਡ ਰਹੀ ਹੈ। ਹੁਣ ਤੱਕ ਅੰਤਰਰਾਸ਼ਟਰੀ ਖੇਡਾਂ ਵਿਚ ਹਿੰਦੁਸਤਾਨ ਨੇ ਜਿੰਨੇ ਵੀ ਮੈਡਲ ਜਿੱਤੇ ਹਨ ਉਨ੍ਹਾਂ ਵਿਚੋਂ ਬਹੁਤੇ ਹਾਕੀ ਅਤੇ ਕੁਸ਼ਤੀ ਦੇ ਖਿਡਾਰੀਆਂ ਨੇ ਲਿਆਂਦੇ ਹਨ; ਮੈਂ ਕਿਧਰੇ ਪੜ੍ਹ ਰਹੀ ਸੀ ਕਿ ਕੁਲ 35 ਵਿਚੋਂ 7 ਮੈਡਲ ਰੈਸਲਿੰਗ ਦੇ ਖਿਡਾਰੀਆਂ ਅਤੇ ਖਿਡਾਰਨਾਂ ਨੇ ਲਿਆਂਦੇ ਹਨ। ਇਹ ਇਤਫਾਕ ਨਹੀਂ ਬਲਕਿ ਬਿਲਕੁਲ ਕੁਦਰਤੀ ਹੈ ਕਿ ਭਲਵਾਨੀ ਦੇ ਖੇਤਰ ਵਿਚ ਹਰਿਆਣੇ ਦੇ ਲੜਕੇ ਜਾਂ ਲੜਕੀਆਂ ਦੀ ਹੀ ਬਹੁ-ਗਿਣਤੀ ਹੈ; ਕੁਸ਼ਤੀ ਉਨ੍ਹਾਂ ਦੇ ਡੀ.ਐਨ.ਏ ਵਿਚ ਹੈ, ਉਨ੍ਹਾਂ ਦੀ ਵਿਰਾਸਤ ਹੈ। ਇਸ ਲਈ ਅਜਿਹੀਆਂ ਖੇਡਾਂ ਦਾ ਸੂਬਿਆਂ ਦੇ ਤੌਰ 'ਤੇ ਕੋਟਾ ਫਿਕਸ ਕਰਨਾ ਮਹਿਜ਼ ਬੇਵਕੂਫੀ ਹੀ ਨਹੀਂ ਖਿਡਾਰੀਆਂ-ਖਿਡਾਰਨਾਂ ਨਾਲ, ਲੋਕਾਂ ਦੇ ਸ਼ੌਕ ਨਾਲ ਬੇਇਨਸਾਫੀ ਹੈ।

ਹਰਿਆਣੇ ਦੀ ਸਾਕਸ਼ੀ ਮਲਿਕ ਪਹਿਲੀ ਭਾਰਤੀ ਮਹਿਲਾ ਭਲਵਾਨ ਹੈ ਜਿਸ ਨੇ ਰੀਓ ਓਲਿੰਪਕਸ ਵਿਚੋਂ ਭਾਰਤ ਲਈ ਮੈਡਲ ਜਿੱਤ ਕੇ ਲਿਆਂਦਾ। ਉਸ ਦੇ ਭਾਰਤੀ ਪ੍ਰਸ਼ੰਸਕ ਇਹ ਗੱਲ ਕਦੇ ਨਹੀਂ ਭੁੱਲਣਗੇ ਕਿ 2016 ਦੀਆਂ ਓਲਿੰਪਕ ਖੇਡਾਂ ਵਿਚ ਉਸ ਨੇ 58 ਕਿਲੋ ਵਰਗ ਦੀ ਕੁਸ਼ਤੀ ਵਿਚ ਕਾਂਸੀ ਦਾ ਮੈਡਲ ਭਾਰਤ ਦੀ ਝੋਲੀ ਪਾਇਆ ਸੀ। ਸਾਕਸ਼ੀ ਮਲਿਕ ਜੇ ਐਸ ਡਬਲਿਊ ਐਕਸੇਲੈਂਸ ਪ੍ਰੋਗਰਮ ਦਾ ਹਿੱਸਾ ਹੈ ਜਿਸ ਵਿਚ ਉਸ ਦੀਆਂ ਇਸਤ੍ਰੀ ਸਾਥੀ ਵਿਨੇਸ਼ ਫੋਗਾਟ, ਬਬੀਤਾ ਕੁਮਾਰੀ ਅਤੇ ਗੀਤਾ ਫੋਗਾਟ ਹਨ। ਸਾਕਸ਼ੀ ਮਲਿਕ ਨੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਉਦੋਂ ਬਣਾਈ ਜਦੋਂ ਉਸ ਨੇ ਗਲਾਸਗੋ ਵਿਖੇ ਹੋਈਆਂ ਕਾਮਨਵੈਲਥ ਖੇਡਾਂ ਵਿਚ ਚਾਂਦੀ ਦਾ ਮੈਡਲ ਜਿੱਤਿਆ। ਸੋਨਮ ਮਲਿਕ ਵੀ ਹਰਿਆਣੇ ਦੇ ਸੋਨੀਪਤ ਦੀ ਜੰਮਪਲ ਹੈ ਜਿਸ ਨੇ ਨੈਸ਼ਨਲ ਖੇਡਾਂ ਵਿਚ ਸੋਨੇ ਦਾ ਤਗ਼ਮਾ ਜਿੱਤਿਆ ਅਤੇ ਵਰਲਡ ਕੈਡਟ ਰੈਸਲਿੰਗ ਚੈਂਪੀਅਨਸ਼ਿਪ ਵਿਚ ਦੋ ਸੋਨੇ ਦੇ ਮੈਡਲ ਜਿੱਤੇ। ਇਸ ਵੇਲੇ ਰੈਸਲਰ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਖ਼ਿਲਾਫ ਚੱਲ ਰਹੇ ਰੋਸ ਪ੍ਰਦਰਸ਼ਨ ਦੀ ਅਗਵਾਈ ਸਾਕਸ਼ੀ ਮਲਿਕ ਅਤੇ ਵਿਨੇਸ਼ ਫੋਗਾਟ ਕਰ ਰਹੀਆਂ ਹਨ। ਕੁਸ਼ਤੀ ਦੇ ਖੇਤਰ ਵਿਚ ਮੱਲਾਂ ਮਾਰਨ ਵਾਲੀ ਨਾਮੀ ਖਿਡਾਰਨ ਵਿਨੇਸ਼ ਫੋਗਾਟ ਵੀ ਹਰਿਆਣੇ ਦੀ ਜੰਮਪਲ ਹੈ। ਉਹ ਪਹਿਲੀ ਭਾਰਤੀ ਮਹਿਲਾ ਭਲਵਾਨ ਹੈ ਜਿਸ ਨੇ ਕਾਮਨਵੈਲਥ ਖੇਡਾਂ ਅਤੇ ਏਸ਼ੀਅਨ ਖੇਡਾਂ ਦੋਵਾਂ ਵਿਚ ਗੋਲਡ ਮੈਡਲ ਲਿਆਂਦਾ। ਉਹ ਅਜਿਹੀ ਪਹਿਲੀ ਭਾਰਤੀ ਮਹਿਲਾ ਭਲਵਾਨ ਹੈ ਜਿਸ ਨੇ ਵਰਲਡ ਰੈਸਲਿੰਗ ਚੈਂਪੀਅਨਸ਼ਿਪ ਵਿਚ ਬਹੁਭਾਂਤੀ ਮੈਡਲ ਲਿਆਂਦੇ। ਵਿਨੇਸ਼ ਫੋਗਾਟ ਪਹਿਲੀ ਭਾਰਤੀ ਐਥਲੀਟ ਹੈ ਜਿਸ ਨੂੰ 2019 ਵਿਚ ਲਾਰੀਅਸ ਵਰਲਡ ਸਪੋਰਟਸ ਅਵਾਰਡ ਲਈ ਨਾਮਜ਼ਦ ਕੀਤਾ ਗਿਆ। ਗੀਤਾ ਅਤੇ ਬਬੀਤਾ ਉਸ ਦੀਆਂ ਤਾਏ-ਚਾਚੇ ਭੈਣਾਂ ਹਨ ਜਿਨ੍ਹਾਂ ਨੇ 2010 ਦੀਆਂ ਕਾਮਨਵੈਲਥ ਖੇਡਾਂ ਵਿਚ ਚਾਂਦੀ ਅਤੇ ਸੋਨੇ ਦੇ ਮੈਡਲ ਜਿੱਤੇ। ਰੀਤੂ ਫੋਗਾਟ ਉਸ ਦੀ ਇਕ ਹੋਰ ਤਾਏ-ਚਾਚੇ ਭੈਣ ਹੈ ਜੋ ਅੰਤਰਰਾਸ਼ਟਰੀ ਪੱਧਰ ਦੀ ਕੁਸ਼ਤੀ ਖਿਡਾਰਨ ਹੈ, ਜਿਸ ਨੇ 2016 ਦੇ ਕਾਮਨਵੈਲਥ ਰੈਸਲਿੰਗ ਚੈਂਪੀਅਨਸ਼ਿਪ ਵਿਚ ਸੋਨੇ ਦਾ ਮੈਡਲ ਜਿੱਤਿਆ। ਦੇਸ਼ ਦੀਆਂ ਇਹ ਧੀਆਂ ਦੇਸ਼ ਦਾ ਮਾਣ ਹਨ ਅਤੇ ਦੇਸ਼ ਦਾ ਫਰਜ਼ ਬਣਦਾ ਹੈ ਕਿ ਆਪਣੀਆਂ ਇਨ੍ਹਾਂ ਹੋਣਹਾਰ ਦੀਆਂ ਦੇ ਸਵੈਮਾਨ ਦੀ, ਇਨ੍ਹਾਂ ਦੀ ਇੱਜ਼ਤ-ਅਬਰੂ ਦੀ ਰੱਖਿਆ ਕੀਤੀ ਜਾਵੇ, ਉਸ ਬਾਹੂਬਲੀ ਦਰਿੰਦੇ ਤੋਂ ਜੋ ਰੈਸਲਰ ਫੈਡਰੇਸ਼ਨ ਦਾ ਪ੍ਰਧਾਨ ਹੋਣ ਦੇ ਨਾਤੇ ਇਨ੍ਹਾਂ ਦਾ ਜਿਨਸੀ-ਸ਼ੋਸ਼ਣ ਕਰਦਾ ਆ ਰਿਹਾ ਹੈ; ਉਸ ਨੂੰ ਬਣਦੀ ਸਜ਼ਾ ਦੇ ਕੇ ਬੱਚੀਆਂ ਨੂੰ ਇਨਸਾਫ ਦੁਆਇਆ ਜਾਵੇ।



ਵਿਨੇਸ਼ ਫੋਗਾਟ ਦੇ ਦੱਸਣ ਅਨੁਸਾਰ ਉਨ੍ਹਾਂ ਨੇ ਦਿੱਲੀ ਪੁਲਿਸ ਨਾਲ ਸੰਪਰਕ ਕੀਤਾ ਸੀ (ਦਿੱਲੀ ਪੁਲਿਸ ਹੋਮ ਮਨਿਸਟਰ ਅਮਿਤ ਸ਼ਾਹ ਦੇ ਅਧੀਨ ਹੈ) ਜਿਸ ਦੇ ਸਬੂਤ ਮਿਟਾ ਦਿੱਤੇ ਗਏ। ਉਸ ਦੇ ਦੱਸਣ ਅਨੁਸਾਰ ਉਹ ਇੱਕ ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੀ ਸੀ ਅਤੇ ਉਸ ਨਾਲ ਜੋ ਕੁਝ ਹੋਇਆ, ਸਾਰੀ ਗੱਲ ਪ੍ਰਧਾਨ ਮੰਤਰੀ ਨੂੰ ਦੱਸੀ ਸੀ। ਉਨ੍ਹਾਂ ਨੇ ਉਸ ਦੇ ਪਰਿਵਾਰ ਨੂੰ ਬੁਲਾਇਆ ਅਤੇ ਉਸ ਨੂੰ ਭਰੋਸਾ ਦਿੱਤਾ ਸੀ। ਵਿਨੇਸ਼ ਦਾ ਮੰਨਣਾ ਹੈ ਕਿ ਜੇ ਅੱਜ ਉਹ ਰੈਸਲਿੰਗ ਮੈਟ 'ਤੇ ਹੈ ਤਾਂ ਉਹ ਇਸੇ ਕਰਕੇ ਹੈ; ਨਹੀਂ ਤਾਂ ਫੈਡਰੇਸ਼ਨ ਨੇ ਉਸ 'ਤੇ ਇਨਡਸਿਪਲਿਨ (ਅਨੁਸ਼ਾਸਨਹੀਣਤਾ) ਦਾ ਬੇਤੁਕਾ ਇਲਜ਼ਾਮ ਲਗਾ ਦਿੱਤਾ ਸੀ। ਜ਼ਾਹਿਰ ਹੈ ਕਿ ਅਜਿਹੇ ਬੇਤੁਕੇ ਇਲਜ਼ਾਮਾਂ, ਟਰਾਇਲਜ਼ ਜਾਂ ਮੈਚ ਤੋਂ ਬਾਹਰ ਕਰ ਦੇਣ ਦੇ ਡਰੋਂ ਜਾਂ ਹੋਰ ਕਿਸਮ ਦੇ ਨੈਤਿਕ ਦਬਾਵਾਂ ਕਰਕੇ ਬਹੁਤੀਆਂ ਖਿਡਾਰਨਾਂ ਸ਼ਿਕਾਇਤ ਹੀ ਨਹੀਂ ਕਰਦੀਆਂ। ਅਜਿਹਾ ਵਰਤਾਰਾ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀ ਵਰਗੀਆਂ ਉੱਚ ਸੰਸਥਾਵਾਂ, ਕੰਮ ਕਰਨ ਦੀਆਂ ਥਾਵਾਂ ਆਦਿ ਵਿਚ ਆਮ ਵਾਪਰਦਾ ਹੈ ਖਾਸ ਕਰਕੇ ਸਾਡੇ ਮੁਲਕ ਵਿਚ ਜਿੱਥੇ ਗੌਰਵਮਈ ਸੰਸਕ੍ਰਿਤੀ ਦੀਆਂ ਰੋਜ਼ ਡੀਂਗਾਂ ਮਾਰੀਆਂ ਜਾਂਦੀਆਂ ਹਨ। ਬ੍ਰਿਜ ਭੂਸ਼ਨ ਸ਼ਰਨ ਸਿੰਘ ਖ਼ਿਲਾਫ਼ 7 ਖਿਡਾਰਨਾਂ ਨੇ ਸ਼ਿਕਾਇਤ ਕੀਤੀ ਹੈ ਜਿਨ੍ਹਾਂ ਵਿੱਚੋਂ ਇੱਕ ਨਾਬਾਲਗ ਹੈ। ਨਾਬਾਲਗ ਨਾਲ ਜਿਨਸੀ ਸ਼ੋਸ਼ਣ ਵਰਗੀ ਸ਼ਿਕਾਇਤ ਪੋਕਸੋ ਐਕਟ ਦੇ ਅਧੀਨ ਆਉਂਦੀ ਹੈ ਜਿਸ ਦੀਆਂ ਧਾਰਾਵਾਂ ਸਪੱਸ਼ਟ ਕਰਦੀਆਂ ਹਨ ਕਿ ਬਿਨਾ ਕਿਸੇ ਪੜਚੋਲ ਦੇ ਦੋਸ਼ੀ ਦੀ ਤੁਰੰਤ ਗ੍ਰਿਫਤਾਰੀ ਕੀਤੀ ਜਾਂਦੀ ਹੈ। ਪਰ ਕੋਰਟ ਦੇ ਹੁਕਮਾਂ ਰਾਹੀਂ ਐਫ ਆਈ ਆਰ ਦਰਜ ਹੋ ਜਾਣ ਦੇ ਬਾਵਜੂਦ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੀ ਅਜੇ ਤੱਕ ਗ੍ਰਿਫਤਾਰੀ ਨਹੀਂ ਹੋਈ। ਉਸ 'ਤੇ ਕਾਰਵਾਈ ਦੀ ਮੰਗ ਕਰਦਿਆਂ ਭਲਵਾਨਾਂ ਨੇ ਪਹਿਲਾਂ ਜਨਵਰੀ ਵਿਚ ਧਰਨਾ ਦਿੱਤਾ ਸੀ, ਫਿਰ ਅਪ੍ਰੈਲ ਵਿਚ ਅਤੇ ਹੁਣ ਇੱਕ ਮਹੀਨੇ ਤੋਂ ਵੀ ਉਤੇ ਹੋ ਗਿਆ ਜੰਤਰ ਮੰਤਰ 'ਤੇ ਧਰਨਾ ਸ਼ੁਰੂ ਕੀਤੇ ਨੂੰ, ਗ੍ਰਿਫਤਾਰੀ ਤਾਂ ਕੀ ਹੋਣੀ ਸੀ ਬਲਕਿ 28 ਮਈ ਨੂੰ ਜਦੋਂ ਖਿਡਾਰੀਆਂ ਨੇ ਸੰਸਦ ਵਿਚ ਜਾਣਾ ਚਾਹਿਆ ਤਾਂ ਦਿੱਲੀ ਪੁਲਿਸ ਨੇ ਜਿਸ ਕਿਸਮ ਦਾ ਭੱਦਾ ਵਰਤਾਉ ਇਨ੍ਹਾਂ ਖਿਡਾਰੀਆਂ/ਖਿਡਾਰਨਾਂ ਨਾਲ ਕੀਤਾ, ਕੁੱਟ-ਮਾਰ ਕੀਤੀ ਅਤੇ ਧੂਹ ਧੂਹ ਕੇ ਗੱਡੀਆਂ ਵਿਚ ਸੁੱਟਿਆ, ਉਹ ਕੁੱਲ ਆਲਮ ਨੇ ਦੇਖਿਆ ਹੈ।

ਅੰਧ ਭਗਤਾਂ ਨੇ ਜਿਸ ਤਰ੍ਹਾਂ ਇਨ੍ਹਾਂ ਭਲਵਾਨਾਂ ਨੂੰ ਡਰਾਉਣਾ, ਧਮਕਾਉਣਾ ਅਤੇ ਬਦਨਾਮ ਕਰਨਾ ਸ਼ੁਰੂ ਕੀਤਾ ਹੋਇਆ ਹੈ, ਉਹ ਨਿਹਾਇਤ ਹੀ ਨਿੰਦਣਯੋਗ ਹੈ। ਇੱਥੇ ਇਸ ਦੀ ਇੱਕ ਉਦਾਹਰਣ ਦੇਖੀ ਜਾ ਸਕਦੀ ਹੈ। ਡਾਕਟਰ ਐਨ ਸੀ ਅਸਥਾਨਾ ਆਈ.ਪੀ.ਐਸ (ਸੇਵਾਮੁਕਤ) ਨੇ 28 ਮਈ ਤੋਂ ਬਾਅਦ ਖਿਡਾਰੀਆਂ ਪ੍ਰਤੀ ਨਫ਼ਰਤ ਭਰਿਆ ਜੋ ਟਵੀਟ ਕੀਤਾ ਉਹ ਇੱਕ ਆਈ.ਪੀ.ਐਸ ਅਧਿਕਾਰੀ ਵਾਸਤੇ ਬਹੁਤ ਹੀ ਸ਼ਰਮ ਵਾਲੀ ਗੱਲ ਹੈ। ਪੁਲਿਸ ਜਦੋਂ ਕੁੱਟ-ਮਾਰ ਅਤੇ ਧੂ-ਘੜੀਸ ਕਰ ਰਹੀ ਸੀ ਤਾਂ ਭਲਵਾਨ ਬਜਰੰਗ ਪੂਨੀਆ ਨੇ ਕਿਹਾ "ਸਾਨੂੰ ਗੋਲੀ ਮਾਰ ਦੇਵੋ।" ਇਸ ਦੇ ਉਤਰ ਵਿਚ ਅਸਥਾਨਾ ਨੇ ਹਿੰਦੀ ਵਿਚ ਟਵੀਟ ਕੀਤਾ "ਜ਼ਰੂਰਤ ਹੁਈ ਤੋ ਗੋਲੀ ਭੀ ਮਾਰੇਂਗੇ ਮਗਰ ਤੁਮਹਾਰੇ ਕਹਿਨੇ ਸੇ ਨਹੀਂ। ਅਭੀ ਤੋ ਸਿਰਫ਼ ਕਚਰੇ ਕੇ ਬੋਰੇ ਕੀ ਤਰਹ ਘਸੀਟ ਕਰ ਫੇਂਕਾ ਹੈ। ਦਫਾ 129 ਮੇਂ ਪੁਲਿਸ ਕੋ ਗੋਲੀ ਮਾਰਨੇ ਕਾ ਅਧਿਕਾਰ ਹੈ। ਉਚਿਤ ਪ੍ਰਸਥਿਤਿਓਂ ਮੇਂ ਵੋ ਹਸਰਤ ਭੀ ਪੂਰੀ ਹੋਗੀ। ਮਗਰ ਵਹ ਜਾਨਨੇ ਕੇ ਲਿਏ ਪੜ੍ਹਾ ਲਿਖਾ ਹੋਨਾ ਆਵਸ਼ਯਕ ਹੈ, ਫਿਰ ਮਿਲੇਂਗੇ ਪੋਸਟ ਮਾਰਟਮ ਟੇਬਲ ਪਰ।" ਆਈ.ਪੀ.ਐਸ ਅਸਥਾਨਾ ਨਿਊਕਲੀਅਰ ਫਿਜ਼ਿਸਟ ਹੈ, ਜਿਸ ਨੇ 265 ਰਿਸਰਚ ਪੇਪਰ ਲਿਖੇ ਹਨ, 51 ਕਿਤਾਬਾਂ ਦਾ ਲੇਖਕ ਹੈ, ਫੌਰਮਰ ਡੀ.ਸੀ. ਪੀ. ਕੇਰਲਾ ਅਤੇ ਏ.ਡੀ.ਜੀ. ਬੀਐਸਐਫ/ਸੀਆਰਪੀ ਅਤੇ "ਫਾਇਰਿੰਗ ਆਲ ਬੈਰਲਜ਼ ਟੂ ਸਕਿਉਰ ਜਸਟਿਸ ਫਾਰ ਦ ਹਿੰਦੂਜ਼"। ਕਿਸੇ ਵੀ ਸੱਭਿਅ ਮੁਲਕ ਦਾ ਕੋਈ ਉਚ ਅਹੁਦੇ ਦਾ ਸੇਵਾਮੁਕਤ ਅਫਸਰ ਆਪਣੇ ਦੇਸ਼ ਲਈ ਅੰਤਰਰਾਸ਼ਟਰੀ ਪੱਧਰ ਦੇ ਮੈਡਲ ਜਿੱਤਣ ਵਾਲੇ ਦੇਸ਼ ਦੇ ਖਿਡਾਰੀਆਂ ਲਈ ਅਜਿਹਾ ਟਵੀਟ ਕਰੇ ਤਾਂ ਮੁਲਕ ਦੇ ਕਰਤਿਆਂ ਧਰਤਿਆਂ ਨੂੰ ਡੁੱਬ ਮਰਨਾ ਚਾਹੀਦਾ ਹੈ। ਹੁਣ ਤੱਕ ਜੋ ਕੁੱਝ ਵੀ ਜੰਤਰ ਮੰਤਰ 'ਤੇ, ਗੰਗਾ ਵਿਚ ਮੈਡਲ ਪਰਵਾਹ ਕਰਨ ਦੇ ਇਰਾਦੇ, ਕਿਸਾਨਾਂ ਵੱਲੋਂ ਸਮਾਂ ਮੰਗਣ ਤੋਂ ਲੈ ਕੇ ਮੁਜ਼ੱਫਰ ਨਗਰ ਖਾਪ ਪੰਚਾਇਤਾਂ ਅਤੇ ਕੁਰੂਕੁਸ਼ੇਤਰ ਦੀ ਖਾਪ ਪੰਚਾਇਤ ਤੱਕ ਸਭ ਕੁੱਝ ਦੁਨੀਆਂ ਨੂੰ ਪਤਾ ਲੱਗ ਗਿਆ ਹੈ; ਜਿਸ ਕਿਸਮ ਦੀ ਆਲਮੀ ਭਾਈਚਾਰੇ ਸਾਹਮਣੇ ਵਿਸ਼ਵ ਗੁਰੂ ਬਣਨ ਦੀ ਛਵੀ ਸਾਹਮਣੇ ਆਈ ਉਸ ਨੇ ਵੀ ਦੁਨੀਆਂ ਨੂੰ ਭਾਜਪਾ ਸਰਕਾਰ ਦੀ ਮਾਨਸਿਕਤਾ ਬਾਰੇ ਕੋਈ ਭੁਲੇਖਾ ਨਹੀਂ ਰਹਿਣ ਦਿੱਤਾ।

ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਐਫ.ਆਈ.ਆਰ ਦੀ ਰਿਪੋਰਟ ਨਸ਼ਰ ਹੋ ਗਈ ਹੈ, ਜਿਸ ਅਨੁਸਾਰ ਵਿਨੇਸ਼ ਫੋਗਾਟ ਨੇ ਦੱਸਿਆ ਹੈ ਕਿ ਉਸ ਨੇ 21 ਮਹੀਨੇ ਪਹਿਲਾਂ ਜਦੋਂ ਉਹ ਪ੍ਰਧਾਨ ਮੰਤਰੀ ਨੂੰ ਮਿਲੀ ਸੀ ਤਾਂ ਉਸ ਨੇ ਪ੍ਰਧਾਨ ਮੰਤਰੀ ਨੂੰ ਉਸ ਨਾਲ ਅਤੇ ਬਾਕੀ ਖਿਡਾਰਨਾਂ ਨਾਲ ਵਾਰ ਵਾਰ ਹੋਣ ਵਾਲੇ ਯੌਨ ਸ਼ੋਸ਼ਣ, ਭਾਵਨਾਤਮਕ ਅਤੇ ਸਰੀਰਕ ਸ਼ੋਸ਼ਣ ਬਾਰੇ ਦੱਸਿਆ ਸੀ। ਪ੍ਰਧਾਨ ਮੰਤਰੀ ਨੇ ਉਸ ਦੇ ਪਰਿਵਾਰ ਨੂੰ ਸੱਦਿਆ ਸੀ, ਭਰੋਸਾ ਦਿੱਤਾ ਕਿ ਅਜਿਹੀਆਂ ਸ਼ਿਕਾਇਤਾਂ ਨੂੰ ਖੇਡ ਮੰਤਰਾਲੇ ਵੱਲੋਂ ਦੇਖਿਆ ਜਾਵੇਗਾ ਅਤੇ ਜਲਦੀ ਹੀ ਖੇਡ ਮੰਤਰਾਲੇ ਵੱਲੋਂ ਫੋਨ ਆਵੇਗਾ; ਲੇਕਿਨ ਉਹ ਫੋਨ ਅੱਜ ਤੱਕ ਨਹੀਂ ਆਇਆ। ਜੰਤਰ-ਮੰਤਰ 'ਤੇ ਪਹਿਲੀ ਵਾਰ ਜਨਵਰੀ ਵਿਚ ਬੈਠੇ ਤਾਂ ਵੀ ਫੋਨ ਨਹੀਂ ਆਇਆ; ਉਸ ਤੋਂ ਬਾਅਦ ਅਪ੍ਰੈਲ ਵਿਚ ਬੈਠੇ ਫਿਰ ਵੀ ਕੋਈ ਫੋਨ ਨਹੀਂ ਆਇਆ। ਸਿਰਫ਼ ਕਮੇਟੀਆਂ ਦਾ ਜ਼ਿਕਰ ਸੀ, ਰਿਪੋਰਟ ਦਾ ਜ਼ਿਕਰ ਸੀ ਜੋ ਕਿ ਖਿਡਾਰੀਆਂ ਦੇ ਖ਼ਿਲਾਫ਼ ਸੀ। ਪਿਤਾ ਨੇ ਆਪਣੀ ਧੀ ਨੂੰ ਲੈ ਕੇ ਜੋ ਐਫ ਆਈ ਆਰ ਦਰਜ ਕਰਾਈ ਹੈ ਉਹ ਪੋਕਸੋ ਅਧੀਨ ਆਉਂਦੀ ਹੈ ਜਿਸ ਅਨੁਸਾਰ ਬਿਨਾਂ ਕੋਈ ਪੜਤਾਲ ਕੀਤਿਆਂ ਦੋਸ਼ੀ ਦੀ ਤੁਰੰਤ ਗ੍ਰਿਫ਼ਤਾਰੀ ਹੋਣੀ ਚਾਹੀਦੀ ਹੈ ਪ੍ਰੰਤੂ ਕਿਹਾ ਜਾ ਰਿਹਾ ਹੈ ਕਿ ਹਮ ਜਾਂਚ ਕਰ ਰਹੇ ਹੈਂ, ਹਮ ਗ੍ਰਿਫ਼ਤਾਰ ਨਹੀਂ ਕਰ ਸਕਤੇ। ਬੇਟੀ ਨੇ ਏਸ਼ੀਅਨ ਚੈਂਪੀਅਨਸ਼ਿਪ 62 ਕਿੱਲੋ ਫਰੀ ਸਟਾਈਲ ਕੁਸ਼ਤੀ ਵਿਚ ਗੋਲਡ ਮੈਡਲ ਜਿੱਤਿਆ। 16 ਸਾਲ ਦੀ ਉਮਰ ਵਿਚ ਝਾਰਖੰਡ ਦੇ ਰਾਂਚੀ ਵਿਚ ਨੈਸ਼ਨਲ ਚੈਂਪੀਅਨਸ਼ਿਪ ਵਿਚ ਜੂਨੀਅਰ ਚੈਂਪੀਅਨਸ਼ਿਪ ਵਿਚ ਗੋਲਡ ਮੈਡਲ ਜਿੱਤਿਆ। ਇਥੇ ਹੀ ਫੋਟੋ ਖਿਚਾਉਣ ਵੇਲੇ ਬ੍ਰਿਜ ਭੂਸ਼ਨ ਨੇ ਆਪਣੇ ਵੱਲ ਖਿੱਚਿਆ ਅਤੇ ਏਨੀ ਜ਼ੋਰ ਨਾਲ ਬਾਹਾਂ ਵਿਚ ਜਕੜਿਆ ਕਿ ਉਹ ਹਿੱਲ ਤੱਕ ਨਹੀਂ ਪਾਈ। ਆਪਣੇ ਹੱਥ ਅਤੇ ਕੰਧੇ ਦੇ ਨੀਚੇ ਲੈ ਲਿਆ। ਮੇਰੀ ਬੇਟੀ ਕੁੱਝ ਕਹਿ ਸਕਣ ਦੀ ਸਥਿਤੀ ਵਿਚ ਨਹੀਂ ਹੈ। ਬ੍ਰਿਜ ਭੂਸ਼ਨ ਨੇ ਨਾਬਾਲਗ ਨੂੰ ਕਿਹਾ ਕਿ ਤੂੰ ਮੈਨੂੰ ਸਪੋਰਟ ਕਰ ਮੈਂ ਤੈਨੂੰ ਸਪੋਰਟ ਕਰਾਂਗਾ ਜਦਕਿ ਨਾਬਾਲਗ ਪਹਿਲਵਾਨ ਨੇ ਕਿਹਾ ਕਿ ਆਪਣੇ ਬਲਬੂਤੇ ਮਿਹਨਤ ਕਰ ਕੇ ਇੱਥੇ ਤੱਕ ਆਈ ਹਾਂ ਅਤੇ ਅੱਗੇ ਜਾਵਾਂਗੀ। ਬ੍ਰਿਜ ਭੂਸ਼ਨ ਨੇ ਕਿਹਾ ਕਿ ਏਸ਼ੀਅਨ ਚੈਂਪੀਅਨਸ਼ਿਪ ਦੇ ਟਰਾਇਲ ਹੋਣ ਵਾਲੇ ਹਨ ਜੇ ਕੋਆਪਰੇਟ ਨਾ ਕੀਤਾ ਤਾਂ ਖਮਿਆਜ਼ਾ ਭੁਗਤਣਾ ਪਵੇਗਾ। ਬ੍ਰਿਜ ਭੂਸ਼ਨ ਨੇ ਨਾਬਾਲਗ ਨੂੰ ਕਮਰੇ ਵਿਚ ਸੱਦਿਆ ਅਤੇ ਨਾਬਾਲਗ ਪ੍ਰੈਸ਼ਰ ਵਿਚ ਸੀ ਕਿ ਬ੍ਰਿਜ ਭੂਸ਼ਨ ਕਿਤੇ ਕਰੀਅਰ ਨਾ ਤਬਾਹ ਕਰ ਦੇਵੇ; ਇਸ ਲਈ ਉਹ ਮਿਲਣ ਚਲੀ ਗਈ। ਉਥੇ ਪਹੁੰਚਦੇ ਹੀ ਬ੍ਰਿਜ ਭੂਸ਼ਨ ਨੇ ਆਪਣੀ ਤਰਫ਼ ਖਿੱਚਿਆ ਅਤੇ ਜ਼ਬਰਦਸਤੀ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ। ਨਾਬਾਲਗ ਪਹਿਲਵਾਨ ਪੂਰੀ ਤਰ੍ਹਾਂ ਸਹਿਮ ਗਈ ਅਤੇ ਕਿਸੇ ਤਰ੍ਹਾਂ ਕਮਰੇ ਤੋਂ ਬਾਹਰ ਭੱਜ ਨਿਕਲੀ। 2022 ਦੇ ਮਈ ਮਹੀਨੇ ਵਿਚ ਏਸ਼ੀਅਨ ਚੈਂਪੀਅਨਸ਼ਿਪ ਦਾ ਜਦੋਂ ਟਰਾਇਲ ਸ਼ੁਰੂ ਹੋਇਆ ਜਿੱਥੇ ਬ੍ਰਿਜ ਭੂਸ਼ਨ ਦੇ ਕਹਿਣ 'ਤੇ ਨਾਬਾਲਗ ਨਾਲ ਭੇਦ-ਭਾਵ ਕੀਤਾ ਗਿਆ। ਭੇਦ ਭਾਵ ਇਹ ਸੀ ਕਿ ਟਰਾਇਲ ਦੇ ਦੌਰਾਨ ਐਥਲੀਟ ਜਿਸ ਰਾਜ ਤੋਂ ਆਉਂਦੀ ਹੈ ਉਥੋਂ ਦੇ ਰੈਫਰੀ ਅਤੇ ਮੈਟ ਚੇਅਰਮੈਨ ਨਹੀਂ ਹੋਣੇ ਚਾਹੀਦੇ। ਲੇਕਿਨ ਜਦੋਂ ਟਰਾਇਲ ਹੋਇਆ ਤਾਂ ਪਹਿਲਵਾਨ ਨੂੰ ਦਿੱਲੀ ਦੇ ਪਹਿਲਵਾਨ ਨਾਲ ਲੜਾਇਆ ਗਿਆ ਜਿਸ ਵਿਚ ਰੈਫਰੀ ਅਤੇ ਮੈਟ ਦੋਵੇਂ ਦਿੱਲੀ

(ਬਾਕੀ ਸਫਾ 30 'ਤੇ)

# ਆਰਥਿਕ ਜਮਹੂਰੀਅਤ 'ਚ ਅਨੋਖੇ ਇਨਕਲਾਬ ਦੀ ਸੰਭਾਵਨਾ

ਸਰਮਾਏਦਾਰੀ ਨੂੰ ਬਾਹਰੋਂ ਤੋੜਨਾ ਤਕਰੀਬਨ ਅਸੰਭਵ ਹੈ ਪਰ ਇਸ ਨੂੰ ਅੰਦਰੋਂ ਫਤਿਹ ਕਰਨਾ ਅਨੁਪਾਤਕ ਤੌਰ 'ਤੇ ਬੜਾ ਸੌਖਾ ਹੈ। ਸਰਮਾਏਦਾਰੀ ਨਿਜ਼ਾਮ ਵਿਚ ਬਹੁਤ ਨੁਕਸ ਵੀ ਹਨ ਪਰ ਇਸ ਦੀ ਇਹ ਖੂਬੀ ਵੀ ਹੈ ਕਿ ਇਹ ਨਵੀਨਕਾਰੀ (Innovation) ਨੂੰ ਦੌਲਤ ਨਾਲ ਸਨਮਾਨਤ ਕਰਦਾ ਹੈ। ਜਿਹੜੇ ਲੋਕ ਉਦਮਕਾਰੀ (Entrepreneurship), ਨਵੀਨਕਾਰੀ (Innovation) ਅਤੇ ਈਜਾਦਕਾਰੀ (Invention) ਵਾਲੀ ਸੋਚ

ਬਲਦੇਵ ਦੂਹੜੇ
ਫੋਨ: +1-519-731-1985

ਰੱਖਦੇ ਹਨ, ਉਹ ਆਪਣੇ ਆਪ ਨੂੰ ਤਾਕਤਵਰ ਬਣਾਉਣ ਦੇ ਨਾਲ ਨਾਲ ਦੁਨੀਆ ਦੇ ਵਿਕਾਸ ਵਿਚ ਵੀ ਹਿੱਸਾ ਪਾ ਰਹੇ ਹਨ ਅਤੇ ਜਿਹੜੇ ਧੁੰਦਲੀਆਂ ਜਾਂ ਪੁਰਾਣੇ ਸਮੇਂ ਦੀਆਂ ਸੋਚਾਂ ਵਿਚ ਗਲਤਾਨ ਹਨ ਜਾਂ ਧਰਮ ਦੀ ਦੁਰਵਰਤੋਂ ਵਿਚ ਫਸੇ ਬੈਠੇ ਹਨ, ਉਹ ਪਛੜ ਜਾਂਦੇ ਹਨ।

ਪੰਜਾਬ ਦੇ ਲੋਕਾਂ ਨੂੰ ਹੁਣ ਹਥਿਆਰ ਅਤੇ ਸੋਚ ਬਦਲਣ ਦੀ ਲੋੜ ਹੈ। ਹੁਣ ਤਲਵਾਰਾਂ ਨੂੰ ਮਿਆਨਾਂ ਵਿਚ ਬੰਦ ਕਰ ਕੇ ਕੰਪਿਊਟਰ ਚੁੱਕਣ ਦੀ ਲੋੜ ਹੈ। ਕਚਹਿਰੀਆਂ ਦੇ ਗੇੜੇ ਮਾਰਨ ਦੀ ਥਾਂ ਪ੍ਰਯੋਗਸ਼ਾਲਾਵਾਂ ਵਿਚ ਜਾਣਾ ਚਾਹੀਦਾ ਹੈ। ਦੁਨੀਆ ਵਿਚ ਤਕਨੀਕੀ ਇਨਕਲਾਬ ਦਿਨੋਂ-ਦਿਨ ਤੇਜ਼ ਹੋ ਰਿਹਾ ਹੈ। ਇਸ ਨਾਲ ਦੁਨੀਆ ਦੇ ਸਾਰੇ ਸਿਸਟਮ ਤਬਦੀਲੀ ਦਾ ਸ਼ਿਕਾਰ ਹੋਣਗੇ। ਇਤਿਹਾਸ ਦੇ ਇਸ ਵੇਗ ਵਿਚ ਹਰ ਉਹ ਸਿਸਟਮ ਜੋ ਬਦਲ ਰਹੀ ਤਕਨਾਲੋਜੀ ਦੇ ਅਨੁਕੂਲ ਨਹੀਂ ਰਹਿੰਦਾ, ਖਤਮ ਹੋ ਜਾਵੇਗਾ। ਹਰ ਆਰਥਿਕ ਨਿਜ਼ਾਮ ਦੀ ਉਮਰ ਤਕਨਾਲੋਜੀ ਨਾਲ ਨਿਸ਼ਚਿਤ ਹੁੰਦੀ ਹੈ। ਇਸ ਪੱਖੋਂ ਸਰਮਾਏਦਾਰੀ ਨਿਜ਼ਾਮ ਵੀ ਇਕ ਦਿਨ ਆਪਣੀ ਉਮਰ ਭੋਗ ਕੇ ਇਸ ਦੁਨੀਆ ਵਿਚੋਂ ਰਵਾਨਾ ਹੋ ਜਾਵੇਗਾ ਪਰ ਜਦੋਂ ਤੱਕ ਇਹ ਕਾਇਮ ਹੈ, ਉਹ ਲੋਕ ਵਧੇਰੇ ਤਰੱਕੀ ਕਰਨਗੇ ਜੋ ਇਸ ਦੀਆਂ ਉਪਜਾਊ ਸ਼ਕਤੀਆਂ ਦਾ ਫਾਇਦਾ ਉਠਾਉਣਗੇ।

ਸਰਮਾਏਦਾਰੀ ਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਪੂੰਜੀ ਨਿਵੇਸ਼ ਕਰਨ ਵਾਲਾ ਵਿਅਕਤੀਗਤ ਸਰਮਾਏਦਾਰ ਹੈ, ਜਾਇੰਟ ਸਟਾਕ ਕੰਪਨੀ ਹੈ, ਸਹਿਕਾਰੀ ਅਦਾਰਾ ਜਾਂ ਸਟੇਟ ਹੈ। ਮੰਡੀ ਦੇ ਆਮ ਚੌਖਟੇ ਵਿਚ ਰਹਿ ਕੇ ਕੋਈ ਵੀ ਸਰਮਾਏਦਾਰ ਦੀ ਕੁਰਸੀ ਉਤੇ ਬੈਠ ਸਕਦਾ ਹੈ ਪਰ ਇਸ ਗੱਲ ਦਾ ਸਮਾਜ ਉਤੇ ਵੱਖਰਾ ਅਸਰ ਪੈਂਦਾ ਹੈ ਕਿ ਇਸ ਕੁਰਸੀ ਉਤੇ ਕੌਣ ਬੈਠਾ ਹੈ। ਇਹ ਗੱਲ ਬਹੁਤ ਅਹਿਮ ਹੈ ਕਿ ਜੇ ਪੰਜਾਬ ਦੇ ਸਾਰੇ ਕੋ-ਆਪਰੇਟਿਵ ਰਲ ਕੇ ਸਰਮਾਇਆ ਨਿਵੇਸ਼ ਕਰਨਗੇ ਤਾਂ ਸਰਮਾਏਦਾਰੀ ਨਿਜ਼ਾਮ ਦੀ ਅਥਾਹ ਉਤਪਾਦਕ ਸ਼ਕਤੀ ਇਨ੍ਹਾਂ ਦੇ ਹੱਕ ਵਿਚ ਭੁਗਤੇਗੀ। ਮੌਂਡਰਾਗੌਨ ਕੋਆਪਰੇਟਿਵ ਇਸ ਗੱਲ ਦੀ ਮਿਸਾਲ ਹੈ ਜੋ ਹੁਣ ਦੁਨੀਆ ਦੀਆਂ ਬਹੁਤ ਵੱਡੀਆਂ ਕਾਰਪੋਰੇਸ਼ਨਾਂ ਵਿਚੋਂ ਇੱਕ ਹੈ। ਜੇਕਰ ਲੋਕ ਇਕੱਠੇ ਹੋ ਕੇ ਪੂੰਜੀ ਨਿਵੇਸ਼ ਕਰਦੇ ਹਨ ਤਾਂ ਵਾਤਾਵਰਨ ਅਤੇ ਕਿਰਤ (ਲੇਬਰ) ਦੇ ਬਹੁਤ ਉਚੇ ਮਿਆਰ ਸਥਾਪਿਤ ਕਰਦੇ ਹੋਏ ਪੰਜਾਬ ਦਾ ਵਿਕਾਸ ਕੀਤਾ ਜਾ ਸਕਦਾ ਹੈ।

ਪੰਜਾਬ ਵਿਚ ਭਾਰਤੀ ਸਰਮਾਏਦਾਰ ਪੂੰਜੀ ਨਿਵੇਸ਼ ਕਰਨ ਤੋਂ ਕੰਨੀ ਕਤਰਾਉਂਦੇ ਹਨ। ਇਹ ਉਹੀ ਹਾਲਾਤ ਹਨ ਜਿਸ ਵਿਚੋਂ ਸਪੇਨ ਦੀ ਮੌਂਡਰਾਗਾਨ ਕਾਰਪੋਰੇਸ਼ਨ ਨੇ ਜਨਮ ਲਿਆ ਸੀ। ਪੰਜਾਬ ਵਿਚ ਪਰਮ-ਨਿਵੇਸ਼ਕਾਰੀ ਅਦਾਰੇ (Super-investment institution) ਦੀ ਲੋੜ ਹੈ। ਜੇਕਰ ਇਹ ਪੰਜਾਬ ਦੀਆਂ ਸਾਰੀਆਂ ਸਹਿਕਾਰੀ ਸੰਸਥਾਵਾਂ ਦਾ ਕੇਂਦਰ ਹੋਵੇ ਤਾਂ ਬਹੁਤ ਵੱਡੀ ਸਕੇਲ 'ਤੇ ਪੂੰਜੀ ਨਿਵੇਸ਼ ਕਰ ਸਕਦਾ ਹੈ ਜਿਸ ਨਾਲ ਇਹ ਭਾਰਤ ਅਤੇ ਦੁਨੀਆ ਭਰ ਨੂੰ ਆਪਣੀ ਮੰਡੀ ਬਣਾ ਸਕਦਾ ਹੈ। ਇਸ ਦੀ ਰੂਪ ਰੇਖਾ ਇੰਝ ਹੋ ਸਕਦੀ ਹੈ:

## ਲਾਂਬੜਾ ਕਾਂਗੜੀ ਦਾ ਮਾਡਲ ਅਤੇ ਸੁਪਰ ਕੋਆਪਰੇਟਿਵ

ਲਾਂਬੜਾ ਕਾਂਗੜੀ ਸਹਿਕਾਰਤਾ ਦਾ ਮਾਡਲ ਹੈ ਜੋ ਪੰਜਾਬ ਦਾ ਆਪਣਾ ਮੌਲਿਕ ਮਾਡਲ ਹੈ। ਇਹ ਕਿਸਾਨਾਂ ਦਾ ਸਾਂਝੀ ਮਸ਼ੀਨਰੀ ਦਾ ਕੋਆਪਰੇਟਿਵ ਹੈ ਜੋ ਸਰਵਿਸ ਕਾਰਪੋਰੇਸ਼ਨ ਦੇ ਤੌਰ 'ਤੇ ਕੰਮ ਕਰ ਰਿਹਾ ਹੈ। ਇਸ ਦੀ ਵਿਲੱਖਣਤਾ ਇਹ ਹੈ ਕਿ ਇਸ ਦੇ ਅੰਦਰੂਨੀ ਰਿਸ਼ਤੇ ਸਰਮਾਏਦਾਰੀ ਰਿਸ਼ਤੇ ਹੋਣ ਕਰਕੇ ਰਿਸ਼ਤਿਆ ਦੀ ਅਨੁਕੂਲਤਾ (Compatibility) ਦਾ ਕੋਈ ਦਵੰਦ ਨਹੀਂ ਪੈਦਾ ਹੁੰਦਾ। ਮਿਸਾਲ ਵਜੋਂ ਇਸ ਮਾਡਲ ਵਿਚ ਵਿਅਕਤੀਗਤ ਜਾਂ ਪਰਿਵਾਰਕ ਫਾਰਮ ਅਜੇ ਵੀ ਪ੍ਰਾਈਵੇਟ ਹਨ ਪਰ ਇਹ ਸੰਸਥਾ ਆਪਣਾ ਟਰੈਕਟਰ ਤੇ ਡਰਾਈਵਰ ਭੇਜਦੇ ਹਨ ਅਤੇ ਕਿਸਾਨਾਂ ਦੀ ਜ਼ਮੀਨ ਪੈਸੇ ਲੈ ਕੇ ਵਾਹੁੰਦੇ ਹਨ। ਵਾਹੀ, ਕਟਾਈ ਆਦਿ ਕਰਨ ਲਈ ਜਾਇਜ਼ ਪੈਸੇ ਲਏ ਜਾਂਦੇ ਹਨ। ਵਿਅਕਤੀਗਤ ਕਿਸਾਨ ਨੂੰ ਕਿਉਂਕਿ ਮਸ਼ੀਨਰੀ ਨਹੀਂ ਖਰੀਦਣੀ ਪੈਂਦੀ, ਇਸ ਲਈ ਕਿਸਾਨ ਦੀ ਵਾਹੀ/ਕਟਾਈ ਦੀ ਲਾਗਤ ਬਹੁਤ ਘਟ ਜਾਂਦੀ ਹੈ। ਇਵੇਂ ਹੀ ਇਹ ਪਿੰਡ ਵਿਚੋਂ ਗੋਹਾ ਮੁੱਲ ਲੈ ਕੇ ਉਸ ਦੀ ਮਿਥੇਨ ਗੈਸ ਬਣਾ ਕੇ ਪਿੰਡ ਦੇ ਲੋਕਾਂ ਨੂੰ ਸਸਤੀ ਕੀਮਤ 'ਤੇ ਵੇਚਦੇ ਹਨ। ਜਿਸ ਬੰਦੇ ਨੇ ਗੋਹਾ ਨਹੀਂ ਵੇਚਿਆ, ਉਹ ਵੀ ਗੈਸ ਮੁੱਲ ਲੈ ਸਕਦਾ ਹੈ। ਇਨ੍ਹਾਂ ਦੀ ਆਪਣੀ ਹੀ ਬੈਂਕ, ਆਪਣਾ ਗੈਸ ਸਟੇਸ਼ਨ, ਐਂਬੂਲੈਂਸ ਆਦਿ ਹਨ। ਇਹ ਸਭ ਸੇਵਾਵਾਂ ਬਹੁਤ ਹੀ ਜਾਇਜ਼ ਕੀਮਤ 'ਤੇ ਮੁਹੱਈਆ ਕਰਦੇ ਹਨ ਅਤੇ ਜੋ ਮੁਨਾਫਾ ਹੁੰਦਾ ਹੈ, ਉਸ ਵਿਚੋਂ ਕਿਸਾਨਾਂ ਨੂੰ ਹਿੱਸਾ ਮਿਲਦਾ ਹੈ ਜਾਂ ਇਹ ਜਮ੍ਹਾਂ ਹੋਇਆ ਪੈਸਾ ਨਿਵੇਸ਼ ਕੀਤਾ ਜਾਂਦਾ ਹੈ।

ਜੇਕਰ ਪੰਜਾਬ ਦੇ 12000 ਤੋਂ ਵੱਧ ਪਿੰਡਾਂ ਵਿਚ 4000 ਦੇ ਕਰੀਬ ਮਸ਼ੀਨਰੀ ਕੋਆਪਰੇਟਿਵ ਬਣਾਏ ਜਾਣ ਅਤੇ ਇਹ ਸਾਰੇ ਇਕੱਠੇ ਹੋ ਕੇ ਸੂਬਾਈ ਪੱਧਰ ਦਾ ਕੇਂਦਰੀ ਮਾਰਕਿਟਿੰਗ ਅਤੇ ਨਿਵੇਸ਼ਕਾਰੀ ਬੋਰਡ ਬਣਾਉਣ ਤਾਂ ਇਹ ਸਰਮਾਏਦਾਰੀ ਨੂੰ ਅੰਦਰੋਂ ਸਰ ਕਰਨ ਵੱਲ ਤੁਰ ਸਕਦੇ ਹਨ। ਜੇਕਰ ਸਥਾਨਕ ਕੋਆਪਰੇਟਿਵ ਸਾਂਝੀ ਮਸ਼ੀਨਰੀ ਅਤੇ ਹੋਰ ਕਈ ਕਦਮਾਂ ਕਾਰਨ ਲਾਹੇਵੰਦ ਹੋ ਜਾਂਦੇ ਹਨ ਤਾਂ ਇਨ੍ਹਾਂ ਦੀ ਸਾਂਝੀ ਵਾਫਰ ਕਦਰ (Collective surplus value) ਬਹੁਤ ਵੱਡਾ ਸਰਮਾਇਆ ਬਣ ਸਕਦੀ ਹੈ। ਇਹ ਸਾਂਝਾ ਪੈਸਾ, ਪੰਜਾਬ ਦੇ ਉਦਯੋਗੀਕਰਨ, ਤਕਨਲੋਜੀ ਬਿਹਤਰ ਕਰਨ ਅਤੇ ਨਵੇਂ ਕੋਆਪਰੇਟਿਵ ਉਦਯੋਗ ਪੈਦਾ ਕਰਨ ਲਈ ਵਰਤਿਆ ਜਾ ਸਕਦਾ ਹੈ। ਇਸ ਬੋਰਡ ਦਾ ਸਾਰਾ ਕੰਟਰੋਲ ਕਿਸਾਨਾਂ ਕੋਲ ਚਾਹੀਦਾ ਹੈ ਅਤੇ ਸਰਕਾਰੀ ਦਖਲਅੰਦਾਜ਼ੀ ਤੋਂ ਮੁਕਤ ਹੋਵੇ। ਹਾਂ, ਸਰਕਾਰ ਇਸ ਬੋਰਡ ਨੂੰ ਕਾਨੂੰਨੀ ਅਧਿਕਾਰ ਦੇਵੇ ਕਿ ਇਹ ਕਿਸਾਨਾਂ ਦਾ ਸਾਰਾ ਮਾਲ ਖਰੀਦ ਕੇ ਅੱਗੇ ਉਸ ਦੀ ਮਾਰਕਟਿੰਗ ਕਰ ਸਕਣ। ਇਹ ਹਰ ਸਾਲ ਦੀ ਸਾਂਝੀ ਵਾਫਰ ਕਦਰ ਵਰਤ ਕੇ ਪੰਜਾਬ ਵਿਚ ਸਨਅਤੀ ਇਨਕਲਾਬ ਸ਼ੁਰੂ ਕਰ ਸਕਦੇ ਹਨ। ਪੇਸ਼ਾਵਰ ਅਤੇ ਤਕਨੀਕੀ ਲੋਕ ਇਸ ਬੋਰਡ ਦੇ ਕਰਮਚਾਰੀ ਹੋਣ ਜੋ ਇਸ ਦੇ ਸਾਰੇ ਤਕਨੀਕੀ ਕੰਮ ਕਰ ਸਕਣ। ਇਸ ਦੀ ਪੂਰੀ ਪਲੈਨ ਬਣਾਉਣ ਲਈ ਮੌਂਡਰਾਗੌਨ ਦਾ ਅਧਿਐਨ ਕੀਤਾ ਜਾ ਸਕਦਾ ਹੈ। ਵੱਧ ਤੋਂ ਵੱਧ ਸਵੈਚਾਲਕ ਤੌਰ-ਤਰੀਕੇ ਲਿਆ ਕੇ ਕਿਸਾਨਾਂ ਦੀ ਲੇਬਰ ਹੋਰ ਉਦਯੋਗਾਂ ਵਿਚ ਲਾਈ ਜਾ ਸਕਦੀ ਹੈ ਜਿਸ ਨਾਲ ਆਮਦਨ ਦੇ ਹੋਰ ਸਾਧਨ ਪੈਦਾ ਕੀਤੇ ਜਾ ਸਕਦੇ ਹਨ।

ਸਹਿਕਾਰੀਕਰਨ ਨਾਲ ਛੋਟੀ ਕਿਸਾਨੀ ਵੱਡੀ ਕਿਸਾਨੀ ਦਾ ਰੂਪ ਧਾਰਨ ਕਰ ਜਾਂਦੀ ਹੈ ਜਿਸ ਨਾਲ ਇਸ ਦੀ ਸਮਰੱਥਾ ਅਤੇ ਆਰਥਿਕਤਾ ਬਦਲ ਜਾਂਦੀ ਹੈ। ਮਿਸਾਲ ਵਜੋਂ ਲਾਂਬੜਾ ਕਾਂਗੜੀ ਦੇ ਕੋਆਪਰੇਟਿਵ ਵਿਚ ਚਾਰ ਪਿੰਡ ਹਨ ਜਿਨ੍ਹਾਂ ਦੀ ਕੁੱਲ ਜ਼ਮੀਨ 3500 ਏਕੜ ਹੈ। ਇਹ ਛੋਟੀ ਕਿਸਾਨੀ ਨਹੀਂ ਸਗੋਂ ਅਮਰੀਕਾ ਕੈਨੇਡਾ ਦੇ ਬਰਾਬਰ ਦੇ ਆਕਾਰ ਦੀ ਹੈ। ਇਨ੍ਹਾਂ ਦੀ ਆਪਣੀ ਬੈਂਕ, ਮਿਥੇਨ ਗੈਸ ਸਪਲਾਈ, ਸਪਲਾਈ ਸਟੋਰ, ਮਸ਼ੀਨਰੀ ਮੁਰੰਮਤ ਕਰਨ ਵਾਲੀ ਵਰਕਸ਼ਾਪ, ਮਸ਼ੀਨਾਂ ਡਿਜ਼ਾਈਨ ਕਰਨ ਦੀ ਸਮਰੱਥਾ, ਪਾਣੀ ਸ਼ੁੱਧ ਕਰਨ ਦਾ ਪਲਾਂਟ, ਆਪਣੀ ਐਂਬੂਲੈਂਸ ਆਦਿ ਹਨ।

ਜਦੋਂ ਪੰਜਾਬ ਦੇ 1200 ਤੋਂ ਵੱਧ ਪਿੰਡਾਂ ਦੀਆਂ ਕੋਈ ਚਾਰ ਜਾਂ ਪੰਜ ਹਜ਼ਾਰ ਸਹਿਕਾਰੀ ਸੰਸਥਾਵਾਂ ਕੰਮ ਕਰ ਰਹੀਆਂ ਹੋਣ ਅਤੇ ਇਨ੍ਹਾਂ ਦੀ ਸਾਂਝੀ ਸੂਬਾ ਪੱਧਰ ਦੀ ਕੋਆਪਰੇਟਿਵ ਸੰਸਥਾ ਹੋਵੇ ਤਾਂ ਇਹ ਬਹੁਤ ਵੱਡੀ ਸਕੇਲ ਦਾ ਸਿਸਟਮ ਬਣ ਜਾਂਦਾ ਹੈ। ਕੇਂਦਰੀ ਬੋਰਡ ਵਿਚ ਕੇਂਦਰੀ ਬੈਂਕ, ਪੂੰਜੀ ਨਿਵੇਸ਼ ਤੇ ਉਦਯੋਗ-ਸ਼ੁਰੂਆਤੀ ਵਿਭਾਗ (ਜੋ ਸਥਾਨਕ ਸਹਿਕਾਰੀ ਸੰਸਥਾਵਾਂ ਨੂੰ ਨਵੇਂ ਕਾਰੋਬਾਰ ਸ਼ੁਰੂ ਕਰਨ ਵਿਚ ਮਦਦ ਕਰੇ ਜਿਵੇਂ ਫੂਡ ਪ੍ਰਾਸੈਸਿੰਗ ਆਦਿ) ਹੋਣ ਪਰ ਇਸ ਦੇ ਨਾਲ ਨਾਲ ਵੱਡੇ ਉਦਯੋਗ ਸ਼ੁਰੂ ਕਰਨ ਵਾਲਾ ਯੂਨਿਟ ਚਾਹੀਦਾ ਹੈ ਜੋ ਵੱਡੀ ਸਨਅਤ ਲਾ ਸਕੇ। ਮਿਸਾਲ ਵਜੋਂ ਇਹ ਬਿਜਲੀ ਨਾਲ ਚੱਲਣ ਵਾਲੇ ਟਰੈਕਟਰ ਬਣਾ ਕੇ ਨਾ ਸਿਰਫ ਆਪਣੇ ਮਸ਼ੀਨਰੀ ਕੋਆਪਰੇਟਿਵਸ ਨੂੰ ਵੇਚ ਸਕੇ ਸਗੋਂ ਭਾਰਤ ਅਤੇ ਕੌਮਾਂਤਰੀ ਪੱਧਰ 'ਤੇ ਵੀ ਅਜਿਹਾ ਕਰ ਸਕੇ। ਇਵੇਂ ਹੀ ਇਹ ਸੋਲਰ ਪੈਨਲਜ਼ ਦਾ ਉਤਪਾਦਨ ਕਰ ਸਕਦੇ ਹਨ ਜਿਨ੍ਹਾਂ ਨੂੰ ਪੰਜਾਬ ਵਿਚ ਵੱਡੀ ਸਕੇਲ 'ਤੇ ਲਾਇਆ ਜਾ ਸਕਦਾ ਹੈ। ਇਸ ਨਾਲ ਕੋਲੇ ਨਾਲ ਚੱਲਣ ਵਾਲੇ ਪਲਾਂਟ ਇੱਕ ਦਿਨ ਬੰਦ ਕੀਤੇ ਜਾ ਸਕਦੇ ਹਨ।

ਇਸ ਦਾ ਇੱਕ ਖੋਜ ਯੂਨਿਟ ਵੀ ਚਾਹੀਦਾ ਹੈ ਜੋ ਖੇਤੀ ਨੂੰ ਅਗਲੇ ਖੇਤੀ ਇਨਕਲਾਬ ਤੱਕ ਲਿਜਾ ਸਕੇ ਜਿਥੇ ਬਹੁਤ ਥੋੜ੍ਹੀ ਜ਼ਮੀਨ ਅਤੇ ਪਾਣੀ ਨਾਲ ਬਹੁਤ ਉਤਪਾਦ ਪੈਦਾ ਕੀਤਾ ਜਾ ਸਕੇ। ਇਸ ਦਾ ਮਾਰਕੀਟਿੰਗ ਵਿਭਾਗ ਪੰਜਾਬ, ਭਾਰਤ ਅਤੇ ਦੁਨੀਆ ਵਿਚ ਪੰਜਾਬ ਦੇ ਮਾਲ ਦੀ ਮਾਰਕੀਟਿੰਗ ਕਰ ਸਕੇ।

ਇਹ ਕਿਉਂਕਿ ਪੰਜਾਬ ਦੇ ਕੋਈ 19 ਜਾਂ 20 ਲੱਖ ਫਾਰਮਾਂ ਦੀ ਸਾਂਝੀ ਸੰਸਥਾ ਹੋਵੇਗੀ, ਇਸ ਲਈ ਇਹ ਆਰਥਿਕ ਜਮਹੂਰੀਅਤ ਦਾ ਮਹਾਂ ਤਜਰਬਾ ਹੋ ਸਕਦੀ ਹੈ। ਇਹ ਪੰਜਾਬ ਵਿਚ ਵਾਤਾਵਰਨ ਅਤੇ ਕਿਰਤ (ਲੇਬਰ) ਦੇ ਉਚਤਮ ਸਟੈਂਡਰਡ ਕਾਇਮ ਕਰ ਸਕਦੀ ਹੈ। ਇਸ ਦੇ ਸਾਰੇ ਉਦਯੋਗ ਹੰਢਣਸਾਰ ਜਾਂ ਬਰਕਰਾਰ ਰਹਿਣ ਯੋਗ (Sustainable) ਹੋਣਗੇ ਕਿਉਂਕਿ ਇਹ ਲੋਕਾਂ ਦੀ ਸਰਮਾਏਦਾਰੀ ਹੈ ਨਾ ਕਿ ਕੁਝ ਧਨਾਢ ਕਿਸਮ ਦੇ ਬੰਦਿਆਂ ਦੀ। ਇਹ ਤਜਰਬਾ ਪੰਜਾਬ ਵਿਚ ਨਾ ਸਿਰਫ ਸੰਭਵ ਹੈ ਸਗੋਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਇਸ ਇਨਕਲਾਬ ਨਾਲ ਪਹਿਲੀ ਲੋਕ-ਸਰਮਾਏਦਾਰੀ ਕਾਇਮ ਕਰ ਸਕਦਾ ਹੈ। ਇਸ ਸਿਸਟਮ ਅਧੀਨ ਪੰਜਾਬ ਬਹੁਤਾਤ ਦਾ ਉਹ ਆਲਮ ਸਿਰਜ ਸਕਦਾ ਹੈ ਜਿਸ ਵਿਚ ਬੇਗਾਨਗੀ, ਲੁੱਟ-ਖਸੁੱਟ ਅਤੇ ਪੌਣ ਪਾਣੀ ਦਾ ਪ੍ਰਦੂਸ਼ਣ ਗਾਇਬ ਹੋਣ।

# ਬਦਲ ਰਹੇ ਮਨੁੱਖ ਦੀ ਗਾਥਾ ਬਿਆਨਦੀਆਂ ਕਹਾਣੀਆਂ - ਖੁਸ਼ਬੂ ਜਾਤ ਨਾ ਜਾਣਦੀ

ਪੁਸਤਕ ਚਰਚਾ

ਜੋਗੇ ਭੰਗਲ ਪੰਜਾਬੀ ਕਹਾਣੀ, ਕਵਿਤਾ, ਇਕਾਂਗੀ ਤੇ ਕਾਵਿ ਨਾਟਕ ਦੇ ਖੇਤਰ ਵਿਚ ਉਘਏਵੀ ਪਛਾਣ ਰੱਖਣ ਵਾਲਾ ਬਹੁ-ਵਿਧਾਈ ਲੇਖਕ ਹੈ। ਹਥਲੇ ਕਹਾਣੀ ਸੰਗ੍ਰਹਿ 'ਖੁਸ਼ਬੂ ਜਾਤ ਨਾ ਜਾਣਦੀ' ਸਮੇਤ ਉਸਦੇ ਤਿੰਨ ਕਹਾਣੀ ਸੰਗ੍ਰਹਿ, ਤਿੰਨ ਕਾਵਿ ਸੰਗ੍ਰਹਿ, ਇੱਕ ਕਾਵਿ ਨਾਟਕ ਤੇ ਇੱਕ ਇਕਾਂਗੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁਕੇ ਹਨ। ਹਿੰਦੀ ਭਾਸ਼ਾ ਵਿਚ ਵੀ ਉਸਦਾ ਇੱਕ ਕਾਵਿ ਸੰਗ੍ਰਹਿ ਛਪ ਚੁੱਕਾ ਹੈ। ਜਦੋਂ ਉਸਦੀਆਂ ਕਹਾਣੀਆਂ ਅਨੇਕਾਂ ਤਰ੍ਹਾਂ ਦੀਆਂ ਮਨੋ-ਸਮਾਜਿਕ ਸਮੱਸਿਆਵਾਂ ਨਾਲ ਜੂਝ ਰਹੇ ਅਜੋਕੇ ਮਨੁੱਖ

ਨਿਰੰਜਣ ਬੋਹਾ
ਫੋਨ: 89682-82700


ਅੰਦਰਲੀਆਂ ਮਨੋ ਸੰਵੇਦਨਾਵਾਂ, ਦੁਵਿਧਾਵਾਂ, ਤਣਾਵਾਂ, ਚਿੰਤਾਵਾਂ ਤੇ ਸ਼ੰਕਾਵਾਂ ਨੂੰ ਉਨ੍ਹਾਂ ਦੀ ਤੀਬਰਤਾ ਤੇ ਤੀਖਣਤਾ ਸਮੇਤ ਰੂਪਮਾਨ ਕਰਦੀਆਂ ਹਨ ਤਾਂ ਸਮਕਾਲੀਨ ਸਮਾਜਿਕ, ਆਰਥਿਕ ਤੇ ਰਾਜਨੀਤਕ ਪ੍ਰਬੰਧ ਦਾ ਮਨੁੱਖਤਾ ਵਿਰੋਧੀ ਖਾਸਾ ਆਪ ਮੁਹਾਰੇ ਉਘੜਣ ਲੱਗ ਪੈਂਦਾ ਹੈ। ਇਹ ਕਹਾਣੀਆਂ ਨਾ ਕੇਵਲ ਸਮਾਜ ਦੀ ਵਰਤਮਾਨ ਦਸ਼ਾ ਤੇ ਦਿਸ਼ਾ ਬਾਰੇ ਆਪਣੀਆਂ ਤਰਕ ਭਰਪੂਰ ਟਿੱਪਣੀਆਂ ਦਰਜ ਕਰਾਉਂਦੀਆਂ ਹਨ ਸਗੋਂ ਇਸ ਦੇ ਭਵਿੱਖ ਬਾਰੇ ਵੀ ਕਈ ਅਜਿਹੇ ਹੈਰਾਨੀਜਨਕ ਖੁਲਾਸੇ ਕਰਦੀਆਂ ਹਨ, ਜਿਨ੍ਹਾਂ ਬਾਰੇ ਜਾਣ-ਸੁਣ ਕੇ ਹੀ ਰੂਹ ਕੰਬ ਜਾਂਦੀ ਹੈ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਉਹ ਆਏ ਹੀ ਚਿੜੀ ਨਹੀਂ ਸੀ' ਖੁਲਾਸਾ ਕਰਦੀ ਹੈ ਕਿ ਮਨੁੱਖੀ ਸਭਿਅਤਾ ਦੀ ਵਿਕਾਸ ਪ੍ਰਕਿਰਿਆ ਆਪਣਾ ਚੱਕਰ ਪੂਰਾ ਕਰ ਕੇ ਫਿਰ ਤੋਂ ਰਿਸ਼ਤੇ-ਨਾਤੇ ਰਹਿਤ ਆਦਿਵਾਸੀ ਜੀਵਨ ਵੱਲ ਵਧ ਰਹੀ ਹੈ। ਰਿਸ਼ਤਿਆਂ ਤੋਂ ਮੋਹ ਭੰਗਤਾ ਦੇ ਪੜਾਅ ਤੱਕ ਪੁੱਜੀ ਕਹਾਣੀ ਦੀ ਪਾਤਰ ਰੋਜ਼ੀ ਲਈ ਭੈਣ ਭਰਾ, ਮਾਂ-ਬਾਪ, ਪਤੀ-ਪਤਨੀ ਆਦਿ ਬੁਨਿਆਦੀ ਰਿਸ਼ਤੇ ਵੀ ਕੇਵਲ ਵਿਖਾਵਾ ਹੀ ਹਨ ਪਰ ਬਜ਼ੁਰਗ ਪੀੜ੍ਹੀ ਦਾ ਅੰਕਲ ਇਨ੍ਹਾਂ ਰਿਸ਼ਤਿਆਂ ਬਾਰੇ ਉਸਦਾ ਵਿਖਿਆਨ ਸੁਣ ਕੇ ਹੀ ਸਦਮੇ ਵਿਚ ਚਲਿਆ ਜਾਂਦਾ ਹੈ। ਰੋਜ਼ੀ ਔਰਤ ਤੇ ਮਰਦ ਵਿਚਕਾਰ ਲਿੰਗਕ ਰਿਸ਼ਤੇ ਤੋਂ ਇਲਾਵਾ ਹੋਰ ਕਿਸੇ ਸਮਾਜਿਕ ਜਾਂ ਪਰਿਵਾਰਕ ਰਿਸ਼ਤੇ ਨੂੰ ਨਹੀਂ ਸਵੀਕਾਰਦੀ ਤਾਂ ਕਹਾਣੀ ਸਮਾਜ ਸ਼ਾਸਤਰੀਆਂ ਨੂੰ ਵੰਗਾਰ ਪਾਉਂਦੀ ਹੈ ਕਿ ਉਹ ਮਿਲ ਬੈਠ ਇਸ ਸਮੱਸਿਆ ਦਾ ਹੱਲ ਤਲਾਸ਼ ਕਰਨ।

ਕਹਾਣੀ 'ਇੱਕ ਦਫ਼ਤਰ ਦੀ ਮੌਤ' ਕਿਸੇ ਵੀ ਇੱਕ ਦਫ਼ਤਰ ਦੇ ਹਵਾਲੇ ਨਾਲ ਦੇਸ਼ ਦੇ ਸਮੁੱਚੇ ਪ੍ਰਬੰਧਕੀ ਢਾਂਚੇ ਬਾਰੇ ਇਸ ਸੱਚ ਤਲਖ ਬਿਆਨੀ ਕਰਦੀ ਹੈ ਕਿ ਇਹ ਪ੍ਰਬੰਧ ਬਿਲਕੁਲ ਨਕਾਰਾ ਹੋ ਚੁੱਕਾ ਹੈ ਤੇ ਇਸਨੂੰ ਚਲਾਉਣ ਵਾਲੇ ਅਧਿਕਾਰੀ ਤੇ ਛੋਟੇ ਕਰਮਚਾਰੀ ਕੰਮ ਕਰਨ ਵਿਚ ਘੱਟ ਤੇ ਹਰਾਮਖੋਰੀ ਵਿਚ ਵੱਧ ਵਿਸ਼ਵਾਸ ਰੱਖਦੇ ਹਨ। ਜੇ ਕੋਈ ਕਰਮਚਾਰੀ ਇਸ ਕਹਾਣੀ ਦੇ ਸੀਨੀਅਰ ਸਹਾਇਕ ਪਾਤਰ ਵਾਂਗ ਇਮਾਨਦਾਰੀ ਨਾਲ ਕੰਮ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਸਹਿਯੋਗ ਜਾਂ ਸ਼ਾਬਾਸ਼ ਦਿੱਤੇ ਜਾਣ ਦੀ ਬਜਾਏ ਗਦਾਰ ਕਿਹਾ ਜਾਂਦਾ ਹੈ। ਕਹਾਣੀ ਆਪਣੀ ਸਿਰਜਣਾਤਮਕ ਪਛਾਣ ਉਦੋਂ ਹਾਸਲ ਕਰਦੀ ਹੈ ਜਦੋਂ ਇਹ ਇਮਾਨਦਾਰ ਕਰਮਚਾਰੀ ਦਫਤਰ ਵਿਚ ਨਵੇਂ ਆਏ ਡਿਪਟੀ ਸੀ.ਈ.ਓ. ਦੇ ਨਾਲ ਇਕ ਨਵੇਂ ਕਲਰਕ ਨੂੰ ਵੀ ਆਪਣੀ ਧਿਰ ਬਣਾਉਣ ਵਿਚ ਸਫ਼ਲ ਹੋ ਜਾਂਦਾ ਹੈ।

ਕਹਾਣੀ 'ਸ਼ਹਿਰ ਜਲ ਰਿਹਾ ਹੈ' ਕਾਰਪੋਰੇਟ ਪੱਖੀ ਸਰਕਾਰਾਂ ਵੱਲੋਂ ਸੱਤਾ 'ਤੇ ਕਾਬਜ਼ ਹੋਣ ਲਈ ਵਰਤੇ ਜਾਣ ਵਾਲੇ ਹੱਥ-ਕੰਡਿਆਂ ਦੀ ਸਚਾਈ ਬਿਆਨ ਕਰਦਿਆਂ ਦੇਸ਼ ਦੇ ਲੋਕਾਂ ਨੂੰ ਸੁਚੇਤ ਕਰਦੀ ਹੈ ਕਿ ਕਿਸ ਤਰ੍ਹਾਂ ਇਹ ਸਰਕਾਰਾਂ ਉਨ੍ਹਾਂ ਲਈ ਕੁਝ ਨਾ ਕਰ ਕੇ ਵੀ ਕੁਝ ਕਰਨ ਦਾ ਭੁਲੇਖਾ ਸਿਰਜਣ ਤੇ ਸੱਤਾ ਹਥਿਆਉਣ ਵਿਚ ਸਫਲ ਹੋ ਜਾਂਦੀਆਂ ਹਨ। ਕਹਾਣੀਕਾਰ ਦੇਸ਼ ਦੀ ਕੇਂਦਰੀ ਸਰਕਾਰ ਵੱਲੋਂ ਕਰੋਨਾ ਕਾਲ ਦੀ ਆੜ ਵਿਚ ਲਿਆਂਦੇ ਕਾਲੇ ਕਾਨੂੰਨਾਂ ਦੀ ਉਦਾਹਰਨ ਰਾਹੀਂ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਹੋਰ ਵੀ ਚੰਗੀ ਤਰ੍ਹਾਂ ਸਪਸ਼ਟ ਕਰ ਜਾਂਦਾ ਹੈ।

ਕਹਾਣੀ 'ਸੀਤਾ ਪਰਤ ਆਈ' ਕਿਸੇ ਧੀ ਨਾਲ ਸਮੂਹਿਕ ਬਲਾਤਕਾਰ ਹੋਣ ਤੋਂ ਬਾਅਦ ਉਸਦੇ ਮਾਪਿਆਂ ਦੀ ਅੰਤਰ ਦਵੰਦੀ ਮਨੋ-ਸਥਿਤੀ ਨੂੰ ਰੂਪਮਾਨ ਕਰਦੀ ਹੈ। ਭਾਵੇਂ ਇਸ ਕਹਾਣੀ ਵਿਚਲੇ ਮਾਪੇ ਵੀ ਆਪਣੀ ਧੀ ਨਾਲ ਬਲਾਤਕਾਰ ਹੋਣ 'ਤੇ ਕਥਿਤ ਬਦਨਾਮੀ ਤੋਂ ਬਚਣ ਲਈ ਕਾਹਲੀ ਨਾਲ ਉਸਨੂੰ ਅਯੋਗ ਤੇ ਅਧੇੜ ਵਰ ਨਾਲ ਨਰੜ ਦੇਣ




ਵਾਲਾ ਪਰੰਪਰਾਮਈ ਰਾਹ ਹੀ ਅਪਣਾਉਂਦੇ ਹਨ ਪਰ ਜਦੋਂ ਉਸਦੇ ਸਹੁਰਿਆਂ ਵੱਲੋਂ ਉਸ 'ਤੇ ਜ਼ੁਲਮ ਕੀਤੇ ਜਾਂਦੇ ਹਨ ਤਾਂ ਉਹ ਉਸਦੀ ਧਿਰ ਬਣ ਕੇ ਸਾਹਮਣੇ ਆਉਂਦੇ ਹਨ। ਇਸ ਤਰ੍ਹਾਂ ਇਹ ਕਹਾਣੀ ਬਲਾਤਕਾਰ ਦੀਆਂ ਸ਼ਿਕਾਰ ਕੁੜੀਆਂ ਦੇ ਦਰਦ ਨੂੰ ਪਛਾਣ ਕੇ ਉਨ੍ਹਾਂ ਨੂੰ ਸਨਮਾਨਯੋਗ ਢੰਗ ਨਾਲ ਜ਼ਿੰਦਗੀ ਜਿਉਣ ਦੇ ਮੌਕੇ ਪ੍ਰਦਾਨ ਕਰਨ ਦੀ ਹਮਾਇਤ ਕਰਦੀ ਹੈ।

ਕਹਾਣੀ 'ਕੋਈ ਮੇਰੇ ਦਿਲ 'ਤੇ ਰਾਜ ਕਰੇ' ਕਿਸੇ ਔਰਤ ਅੰਦਰਲੀ ਆਪਣੇ ਪਤੀ ਦਾ ਪੂਰਾ ਪਿਆਰ ਪਾਉਣ ਦੀ ਖਾਹਸ਼ ਨੂੰ ਸੰਵੇਦਨਾਤਮਕ ਧਰਾਤਲ 'ਤੇ ਰੂਪਮਾਨ ਕਰਦੀ ਹੈ। ਕਹਾਣੀ ਦੀ ਮੁੱਖ ਪਾਤਰ ਭਾਵੇਂ ਚਾਰ ਵਾਰ ਵਿਆਹੀ ਜਾਂਦੀ ਹੈ ਪਰ ਉਸਨੂੰ ਉਸਦੇ ਦਿਲ 'ਤੇ ਰਾਜ ਕਰਨ ਵਾਲਾ ਪਤੀ ਇਕ ਵਾਰ ਵੀ ਨਸੀਬ ਨਹੀਂ ਹੁੰਦਾ। ਜਦੋਂ ਉਸਦਾ ਚੌਥਾ ਪਤੀ ਵੀ ਉਸਦੀਆਂ ਸਰੀਰਕ ਤੇ ਮਾਨਸਿਕ ਇੱਛਾਵਾਂ ਦੀ ਪੂਰਤੀ ਕਰਨ ਤੋਂ ਅਸਮਰੱਥ ਰਹਿੰਦਾ ਹੈ ਤਾਂ ਉਹ ਬਗ਼ਾਵਤੀ ਰਾਹ ਅਖਤਿਆਰ ਕਰਦਿਆਂ ਸਾਰਿਆਂ ਦੇ ਸਾਹਮਣੇ ਆਪਣੇ ਪਤੀ ਦੇ ਭੂਆ ਦੇ ਪੁੱਤ ਦੀ ਬਾਂਹ ਫੜ ਕੇ ਐਲਾਨ ਕਰਦੀ ਹੈ ਕਿ ਕਾਗਜ਼ਾਂ ਵਿਚ ਭਾਵੇਂ ਉਸਦਾ ਪਤੀ ਕੋਮਲ ਰਹੇਗਾ ਪਰ ਉਸ ਤੇ ਦਿਲ 'ਤੇ ਰਾਜ ਉਸਦਾ ਦਿਉਰ ਹੀ ਕਰੇਗਾ। ਭਾਵੇਂ ਅਜੇ ਸਮਾਜ ਵਿਚ ਕਿਸੇ ਔਰਤ ਵੱਲੋਂ ਅਜਿਹੀ ਦਲੇਰੀ ਵਿਖਾਏ ਜਾਣ ਦੀ ਗੱਲ ਹੈਰਾਨੀਜਨਕ ਵਰਤਾਰਾ ਲੱਗਦੀ ਹੈ ਪਰ ਕਹਾਣੀਕਾਰ ਵੱਲੋਂ ਔਰਤ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਤਲਾਸ਼ਿਆ ਵਿਚ ਵਿਚਾਲੇ ਦਾ ਰਾਹ ਪਾਠਕਾਂ ਨੂੰ ਚੰਗਾ ਹੀ ਲੱਗਦਾ ਹੈ।

ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚਲੇ ਉਸਾਰੂ ਸੋਚ ਵਾਲੇ ਪਾਤਰ ਮਨੁੱਖ ਤੇ ਮਨੁੱਖਤਾ ਵਿਰੋਧੀ ਸਥਿਤੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਲਈ ਬਹੁਤ ਸਾਰੀਆਂ ਨਵੀਆਂ ਪਹਿਲ-ਕਦਮੀਆਂ ਵੀ ਕਰਦੇ ਹਨ। ਸੰਗ੍ਰਹਿ ਦੀ ਟਾਈਟਲ ਕਹਾਣੀ 'ਖੁਸ਼ਬੂ ਜਾਤ ਨਾ ਜਾਣਦੀ' ਵਿਚਲਾ ਕਸ਼ਮੀਰ ਉਰਫ ਪੰਡਤ ਆਪਣੇ ਨਾਲ ਮਾੜਾ ਵਰਤਾਓ ਕਰਨ ਵਾਲੇ ਲੋਕਾਂ ਦਾ ਵੀ ਭਲਾ ਕਰ ਕੇ ਉਨ੍ਹਾਂ ਦੇ ਦਿਲ ਜਿੱਤਣ ਵਿਚ ਸਫਲ ਹੋ ਜਾਂਦਾ ਹੈ। ਕਹਾਣੀ 'ਕਰੋਨਾ ਦਾ ਬਾਪ' ਪਾਠਕਾਂ ਨੂੰ ਇੱਕ ਬੇ-ਪ੍ਰਵਾਹ, ਸਖਤ ਤੇ ਪੇਟੂ ਸੁਭਾਅ ਦੇ ਸਮਝੇ ਜਾਂਦੇ ਸਾਬਕਾ ਫੌਜੀ ਅੰਦਰਲੇ ਨਰਮ ਦਿਲ ਤੇ ਦਿਆਵਾਨ ਬੰਦੇ ਨਾਲ ਮਿਲਾਉਂਦੀ ਹੈ। ਕਰੋਨਾ ਕਾਲ ਵੇਲੇ ਜਦੋਂ ਆਪਣੇ ਵੀ ਨੇੜੇ ਨਹੀਂ ਸਨ ਖੜ੍ਹਦੇ ਤਾਂ ਉਹ ਕਰੋਨਾ ਪੀੜਤ ਰੁਲਦੀਆਂ ਲਾਸ਼ਾਂ ਨੂੰ ਸਾੜਨ ਦਾ ਕੰਮ ਸੰਭਾਲ ਲੈਂਦਾ ਹੈ। ਇਸ ਤਰ੍ਹਾਂ ਉਹ ਆਪਣੀ ਇੱਛਾ ਸ਼ਕਤੀ ਰਾਹੀਂ ਕਰੋਨਾ ਨੂੰ ਹਰਾ ਕੇ ਉਸਦਾ ਬਾਪ ਵੀ ਸਾਬਤ ਹੁੰਦਾ ਹੈ ਤੇ ਮਾਨਵਤਾ ਦਾ ਮਸੀਹਾ ਵੀ।

ਕਹਾਣੀ 'ਮਜਨੂੰ ਅਜੇ ਜਿਉਂਦਾ ਹੈ' ਵੱਲੋਂ ਸਿਰਜਿਆ ਲੈਲਾ ਤੇ ਮਜਨੂੰ ਵਰਗਾ ਸਿਦਕ ਕਹਾਣੀ ਪਾਠ ਦੀ ਦਿਲਚਸਪੀ ਵਿਚ ਤਾਂ ਵਾਧਾ ਕਰਦਾ ਹੈ ਪਰ ਇਹ ਗੱਲ ਇਸ ਸਥਿਤੀ ਦਾ ਸਾਰਥਕ ਬਦਲ ਨਹੀਂ ਹੈ ਕਿ ਜੇ ਕਿਸੇ ਔਰਤ ਦਾ ਪਤੀ ਬਿਗਾਨੀਆਂ ਖੁਰਲੀਆਂ ਵਿਚ ਮੂੰਹ ਮਾਰਦਾ ਹੈ ਤਾਂ ਉਸ ਤੋਂ ਬਦਲਾ ਲੈਣ ਲਈ ਉਹ ਵੀ ਉਸੇ ਰਾਹ 'ਤੇ ਤੁਰ ਪਵੇ। ਪਤੀ ਨੂੰ ਠੀਕ ਰਾਹ 'ਤੇ ਲਿਆਉਣ ਲਈ ਹੋਰ ਵੀ ਬਹੁਤ ਸਾਰੇ ਢੰਗ ਤਰੀਕੇ ਵਰਤੇ ਜਾ ਸਕਦੇ ਹਨ।

'ਖੁਸ਼ਬੂ ਜਾਤ ਨਾ ਜਾਣਦੀ' ਦੀਆਂ ਕਹਾਣੀਆਂ ਸਮੱਸਿਆ ਪ੍ਰਧਾਨ ਹਨ ਤੇ ਇਨ੍ਹਾਂ ਦੇ ਪਾਤਰ ਵੀ ਆਪੋ ਆਪਣੀਆਂ ਸਮਰੱਥਾਵਾਂ ਅਨੁਸਾਰ ਇਨ੍ਹਾਂ ਸਮੱਸਿਆਵਾਂ ਵਿਚੋਂ ਨਿਕਲਣ ਲਈ ਸੰਘਰਸ਼ਸ਼ੀਲ ਹੋਏ ਵਿਖਾਈ ਦੇਂਦੇ ਹਨ। ਕੁਝ ਕਹਾਣੀਆਂ ਵਿਚਲੀਆਂ ਸਮੱਸਿਆਵਾਂ ਦੇ ਹੱਲ ਸਬੰਧੀ ਕਹਾਣੀਕਾਰ ਵੱਲੋਂ ਸਿੱਧੇ ਇਸ਼ਾਰੇ ਕੀਤੇ ਗਏ ਹਨ ਤੇ ਕੁਝ ਦਾ ਹੱਲ ਪਾਠਕਾਂ ਦੀ ਬੁੱਧੀ ਤੇ ਵਿਵੇਕ 'ਤੇ ਛੱਡ ਦਿੱਤਾ ਗਿਆ ਹੈ। ਕੁਝ ਕਹਾਣੀਆਂ ਸਹਿਜ ਤੌਰ ਤੁਰਦੀਆਂ ਹਨ ਤੇ ਕੁਝ ਆਪਣੇ ਅੰਤ ਤੇ ਸਨਸਨੀ ਵੀ ਪੈਦਾ ਕਰਦੀਆਂ ਹਨ। ਕਹਾਣੀਆਂ ਵਿਚਲਾ ਕਥਾ ਰਸ ਇਨ੍ਹਾਂ ਦੇ ਪਾਠ ਦੀ ਦਿਲਚਸਪੀ ਨੂੰ ਅੰਤ ਤੱਕ ਬਰਕਰਾਰ ਰੱਖਣ ਵਾਲਾ ਹੈ। ਕੁੱਲ ਮਿਲਾ ਕੇ ਇਹ ਪੁਸਤਕ ਪੜ੍ਹਨ ਯੋਗ ਵੀ ਹੈ ਤੇ ਸਾਂਭਣ ਯੋਗ ਵੀ। 104 ਪੰਨਿਆਂ 'ਤੇ ਆਧਾਰਿਤ 150 ਰੁਪਏ ਮੁੱਲ ਦੀ ਇਸ ਪੁਸਤਕ ਨੂੰ ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਨੇ ਛਾਪਿਆ ਹੈ।

# ਆਹਰ

ਬੰਦਾ ਕਿਸੇ ਆਹਰ ਲੱਗਾ ਰਹੇ ਤਾਂ ਬਹੁਤ ਸਾਰੀਆਂ ਅਲਾਮਤਾਂ ਤੋਂ ਬਚਿਆ ਰਹਿ ਸਕਦਾ ਹੈ। ਆਪਣੇ ਆਪ ਨੂੰ ਆਹਰੇ ਲਾਈ ਰੱਖਣ ਦੀਆਂ ਹਜ਼ਾਰਾਂ ਹੀ ਵਿਧੀਆਂ ਹਨ; ਜਿਹੜੀ ਵੀ ਕਿਸੇ ਦੇ ਅਨੁਕੂਲ ਹੋਵੇ ਵਰਤ ਲੈਣੀ ਚਾਹੀਦੀ ਹੈ। ਗੱਲ ਸਾਰੀ ਆਪਣੇ ਆਪ ਨੂੰ ਕਿਸੇ ਨਾ ਕਿਸੇ ਉਸਾਰੂ ਪਾਸੇ ਉਲਝਾ ਕੇ ਰੱਖਣ ਦੀ ਹੀ ਹੁੰਦੀ ਹੈ। ਕਿਸੇ ਆਹਰੇ ਲੱਗੇ ਰਹੀਏ ਤਾਂ ਮਨ ਖਿੜਿਆ ਰਹਿੰਦਾ ਹੈ, ਮਨ ਦੀ ਰੌਚਕਤਾ ਬਣੀ ਰਹਿੰਦੀ ਹੈ। ਮਨ ਉਦਾਸੀ ਤੋਂ ਬਚਿਆ ਰਹਿੰਦਾ ਹੈ। ਸਮਾਂ ਵਧੀਆ ਬੀਤਦਾ ਹੈ। ਕੁਝ ਹੋਰ ਕਰਨ ਦੀ ਲਾਲਸਾ ਬਣੀ ਰਹਿੰਦੀ ਹੈ ਜਿਸ ਨਾਲ ਮਨ ਵਧਿੰਦੀ ਕਲਾ 'ਚ ਜਾਣ ਤੋਂ ਬਚਿਆ ਰਹਿੰਦਾ ਹੈ। ਇਕੱਲੇਪਣ ਦੀ ਘਾਟ ਦੂਰ ਰਹਿੰਦੀ ਹੈ। ਜੋ ਕੁਝ ਕਰ ਲਿਆ ਹੈ ਤੇ ਜੋ ਕੁੱਝ ਹੋਰ ਕਰਨ ਦਾ ਚਿਤਵਿਆ ਹੋਇਆ ਹੈ, ਦੀ



**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

ਭਾਵਨਾ ਤੁਹਾਡੀ ਜ਼ਿੰਦਗੀ ਦੀ ਗੱਡੀ ਨੂੰ ਤੋਰੀ ਰੱਖਦੀ ਹੈ ਤੇ ਇੰਜ ਇਕ ਇਕ ਦਿਨ ਕਰ ਕੇ ਸਮਾਂ ਕਿਸੇ ਨਾ ਕਿਸੇ ਰੁਝਾਨ 'ਚ ਬਤੀਤ ਹੋਈ ਜਾਂਦਾ ਹੈ; ਅਤੇ ਅਸੀਂ ਅਕੇਵੇਂ ਤੋਂ ਬਚੇ ਰਹਿੰਦੇ ਹਾਂ। ਅਜੋਕੇ ਸਮੇਂ ਦੀ ਤੇਜ਼ ਤਰਾਰ ਜ਼ਿੰਦਗੀ ਬੰਦੇ ਦਾ ਮਾਨਸਿਕ ਤਣਾਓ ਵਧਾਉਂਦੀ ਹੈ, ਮਨ ਨੂੰ ਅਸ਼ਾਂਤ ਬਣਾਉਂਦੀ ਹੈ, ਅਤੇ ਮਨ ਦਾ ਟਿਕਾਓ ਨਹੀਂ ਬਣਨ ਦਿੰਦੀ। ਜਿਹੜੀ ਘਟਨਾ ਜਾਂ ਗੱਲ ਮਨ ਦੇ ਟਿਕਾਓ ਨੂੰ ਵਿਗਾੜੇ ਉਸ ਤੋਂ ਧਿਆਨ ਪਰੇ ਕਰ, ਕੁੱਝ ਨਵਾਂ ਸਿਰਜ ਕੇ, ਨਵਾਂ ਰਾਹ ਖੋਜ ਕੇ ਮਨ ਦੇ ਬਣਦੇ ਵਿਗਾੜ ਦੇ ਡੂੰਘੇ ਖੂਹ 'ਚੋਂ ਬਾਹਰ ਨਿਕਲਿਆ ਜਾ ਸਕਦਾ ਹੈ। ਕਈ ਬੰਦੇ, ਜਿਨ੍ਹਾਂ ਦੀ ਰਹਿਣੀ-ਬਹਿਣੀ, ਦੇਖਣੀ ਚਾਖਣੀ ਭਾਵੇਂ ਸਾਨੂੰ ਨਾ ਵੀ ਚੰਗੀ ਲੱਗਦੀ ਹੋਵੇ, ਪਰ ਉਨ੍ਹਾਂ ਦੇ ਅੰਦਰ ਨੂੰ ਤੁਸੀਂ ਕੀ ਜਾਣਦੇ ਹੋ? ਉਹ ਤਾਂ ਆਪਣੇ ਪੂਰਨ ਅਨੰਦ 'ਚ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਕਿਸੇ ਨਾ ਕਿਸੇ ਆਹਰੇ ਲਾਇਆ ਹੋਇਆ ਹੁੰਦਾ ਹੈ: ਪਰ ਸਾਨੂੰ ਉਹ ਦਿਸਦਾ ਨਹੀਂ। ਜਿਹੜੀ ਗੱਲ ਸਾਨੂੰ ਦਿਸਦੀ ਹੀ ਨਹੀਂ ਜਾਂ ਜਿਸ ਦੇ ਅਸੀਂ ਵਾਕਫ ਹੀ ਨਹੀਂ ਤਾਂ ਕਿਵੇਂ ਉਸ ਨੂੰ ਕੋਝੀ ਜਾਂ ਨਿਗੂਣੀ ਕਹਿ ਕੇ ਨਕਾਰ ਸਕਦੇ ਹਾਂ? ਅਸੀਂ ਆਪਣੇ ਮਨ ਦੇ ਬੰਦ ਦਲਾਨ 'ਚ ਕੈਦ ਹੋ, ਕੁਝ ਹੋਰ ਨਵਾਂ ਕਰਨ ਤੋਂ ਵੇਰੀ ਵਾਈ ਬੈਠੇ ਰਹਿੰਦੇ ਹਾਂ।

ਜੰਗਲ 'ਚ ਤੁਰਿਆ ਜਾਂਦਾ ਹਾਥੀ, ਦਰੱਖਤਾਂ ਦੀਆਂ ਟਾਹਣੀਆਂ ਤੋੜ ਤੋੜ ਖਾਈ ਜਾ ਰਿਹਾ ਹੋਵੇ, ਅਸੀਂ ਉਸ ਨੂੰ ਕੋਝਾ ਕਹਿ ਦਿਆਂਗੇ? ਉਹ ਤਾਂ ਆਪਣੇ ਭੁੱਖੇ ਢਿੱਡ ਭਰਨ ਦੇ ਆਹਰ ਲੱਗਾ ਹੋਇਆ ਹੈ। ਸਾਡੀ ਨਿਗ੍ਹਾ 'ਚ ਭਾਵੇਂ ਉਸ ਦਾ ਇਹ ਕੰਮ ਕੋਈ ਬੁੱਕਤ ਜਾਂ ਮਹੱਤਤਾ ਨਾ ਰੱਖਦਾ ਹੋਵੇ ਪਰ ਉਸ ਨੂੰ ਕਿਸ ਦੀ ਪਰਵਾਹ ਹੈ? ਆਹਰ ਅਣਮੁੱਕ ਹਨ, ਇਹ ਗਿਣੇ ਨਹੀਂ ਜਾ ਸਕਦੇ, ਬੰਦੇ ਦੀਆਂ ਗਿਣਤੀਆਂ ਮਿਣਤੀਆਂ ਤੋਂ ਇਹ ਬਾਹਰ ਹਨ। ਕਿੰਨੇ ਜੀਵ ਜੰਤੂ, ਪੰਛੀ, ਜਾਨਵਰ ਤੇ ਹੋਰ ਛੋਟੇ ਕਿਟਾਣੂ ਹਨ, ਸਭ ਆਪੋ ਆਪਣੇ ਆਹਰ ਲੱਗੇ ਜੀਵਨ ਦਾ ਸਾਈਕਲ (ਚੱਕਰ) ਪੂਰਾ ਕਰਨ 'ਚ ਰੁੱਝੇ ਹੋਏ ਹਨ। ਉਨ੍ਹਾਂ ਆਪਣੇ ਆਪ ਨੂੰ ਵੱਖੋ ਵੱਖਰੇ ਆਹਰੇ ਲਾਇਆ ਹੋਇਆ ਹੈ। ਸਾਡੇ ਪਿੰਡ ਇੱਕ ਕਰਮੂੰ ਨਾਮ ਦਾ ਬਜ਼ੁਰਗ ਹੁੰਦਾ ਸੀ, ਕੋਰਾ ਅਨਪੜ੍ਹ, ਮੈਂ ਛੋਟੇ ਹੁੰਦੇ ਤੋਂ ਹੀ ਦੇਖਦਾ ਰਿਹਾ ਹਾਂ ਕਿ ਉਹ ਹਮੇਸ਼ਾਂ ਖੁਸ਼ ਰਹਿੰਦਾ ਸੀ, ਖੂਹ ਤੋਂ ਘਰ ਤੇ ਘਰ ਤੋਂ ਖੂਹ ਨੂੰ ਜਾਂਦਿਆਂ ਰਸਤੇ 'ਚ ਉਸ ਨੂੰ ਖੇਡਦੇ ਨਿਆਣੇ ਮਿਲਦੇ ਤਾਂ ਉਹ ਉਨ੍ਹਾਂ ਨਾਲ ਕਲੋਲ ਕਰਦਾ, ਉਨ੍ਹਾਂ ਵਾਂਗ ਹੀ ਹੱਸਦਾ ਖੇਡਦਾ ਮਨ ਦਾ ਅਨੰਦ ਮਾਣਦਾ, ਅੱਗੇ ਪਿੰਡ ਦੇ ਦਰਵਾਜ਼ੇ ਪਿਲਕਣ ਦੇ ਭਾਰੀ ਦਰੱਖਤ ਥੱਲੇ ਬਜ਼ੁਰਗਾਂ ਦੀ ਢਾਣੀ ਬੈਠੀ ਮਿਲਦੀ ਤਾਂ ਉਹ ਉਨ੍ਹਾਂ ਨਾਲ ਵੀ ਸਿਆਣੀਆਂ ਗੱਲਾਂ ਕਰਦਾ ਤੇ ਆਪਣੇ ਮਜ਼ਾਕੀਆ ਲਹਿਜ਼ੇ 'ਚ ਹਸਾ ਹਸਾ ਉਨ੍ਹਾਂ ਦੀਆਂ ਵੱਖੀਆਂ ਵੀ ਦੂਹਰੀਆਂ ਕਰਦਾ। ਉਸ ਨੂੰ ਜ਼ਿੰਦਗੀ 'ਚ ਕਦੇ ਨਿਰਾਸ਼ ਜਾਂ ਸ਼ਿਕਾਇਤ ਕਰਦਾ ਨਹੀਂ ਸੀ ਦੇਖਿਆ। ਜਿਹੋ ਜਿਹਾ ਮਾਹੌਲ ਹੋਵੇ ਉਸ 'ਚ ਉਹੋ ਜਿਹਾ ਹੀ ਬਣ ਕੇ ਵਿਚਰਨ ਦੀ ਜਾਚ ਸੀ। ਮੌਜ ਮਸਤੀ, ਬੇਫਿਕਰੀ, ਤੇ ਧੀਮੀ ਰਫਤਾਰ 'ਚ ਜੀਵਨ ਬਸਰ ਕਰਨ ਦੇ ਆਹਰ 'ਚ ਹੀ ਆਪਣੀ ਜੀਵਨ ਯਾਤਰਾ ਪੂਰੀ ਕਰ ਗਿਆ।

ਮੈਨੂੰ ਰਿਟਾਇਰ ਹੋਇਆਂ ਦਸ ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ, ਸਾਰਾ ਸਮਾਂ ਵਿਹਲਾ ਰਹਿਣ ਦੇ ਬਾਵਜੂਦ ਵੀ ਮੈਂ ਵਿਹਲਾ ਨਹੀਂ, ਨਿੱਕੇ ਮੋਟੇ ਘਰ ਦੇ ਕੰਮ ਕਰਨ ਦੇ ਆਹਰ 'ਚ ਹੀ ਦਿਨ ਬਤੀਤ ਹੋ ਜਾਂਦਾ; ਜਦ ਨੂੰ ਅਗਲਾ ਦਿਨ ਚੜ੍ਹ ਜਾਂਦਾ। ਦਰਅਸਲ ਆਹਰ ਜ਼ਿੰਦਗੀ ਦੀ ਪੌੜੀ ਦਾ ਕੰਮ ਕਰਦਾ, ਜਿਵੇਂ ਕੋਠੇ 'ਤੇ ਚੜ੍ਹਨ ਲਈ ਇੱਕ ਤੋਂ ਬਾਅਦ ਦੂਜੇ ਤੇ ਦੂਜੇ ਮਗਰੋਂ ਤੀਜੇ ਡੰਡੇ 'ਤੇ ਪੈਰ ਧਰਦੇ ਜਾਂਦੇ ਸਿਖਰ ਛੱਤ 'ਤੇ ਪਹੁੰਚ ਜਾਈਦਾ ਇਵੇਂ ਹੀ ਸਾਰਾ ਦਿਨ ਕਿਸੇ ਨਾ ਕਿਸੇ ਆਹਰ ਲੱਗੇ ਰਹਿਣ ਨਾਲ ਦਿਨ ਰੁਝੇਵੇਂ 'ਚ ਲੰਘ ਜਾਂਦਾ। ਸਿਆਲਾਂ 'ਚ ਬਰਫ ਪੈਣ ਲੱਗੂ ਤਾਂ ਮੈਨੂੰ ਆਹਰ ਬਣਿਆ ਹੁੰਦਾ ਕਿ ਡਰਾਈਵ-ਵੇਅ ਤੋਂ ਬਰਫ ਸਾਫ ਕਰਾਂ ਅਤੇ ਲਗਾਤਾਰ ਡਿੱਗਦੀ ਬਰਫ ਦੇ ਬਾਵਜੂਦ ਵੀ ਇਸ ਨੂੰ ਵਾਰ ਵਾਰ ਸਾਫ ਕਰ ਬਰਫ ਮੁਕਤ ਰੱਖਾਂ। ਸਵੇਰੇ ਮੇਰੇ ਬੱਚੇ ਕੰਮ 'ਤੇ ਜਾਣਗੇ ਤਾਂ ਸਭ ਤੋਂ ਪਹਿਲਾਂ ਮੈਂ ਉਨ੍ਹਾਂ ਦੀਆਂ ਕਾਰਾਂ ਦੇ ਸ਼ੀਸ਼ਿਆਂ ਤੋਂ ਤ੍ਰੇਲ, ਕੋਰਾ, ਜਾਂ ਬਰਫ ਸਾਫ ਕਰਨਾ ਮੇਰਾ ਰੋਜ਼ ਦਾ ਨੇਮ ਹੈ, ਇਹ ਮੈਨੂੰ ਅਕੇਵਾਂ ਨਹੀਂ ਦਿੰਦਾ ਸਗੋਂ ਖੁਸ਼ੀ ਖਿਲਾਰਦਾ, ਮੈਨੂੰ ਲੱਗਦਾ ਮੈਂ ਕੁਝ ਕੀਤਾ, ਇਸ ਨਾਲ ਮੇਰਾ ਮਨ ਖੇੜੇ 'ਚ ਰਹਿੰਦਾ। ਘਰ ਦੇ ਇੱਕਾ ਦੁੱਕਾ ਕੰਮਾਂ ਦੀ ਸੋਧ ਬੋਧ ਕਰਦਿਆਂ ਝੱਟ ਹੀ ਦਿਹਾੜੀ ਬਤੀਤ ਹੋ ਜਾਂਦੀ ਹੈ। ਅੱਜ ਅੰਗਰੇਜ਼ੀ ਦੇ ਅਖਬਾਰ 'ਚ ਇਕ ਆਰਟੀਕਲ ਪੜ੍ਹਿਆ ਤਾਂ ਮੈਨੂੰ ਰੜਕਣ ਲੱਗਾ, ਤਾਂ ਉਸ ਦੇ ਪ੍ਰਤੀਕਰਮ 'ਚ ਇੱਕ ਚਿੱਠੀ ਲਿਖ ਉਸ ਅਖਬਾਰ ਦੇ ਸੰਪਾਦਕ ਨੂੰ ਈ-ਮੇਲ ਕਰਤੀ। ਮੈਨੂੰ ਲੱਗਿਆ ਮੈਂ ਕੁਝ ਉਸਾਰੂ ਕੀਤਾ। ਉਸ ਚਿੱਠੀ ਤੋਂ ਬਾਅਦ ਮੇਰਾ ਲਿਖਣ ਦਾ ਐਸਾ ਵੇਗ ਬਣਿਆ ਕਿ 'ਆਹਰ' 'ਤੇ ਹੀ ਇਹ ਲੇਖ ਲਿਖਣ ਲੱਗ ਪਿਆ। ਅਸਲ ਵਿਚ ਜ਼ਿੰਦਗੀ ਆਪਣੇ ਆਪ 'ਚ ਇੱਕ ਆਹਰ ਹੀ ਹੈ, ਜਦੋਂ ਆਹਰ ਮੁੱਕ ਗਿਆ ਤਾਂ ਜ਼ਿੰਦਗੀ ਮੁੱਕ ਗਈ।

ਮੈਨੂੰ ਇਕ ਬਹੁਤ ਹੀ ਸਤਿਕਾਰਤ, ਭਲੇ ਪੁਰਸ਼, ਸਿੰਘ ਸਾਹਿਬ ਨਾਲ ਮਿਲਣ ਦਾ ਸਬੱਬ ਬਣਦਾ ਰਿਹਾ। ਉਹ 1950 'ਚ ਕੈਨੇਡਾ ਆਏ, ਗੁਰਦੁਆਰੇ 'ਚ ਕਈ ਸਾਲ ਸੇਵਾ ਨਿਭਾਈ, ਉਸ ਵੇਲੇ ਮੈਟਰੋ ਵੈਨਕੂਵਰ 'ਚ ਪੰਜਾਬੀ ਸਿੱਖ ਪਰਿਵਾਰ ਬਹੁਤ ਘੱਟ ਸਨ। ਉਨ੍ਹਾਂ ਦੇ ਬੱਚੇ ਛੋਟੇ ਤੇ ਪਰਿਵਾਰ ਵੱਡਾ ਸੀ, ਗੁਰਦੁਆਰੇ ਦੀ ਸੇਵਾ ਨਾਲ ਪਰਿਵਾਰ ਦਾ ਪਾਲਣ ਪੋਸ਼ਣ ਹੋਣਾ ਅਸੰਭਵ ਸੀ, ਸੋ ਹਫਤੇ ਦੇ ਅੰਤ 'ਤੇ ਗੁਰਦੁਆਰੇ ਕਥਾ ਕੀਰਤਨ ਕਰਦੇ ਤੇ ਵਿਚਕਾਰਲੇ ਦਿਨਾਂ 'ਚ ਕਿਸੇ ਮਿੱਲ 'ਚ ਕੰਮ



ਕਰਨ ਲੱਗੇ। ਕੁਝ ਸਮਾਂ ਕੰਮ ਕਰਦਿਆਂ ਨੂੰ ਹੋਇਆ ਤਾਂ ਐਸੀ ਹੋਣੀ ਵਾਪਰੀ ਕਿ ਬਹੁਤ ਉਚਾਈ ਤੋਂ ਥੱਲੇ ਡਿੱਗ ਪਏ ਤੇ ਗੰਭੀਰ ਸੱਟਾਂ ਲੱਗੀਆਂ, ਸਾਲ ਭਰ ਹਸਪਤਾਲ 'ਚ ਰਹਿ ਰਾਜ਼ੀ ਹੋਏ। ਐਸਾ ਮਨ ਉਪਰਾਮ ਹੋਇਆ ਕਿ ਸੱਤਰਵਿਆਂ 'ਚ ਪਰਿਵਾਰ ਨੂੰ ਪਿੱਛੇ ਛੱਡ ਪੰਜਾਬ ਮੁੜ ਗਏ, ਤੇ ਉਥੇ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਕਈ ਸਾਲ ਹੈੱਡ ਗ੍ਰੰਥੀ ਦੀ ਸੇਵਾ ਨਿਭਾਈ। ਉਥੇ ਹੀ ਮਨ 'ਚ ਸ੍ਰੀ ਗ੍ਰੰਥ ਸਾਹਿਬ ਦਾ ਸਟੀਕ ਲਿਖਣ ਦਾ ਐਸਾ ਫੁਰਨਾ ਬਣਿਆ ਤੇ ਐਸੇ ਆਹਰ ਲੱਗੇ ਕਿ ਕਈ ਸਾਲਾਂ ਦੀ ਅਣਥੱਕ ਘਾਲਣਾ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੱਠ ਸੈਂਚੀਆਂ 'ਚ ਸਿਧਾਂਤਕ ਸਟੀਕ ਮੁਕੰਮਲ ਕਰਤਾ। ਨੱਬੇਵਿਆਂ 'ਚ ਮੁੜ ਕੈਨੇਡਾ ਆ ਕੇ ਰਹਿਣ ਲੱਗੇ। ਉਨ੍ਹਾਂ ਦਾ ਵੱਡਾ ਲੜਕਾ ਬਹੁਤ ਵਧੀਆ ਤਬਲਚੀ ਸੀ, ਉਸ ਨੇ ਕੁਝ ਸਮਾਂ ਇੰਡੀਆ ਰਹਿ ਕੇ ਉਸ ਸਮੇਂ ਦੇ ਚੋਟੀ ਦੇ ਤਬਲਚੀ, ਉਸਤਾਦ ਅੱਲਾ ਰੱਖਾ ਤੋਂ ਤਬਲਾ ਵਜਾਉਣ ਦੀ ਮੁਹਾਰਤ ਹਾਸਲ ਕੀਤੀ ਸੀ। ਥੋੜਾ ਬਹੁਤਾ ਤਬਲਾ ਮੈਂ ਵੀ ਵਜਾ ਲੈਂਦਾ ਸਾਂ, ਮੈਨੂੰ ਵੀ ਉਤਸ਼ਾਹ ਬਣਿਆ ਕਿ ਕਿਉਂ ਨਾ ਮੈਂ ਵੀ ਉਸ ਤੋਂ ਤਬਲਾ ਵਜਾਉਣ ਦੀਆਂ ਨਵੀਆਂ ਗਤਾਂ ਸਿੱਖ ਕੇ ਹੱਥ ਨੂੰ ਹੋਰ ਤਰਾਸ਼ਾਂ? ਮੁੱਕਦੀ ਗੱਲ ਮੈਂ ਹਰ ਹਫਤੇ ਇੱਕ ਦਿਨ ਉਸ ਦੇ ਘਰ ਤਬਲਾ ਸਿੱਖਣ ਜਾਣ ਲੱਗਾ। ਹਰ ਵਾਰੀ ਮੈਂ ਦੇਖਣਾ ਕਿ ਗਿਆਨੀ ਜੀ ਘਰ ਦੇ ਪਿਛਵਾੜੇ ਗਰਮੀਆਂ ਨੂੰ ਦਰੱਖਤਾਂ ਦੀ ਸੰਘਣੀ ਛਾਂ ਥੱਲੇ ਇਕ ਛੋਟੇ ਜਿਹੇ ਮੇਜ਼ ਅਤੇ ਕੁਰਸੀ 'ਤੇ ਬੈਠੇ ਆਪਣੇ ਲਿਖਣ ਦੇ ਆਹਰ 'ਚ ਲੱਗੇ ਹੋਏ ਹੁੰਦੇ ਸਨ; ਲੱਗਦੈ ਉਨ੍ਹਾਂ ਦਿਨਾਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਟੀਕ ਦਾ ਕੰਮ ਅੰਤਿਮ ਪੜਾਅ 'ਤੇ ਸੀ। ਹੌਲੀ-ਹੌਲੀ ਮੇਲ ਮਿਲਾਪ ਹੋਣ ਮਗਰੋਂ ਮੇਰੀ ਰੌਚਕਤਾ ਹੋਰ ਵੀ ਵਧ ਗਈ। ਘੰਟਾ ਤਬਲੇ ਦਾ ਸਬਕ ਲੈਣ ਉਪਰੰਤ ਉਨ੍ਹਾਂ ਕੋਲ ਬੈਠ ਗੱਲਾਂ ਬਾਤਾਂ ਕਰਨਾ ਦਿਨੋਂ ਦਿਨ ਹੋਰ ਰੌਚਕ ਬਣਦਾ ਗਿਆ, ਗੁਰਬਾਣੀ ਅਤੇ ਉਨ੍ਹਾਂ ਦੇ ਜੀਵਨ 'ਚ ਰਹੇ ਉਤਰਾਅ ਚੜਾਅ ਬਾਰੇ ਗੱਲਾਂ ਬਾਤਾਂ ਕਰ ਸਮਾਂ ਰੌਚਕ ਬਣ ਜਾਂਦਾ। ਉਹ ਬਹੁਤ ਮਿਲਾਪੜੇ, ਸਹਿਜ ਅਤੇ ਸ਼ਾਂਤ ਸੁਭਾਅ ਦੇ ਸਨ, ਉਨ੍ਹਾਂ ਨਾਲ ਸਮਾਂ ਬਿਤਾਉਂਦਿਆਂ ਮੈਂ ਕਦੇ ਮਹਿਸੂਸ ਨਹੀਂ ਸੀ ਕੀਤਾ ਕਿ ਉਹ ਅਕੇਵਾਂ ਮੰਨਦੇ ਹੋਣ ਕਿ ਮੇਰਾ ਇਕ ਘੰਟੇ ਦਾ ਤਬਲੇ ਦਾ ਸਬਕ ਪੂਰਾ ਹੋਣ ਉਪਰੰਤ ਮੈਂ ਉਨ੍ਹਾਂ ਦਾ ਇਕ ਹੋਰ ਘੰਟਾ ਬਰਬਾਦ ਕਰ ਦਿੰਨਾ। ਇੰਜ ਕਈ ਸਾਲ ਮੇਰੇ ਮਨ 'ਚ ਦੂਹਰਾ ਆਹਰ ਬਣਿਆ ਰਿਹਾ, ਇਕ ਉਨ੍ਹਾਂ ਦੇ ਚੋਟੀ ਦੇ ਉਸਤਾਦ ਤਬਲਾ ਵਾਦਕ ਪੁੱਤਰ ਤੋਂ ਤਬਲਾ ਵਜਾਉਣ ਦੀ ਤਾਲੀਮ ਲੈਣ ਦਾ ਅਤੇ ਦੂਸਰਾ ਗਿਆਨੀ ਜੀ ਦੇ ਬਹੁਤ ਹੀ ਉਤਰਾਅ ਚੜਾਅ 'ਚ ਰਹੇ ਗ੍ਰਹਿਸਥੀ ਅਤੇ ਧਾਰਮਿਕ ਜੀਵਨ ਦੇ ਦਿਲਚਸਪ ਬਿਰਤਾਂਤ ਸੁਣਨ ਦਾ।

ਜਦੋਂ ਮੇਰੇ ਬੀਜੀ (ਮੇਰੀ ਮਾਂ) ਪੂਰੇ ਹੋਏ ਮੈਂ ਡਾਢੇ ਸਦਮੇਂ 'ਚ ਸਾਂ। ਉਨ੍ਹਾਂ ਨੂੰ ਐਸਾ ਭਿਆਨਕ ਦਿਲ ਦਾ ਦੌਰਾ ਪਿਆ ਕਿ ਸਕਿੰਟਾਂ 'ਚ ਹੀ ਮੇਰੇ ਹੱਥਾਂ 'ਚ ਘਰ ਹੀ, ਮੇਰੇ ਸਾਹਮਣੇ ਪ੍ਰਾਣ ਤਿਆਗ ਦਿੱਤੇ। ਇਹ ਮੇਰੇ ਲਈ ਦੋਹਰਾ ਸਦਮਾ ਸੀ, ਇੱਕ ਤਾਂ ਮੇਰੀ ਮਾਂ ਮਰ ਗਈ ਦੂਸਰਾ ਮੇਰੇ ਦੋ ਬੱਚਿਆਂ ਦੀ ਮਾਂ ਜਿਹੜੀ ਸੱਤ ਸਾਲ ਤੇ ਸੱਤ ਦਿਨ ਪਹਿਲਾਂ ਹੀ ਪੂਰੀ ਹੋ ਚੁੱਕੀ ਸੀ, ਉਨ੍ਹਾਂ ਦੇ ਸਿਰ ਤੋਂ ਬਹੁਤ ਵੱਡੀ ਛਤਰ ਛਾਇਆ ਅਚਾਨਕ ਉੱਠ ਗਈ; ਇੰਜ ਅਸੀਂ ਦੋਹਰੇ ਯਤੀਮ ਹੋ ਗਏ।ਇਸ ਸਦਮੇਂ 'ਚੋਂ ਨਿਕਲਣ ਲਈ ਮੈਂ ਤਿੰਨ ਰਜਿਸਟਰਡ ਦੌੜਾਂ ਦੌੜੀਆਂ। ਦਰਅਸਲ ਗੱਲ ਇਉਂ ਹੋਈ ਕਿ ਦੋ ਕੁ ਮਹੀਨੇ ਪਹਿਲਾਂ ਹਰ ਸਾਲ ਵਾਂਗ ਹੀ ਮੈਂ ਇਹ ਉਪਰੋਥਲੀ ਦੀਆਂ ਤਿੰਨੇ ਦੌੜਾਂ (ਰੇਸਾਂ) ਰਜਿਸਟਰ ਕਰਵਾਈਆਂ ਹੋਈਆਂ ਸਨ। ਪਹਿਲੀ ਸ਼ੁਕਰਵਾਰ 'ਰੰਨ ਫਾਰ ਲਾਈਟ 5 ਕਿਲੋਮੀਟਰ', ਵੈਨਕੂਵਰ ਦੇ ਜਿਉਲ ਸਟੈਨਲੇ ਪਾਰਕ 'ਚ ਰਾਤ ਦੇ ਨੌਂ ਵਜੇ ਜਗਦੀ ਲੌ ਗਲਾਂ 'ਚ ਪਾ ਕੇ ਦੌੜ ਹੋਣੀ ਸੀ। ਦੂਸਰੀ 'ਵਰਲਡ ਵਿਜ਼ਨ ਰੰਨ 10 ਕਿਲੋਮੀਟਰ' ਸ਼ਨੀਵਾਰ ਸ਼ਾਮ ਸੱਤ ਵਜੇ ਬਹੁਤ ਹੀ ਰਮਣੀਕ 'ਸਪੈਨਿਸ਼ ਬੈਂਕਸ' ਸਮੁੰਦਰ ਦੇ ਕੰਢੇ ਦੌੜੀ ਜਾਣੀ ਸੀ। ਤੀਸਰੀ 'ਸ਼ਾਨਸੀ8 ਕਿਲੋਮੀਟਰ ਰੰਨ' ਵੈਨਕੂਵਰ ਦੇ ਸ਼ਾਨਸੀ ਇਲਾਕੇ 'ਚ ਐਤਵਾਰ ਸਵੇਰੇ ਅੱਠ ਵਜੇ ਸ਼ੁਰੂ ਹੋਣੀ ਸੀ। 1998 ਮਈ ਮਹੀਨੇ ਦਾ ਅਖੀਰ ਸੀ, ਬੀਬੀ ਜੀ ਵੀਰਵਾਰ ਸ਼ਾਮ ਸੱਤ ਵਜੇ ਸਰੀਰ ਛੱਡਦੇ ਹਨ ਤੇ ਅਗਲੇ ਤਿੰਨ ਦਿਨ ਉੱਪਰੋਥਲੀ ਦੀਆਂ ਤਿੰਨੇ ਦੌੜਾਂ ਦੌੜਨ ਦਾ ਮੇਰਾ ਪ੍ਰੋਗਰਾਮ ਪਹਿਲੋਂ ਹੀ ਜਿਵੇਂ ਉਪਰ ਜ਼ਿਕਰ ਕੀਤਾ ਉਲੀਕਿਆ ਹੋਇਆ ਸੀ। ਮਾਂ ਦੇ ਸਦੀਵੀ ਵਿਛੋੜੇ ਦਾ ਗਮ ਡਾਢਾ ਸੀ, ਮਨ ਦੁਚਿੱਤੀ ਅਤੇ ਦੁਬਿਧਾ 'ਚ ਸੀ, ਅਫਸੋਸ ਕਰਨ ਆਉਣ ਵਾਲਿਆਂ ਦਾ ਆਉਣ ਜਾਣ ਸੀ।ਇਸ ਸ਼ਸ਼ੋਪੰਜ 'ਚ ਮਨ ਨੇ ਫੈਸਲਾ ਕੀਤਾ ਕਿ ਪਹਿਲਾਂ ਹੀ ਬਣੇ ਪ੍ਰੋਗਰਾਮ ਮੁਤਾਬਕ ਦੌੜਾਂ 'ਚ ਜ਼ਰੂਰ ਹਿੱਸਾ ਲਵਾਂ। ਆਪਣੇ ਦੋ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਆਪਣੇ ਮਨ ਦੀ ਗੱਲ ਦੱਸੀ ਅਤੇ ਕਿਹਾ ਕਿਉਂ ਜੇ ਕੁੱਝ ਘੰਟੇ ਰੋਜ਼ ਮੇਰੀ ਗੈਰਹਾਜ਼ਰੀ ਮਹਿਸੂਸ ਨਾ ਹੋਣ ਦੇਣ ਤੇ ਮੇਰੇ ਨਾਲ ਸਹਿਯੋਗ ਕਰਨ ਤਾਂ ਕਿ ਮੈਂ ਆਪਣਾ ਦੌੜਾਂ ਦਾ ਸੰਕਲਪ ਪੂਰਾ ਕਰ ਸਕਾਂ। ਉਨ੍ਹਾਂ ਵਲੋਂ ਪੂਰਨ ਹਾਮੀ ਭਰਨ ਮਗਰੋਂ ਭਰੇ ਮਨ ਨਾਲ ਮਾਂ ਦੇ ਵਿਛੋੜੇ ਦੇ ਦਰਦ ਨੂੰ ਸੀਨੇ 'ਚ ਸਮੋ ਤਿੰਨੇ ਦਿਨ ਲਗਾਤਾਰ ਤਿੰਨੇ ਦੌੜਾਂ ਦੌੜੀਆਂ, ਪਹਿਲੇ ਸਾਲਾਂ ਨਾਲੋਂ ਵੀ ਘੱਟ ਸਮੇਂ 'ਚ। ਇੰਜ ਮੇਰੇ ਡਿਗਦੇ ਮਨ ਨੂੰ ਧਾਰਸ ਮਿਲੀ। ਮਨ ਨੂੰ ਅਥਾਹ ਸ਼ਕਤੀ ਮਿਲੀ, ਦੌੜਾਂ ਦੇ ਆਹਰ ਨੇ ਮੇਰੀ ਜ਼ਿੰਦਗੀ ਦੀ ਲੀਹੋਂ ਲਹਿ ਗਈ ਗੱਡੀ ਮੁੜ ਲੀਹ ਤੇ ਲਿਆ ਖੜ੍ਹੀ ਕੀਤੀ ਅਤੇ ਮੈਨੂੰ ਡੂੰਘੇ ਸਦਮੇਂ ਦੇ ਖੂਹ 'ਚੋਂ ਬਾਹਰ ਕੱਢਿਆ। ਤੀਸਰੀ 'ਸ਼ਾਨਸੀ ਰੰਨ' ਲਈ ਜਦੋਂ ਮੈਂ ਸਟਾਰਟ ਲਾਈਨ ਤੇ ਪਹੁੰਚਿਆ ਤਾਂ ਇੱਕ ਬੀਬੀ ਜਿਹੜੀ ਹਫਤੇ 'ਚ ਦੋ ਦਿਨ ਸਾਡੇ ਦੌੜਨ ਵਾਲੇ ਗਰੁੱਪ (ਰਨਿੰਗ ਰੂੰਮ ਰਨਿੰਗ ਕਲੱਬ) ਨਾਲ ਦੌੜਿਆ ਕਰਦੀ ਸੀ ਮਿਲੀ, ਤੇ ਮੇਰਾ ਹਾਲ ਚਾਲ ਪੁੱਛਿਆ ਤੇ ਗਲਬਾਤ ਦੌਰਾਨ ਕਹਿੰਦੀ ਤੇਰਾ ਚਿਹਰਾ ਕੁੱਝ ਅਜੀਬ ਲਗਦੈ, ਕੀ ਗੱਲ ਐ? ਜਦੋਂ ਮੈਂ ਆਪਣੀ ਮਾਂ ਦਾ ਤੁਰ ਜਾਣਾ ਦੱਸਿਆ ਤਾਂ ਮੇਰੇ ਅੰਦਰ ਦੀ ਪੀੜ ਤੇ ਗੱਲਾਂ 'ਚੋਂ ਨਿਕਲੀ ਚੀਸ ਨੂੰ ਭਾਂਪਦਿਆਂ ਇੱਕ ਦਮ ਸਹਿਜ ਸੁਭਾ ਮੈਨੂੰ ਘੁੱਟ ਕੇ ਜੱਫੀ ਪਾ ਕੇ ਬੋਲੀ, 'ਮਨ ਨੂੰ ਤਕੜਾ ਰੱਖ, ਹੌਸਲੇ ਨਾਲ ਦੌੜੀਂ ਤੈਨੂੰ ਅੰਦਰੋਂ ਤਾਕਤ ਮਿਲੇਗੀ'। ਉਹਦੇ ਬੋਲ ਅੱਜ ਵੀ ਮੈਨੂੰ ਯਾਦ ਆ ਮੇਰੇ ਮਨ ਨੂੰ ਧਾਰਸ ਦਿੰਦੇ ਹਨ ਕਿ ਮੈਥੋਂ ਬਹੁਤ ਘੱਟ ਉਮਰ ਦੀ ਗੋਰੀ ਬੀਬੀ ਕਿਵੇਂ ਮੇਰੇ ਡਿਗਦੇ ਢਹਿੰਦੇ ਮਨ ਨੂੰ ਲੋਹੇ ਦੇ ਥੰਮ ਵਰਗਾ ਕਰ ਗਈ। ਉਹ ਯਾਦ ਮੇਰੇ ਸੀਨੇ 'ਚ ਅਜੇ ਵੀ ਸਮੋਈ ਹੋਈ ਹੈ।ਹੁਣ ਪਾਠਕ ਸੋਚਣਗੇ ਕਿਗੱਲ ਮਰੀ ਮਾਂ ਦੀ ਕਰਦੈ,ਦੌੜਾਂ ਦੀ ਗੱਲ ਕਿੱਧਰੋਂ ਆ ਗਈ? ਮੈਂ ਦੌੜਨਾ ਕਦੋਂ ਤੇ ਕਿਉਂ ਸ਼ੁਰੂ ਕੀਤਾ, ਇਸ ਦਾ ਉਸਕਲ ਮੈਨੂੰ ਕਿੱਧਰੋਂ ਉੱਠ ਖੜ੍ਹਿਆ! ਇਹਦੇ ਵਾਰੇ ਮੈਂ ਇੱਕ ਵੱਖਰੇ ਲੇਖ 'ਚ, ਜੇ ਕਿਤੇ ਸਬੱਬ ਨਾਲ ਲਿਖਿਆ ਗਿਆ ਤਾਂ ਵਿਸਥਾਰ ਨਾਲ ਗੱਲ ਕਰਾਂਗਾ।

ਆਹਰ ਪ੍ਰਥਾਏ ਹਜ਼ਾਰਾਂ ਹੀ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ, ਜਿਹੜੀਆਂ ਹਰ ਇਕ ਬੰਦੇ ਦੀ ਲੋੜ ਅਤੇ ਚਾਹਤ ਮੁਤਾਬਕ ਉਨ੍ਹਾਂ ਲਈ ਢੁਕਵੀਆਂ ਹੋਣ ਅਤੇ ਜਿਹੜੀਆਂ ਉਨ੍ਹਾਂ ਨੂੰ ਆਪਣੇ ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ ਨੂੰ ਰੌਚਕ ਬਣਾਈ ਰੱਖਣ 'ਚ ਸਹਾਈ ਹੁੰਦੀਆਂ ਹੋਣ। ਗੁਰਬਾਣੀ 'ਚ ਆਹਰ ਵਾਰੇ ਜ਼ਿਕਰ ਆਉਂਦਾ ਹੈ।

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ।।
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ।।ਪੰਨਾ 965

## ਮਿੱਤਰ ਪਿਆਰਾ, ਗੁਣਾਂ ਦੀ ਗੁਥਲੀ: ਅਮੋਲਕ ਸਿੰਘ ਜੰਮੂ

ਮਿੱਤਰ ਪਿਆਰਾ, ਗੁਣਾਂ ਦੀ ਗੁਥਲੀ,
ਹੌਲੀ ਹੌਲੀ ਬੋਲਦਾ, ਬਹੁਤ ਕੁਝ ਕਹਿ ਜਾਂਦਾ ਵਿਚਾਰਾ।
ਪੰਜਾਬੀ ਟ੍ਰਿਬਿਊਨ ਦੀ ਨੌਕਰੀ ਵੇਲੇ ਦਾ ਜਾਣਕਾਰ,
ਗੁੰਮਸੁਦਗੀ ਵਿਚ ਮੈਂ ਕਈ ਸਾਲ ਕੀਤਾ ਗੁਜ਼ਾਰਾ।

ਇਨ੍ਹਾਂ ਵੱਲੋਂ ਸ਼ਰਧਾਂਜਲੀ ਛਪੀ ਆਪਣੇ ਪਿਤਾ ਬਾਰੇ,
ਮੈਂ ਸਮਝਿਆ ਕਿਸੇ ਜੰਮੂ ਵਾਲੇ ਦਾ ਹੈ ਲੇਖ।
ਸੰਪਰਕ ਕਰਨ 'ਤੇ ਗੱਲ ਸਾਫ ਸੀ ਹੋਈ,
ਸਰਸਾ ਨੇੜਲਾ ਅਮੋਲਕ ਹੀ ਸੀ, ਮੇਰੀ ਸੋਚਣੀ ਦੇ ਹੋਏ ਵਾਰੇ ਨਿਆਰੇ।

ਜਸਪ੍ਰੀਤ ਕੌਰ ਤੇ ਅਮੋਲਕ ਸਿੰਘ ਬਣੇ ਜੀਵਨ-ਸਾਥੀ, ਦੋ ਬੱਚੇ ਇਨ੍ਹਾਂ ਦੇ ਬੜੇ ਪਿਆਰੇ।
ਕੈਪਸ਼ਨ ਮੁਕਾਬਲਾ ਟ੍ਰਿਬਿਊਨ ਵਾਲਿਆਂ ਬੰਦ ਕੀਤਾ,
ਪੰਜਾਬ ਟਾਈਮਜ਼ ਯੂਐਸਏ ਵਾਲਿਆਂ ਛਾਪ ਕੇ ਸਾਂਭ ਦੇ ਲਾਏ ਨਜ਼ਾਰੇ।

ਉਨ੍ਹਾਂ ਦੀ ਬਰਸੀ 'ਤੇ ਮੈਂ
ਕਵਿਤਾਵਾਂ ਦੀ ਕਿਤਾਬ ਛਪਵਾਉਣ ਦੀ, ਹਿੰਮਤ ਸੀ ਬਣਾ ਰਿਹਾ।
ਭੈਣ ਜਸਪ੍ਰੀਤ ਨੂੰ ਦਾਦ ਦੇਣੀ ਬਣਦੀ,
ਜਿਸ ਦੁੱਖਾਂ ਦੀ ਹਨੇਰੀ ਵਿਚ ਅਪਣਾ ਆਪ ਸੰਭਾਲਿਆ।

*-ਅਮਰਜੀਤ ਸਿੰਘ ਤੂਰ*
*ਫੋਨ: 98784-69639*

## ਉਹ ਚਿੜੀਆਂ ਨਹੀਂ, ਭਲਵਾਨ ਕੁੜੀਆਂ ਨੇ


*(ਸਫਾ 28 ਦਾ ਬਾਕੀ)*

ਦੇ ਸੀ; ਜੋ ਨਿਯਮਾਂ ਦਾ ਸਿੱਧਾ ਉਲੰਘਣ ਸੀ। ਦੂਸਰੀ ਗੱਲ, ਜਦੋਂ ਟਰਾਇਲ ਹੋ ਰਿਹਾ ਹੁੰਦਾ ਹੈ ਤਾਂ ਉਸ ਨੂੰ ਕੈਮਰੇ 'ਤੇ ਸ਼ੂਟ ਕੀਤਾ ਜਾਂਦਾ ਹੈ ਤਾਂ ਕਿ ਕੱਲ੍ਹ ਨੂੰ ਐਸਾ ਨਾ ਹੋਵੇ ਕਿ ਕੋਈ ਆਪਣੇ ਆਪ ਕਿਸੇ ਨੂੰ ਟਰਾਇਲ ਤੋਂ ਬਾਹਰ ਨਾ ਕਰ ਦੇਵੇ। ਲੇਕਿਨ ਕੈਮਰੇ 'ਤੇ ਵੀ ਛੇੜਛਾੜ ਕੀਤੀ ਗਈ। ਮੈਟ ਤੇ ਰੈਫਰੀ ਨੂੰ ਲੈ ਕੇ ਨਾਬਾਲਗ ਨੇ ਵਿਰੋਧ ਕੀਤਾ ਤਾਂ ਕਿਹਾ ਗਿਆ ਕਿ ਖੇਡਣਾ ਹੋਵੇਗਾ, ਨਹੀਂ ਤਾਂ ਦੂਸਰੇ ਪਲੇਅਰ ਨੂੰ ਵਾਕ-ਓਵਰ ਅਰਥਾਤ ਜੇਤੂ ਘੋਸ਼ਿਤ ਕਰ ਦਿੱਤਾ ਜਾਵੇਗਾ। ਨਾਬਾਲਗ ਦੀ ਜੋ ਵੀਡੀਓ ਰਿਕਾਰਡਿੰਗ ਹੋ ਰਹੀ ਸੀ ਉਸ ਨੂੰ ਸਵਿਚ-ਆਨ ਸਵਿਚ-ਆਫ ਕੀਤਾ ਜਾ ਰਿਹਾ ਸੀ ਜਿਸ ਨਾਲ ਰਿਕਾਰਡਿੰਗ ਵਿਚ ਗੜਬੜੀ ਹੋਣ ਲੱਗੀ। ਇਹ ਸਭ ਬ੍ਰਿਜ ਭੂਸ਼ਨ ਦੇ ਕਹਿਣ 'ਤੇ ਕੀਤਾ ਗਿਆ ਕਿਉਂਕਿ ਮੇਰੀ ਬੇਟੀ ਨੇ ਉਸ ਨੂੰ ਯੌਨ-ਇੱਛਾ ਪੂਰਤੀ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਜ਼ਿਆਦਾ ਬੁਰੀ ਸਥਿਤੀ ਕੀ ਹੋ ਸਕਦੀ ਹੈ? 2020 ਨੂੰ ਲਖਨਊ ਟਰਾਇਲ ਵਿਚ ਜਦ ਨਾਬਾਲਗ ਪ੍ਰੈਕਟਿਸ ਕਰ ਰਹੀ ਸੀ ਤਾਂ ਬ੍ਰਿਜ ਭੂਸ਼ਨ ਨੇ ਉਸ ਨੂੰ ਪਰਸਨਲੀ ਮਿਲਣ ਲਈ ਕਿਹਾ ਤਾਂ ਨਾਬਾਲਗ ਨੇ ਕਿਹਾ ਕਿ ਵਾਰ ਵਾਰ ਉਸ ਨੂੰ ਇਸ ਤਰੀਕੇ ਨਾਲ ਤੰਗ ਨਾ ਕੀਤਾ ਜਾਵੇ। ਜਦੋਂ 2022 ਵਿਚ ਇਹ ਗੱਲ ਨਿਕਲ ਕੇ ਬਾਹਰ ਆਈ ਤਾਂ ਜੋ ਪਹਿਲਵਾਨ ਜੰਤਰ ਮੰਤਰ 'ਤੇ ਬੈਠੀਆਂ ਹਨ ਉਨ੍ਹਾਂ ਨੇ ਕਿਹਾ ਕਿ ਜੇ ਇਸ ਤਰ੍ਹਾਂ ਦਾ ਵਿਹਾਰ ਹੋ ਰਿਹਾ ਹੈ, ਜਿਸ ਦਾ ਪੂਰਾ ਕਰੀਅਰ ਤਬਾਹ ਕੀਤਾ ਜਾ ਰਿਹਾ ਹੈ ਤਾਂ ਦੇਸ਼ ਵਿਚ ਕੋਈ ਵੀ ਅੱਗੇ ਨਿਕਲ ਨਹੀਂ ਪਾਏਗਾ; ਨਿਆਂ ਮਿਲਣਾ ਚਾਹੀਦਾ ਹੈ। ਇਸ ਲਈ ਪਹਿਲਵਾਨਾਂ ਨੇ ਆਪਣੇ ਆਪ ਨੂੰ ਲਿਆ ਕੇ ਅੰਦੋਲਨ ਵਿਚ ਖੜ੍ਹਾ ਕਰ ਦਿੱਤਾ।

ਇਹ ਸਾਰੇ ਤੱਥ ਹੁਣ ਖਾਪ ਪੰਚਾਇਤਾਂ ਤੱਕ ਪਹੁੰਚ ਚੁੱਕੇ ਹਨ। ਕੁਸ਼ਤੀ ਵਰਗੀਆਂ ਅਜਿਹੀਆਂ ਜ਼ੋਰ-ਅਜ਼ਮਾਊ ਖੇਡਾਂ ਵਿਚ ਸਿਰਫ ਆਮ ਘਰਾਂ ਦੀਆਂ ਕੁੜੀਆਂ ਆਉਂਦੀਆਂ ਹਨ; ਅਮੀਰ ਘਰਾਂ ਦੀਆਂ ਨਹੀਂ। ਖਾਪ ਪੰਚਾਇਤਾਂ, ਕਿਸਾਨਾਂ-ਮਜ਼ਦੂਰਾਂ ਅਤੇ ਆਮ ਲੋਕਾਂ ਨੂੰ ਇਨ੍ਹਾਂ ਧੀਆਂ ਨੂੰ ਇਨਸਾਫ ਦੁਆਉਣ ਲਈ ਅੱਗੇ ਆਉਣਾ ਹੀ ਪਵੇਗਾ। ਪਦਮ ਭੂਸ਼ਣ ਅਤੇ ਅਜਿਹੇ ਹੋਰ ਸਨਮਾਨ ਕਿਸੇ ਦੀ ਸਿਫਾਰਸ਼ 'ਤੇ ਦਿੱਤੇ ਜਾਂਦੇ ਹਨ ਅਤੇ ਦੇਸ਼ ਦੀ ਨਹੀਂ ਬਲਕਿ ਅਵਾਰਡੀ ਦੀ ਸ਼ਾਨ ਵਧਾਉਂਦੇ ਹਨ। ਪ੍ਰੰਤੂ ਕੁਸ਼ਤੀ ਵਰਗੀਆਂ ਖੇਡਾਂ ਵਿਚ ਮੈਡਲ ਆਪਣੀ ਮਿਹਨਤ ਅਤੇ ਤਾਕਤ ਦੇ ਜ਼ੋਰ ਜਿੱਤੇ ਜਾਂਦੇ ਹਨ ਅਤੇ ਇਹ ਖਿਡਾਰੀ ਦੇ ਨਾਲ ਨਾਲ ਦੇਸ਼ ਦਾ ਸੰਸਾਰ ਪੱਧਰ 'ਤੇ ਨਾਮ ਅਤੇ ਸ਼ਾਨ ਉਚਾ ਕਰਦੇ ਹਨ। ਇਸੇ ਲਈ ਇਨ੍ਹਾਂ ਦੀ ਕੀਮਤ ਪਦਮ ਭੂਸ਼ਣ ਵਰਗੇ ਅਵਾਰਡਾਂ ਤੋਂ ਕਿਧਰੇ ਜ਼ਿਆਦਾ ਹੈ। ਇਹ ਸਿਰਫ ਪੰਦਰਾਂ-ਪੰਦਰਾਂ ਰੁਪਏ ਦੇ ਮੈਡਲ ਨਹੀਂ ਬਲਕਿ ਦੇਸ਼ ਦਾ ਮਾਣ ਹਨ; ਵਿਸ਼ਵ ਗੁਰੂ ਸਿਰਫ ਕਹਿ ਦੇਣ ਨਾਲ ਨਹੀਂ ਬਣ ਜਾਣਾ। ਇਨ੍ਹਾਂ ਧੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰੀਏ ਅਤੇ ਇਨ੍ਹਾਂ ਨੂੰ ਇਨਸਾਫ ਦੁਆਈਏ। ਖ਼ਬਰਾਂ ਇਹ ਵੀ ਹਨ ਕਿ ਸ਼ਿਕਾਇਤ ਕਰਨ ਵਾਲੀ ਭਲਵਾਨ ਨੂੰ ਬਹੁਤ ਧਮਕੀਆਂ ਮਿਲ ਰਹੀਆਂ ਹਨ ਜਿਸ ਕਰਕੇ ਉਸ ਨੇ ਸ਼ਿਕਾਇਤ ਵਾਪਸ ਲੈ ਲਈ ਹੈ ਪ੍ਰੰਤੂ ਸਮੱਸਿਆ ਦਾ ਇਹ ਸਹੀ ਹੱਲ ਨਹੀਂ ਹੈ। ਇਨਸਾਫ ਲੈਣ ਲਈ ਲੜਨਾ ਤਾਂ ਪਵੇਗਾ ਹੀ। ਇਹ ਸਭ ਕੁੜੀਆਂ ਦੇ ਭਵਿੱਖ ਦਾ ਸਵਾਲ ਹੈ।

# ਡਾਕੂ ਬਨਾਮ ਬਾਗੀ ਅਤੇ ਜਤਿੰਦਰ ਮੌਹਰ ਦੀ ਫਿਲਮ









*ਫਿਲਮ 'ਮੌੜ' ਦਾ ਇਕ ਦ੍ਰਿਸ਼, ਫਿਲਮ ਦੇ ਮੁੱਖ ਕਿਰਦਾਰਾਂ ਕਿਸ਼ਨੇ ਅਤੇ ਜਿਊਣੇ ਵਾਲੇ ਪੋਸਟਰ ਅਤੇ ਐਨ ਸੱਜੇ ਫਿਲਮਸਾਜ਼ ਜਤਿੰਦਰ ਮੌਹਰ।*












*ਜਿਊਣਾ ਮੌੜ ਦੇ ਵੇਲਿਆਂ ਨੂੰ ਸਾਕਾਰ ਕਰਦੀ ਫਿਲਮ 'ਮੌੜ' ਦੇ ਵੱਖ-ਵੱਖ ਕਿਰਦਾਰ।*

ਜਦ ਤਕ ਅਹਿਮਦ ਡੋਗਰ ਰਹਿਣਗੇ, ਤਦ ਤਕ ਕਿਸ਼ਨਾ ਅਤੇ ਜਿਊਣਾ ਮੌੜ ਵੀ ਪੈਦਾ ਹੁੰਦੇ ਰਹਿਣਗੇ...

ਇਹ ਵੀ ਇਤਿਹਾਸ ਦੇ ਬਹੁਤ ਸਾਰੇ ਅੰਨ੍ਹੇ ਮੋੜਾਂ 'ਤੇ ਵਾਪਰਿਆ ਹੈ ਕਿ ਬਾਗੀਆਂ ਨੂੰ ਡਾਕੂ ਬਣਾ ਕੇ ਉਹਨਾਂ ਦੀ ਅਸਲ ਭੂਮਿਕਾ ਨੂੰ ਇਤਿਹਾਸ ਵਿਚੋਂ ਖਾਰਜ ਕਰਨ ਦੀ ਕੋਸ਼ਿਸ਼ ਕੀਤੀ ਗਈ। ਬਸਤੀਵਾਦੀ ਦੌਰ ਵਿਚ ਅੰਗਰੇਜ਼ਾਂ ਨੇ ਸ਼ਾਤਿਰਾਨਾ ਤਰੀਕੇ ਨਾਲ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ।

**ਕੁਲਦੀਪ ਸਿੰਘ ਦੀਪ (ਡਾ.)**
**ਫੋਨ: +91-98768-20600**

ਉਹਨਾਂ ਨੇ ਬਾਗੀ ਵਿਰਾਸਤ ਨੂੰ ਡੇਰਿਆਂ ਅਤੇ ਡਾਕੂਆਂ ਵਿਚ ਬਦਲਣ ਲਈ ਸਿਲਸਿਲੇਵਾਰ ਕੋਸ਼ਿਸ਼ਾਂ ਕੀਤੀਆਂ। ਸਾਡੇ ਸਾਹਿਤ ਅਤੇ ਇਤਿਹਾਸ ਨੇ ਇਹਨਾਂ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਥਾਂ ਇਸੇ ਰੂਪ ਵਿਚ ਅਪਣਾ ਲਿਆ ਪਰ ਕਿਤੇ-ਕਿਤੇ ਸਮਾਜਿਕ-ਸਭਿਆਚਾਰਕ ਵਰਤਾਰਿਆਂ ਨੂੰ ਲੋੜੀਂਦੇ ਇਤਿਹਾਸਿਕ ਪ੍ਰਸੰਗ ਵਿਚ ਸਮਝਣ ਦੀਆਂ ਕੋਸ਼ਿਸ਼ਾਂ ਵੀ ਹੁੰਦੀਆਂ ਰਹੀਆਂ ਹਨ। ਫਿਲਮਸਾਜ਼ ਜਤਿੰਦਰ ਮੌਹਰ ਲਿਖਤ ਅਤੇ ਨਿਰਦੇਸ਼ਿਤ ਫਿਲਮ 'ਮੌੜ' ਇਸੇ ਦਿਸ਼ਾ ਵਿਚ ਕੀਤਾ ਸਾਰਥਕ ਯਤਨ ਹੈ।

ਕੋਈ ਬੰਦਾ ਡਾਕੂ ਕਿਵੇਂ ਬਣਦਾ ਹੈ ਅਤੇ ਬਾਗੀ ਨਾਇਕ ਕਿਵੇਂ ਬਣਦਾ ਹੈ, ਇਹ ਅਹਿਮ ਸਵਾਲ ਹੈ। ਡਾਕੂਆਂ ਕੋਲ ਸੂਰਮਗਤੀ ਤਾਂ ਹੁੰਦੀ ਹੈ ਪਰ ਬਾਗੀ ਨਾਇਕ ਹੋਣ ਲਈ ਸੂਰਮਗਤੀ ਤੋਂ 'ਕਈ ਕੁਝ' ਹੋਰ ਵੱਧ ਚਾਹੀਦਾ ਹੈ। ਸੂਰਮਗਤੀ ਅਤੇ ਲੋਕਾਂ ਲਈ ਕੀਤਾ ਬਾਗੀਆਨਾ ਸੰਘਰਸ਼ ਕਈ ਥਾਂ ਆਪਸ ਵਿਚ ਮਿਲਦੇ ਹਨ ਅਤੇ ਕਈ ਥਾਂ ਵੱਖਰੇ ਵੀ ਹਨ। ਸੂਰਮਗਤੀ ਬਹਾਦਰੀ ਵਿਚੋਂ ਪੈਦਾ ਹੁੰਦੀ ਹੈ। ਜਦ ਕੋਈ ਬੰਦਾ ਆਪਣੇ ਜਾਂ ਕਿਸੇ ਆਪਣੇ ਨਾਲ ਜਾਂ ਕਿਸੇ ਹੋਰ ਨਾਲ ਜ਼ਿਆਦਤੀ ਖਿਲਾਫ਼ ਜੂਝਦਾ ਹੈ ਤਾਂ ਉਹ ਸੂਰਮਗਤੀ ਹੁੰਦੀ ਹੈ ਪਰ ਜਦ ਕੋਈ ਬੰਦਾ ਕਿਸੇ ਇਤਿਹਾਸਕ ਦੌਰ ਵਿਚ ਜਾਬਰ ਧਿਰ ਦੇ ਸਤਾਏ ਲੋਕਾਂ ਦੀ ਪੀੜਾ ਅਤੇ ਦਮਨ ਨੂੰ ਸਮਝਦਾ ਹੈ, ਉਸ ਦੇ ਕਾਰਨਾਂ ਦੀ ਪੜਚੋਲ ਕਰਦਾ ਹੈ ਅਤੇ ਉਸ ਜਬਰ ਖਿਲਾਫ਼ ਲੜਦਾ ਹੈ ਜਾਂ ਲੋਕਾਂ ਨੂੰ ਨਾਲ ਲੈ ਕੇ ਲਹਿਰ ਖੜ੍ਹੀ ਕਰਦਾ ਕੁਰਬਾਨੀ ਦਿੰਦਾ ਹੈ ਤਾਂ ਉਹ ਬਾਗੀ ਨਾਇਕ ਹੁੰਦਾ ਹੈ।

ਪੰਜਾਬੀਆਂ ਨੇ ਸੂਰਮਗਤੀ ਕਰ ਕੇ ਡਾਕੂਆਂ ਨੂੰ ਵੀ ਸਵੀਕਾਰਿਆ ਹੈ ਅਤੇ ਬਾਗੀ ਨਾਇਕਾਂ ਨੂੰ ਪਿਆਰਿਆ ਹੈ। ਹੁਣੇ ਰਿਲੀਜ਼ ਹੋਈ ਜਤਿੰਦਰ ਮੌਹਰ ਦੀ ਫਿਲਮ 'ਮੌੜ' ਤੋਂ ਬਹੁਤ ਪਹਿਲਾਂ ਵੀ ਇਸ ਕਹਾਣੀ 'ਤੇ 'ਜੱਟ ਜਿਊਣਾ ਮੌੜ' ਫਿਲਮ ਬਣੀ। ਉਸ ਫਿਲਮ ਵਿਚ ਜਿਊਣੇ ਮੌੜ ਦਾ ਕਿਰਦਾਰ ਕੇਂਦਰ ਵਿਚ ਹੈ ਤੇ ਕਿਸ਼ਨੇ ਮੌੜ ਦੀ ਕਥਾ ਪਿਛੋਕੜ ਵਿਚ ਕਾਰਜਸ਼ੀਲ ਹੈ। ਫਿਲਮ ਦੇ ਟਾਈਟਲ ਵਿਚ ਲੱਗਿਆ 'ਜੱਟ' ਸ਼ਬਦ ਬਾਜ਼ਾਰ ਦੇ ਨਜ਼ਰੀਏ ਤੋਂ ਇਸ ਫਿਲਮ ਨੂੰ ਨਵੀਂ 'ਹਾਈਟ' ਦਿੰਦਾ ਹੈ ਪਰ ਸੰਕਲਪ ਦੇ ਤੌਰ 'ਤੇ ਇਹ 'ਜੱਟ' ਵਿਸ਼ੇਸ਼ਣ ਇਸ ਫਿਲਮ ਦੀ ਸਭ ਤੋਂ ਵੱਡੀ ਸੀਮਾ ਹੈ ਕਿ ਇਹ ਫਿਲਮ ਦਮਿਤ ਧਿਰ ਦੇ ਨਾਇਕ ਨੂੰ ਜਾਤੀ ਅਭਿਮਾਨ/ਸਵੈਮਾਨ ਤਕ ਸੀਮਤ ਕਰਦੀ ਹੈ। ਦੂਜੀ ਸੀਮਾ ਉਸ ਫਿਲਮ ਦੀ ਇਹ ਹੈ ਕਿ ਉਹ ਜਿਊਣੇ ਮੌੜ ਨੂੰ ਬਾਗੀ ਨਾਇਕ ਦੇ ਰੂਪ ਵਿਚ ਨਹੀਂ, ਸੂਰਮੇ ਡਾਕੂ ਦੇ ਰੂਪ ਵਿਚ ਪੇਸ਼ ਕਰਦੀ ਹੈ ਜੋ ਆਪਣੇ ਭਰਾ ਨਾਲ ਹੋਈ ਗੱਦਾਰੀ ਦਾ ਬਦਲਾ ਲੈਂਦਾ ਹੈ। ਪੰਜਾਬੀ ਹਰ ਅਜਿਹੇ ਬੰਦੇ ਨੂੰ ਪਿਆਰਦੇ ਹਨ ਅਤੇ ਸਵੀਕਾਰਦੇ ਹਨ ਜੋ ਅਣਖ ਲਈ ਜੂਝਦਾ ਹੈ। ਇਸੇ ਲਈ ਜਿਊਣਾ ਮੌੜ ਡਾਕੂ ਹੁੰਦਾ ਹੋਇਆ ਵੀ ਭਰਾ ਨਾਲ ਹੋਈ ਬੇਇਨਸਾਫ਼ੀ ਦਾ ਬਦਲਾ ਲੈਣ ਦੇ ਰੂਪ ਵਿਚ ਪੰਜਾਬੀਆਂ ਵੱਲੋਂ ਪਿਆਰਿਆ ਸਤਿਕਾਰਿਆ ਨਾਇਕ ਹੈ ਪਰ ਫਿਲਮ ਇਕ ਦੌਰ ਦੀ ਇਤਿਹਾਸਕ ਪ੍ਰਸੰਗਿਕਤਾ ਨੂੰ ਪੇਸ਼ ਕਰਨ ਤੋਂ ਖੁੰਝ ਗਈ।

ਇਸ ਲਈ ਫਿਲਮ 'ਮੌੜ' ਉਸ ਤੋਂ ਵੱਖਰੀ ਬੁਨਿਆਦ 'ਤੇ ਉਸਰੀ ਫਿਲਮ ਹੈ। ਅਸਲ ਵਿਚ ਤਾਂ ਇਹ ਫਿਲਮ ਸਿਰਫ਼ ਜਿਊਣਾ ਮੌੜ ਦੀ ਫਿਲਮ ਨਹੀਂ ਬਲਕਿ ਮੌੜ ਭਰਾਵਾਂ ਦੇ ਸਾਂਝੇ ਨਾਇਕਤਵ ਦੀ ਫਿਲਮ ਹੈ ਅਤੇ ਫਿਲਮ ਦੇ ਦੋ ਬਰਾਬਰ ਭਾਗਾਂ ਵਿਚ ਦੋ ਭਰਾਵਾਂ ਦੇ ਕਿਰਦਾਰ ਨਾਲ ਬਰਾਬਰ ਇਨਸਾਫ਼ ਕਰਦੀ ਹੋਈ ਪ੍ਰਵਾਨ ਚੜ੍ਹਦੀ ਹੈ। ਇਸ ਲਈ ਇਸ ਦਾ ਨਾਂ 'ਜਿਊਣਾ ਮੌੜ' ਨਹੀਂ ਬਲਕਿ 'ਮੌੜ' ਹੈ ਜੋ ਜਿਊਣੇ ਦੇ ਬਰਾਬਰ ਕਿਸ਼ਨੇ ਮੌੜ ਦਾ ਕਿਰਦਾਰ ਸਥਾਪਤ ਕਰਦੀ ਹੈ। ਦਰਅਸਲ, ਇਹ ਫਿਲਮ ਮੌੜ ਭਰਾਵਾਂ ਦੀ ਵੀ ਫਿਲਮ ਨਹੀਂ ਬਲਕਿ ਡੇਢ ਸਦੀ ਪਹਿਲਾਂ ਦੇ ਖਾਸ ਇਤਿਹਾਸਕ ਦੌਰ ਵਿਚ ਅੰਗਰੇਜ਼ਾਂ ਅਤੇ ਜਗੀਰਦਾਰਾਂ ਦੇ ਦਮਨ ਦੇ ਸਤਾਏ ਮੁਜ਼ਾਰਿਆਂ ਦੇ ਸੰਘਰਸ਼ ਦੀ ਕਹਾਣੀ ਹੈ। ਫਿਲਮ ਦੀ ਕਥਾ ਸਾਬਤ ਕਰਦੀ ਹੈ ਕਿ ਜਦ ਕਿਤੇ ਸੱਤਾ ਦਾ ਦਮਨ ਕਿਰਤ ਦਾ ਜਿਊਣਾ ਦੁੱਭਰ ਕਰਦਾ ਹੈ, ਜਦ ਚੁੱਪ ਦਾ ਜ਼ਿੰਦਰਾ ਮੂੰਹ 'ਤੇ ਲਟਕ ਜਾਂਦਾ ਹੈ ਤੇ ਸੱਤਾ ਦੇ ਖਿਲਾਫ਼ ਕੁਸਕਣ ਵਾਲੇ ਬੰਦੇ ਨੂੰ ਬੰਦੂਕ ਦੀ ਗੋਲੀ ਇਕ ਮਿੰਟ ਵਿਚ ਢੇਰ ਕਰ ਦਿੰਦੀ ਹੈ, ਤਦ ਬੇਵਸੀ ਦਾ ਕੜ੍ਹ ਪਾਟ ਜਾਂਦਾ ਹੈ ਅਤੇ ਧਰਤੀ ਰੋਹੀਆਂ ਵਿਚੋਂ ਅਣਖੀਲੇ ਨਾਇਕ ਪੈਦਾ ਕਰਦੀ ਹੈ ਜੋ ਸੱਤਾ ਤੋਂ ਬਾਗੀ ਹੋ ਜਾਂਦੇ ਹਨ ਅਤੇ ਆਪਣੇ ਨਾਲ ਹੋਈਆਂ ਅਣਹੋਣੀਆਂ ਤੇ ਦਮਨ ਦੇ ਖਿਲਾਫ਼ ਕਦੇ ਕਿਸ਼ਨੇ ਮੌੜ ਵਾਂਗ ਵਿਅਕਤੀਗਤ ਤੌਰ 'ਤੇ ਲੜਦੇ ਹਨ ਅਤੇ ਕਦੇ ਜਿਊਣੇ ਮੌੜ ਵਾਂਗ ਹੋਰ ਦਮਿਤ ਲੋਕਾਂ ਨੂੰ ਨਾਲ ਜੋੜ ਕੇ ਜੱਜ ਦਾ ਕਤਲ ਕਰਦੇ ਹਨ, ਵਹੀਆਂ ਸਾੜਦੇ ਹਨ ਅਤੇ ਇੰਝ ਸੱਤਾ ਦੇ ਖਿਲਾਫ਼ ਬਾਗੀ ਲਹਿਰ ਖੜ੍ਹੀ ਕਰਦੇ ਹਨ।

ਮੁਜ਼ਾਰਾ ਲਹਿਰ ਅਜਿਹੀ ਹੀ ਲਹਿਰ ਸੀ ਜੋ ਮਾਨਸਾ, ਬਠਿੰਡਾ, ਬਰਨਾਲਾ ਅਤੇ ਸੰਗਰੂਰ ਦੇ ਪਿੰਡਾਂ ਵਿਚ ਉਸ ਵਕਤ ਉੱਭਰੀ ਜਦ ਜਗੀਰਦਾਰ ਮੁਜ਼ਾਰਿਆਂ ਨੂੰ ਗੁਲਾਮ ਬਣਾ ਕੇ ਉਹਨਾਂ ਤੋਂ ਮਨਮਰਜ਼ੀ ਦਾ ਕੰਮ ਕਰਾਉਂਦੇ ਸਨ ਅਤੇ ਮਨਮਰਜ਼ੀ ਦਾ ਹਿੱਸਾ ਦਿੰਦੇ ਸਨ। ਉਹਨਾਂ ਪਿੱਛੇ ਰਿਆਸਤੀ ਰਾਜਿਆਂ ਦੀ ਤਾਕਤ ਹੁੰਦੀ ਸੀ ਅਤੇ ਅੱਗੇ ਉਹਨਾਂ ਦੀ ਪਿੱਠ 'ਤੇ ਹੁੰਦਾ ਸੀ ਅੰਗਰੇਜ਼। ਸਾਗ ਤੋੜਨ ਕਰ ਕੇ ਸਾਰੇ ਟੱਬਰ ਦੀ ਕੀਤੀ ਬੇਇਜ਼ਤੀ ਅਤੇ ਫੈਲਾਈ ਦਹਿਸ਼ਤ ਕਿਸ਼ਨੇ ਅਤੇ ਜਿਊਣੇ ਦੀ ਮਾਂ ਨਾਲ ਵਾਪਰੀ ਕੋਈ ਇਕੱਲੀ-ਇਕਹਿਰੀ ਘਟਨਾ ਨਹੀਂ ਬਲਕਿ ਅਜਿਹੇ ਜ਼ਿੱਲਤ ਭਰਪੂਰ ਵਰਤਾਰੇ ਰੋਜ਼ ਵਾਪਰਦੇ ਸਨ। ਮਾਲਵੇ ਦੀ ਧਰਤੀ ਨੂੰ ਨਾਟਕਾਂ ਰਾਹੀਂ ਰੂਪਮਾਨ ਕਰਨ ਵਾਲੇ ਨਾਟਕਕਾਰ ਅਜਮੇਰ ਔਲਖ ਦੀ ਮਾਂ ਨੂੰ ਵੀ ਇਸੇ ਤਰ੍ਹਾਂ ਜਗੀਰਦਾਰਾਂ ਦੇ ਖੇਤ 'ਚੋਂ ਲਿਆਂਦੀ ਛੱਲੀ ਬਦਲੇ ਜਲੀਲ ਹੋਣਾ ਪਿਆ ਸੀ।

ਫਿਲਮ 'ਮੌੜ' ਦੀ ਸਭ ਤੋਂ ਵੱਡੀ ਪ੍ਰਾਪਤੀ ਮਾਲਵੇ ਦੇ ਦੋ ਵੱਡੇ ਨਾਇਕਾਂ ਨੂੰ ਉਹਨਾਂ ਦੇ ਸਮਾਜਿਕ, ਸਿਆਸੀ ਅਤੇ ਆਰਥਿਕ ਪਿਛੋਕੜ ਦੇ ਪ੍ਰਸੰਗ ਵਿਚ ਇਸ ਫਿਲਮ ਨੇ ਖੂਬਸੂਰਤੀ ਨਾਲ ਸਮਝਣ ਅਤੇ ਪੇਸ਼ ਕਰਨ ਦੀ ਸ਼ਾਨਦਾਰ ਕੋਸ਼ਿਸ਼ ਕੀਤੀ ਹੈ। ਇਹਨਾਂ ਖੇਤਰਾਂ ਵਿਚ ਸੱਤਾ ਖਿਲਾਫ਼ ਅੜਨ ਅਤੇ ਲੜਨ ਦੀ ਇਹ ਪਰੰਪਰਾ ਹੁਣ ਤਕ ਜਿਊਂਦੀ ਹੈ। ਪਿਛਲੇ ਦੋ ਤਿੰਨ ਦਹਾਕਿਆਂ ਵਿਚ ਸੰਗਰੂਰ ਜ਼ਿਲ੍ਹੇ ਦੇ ਬਹੁਤ ਸਾਰੇ ਪਿੰਡਾਂ ਵਿਚ ਦਲਿਤ ਧਿਰਾਂ ਨੇ ਨਿਮਨ ਕਿਸਾਨੀ ਨਾਲ ਮਿਲ ਕੇ ਧਨਾਢਾਂ ਅਤੇ ਉਹਨਾਂ ਦੀ ਪਿੱਠ 'ਤੇ ਖੜ੍ਹੇ ਪ੍ਰਸ਼ਾਸਨ ਨਾਲ ਇਸੇ ਤਰ੍ਹਾਂ ਜਾਨ ਹੂਲਵਾਂ ਸੰਘਰਸ਼ ਕਰ ਕੇ ਸ਼ਾਮਲਾਟ ਦੀ ਜ਼ਮੀਨ ਵਿਚੋਂ ਆਪਣਾ ਤੀਜਾ ਹਿੱਸਾ ਪ੍ਰਾਪਤ ਕੀਤਾ ਸੀ ਅਤੇ ਇਹ ਸੰਘਰਸ਼ ਹੁਣ ਵੀ ਜਾਰੀ ਹੈ।

ਫਿਲਮ ਦਾ ਮਾਧਿਅਮ ਦ੍ਰਿਸ਼ਕਾਰੀ ਹੈ। ਦ੍ਰਿਸ਼ ਕਿੰਨੇ ਕੁ ਸਜੀਵ ਹਨ ਅਤੇ ਆਪਣੇ ਸਮਾਜਿਕ-ਸੱਭਿਆਚਾਰਕ ਪਿਛੋਕੜ ਨੂੰ ਰੂਪਮਾਨ ਕਰਦੇ ਹਨ, ਕਿਸੇ ਫਿਲਮ ਦੀ ਸਫ਼ਲਤਾ ਵਿਚ ਇਹ ਬਹੁਤ ਮਹੱਤਵਪੂਰਨ ਤੱਥ ਹੁੰਦਾ ਹੈ। ਇਹ ਫਿਲਮ ਸਿਨਮੈਟੋਗ੍ਰਾਫੀ ਵਿਚ ਪੰਜਾਬੀ ਸਿਨੇਮਾ ਦੇ ਨਵੇਂ ਪਾਸਾਰ ਖੋਲ੍ਹਦੀ ਹੈ। ਫਿਲਮ ਵਿਚ ਦੋ ਤਰ੍ਹਾਂ ਦੇ ਆਰਥਿਕ-ਸਮਾਜਿਕ ਪਿਛੋਕੜ ਵਾਲੀਆਂ ਧਿਰਾਂ ਹਨ। ਪਹਿਲੀ, ਜਗੀਰਦਾਰ, ਰਾਜੇ ਅਤੇ ਅੰਗਰੇਜ਼; ਦੂਜੇ ਇਹਨਾਂ ਹੱਥੋਂ ਪੀੜਤ ਮੁਜ਼ਾਰੇ ਅਤੇ ਇਹਨਾਂ ਦੀ ਪੀੜ ਵਿਚੋਂ ਪੈਦਾ ਹੋਏ ਬਾਗੀ। 'ਮੌੜ' ਵਿਚ ਇਹਨਾਂ ਦੋਵਾਂ ਪਰਤਾਂ ਨੂੰ ਸਿਨਮੈਟੋਗ੍ਰਾਫੀ ਦੀ ਭਾਸ਼ਾ ਵਿਚ ਕਮਾਲ ਦੇ ਯਥਾਰਥਕ ਰੰਗ ਵਿਚ ਪੇਸ਼ ਕੀਤਾ ਹੈ। ਉਸ ਦੌਰ ਦਾ ਪਹਿਰਾਵਾ, ਮਕਾਨ, ਸੱਥਾਂ, ਹਕੀਮਤ, ਵਾਹਨ, ਹਥਿਆਰ, ਬੱਘੀਆਂ, ਡੋਲੀਆਂ, ਬਰਾਤਾਂ, ਪ੍ਰਾਹੁਣਚਾਰੀ, ਟਿੱਬਿਆਂ ਵਿਚ ਵੱਸੇ ਪਿੰਡ ਅਤੇ ਸਮਾਧਾਂ ਤੇ ਮਕਬਰਿਆਂ ਦਾ ਸੱਭਿਅਚਾਰ... ਸਭ ਕੁਝ ਨੂੰ ਸਟੀਕ ਰੂਪ ਵਿਚ ਪੇਸ਼ ਕੀਤਾ ਹੈ। ਫਿਲਮ ਦੇ ਆਗਾਜ਼ ਸਮੇਂ ਹੀ ਜਿਸ ਤਰ੍ਹਾਂ ਝੌਂਪੜੀ 'ਤੇ ਫਾਇਰਿੰਗ ਹੁੰਦੀ ਹੈ ਅਤੇ ਖੂਨ ਦੀਆਂ ਘਰਾਲਾਂ ਰੇਤੇ 'ਤੇ ਰੁੜ੍ਹਦੀਆਂ ਬਾਹਰ ਆਉਂਦੀਆਂ ਹਨ, ਉਹ ਸਿਨਮੈਟੋਗ੍ਰਾਫੀ ਦੀ ਸਿਖਰ ਹੈ। ਇਹ ਸਿਨਮੈਟੋਗ੍ਰਾਫੀ ਇਸ ਫਿਲਮ ਦੀ ਵੱਡੀ ਤਾਕਤ ਹੈ ਜਿਸ ਲਈ ਇਸ ਫਿਲਮ ਦਾ ਸਿਨਮੈਟੋਗ੍ਰਾਫਰ ਵਿਨੀਤ ਮਲਹੋਤਰਾ ਵਧਾਈ ਦਾ ਹੱਕਦਾਰ ਹੈ।

ਅਦਾਕਾਰੀ ਪੱਖੋਂ ਇਸ ਫਿਲਮ ਵਿਚ ਮੁਕਾਬਲਤਨ ਨਵੇਂ ਜਾਂ ਘੱਟ ਚਰਚਿਤ ਕਲਾਕਾਰਾਂ 'ਤੇ ਸੋਹਣਾ ਦਾਅ ਖੇਡਿਆ ਹੈ। ਐਮੀ ਵਿਰਕ ਸਭ ਤੋਂ ਪ੍ਰਸਿੱਧ ਕਲਾਕਾਰ ਹੈ ਅਤੇ ਉਸ ਦੇ ਨਾਲ ਦੇਵ ਖਰੋੜ ਹੈ ਪਰ ਇਸ ਫਿਲਮ ਵਿਚ ਅਦਕਾਰੀ ਦੇ ਨਜ਼ਰੀਏ ਤੋਂ ਉਲਟ ਵਾਪਰਿਆ ਹੈ। ਪਹਿਲਾਂ ਵੀ ਕਿਹਾ ਹੈ ਕਿ ਇਹ ਫਿਲਮ ਕਿਸ਼ਨੇ ਮੌੜ ਨੂੰ ਜਿਊਣੇ ਮੌੜ ਦੇ ਬਰਾਬਰ ਲਿਆ ਕੇ ਖੜ੍ਹਾ ਕਰਦੀ ਹੈ। ਇਸ ਦੇ ਨਾਲ ਹੀ ਦੇਵ ਖਰੌੜ ਦੁਆਰਾ ਨਿਭਾਈ ਦਮਦਾਰ ਅਤੇ ਸੁਭਾਵਿਕ ਭੂਮਿਕਾ ਨੇ ਕਿਸ਼ਨੇ ਨੂੰ ਜਿਊਣੇ ਦੇ ਬਰਾਬਰ ਅਤੇ ਕਈ ਥਾਵਾਂ 'ਤੇ ਉਸ ਤੋਂ ਵੀ ਵੱਧ ਸਪੇਸ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸਿਨੇਮਾ ਦੇ ਇਤਿਹਾਸ ਵਿਚ ਅਜਿਹਾ ਕਿਤੇ-ਕਿਤੇ ਵਾਪਰਦਾ ਹੈ ਕਿ ਕਈ ਕਲਾਕਾਰ ਆਪਣੀ ਸੁਭਾਵਿਕ ਅਤੇ ਦਮਦਾਰ ਅਦਾਕਾਰੀ ਰਾਹੀਂ ਆਪਣੇ ਪਾਤਰ ਨੂੰ ਉਸ ਸਿਖਰ 'ਤੇ ਲੈ ਜਾਂਦੇ ਹਨ। ਇਸ ਫਿਲਮ ਵਿਚ ਦੇਵ ਨੇ ਕਿਸ਼ਨੇ ਦੇ ਪਾਤਰ ਨੂੰ ਸ਼ਾਨਦਾਰ ਅਭਿਨੈ ਰਾਹੀਂ ਕਥਾ ਤੋਂ ਵੀ ਅੱਗੇ ਜਾਂਦਿਆਂ ਪੰਜਾਬੀ ਸਿਨੇਮਾ ਦੇ ਸਭ ਤੋਂ ਤਾਕਤਵਰ ਕਿਰਦਾਰਾਂ ਵਿਚ ਸ਼ਾਮਿਲ ਕੀਤਾ ਹੈ।

ਇਸੇ ਤਰ੍ਹਾਂ ਜਿਊਣੇ ਦੇ ਹਾਂਪੱਖੀ ਕਿਰਦਾਰ ਦੇ ਬਾਵਜੂਦ ਡੋਗਰ ਦੀ ਭੂਮਿਕਾ ਨਿਭਾਉਣ ਵਾਲੇ ਬਿਕਰਮਜੀਤ ਨੇ ਇਸੇ ਤਰ੍ਹਾਂ ਡੋਗਰ ਦੇ ਨੈਗੇਟਿਵ ਕਿਰਦਾਰ ਨੂੰ ਵੀ ਯਾਦਗਾਰੀ ਬਣਾ ਦਿੱਤਾ ਹੈ। ਐਮੀ ਵਿਰਕ ਕੋਲ ਸਭ ਤੋਂ ਅਹਿਮ ਕਿਰਦਾਰ ਹੋਣ ਦੇ ਬਾਵਜੂਦ ਉਹ ਫਿਲਮ ਦੀ ਤਾਕਤ ਨਹੀਂ ਕਮਜ਼ੋਰੀ ਬਣਿਆ ਹੈ ਪਰ ਕਥਾ ਦੀ ਗੰਭੀਰਤਾ, ਸਜੀਵ ਸਿਨਮੈਟੋਗ੍ਰਾਫੀ ਅਤੇ ਬਾਕੀ ਕਲਾਕਾਰਾਂ ਦੀਆਂ ਜਾਨਦਾਰ ਭੂਮਿਕਾਵਾਂ ਕਾਰਨ ਇਹ ਫਿਲਮ ਨਵੇਂ ਅੰਬਰ ਛੂੰਹਦੀ ਹੈ। ਇਥੋਂ ਤਕ ਕਿ ਨਿੱਕੇ ਕਿਰਦਾਰ ਚਤਰੇ ਅਤੇ ਅਤਰੇ ਨੇ ਦਰਸ਼ਕਾਂ ਨੂੰ ਆਪਣੇ ਨਾਲ ਜੋੜਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਖਲਨਾਇਕ ਧਿਰ ਵਿਚਲੇ ਸਾਰੇ ਕਿਰਦਾਰ ਜੈਮਲ, ਜਗੀਰਦਾਰ, ਰਾਜਾ ਅਤੇ ਅੰਗਰੇਜ਼ ਪੁਲਿਸ ਦੀ ਭੂਮਿਕਾਵਾਂ ਨਿਭਾਉਣ ਵਾਲੇ ਕਲਾਕਾਰਾਂ (ਕੁਲਜਿੰਦਰ ਸਿੰਘ, ਸਿਕੰਦਰ ਘੁੰਮਣ, ਪਰਮਵੀਰ ਸਿੰਘ, ਮਾਰਸ ਰੰਧਾਵਾਂ ਅਤੇ ਅਮੀਕ ਵਿਰਕ) ਨੇ ਵੀ ਦਰਸ਼ਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਡਾ. ਸਾਹਿਬ ਸਿੰਘ ਬਿਲਕੁਲ ਛੋਟੇ ਕਿਰਦਾਰ ਵਿਚ ਆਪਣੇ ਅਭਿਨੈ ਦੀ ਛਾਪ ਛੱਡਦਾ ਹੈ। ਉਸ ਦੀ ਕੁੜੀ ਦੇ ਰੂਪ ਵਿਚ ਗ਼ੈਰ-ਪੰਜਾਬੀ ਕੁੜੀ ਅਤੇ ਥੀਏਟਰ ਅਦਾਕਾਰਾ ਨਇਕਰਾ ਕੌਰ ਦੀ ਭੂਮਿਕਾ ਆਪਣੇ ਚਿਹਰੇ ਦੇ ਹਾਵ-ਭਾਵ ਅਤੇ ਸੋਹਣੀ ਆਵਾਜ਼ ਨਾਲ ਪ੍ਰਭਾਵਸ਼ਾਲੀ ਰਹੀ ਹੈ।

ਗੀਤ ਅਤੇ ਸੰਗੀਤ ਦੇ ਪੱਖ 'ਤੇ ਹੋਰ ਕੰਮ ਕੀਤਾ ਜਾ ਸਕਦਾ ਸੀ। ਗੀਤ, ਸੰਗੀਤ ਪੱਖੋਂ ਵਾਰ-ਵਾਰ 'ਜੱਟ ਜਿਉਣਾ ਮੌੜ' ਯਾਦ ਆਉਂਦੀ ਰਹੀ। ਸੁਰਿੰਦਰ ਛਿੰਦੇ ਦੀ ਆਵਾਜ਼ ਵਿਚ ਪਹਿਲਾਂ ਹੀ ਰਿਕਾਰਡ ਕਰਾਇਆ 'ਉਪੇਰਾ' ਦੇ ਗੀਤ ਤੇ ਸੰਗੀਤ ਪਹਿਲਾਂ ਹੀ ਛਾ ਚੁੱਕੇ ਸੀ। ਜੈਸਮੀਨ ਦਾ ਗੀਤ ਠੀਕ ਸੀ ਪਰ ਪੇਸ਼ਕਾਰੀ ਪ੍ਰਭਾਵਸ਼ਾਲੀ ਨਹੀਂ ਸੀ। 'ਫਿਲਮ ਨੂੰ ਓਪਨ ਐਂਡਡ' ਛੱਡਣਾ ਵੀ ਨਿਰਦੇਸ਼ਕੀ ਅਤੇ ਕਥਾ ਦੀ ਸਮਝ ਦਾ ਪ੍ਰਮਾਣ ਹੈ। ਸਚਮੁਚ ਇਕ ਨਾਇਕ ਦੁਆਰਾ ਆਪਣੇ ਮਿਸ਼ਨ ਨੂੰ ਪ੍ਰਾਪਤ ਕਰ ਲੈਣ ਤੋਂ ਬਾਅਦ ਮਰਨਾ ਜਾਂ ਜਿਊਣਾ ਉਵੇਂ ਮਾਇਨੇ ਨਹੀਂ ਰਖਦਾ। ਅਜਿਹੇ ਬਾਗੀ ਨਾਇਕ ਲੋਕ ਮਨਾਂ ਵਿਚ ਹਮੇਸ਼ਾ ਜਿਊਂਦੇ ਰਹਿੰਦੇ ਹਨ।

ਅਸਲ ਵਿਚ ਫਿਲਮ 'ਮੌੜ' ਪੰਜਾਬੀ ਸਿਨੇਮਾ ਵਿਚ ਦੇਰ ਬਾਅਦ ਕੀਤਾ ਗਿਆ ਵਿੱਲਖਣ ਤਜਰਬਾ ਹੈ। ਲੋਕਧਾਰਾ ਅਤੇ ਇਤਿਹਾਸ ਦੇ ਗਰਭ ਵਿਚ ਪਏ ਬਾਗੀ ਨਾਇਕਾਂ ਨੂੰ ਇਤਿਹਾਸਿਕ ਪਿਛੋਕੜ ਵਿਚ ਰਖਦਿਆਂ ਕਲਾ, ਵਪਾਰ, ਯਥਾਰਥ ਅਤੇ ਇਤਿਹਾਸ ਦੇ ਸੁਮੇਲ ਵਿਚੋਂ ਇੰਨਾ ਮਹੱਤਵਪੂਰਨ ਕੰਮ ਕਰਨਾ ਸਾਡੇ ਸਮਿਆਂ ਦਾ ਖ਼ੂਬਸੂਰਤ ਤਜਰਬਾ ਹੈ। 'ਸ਼ੁੱਧ ਮਨੋਰੰਜਨ' ਦੇ ਨਾਂ 'ਤੇ ਪੇਸ਼ ਕੀਤੀ 'ਦੋ ਅਰਥੀ ਕਮੇਡੀ' ਆਧਾਰਿਤ ਫਿਲਮਾਂ ਦੇ ਦੌਰ ਵਿਚ ਇਹ ਤਜਰਬਾ, ਤਜਰਬਾ ਬਣ ਕੇ ਹੀ ਨਾ ਰਹਿ ਜਾਵੇ, ਇਹੀ ਪੰਜਾਬੀ ਦਰਸ਼ਕ ਦਾ ਇਮਤਿਹਾਨ ਹੈ। ਆਓ ਪਰਿਵਾਰਾਂ ਦੇ ਪਰਿਵਾਰ ਇਸ ਨੂੰ ਦੇਖੀਏ ਤੇ ਮਾਣੀਏ ਅਤੇ ਦੂਜਿਆਂ ਨੂੰ ਦੇਖਣ ਲਈ ਪ੍ਰੇਰੀਏ ਤਾਂ ਜੋ ਨਾ ਕੇਵਲ ਜਤਿੰਦਰ ਮੌਹਰ ਨੂੰ ਵੀ ਆਪਣੇ ਸਿਨੇਮਾਈ ਪ੍ਰਯੋਗ 'ਤੇ ਮਾਣ ਹੋਵੇ, ਕੱਲ੍ਹ ਨੂੰ ਨਵੇਂ ਜਤਿੰਦਰ ਮੌਹਰ ਉੱਗ ਪੈਣ ਅਤੇ ਆਪਣੇ ਇਤਿਹਾਸ ਤੇ ਸਭਿਆਚਾਰ ਨੂੰ ਠੀਕ ਪ੍ਰਸੰਗਾਂ ਵਿਚ ਪੇਸ਼ ਕਰਨ ਲਈ ਇਸੇ ਤਰ੍ਹਾਂ ਦਾ ਸਾਰਥਕ ਸਿਨੇਮਾ ਕਰਨ ਦੇ ਰਾਹ ਪੈਣ।

# Noblesville

## *Trucks & Trailer Repair Shop*

**15203 Stony Creek Way,
Noblesville, IN 46060**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change



Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road
Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,
Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020